**Golden State Realty** JASSI GILL Broker/Owner
Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969 CA DRE# 00966763

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**
*One of the Fastest Growing City in America and Best School System.*
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
Kamaljeet Kaur
*Mortgage rates available from 2.1% to 3%*
**For the Best advice for BUYING-SELLING-RENTING**
Ben Singh Bashal (Realtor/Broker) Ph: 317-809-1818 midlandrealtygroup@yahoo.com
Kamaljeet Kaur (Realtor/Broker) Ph: 317-909-9295 kahlonkamaljeet@gmail.com
Midland Realty Group-Company You Trust

COVERED CALIFORNIA | Certified Insurance Agent | Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann | Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Second Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 36, September 4th, 2021 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਲਾਠੀਚਾਰਜ ਪਿੱਛੋਂ ਕਿਸਾਨ ਰੋਹ ਦੂਣ-ਸਵਾਇਆ

**ਚੰਡੀਗੜ੍ਹ:** ਹਰਿਆਣਾ ਦੇ ਕਰਨਾਲ ਜ਼ਿਲ੍ਹੇ ਵਿਚ ਬਿਨਾ ਕਿਸੇ ਭੜਕਾਹਟ ਕਿਸਾਨਾਂ ਉਤੇ ਅੰਨ੍ਹੇ ਲਾਠੀਚਾਰਜ ਨੇ ਜਿਥੇ ਸੂਬੇ ਦੀ ਭਾਜਪਾ ਸਰਕਾਰ ਦੇ ਗੈਰ ਮਨੁੱਖੀ ਤੇ ਗੈਰ ਜਮਹੂਰੀ ਚਿਹਰੇ ਨੂੰ

## ਕਿਸਾਨ ਹੁਣ ਸਖਤ ਰਣਨੀਤੀ ਘੜਨ ਲੱਗੇ

ਬੇਨਕਾਬ ਕਰ ਦਿੱਤਾ ਹੈ, ਉਥੇ ਕਿਸਾਨਾਂ ਦਾ ਰੋਹ ਵੀ ਦੂਣ-ਸਵਾਇਆ ਹੋ ਗਿਆ ਹੈ। ਸਰਕਾਰ ਦੇ ਅਜਿਹੇ ਵਤੀਰੇ ਪਿੱਛੋਂ ਕਿਸਾਨਾਂ ਨੇ ਸਖਤ ਰਣਨੀਤੀ ਘੜਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਯੂ.ਪੀ. ਵਿਚ 5 ਸਤੰਬਰ ਵਾਲੀ ਮਹਾਪੰਚਾਇਤ ਲਈ ਤਾਕਤ ਜ਼ੋਰ-ਸ਼ੋਰ ਨਾਲ ਜੁਟਾਈ ਜਾ ਰਹੀ ਹੈ। ਉਧਰ, ਹਰਿਆਣਾ ਸਰਕਾਰ ਦੀ ਗੈਰ ਜਮਹੂਰੀ ਕਾਰਵਾਈ ਦੀ ਪੂਰੇ ਮੁਲਕ ਵਿਚ ਨਿੰਦਾ ਹੋ ਰਹੀ ਹੈ।

ਲਾਠੀਚਾਰਜ ਤੋਂ ਪਹਿਲਾਂ ਡਿਊਟੀ ਮੈਜਿਸਟਰੇਟ ਦੀ ਵਾਇਰਲ ਹੋਈ ਵੀਡੀਓ ਨੇ ਵੀ ਭਾਜਪਾ ਸਰਕਾਰ ਦੀ ਨੀਅਤ ਅਤੇ ਨੀਤੀਆਂ ਦੀ ਪੋਲ ਖੋਲ੍ਹ ਦਿੱਤੀ ਹੈ। ਇਹ ਅਫਸਰ ਪੁਲਿਸ ਨੂੰ ਕਿਸੇ ਹੁਕਮ ਦਾ ਇੰਤਜ਼ਾਰ ਕੀਤੇ ਬਿਨਾ ਕਿਸਾਨਾਂ ਦੇ ਸਿਰ ਪਾੜਨ ਦੇ ਹੁਕਮ ਦੇ ਰਿਹਾ ਹੈ। ਇਸ ਅਧਿਕਾਰੀ ਦੇ ਹੁਕਮ ਉਤੇ ਪੁਲਿਸ ਨੇ ਬਿਨਾ ਕਿਸੇ ਚਿਤਾਵਨੀ ਦੇ ਸ਼ਾਂਤ ਬੈਠੇ ਕਿਸਾਨਾਂ ਉਤੇ ਅੰਨ੍ਹੇਵਾਹ ਡੰਡੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਅਜਿਹਾ ਇਕ ਵਾਰ ਨਹੀਂ ਸਗੋਂ ਵਾਰ-ਵਾਰ ਕੀਤਾ ਗਿਆ। ਸ਼ਾਮ ਤੱਕ ਪੁਲਿਸ ਨੇ 5 ਵਾਰ ਲਾਠੀਚਾਰਜ ਕੀਤਾ। ਖੇਤਾਂ ਵਿਚ ਭੱਜਦੇ ਕਿਸਾਨਾਂ ਦਾ ਪਿੱਛਾ ਕੀਤਾ ਗਿਆ ਤੇ ਡਿਊਟੀ ਮੈਜਿਸਟਰੇਟ ਦੇ ਹੁਕਮਾਂ ਮੁਤਾਬਕ ਨਿਹੱਥੇ ਕਿਸਾਨਾਂ ਦੇ ਸਿਰ ਪਾੜ ਦਿੱਤੇ ਗਏ। ਖੂਨ ਨਾਲ ਲੱਥਪਥ ਕਿਸਾਨਾਂ ਦੀਆਂ ਫੋਟੋਆਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ। ਇਸ ਕਾਰਵਾਈ ਵਿਚ ਇਕ ਕਿਸਾਨ ਦੀ ਮੌਤ ਵੀ ਹੋ ਗਈ।



ਹਰਿਆਣਾ ਸਰਕਾਰ ਦੇ ਇਸ ਕਾਰੇ ਦੀ ਤੁਲਨਾ ਦੂਜੇ ਜਲ੍ਹਿਆਂਵਾਲਾ ਬਾਗ ਕਾਂਡ ਨਾਲ ਕੀਤੀ ਜਾ ਰਹੀ ਹੈ। ਦਰਅਸਲ ਜਦੋਂ ਕਿਸਾਨਾਂ ਉਤੇ ਪੁਲਿਸ ਤਸ਼ੱਦਦ ਹੋ ਰਿਹਾ ਸੀ ਤਾਂ ਉਸੇ ਸਮੇਂ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੰਮ੍ਰਿਤਸਰ 'ਚ ਨਵੀਨੀਕਰਨ ਮਗਰੋਂ ਜਲ੍ਹਿਆਂਵਾਲਾ ਬਾਗ ਦਾ ਉਦਘਾਟਨ ਕਰ ਰਿਹਾ ਸੀ ਤੇ ਬ੍ਰਿਟਿਸ਼ ਸਰਕਾਰ ਦੀ ਜ਼ਾਲਮਾਨਾ ਕਾਰਵਾਈ ਲਈ ਕੋਸ ਰਿਹਾ ਸੀ। ਸ਼ਿਵ ਸੈਨਾ ਨੇ ਆਪਣੇ ਮੁੱਖ ਪੱਤਰ 'ਸਾਮਨਾ' ਦੀ ਸੰਪਾਦਕੀ 'ਚ ਕਿਹਾ ਕਿ ਹਰਿਆਣਾ 'ਚ ਦੂਜਾ ਜਲ੍ਹਿਆਂਵਾਲਾ ਕਾਂਡ ਵਾਪਰਿਆ ਹੈ। ਸਰਕਾਰ ਵੱਲੋਂ ਬੀਜੇ ਗਏ ਜ਼ੁਲਮ ਦੇ ਬੀਜ ਖੱਟੇ ਫਲ ਹੀ ਦੇਣਗੇ। ਮਨੋਹਰ ਲਾਲ ਖੱਟਰ ਦੀ ਸਰਕਾਰ ਨੂੰ ਸੱਤਾ 'ਚ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।

ਇਸ ਨਿਰਦਈ ਕਾਰਵਾਈ ਪਿੱਛੋਂ ਵੀ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਪੁਲਿਸ ਅਫਸਰਾਂ ਦਾ ਸ਼ਰੇਆਮ ਬਚਾਅ ਕਰਦੇ ਛਾਤੀ ਠੋਕ ਕੇ ਆਖ ਰਹੇ ਹਨ ਕਿ ਜੇਕਰ ਉਨ੍ਹਾਂ (ਭਾਜਪਾ) ਦੀਆਂ ਮੀਟਿੰਗ/ਰੈਲੀਆਂ ਵਿਚ ਵਿਘਨ ਪਾਇਆ ਤਾਂ ਅਜਿਹੀ ਹੀ ਸਖਤੀ ਹੋਵੇਗੀ। ਭਾਜਪਾ ਸਰਕਾਰ ਦੇ ਮੌਜੂਦਾ ਰਵੱਈਏ ਤੋਂ ਜਾਪ ਰਿਹਾ ਹੈ ਕਿ ਉਹ ਪਹਿਲਾਂ ਤੋਂ ਹੀ ਇਸ ਵਹਿਸ਼ੀ ਕਾਰਵਾਈ ਦੀ ਤਿਆਰੀ ਕਰੀ ਬੈਠੀ ਸੀ।

ਦਰਅਸਲ, ਇਹ ਕਿਸਾਨ ਮਨੋਹਰ ਲਾਲ ਖੱਟਰ ਦੇ ਵਿਧਾਨ ਸਭਾ ਹਲਕੇ ਵਿਚ ਭਾਜਪਾ ਦੇ ਵਿਰੋਧ ਲਈ ਕਾਲੇ ਝੰਡੇ ਦਿਖਾਉਣ ਲਈ ਇਕੱਠੇ ਹੋਏ ਸਨ। ਹਰਿਆਣਾ ਵਿਚ ਕਿਸਾਨ ਖੇਤੀ ਕਾਨੂੰਨਾਂ ਖਿਲਾਫ ਇਸ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ ਰੋਜ਼ਾਨਾ ਕਰ ਰਹੇ ਹਨ ਪਰ ਅੱਜ ਤੱਕ ਪੁਲਿਸ ਜਾਂ ਕਿਸੇ ਸਿਆਸੀ ਆਗੂ ਨੂੰ ਨੁਕਸਾਨ ਪਹੁੰਚਾਉਣ ਵਾਲੀ ਘਟਨਾ ਸਾਹਮਣੇ ਨਹੀਂ ਆਈ। ਦਰਅਸਲ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਨੌਂ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ਉਤੇ ਹਨ ਤੇ ਇਸ ਸ਼ਾਂਤਮਈ ਸੰਘਰਸ਼ ਨੇ ਪੂਰੀ ਦੁਨੀਆ ਦਾ ਧਿਆਨ ਖਿੱਚਿਆ ਹੈ। ਕੇਂਦਰ ਤੇ ਸੂਬੇ ਸਰਕਾਰ ਨੇ ਵਾਰ-ਵਾਰ ਬਹਾਨੇ ਬਣਾ ਕੇ ਕਿਸਾਨਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨਾਂ ਨੇ ਹਰ ਵਾਰ ਸਰਕਾਰ ਦੀ ਚਾਲ ਦਾ ਸਬਰ ਨਾਲ ਜਵਾਬ ਦੇ ਕੇ ਹਰ ਰਣਨੀਤੀ ਫੇਲ੍ਹ ਕਰ ਦਿੱਤੀ।

ਕਿਸਾਨ ਅੰਦੋਲਨ ਨਿੱਤ ਦਿਨ ਚੜ੍ਹਦੀਆਂ ਕਲਾ ਵੱਲ ਵਧ ਰਿਹਾ ਹੈ। ਪਿਛਲੇ ਦਿਨੀਂ ਹੋਈ ਕਿਸਾਨ ਕਨਵੈਨਸ਼ਨ ਨੇ ਸਰਕਾਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਇਸ ਕਨਵੈਨਸ਼ਨ ਵਿਚ ਦੇਸ਼ ਭਰ ਦੇ ਸੂਬਿਆਂ ਦੇ ਕਿਸਾਨ ਆਗੂਆਂ ਤੋਂ ਇਲਾਵਾ ਨੌਜਵਾਨ, ਵਿਦਿਆਰਥੀ, ਔਰਤਾਂ ਤੇ ਹੋਰ ਖੇਤਰਾਂ ਵਿਚ ਕੰਮ ਕਰਦੀਆਂ ਤਿੰਨ ਸੌ ਦੇ ਕਰੀਬ ਜਥੇਬੰਦੀਆਂ ਦੀ ਸ਼ਮੂਲੀਅਤ ਭਵਿੱਖ ਵਿਚ ਅੰਦੋਲਨਕਾਰੀਆਂ ਦੀ ਏਕਤਾ ਦਾ ਰਾਹ ਪੱਧਰਾ ਕਰਨ ਦਾ ਸੰਕੇਤ ਹੈ। 22 ਰਾਜਾਂ ਤੋਂ ਤਿੰਨ ਹਜ਼ਾਰ ਦੇ ਕਰੀਬ ਲੋਕਾਂ ਨੇ ਇਸ ਸਮਾਗਮ ਵਿਚ ਹਿੱਸਾ ਲਿਆ ਹੈ ਜਿਸ ਨਾਲ ਇਨ੍ਹਾਂ ਸੂਬਿਆਂ ਵਿਚ ਮੋਰਚੇ ਦੀਆਂ ਸਰਗਰਮੀਆਂ ਤੇਜ ਹੋਣ ਦਾ ਆਧਾਰ ਤਿਆਰ ਹੋਇਆ ਹੈ।

ਇਸ ਨਾਲ ਕੇਂਦਰ ਸਰਕਾਰ ਵੱਲੋਂ ਅੰਦੋਲਨ ਦੇ ਇਕੱਲੇ ਪੰਜਾਬ, ਹਰਿਆਣਾ ਅਤੇ ਉਤਰ ਪ੍ਰਦੇਸ਼ ਦਾ ਹੀ ਅੰਦੋਲਨ ਹੋਣ ਦੇ ਸਿਰਜੇ ਬਿਰਤਾਂਤ ਦਾ ਜਵਾਬ ਦੇਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ।



***(ਬਾਕੀ ਸਫਾ 6 ਉਤੇ)***


## ਖੱਟਰ ਅਤੇ ਕੈਪਟਨ ਆਹਮੋ-ਸਾਹਮਣੇ

ਕਰਨਾਲ ਵਿਚ ਕਿਸਾਨਾਂ ਉਤੇ ਹੋਏ ਪੁਲਿਸ ਤਸ਼ੱਦਦ ਪਿੱਛੋਂ ਹਰਿਆਣਾ ਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਉਨ੍ਹਾਂ ਦੇ ਪੰਜਾਬ ਹਮਰੁਤਬਾ ਕੈਪਟਨ ਅਮਰਿੰਦਰ ਸਿੰਘ ਆਹਮੋ-ਸਾਹਮਣੇ ਹਨ। ਖੱਟਰ ਵੱਲੋਂ ਹਰਿਆਣੇ ਦੀ ਘਟਨਾ ਲਈ ਪੰਜਾਬ ਸਰਕਾਰ ਤੇ ਕਾਂਗਰਸ ਪਾਰਟੀ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਟਿੱਲ ਲਾਇਆ ਹੋਇਆ ਹੈ। ਇਥੋਂ ਤੱਕ ਕਿ ਖੱਟਰ ਵੱਲੋਂ ਪੰਜਾਬ ਮੁਕਾਬਲੇ ਹਰਿਆਣੇ ਦੇ ਕਿਸਾਨਾਂ ਨੂੰ ਵੱਧ ਸਹੂਲਤਾਂ ਦੇਣ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ। ਖੱਟਰ ਦਾ ਦਾਅਵਾ ਹੈ ਕਿ ਹਰਿਆਣਾ ਸਰਕਾਰ 10 ਫਸਲਾਂ ਦੀ ਖਰੀਦ ਐਮ.ਐਸ.ਪੀ. ਉਤੇ ਕਰ ਰਹੀ ਹੈ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਨੇ ਵੀ ਕਿਸਾਨ ਕਰਜ਼ ਮੁਆਫੀ ਵਾਲੀ ਆਪਣੀ ਲਿਸਟ ਖੱਟਰ ਸਾਹਮਣੇ ਖੋਲ੍ਹ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਚਿਤਾਵਨੀ ਦਿੱਤੀ ਕਿ ਆਗਾਮੀ ਵਿਧਾਨ ਸਭਾ ਚੋਣਾਂ ਅਤੇ ਹੋਰਨਾਂ ਚੋਣਾਂ ਵਿਚ ਭਾਜਪਾ ਨੂੰ ਆਪਣੇ ਗੁਨਾਹਾਂ ਦੀ ਕੀਮਤ ਚੁਕਾਉਣੀ ਪਵੇਗੀ।


**Harmit Toor**
*Your Realtor® For Life!*
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com

Raja SWEETS & CATERING Presents
PARADISE BALLROOMS banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• CATERING • SILVERWARE • CHINAWARE • DECORATED HALL • LINEN
• SEVERAL BAR OPTIONS • SECURITY • WAIT STAFF • FULL SETUP INCLUDING TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com




Visit Nankana Sahib on Guru Nanak Dev Ji's Prakash Utsav.

Royal Welcome and dinner hosted by Pakistan Government, Govt. of Punjab and Sindh at PM/President House and Governor Houses. In Association with PSGPC*

We can organize your wedding (Anand Karaj) with Gurus Blessing at Nankana Sahib.

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਨਨਕਾਣਾ ਸਾਹਿਬ ਦੇ ਦਰਸ਼ਨ ਕਰੋ।

ਸ਼ਾਹੀ ਸਵਾਗਤ ਅਤੇ ਰਾਤ ਦੇ ਖਾਣੇ ਦੀ ਮੇਜ਼ਬਾਨੀ ਪਾਕਿਸਤਾਨ ਸਰਕਾਰ, ਪੰਜਾਬ ਅਤੇ ਸਿੰਧ ਸਰਕਾਰਾਂ ਵਲੋ ਪ੍ਰਧਾਨ ਮੰਤਰੀ/ ਰਾਸ਼ਟਰਪਤੀ ਭਵਨ ਅਤੇ ਗਵਰਨਰ ਹਾਉਸਾਂ ਵਿੱਚ ਕੀਤੀ ਜਾਵੇਗੀ। PSGPC* ਦੇ ਸਹਿਯੋਗ ਨਾਲ।

ਅਸੀਂ ਅਨੰਦ ਕਾਰਜ(ਵਿਆਹ) ਨਨਕਾਣਾ ਸਾਹਿਬ ਵਿਖੇ ਗੁਰੂਆਂ ਦੀ ਬਖਸ਼ਿਸ਼ ਨਾਲ ਆਯੋਜਿਤ ਕਰ ਸਕਦੇ ਹਾਂ।

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ਜਾਂ ਈਮੇਲ/ ਫੋਨ ਰਾਹੀਂ ਸਾਡੇ ਨਾਲ ਸੰਪਰਕ ਕਰੋ।

Please find the detailed itinerary on our website and contact us via email or phone for pricing and further information.

**November 17, 2021 - November 25, 2021**

nankanasahibdarshan.com

info@sduc.org

+1(832)888-6224

*Pakistan Sikh Gurdwara Prabandhak Committee

*ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਸਿੱਖ ਗੁਰਦੁਆਰਾ ਸਾਹਿਬ, ਸੈਨ ਹੋਜੇ (ਕੈਲੀਫੋਰਨੀਆ)

**3636 Gurdwara Ave., San Jose, CA 95148 (Ph: 408-274-9373)**

## ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਵਸ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ

## 31 ਰਾਗ ਗੁਰਬਾਣੀ ਕੀਰਤਨ ਦਰਬਾਰ: 3 ਤੋਂ 5 ਸਤੰਬਰ 2021

**ਸ਼ੁੱਕਰਵਾਰ, 3 ਸਤੰਬਰ**

*ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ*

**ਸਨਿਚਰਵਾਰ, 4 ਸਤੰਬਰ**

*ਸਵੇਰੇ 7 ਵਜੇ ਤੋਂ 11 ਵਜੇ ਤੱਕ ਅਤੇ ਬਾਅਦ ਦੁਪਹਿਰ 3 ਵਜੇ ਤੋਂ ਰਾਤ 9:30 ਵਜੇ ਤੱਕ*

**ਐਤਵਾਰ, 5 ਸਤੰਬਰ**

*ਸਵੇਰੇ 7 ਵਜੇ ਤੋਂ ਦੁਪਹਿਰ 12:30 ਵਜੇ ਤੱਕ*






DR. GURNAM SINGH
PUNJABI UNIVERSITY, PATIALA

BHAI ANANTVIR SINGH
UNITED STATES

BHAI NIRANJAN SINGH
JAVADDI KALAN

BHAI INDERJEET SINGH KHALSA
SRI DARBAR SAHIB, AMRITSAR

DR. MANPREET SINGH
UNITED STATES



BHAI SIRIPAL SINGH
SRI DARBAR SAHIB, AMRITSAR

BHAI SARABJEET SINGH LADDI
SRI DARBAR SAHIB, AMRITSAR

BIBI GUNEET KAUR
UNITED STATES

DR. GAGANDEEP SINGH
UNITED STATES

PROF. DALBIR SINGH
SAN FRANCISCO BAY AREA

PLUS KEERTAN BY BAY AREA STUDENTS OF GURMAT SANGEET

*ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਕੀਰਤਨ ਸੁਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**Donation to Gurdwara Sahib:** You can now donate on-line as well using Credit/Debit card or Paypal. Visit: www.sanjosegurdwara.org and/or download San Jose Gurdwara App on your cell phone and touch the "Donate" tab and enter information. You can also enter a message like Ardas etc and listen live on the App and join Ardas every day at 8.30PM

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

**ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org**

# ਮਿਸ਼ਨ 2022: ਤੇਜ਼ੀ ਨਾਲ ਭਖਣ ਲੱਗਾ ਪੰਜਾਬ ਦਾ ਸਿਆਸੀ ਮਾਹੌਲ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਵਿਚ ਹਾਲੇ 6 ਕੁ ਮਹੀਨੇ ਬਾਕੀ ਹਨ ਪਰ ਹੁਣ ਤੋਂ ਪੰਜਾਬ ਦਾ ਸਿਆਸੀ ਮਾਹੌਲ ਉਬਾਲੇ ਖਾਣ ਲੱਗਾ ਹੈ। ਸਾਰੀਆਂ ਹੀ ਪਾਰਟੀਆਂ ਆਪੋ-ਆਪਣੇ ਪੱਧਰ ਉਤੇ ਬੇਹੱਦ ਸਰਗਰਮ ਹੋ ਰਹੀਆਂ ਹਨ। ਇਸ ਸਮੇਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀਆਂ ਸਾਢੇ ਚਾਰ ਸਾਲ ਦੀਆਂ ਨਕਾਮੀਆਂ ਦਾ ਮੁੱਦਾ ਸਭ ਤੋਂ ਵੱਧ ਭਖਿਆ ਹੋਇਆ ਹੈ। ਆਮ ਲੋਕਾਂ, ਸਿਆਸੀ ਵਿਰੋਧੀਆਂ ਦੇ ਨਾਲ-ਨਾਲ ਸਰਕਾਰ ਦੇ ਆਪਣੇ ਮੰਤਰੀ-ਵਿਧਾਇਕ ਸਰਕਾਰ ਨੂੰ ਘੇਰਨ ਲਈ ਮੈਦਾਨ ਮੱਲੀ ਬੈਠੇ ਹਨ। ਸਿਆਸੀ ਵਿਰੋਧੀ ਕਾਂਗਰਸ ਸਰਕਾਰ ਦੀਆਂ ਨਕਾਮੀਆਂ ਨੂੰ ਅਧਾਰ ਬਣਾ ਕੇ ਮੇਲਾ ਲੁੱਟਣ ਦੀ ਕੋਸ਼ਿਸ਼ ਵਿਚ ਹਨ।

ਕਿਸਾਨ ਅੰਦੋਲਨ ਨੇ ਪੰਜਾਬੀਆਂ ਦੇ ਮਨਾਂ ਵਿਚ ਨਵੀਆਂ ਆਸਾਂ ਤਾਂ ਪੈਦਾ ਕੀਤੀਆਂ ਹਨ ਪਰ ਲੋਕਾਂ ਦੇ ਮਨਾਂ ਵਿਚ ਸਿਆਸੀ ਹਾਲਾਤ ਬਾਰੇ ਵੱਡੇ ਸ਼ੰਕੇ ਹਨ। ਹਾਲਾਤ ਇਹ ਹਨ ਕਿ ਕੋਈ ਵੀ ਸਿਆਸੀ ਧਿਰ ਪੰਜਾਬ ਦੇ ਮਸਲਿਆਂ ਦੀ ਗੱਲ ਕਰਨ ਲਈ ਤਿਆਰ ਨਹੀਂ ਹੈ। ਸੱਤਾਧਾਰੀ ਕਾਂਗਰਸ, ਅਕਾਲੀ ਦਲ ਤੇ ਆਮ ਆਦਮੀ ਪਾਰਟੀ ਸਣੇ ਚੋਣ ਮੈਦਾਨ ਵਿਚ ਡਟੀਆਂ ਹੋਰ ਧਿਰਾਂ ਲੋਕਾਂ ਨੂੰ ਮੁਫਤ ਸਹੂਲਤਾਂ ਦਾ ਲਾਲਚ ਵਿਖਾ ਕੇ ਮੇਲਾ ਲੁੱਟਣ ਦੀਆਂ ਕੋਸ਼ਿਸ਼ਾਂ ਵਿਚ ਹੈ। ਪੰਜਾਬ ਕਾਂਗਰਸ ਵਿਚ ਹੋ ਰਹੀਆਂ

## *ਆਪਸੀ ਖਿੱਚੋਤਾਣ ਅਤੇ ਕਿਸਾਨ ਅੰਦੋਲਨ ਬਣੇ ਚੁਣੌਤੀ*

ਸਿਆਸੀ ਸਰਗਰਮੀਆਂ ਨੇ ਰਾਜਸੀ ਹਲਕਿਆਂ ਨੂੰ ਹੈਰਾਨੀ ਵਿਚ ਪਾਇਆ ਹੋਇਆ ਹੈ। ਨਵਜੋਤ ਸਿੰਘ ਸਿੱਧੂ ਦੇ ਪ੍ਰਧਾਨ ਬਣਨ ਤੋਂ ਬਾਅਦ ਅੰਦਰੂਨੀ ਖਿੱਚੋਤਾਣ ਇਥੋਂ ਤੱਕ ਵਧੀ ਕਿ ਕੁਝ ਮੰਤਰੀਆਂ ਅਤੇ ਵਿਧਾਇਕਾਂ ਨੇ ਮੁੱਖ ਮੰਤਰੀ ਬਦਲਣ ਦੀ ਮੰਗ ਉਠਾ ਦਿੱਤੀ। ਇਨ੍ਹਾਂ ਮੰਤਰੀਆਂ ਦੀ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨਾਲ ਗੱਲਬਾਤ ਤੋਂ ਬਾਅਦ, ਰਾਵਤ ਨੇ ਸਪੱਸ਼ਟ ਕਿਹਾ ਕਿ ਵਿਧਾਨ ਸਭਾ ਦੀਆਂ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਲੜੀਆਂ ਜਾਣਗੀਆਂ।

ਇਹ ਸਿਆਸੀ ਕਸ਼ਮਕਸ਼ ਕਾਂਗਰਸ ਲਈ ਮਹਿੰਗੀ ਸਾਬਤ ਹੋ ਸਕਦੀ ਹੈ। ਕਾਂਗਰਸ ਨੇ ਸਰਕਾਰ ਤੇ ਪਾਰਟੀ ਵਿਚ ਸਾਂਝ ਵਧਾਉਣ ਲਈ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਦੀ ਰਜ਼ਾਮੰਦੀ ਨਾਲ ਦਸ ਮੈਂਬਰੀ ਕਮੇਟੀ ਬਣਾਈ ਹੈ। ਪਾਰਟੀ ਅੰਦਰਲੀਆਂ ਦੋਹਾਂ ਧਿਰਾਂ ਨੂੰ ਉਸ ਕਮੇਟੀ ਦੀ ਕਾਰਗੁਜ਼ਾਰੀ ਨੂੰ ਵਾਚਣਾ ਚਾਹੀਦਾ ਸੀ। ਇਸ ਵੇਲੇ ਮੁੱਖ ਮੰਤਰੀ ਦਾ ਵਿਰੋਧ ਕਰ ਰਹੇ ਮੰਤਰੀਆਂ ਦੀ ਸਥਿਤੀ ਬਹੁਤ ਵਿਰੋਧਾਭਾਸ ਵਾਲੀ ਹੋ ਗਈ ਹੈ; ਉਹ ਸਾਢੇ ਚਾਰ ਸਾਲ ਸਰਕਾਰ ਦਾ ਹਿੱਸਾ ਰਹੇ ਹਨ; ਸਰਕਾਰ ਵਿਚ ਜਿੰਮੇਵਾਰੀ ਸਾਂਝੀ ਹੁੰਦੀ ਹੈ;



ਜਦ ਮੰਤਰੀ ਆਪਣੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾ ਰਹੇ ਹਨ ਤਾਂ ਉਨ੍ਹਾਂ ਦੀ ਆਪਣੀ ਕਾਰਗੁਜ਼ਾਰੀ 'ਤੇ ਵੀ ਸਵਾਲ ਉੱਠਣੇ ਸੁਭਾਵਿਕ ਹਨ। ਇਸ ਖਿੱਚੋਤਾਣ ਵਿਚ ਨਾ ਸਿਰਫ ਕਾਂਗਰਸ ਦੇ ਅਕਸ ਨੂੰ ਖੋਰਾ ਲੱਗ ਰਿਹਾ ਹੈ ਸਗੋਂ ਵਿਰੋਧੀ ਪਾਰਟੀਆਂ ਨੂੰ ਵੀ ਕਾਂਗਰਸ 'ਤੇ ਹਮਲਾ ਕਰਨ ਦਾ ਮੌਕਾ ਮਿਲ ਰਿਹਾ ਹੈ।

ਸਿਆਸੀ ਮਾਹਿਰਾਂ ਦਾ ਅੰਦਾਜ਼ਾ ਸੀ ਕਿ ਕਾਂਗਰਸ ਦੀ ਅੰਦਰੂਨੀ ਲੜਾਈ ਦਾ ਫਾਇਦਾ ਅਕਾਲੀ-ਬਸਪਾ ਗੱਠਜੋੜ ਨੂੰ ਮਿਲੇਗਾ। ਸ਼੍ਰੋਮਣੀ ਅਕਾਲੀ ਦਲ ਕੋਲ ਆਪਣਾ ਕਾਡਰ ਤਾਂ ਹੈ ਪਰ ਇਸ ਦੇ ਬਾਵਜੂਦ ਉਸ ਨੂੰ ਲੋਕਾਂ, ਖਾਸ ਕਰਕੇ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕੀਤਾ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਬਾਈਕਾਟ ਜਾਂ ਵਿਰੋਧ ਕਰਨਗੇ ਜਦੋਂਕਿ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਸਵਾਲ ਪੁੱਛੇ ਜਾਣਗੇ। ਚੋਣਾਂ ਤੋਂ ਪਹਿਲਾਂ ਜ਼ਿਆਦਾ ਸਵਾਲ ਸੱਤਾਧਾਰੀ ਪਾਰਟੀ ਦੇ ਆਗੂਆਂ ਨੂੰ ਪੁੱਛੇ ਜਾਂਦੇ ਹਨ ਪਰ ਪਿਛਲੇ ਕੁਝ ਦਿਨਾਂ ਦੇ ਤਜਰਬੇ ਅਨੁਸਾਰ ਲੋਕ ਅਕਾਲੀ ਦਲ ਦੇ ਆਗੂਆਂ ਤੋਂ ਵੀ ਤਿੱਖੇ ਸਵਾਲ ਪੁੱਛ ਰਹੇ ਹਨ। ਕਈ ਥਾਵਾਂ 'ਤੇ ਸਵਾਲ ਪੁੱਛਣ ਦੀ ਪ੍ਰਕਿਰਿਆ ਇੰਨੀ ਗਰਮ ਮਾਹੌਲ ਵਾਲੀ ਹੋ ਗਈ ਕਿ ਅਕਾਲੀ ਦਲ ਨੂੰ ਆਪਣੇ ਸਮਾਗਮ ਰੱਦ ਕਰਨੇ ਪਏ। ਅਕਾਲੀ ਦਲ ਵੱਲੋਂ ਕੁਝ ਭਾਜਪਾ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਨਾਲ ਭਾਜਪਾ ਦਾ ਆਧਾਰ ਹੋਰ ਕਮਜ਼ੋਰ ਹੋਇਆ ਹੈ। ਆਮ ਆਦਮੀ ਪਾਰਟੀ ਅਜੇ ਵੀ ਪੰਜਾਬ ਲਈ ਭਵਿੱਖ ਦਾ ਮੁੱਖ ਮੰਤਰੀ ਤਲਾਸ਼ ਕਰ ਰਹੀ ਹੈ। ਪਿਛਲੇ ਕੁਝ ਦਿਨਾਂ ਤੋਂ ਪਾਰਟੀਆਂ ਦੀਆਂ ਸਰਗਰਮੀਆਂ ਵੀ ਕੁਝ ਘਟੀਆਂ ਹਨ। ਅਕਾਲੀ ਦਲ (ਡੈਮੋਕ੍ਰੇਟਿਕ) ਵੀ ਆਪਣੇ ਲਈ ਸਿਆਸੀ ਜਮੀਨ ਦੀ ਭਾਲ ਵਿਚ ਹੈ।

## ਨੌਜਵਾਨਾਂ ਦੀ ਨਬਜ਼ ਟੋਹਣ ਲੱਗੇ ਸੁਖਬੀਰ ਬਾਦਲ

**ਮੋਗਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿਚ 'ਗੱਲ ਪੰਜਾਬ ਦੀ' ਮੁਹਿੰਮ ਤਹਿਤ ਵਪਾਰੀਆਂ, ਨੌਜਵਾਨਾਂ ਤੇ ਹੋਰ ਵਰਗਾਂ ਦੀ ਨਬਜ਼ ਟੋਹਣ ਲੱਗੇ ਹੋਏ ਹਨ। ਬਾਘਾਪੁਰਾਣਾ ਹਲਕੇ ਦੀ ਫੇਰੀ ਦੌਰਾਨ ਅਕਾਲੀ ਵਰਕਰਾਂ ਅਤੇ ਕਿਸਾਨਾਂ ਵਿਚਾਲੇ ਹੋਏ ਟਕਰਾਅ ਮਗਰੋਂ ਪਿੰਡ ਲੰਗੇਆਣਾ ਨਵਾਂ ਕੋਲੋਂ ਲੰਘਦਿਆਂ ਸੁਖਬੀਰ ਬਾਦਲ ਦੀ ਟਿਊਬਵੈੱਲ 'ਤੇ ਤਾਸ਼ ਖੇਡ ਰਹੇ ਨੌਜਵਾਨਾਂ ਵੱਲ ਨਜ਼ਰ ਪੈ ਗਈ ਤਾਂ ਉਹ ਉਨ੍ਹਾਂ ਨਾਲ ਹਾਸਾ-ਠੱਠਾ ਕਰਨ ਲਈ ਰੁਕ ਗਏ। ਆਪਣੇ ਸੋਸ਼ਲ ਮੀਡੀਆ ਪੇਜ 'ਤੇ ਉਨ੍ਹਾਂ ਕਿਹਾ ਕਿ 25 ਸਾਲ ਪਹਿਲਾਂ ਉਨ੍ਹਾਂ ਨੇ ਇਥੋਂ ਚੋਣ ਲੜੀ ਸੀ ਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਸਿਆਸਤ ਵੀ ਇਥੋਂ ਹੀ ਸ਼ੁਰੂ ਕੀਤੀ ਸੀ। ਸੁਖਬੀਰ ਬਾਦਲ ਨੇ ਨੌਜਵਾਨਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਸਰਕਾਰੀ ਸਕੂਲਾਂ 'ਚੋਂ ਪੜ੍ਹੇ ਨੌਜਵਾਨਾਂ ਲਈ ਰੁਜ਼ਗਾਰ ਵਿਚ 33 ਫੀਸਦੀ ਰਾਖਵਾਂਕਰਨ ਕਰਨ ਦੀ ਯੋਜਨਾ ਹੈ ਤਾਂ ਜੋ ਪੇਂਡੂ ਨੌਜਵਾਨਾਂ ਦੀ ਵੀ ਨੌਕਰੀ ਲਈ ਮੈਰਿਟ ਬਣ ਸਕੇ।

## ਸੜਕ ਹਾਦਸੇ ਵਿਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ

**ਰਾਏਕੋਟ:** ਅਮਰੀਕਾ ਦੇ ਸ਼ਹਿਰ ਮਨਟਿਕਾ ਵਿਚ ਵਾਪਰੇ ਇਕ ਸੜਕ ਹਾਦਸੇ 'ਚ ਰਾਏਕੋਟ ਨਾਲ ਸਬੰਧਤ 24 ਸਾਲਾ ਨੌਜਵਾਨ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਨੌਜਵਾਨ ਗੰਭੀਰ ਜ਼ਖਮੀ ਹੋ ਗਏ। ਮ੍ਰਿਤਕ ਨੌਜਵਾਨ ਮਨਜੋਤ ਸਿੰਘ ਥਿੰਦ ਪੁੱਤਰ ਸ਼ਮਸ਼ੇਰ ਸਿੰਘ ਥਿੰਦ ਦੇ ਤਾਏ ਦੇ ਲੜਕੇ ਹਰਪਾਲ ਸਿੰਘ ਥਿੰਦ ਨੇ ਦੱਸਿਆ ਕਿ ਉਸ ਦੇ ਚਾਚੇ ਦਾ ਲੜਕਾ ਮਨਜੋਤ ਸਿੰਘ ਥਿੰਦ ਅਮਰੀਕਾ ਵਿਚ ਰਹਿ ਰਿਹਾ ਸੀ। ਆਪਣੇ ਦੋਸਤਾਂ ਨਾਲ ਯੂਨੀਵਰਸਿਟੀ ਦੇ ਕੰਮਕਾਰ ਲਈ ਉਹ ਕਾਰ 'ਚ ਜਾ ਰਿਹਾ ਸੀ। ਰਸਤੇ 'ਚ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਡਿਵਾਈਡਰ ਟੱਪ ਕੇ ਦੂਜੇ ਪਾਸੇ ਤੋਂ ਆ ਰਹੀ ਅਮਰੀਕਾ ਪੁਲਿਸ ਦੀ ਕਾਰ ਨਾਲ ਜਾ ਟਕਰਾਈ ਜਿਸ ਕਾਰਨ ਇਸ ਹਾਦਸੇ ਵਿਚ ਜਿਥੇ ਮਨਜੋਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਉਥੇ ਉਸ ਨਾਲ ਗੱਡੀ ਵਿਚ ਸਵਾਰ ਦੋ ਗੋਰੇ ਨੌਜਵਾਨ ਗੰਭੀਰ ਜ਼ਖਮੀ ਹੋ ਗਏ।


ਦੂਜੇ ਪਾਸੇ ਪੁਲਿਸ ਦੀ ਗੱਡੀ ਚਲਾ ਰਿਹਾ ਪਿੰਡ ਗਾਲਬ (ਨੇੜੇ ਜਗਰਾਓਂ) ਦਾ ਨੌਜਵਾਨ ਪੁਲਿਸ ਅਫਸਰ ਹਰਮਿੰਦਰ ਸਿੰਘ ਹਨੀ ਗਰੇਵਾਲ ਵੀ ਸੜਕ ਹਾਦਸੇ ਵਿਚ ਗੰਭੀਰ ਜ਼ਖਮੀ ਹੋ ਗਿਆ ਤੇ ਹਸਪਤਾਲ ਵਿਚ ਇਲਾਜ ਦੌਰਾਨ ਉਸ ਦੀ ਵੀ ਮੌਤ ਹੋ ਗਈ ਹੈ।

ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ
ਕਾਲ ਕਰੋ: ਮਿ. ਸਿੰਘ
ਫੋਨ: 515-291-1961
31-34

ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ
ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ:
ਫੋਨ: 651-353-9584
33-36

YOU TAKE CARE OF THE BUSINESS.
I'LL TAKE CARE OF THE FINANCING.


When your business needs working capital, getting funds from conventional financing sources can be difficult.
Liquid Capital helps small to medium sized businesses with the cash they need to grow and prosper. We can provide your business with immediate funding based on your commercial accounts receivable. Use the cash for:
Dr. Amul Purohit
Liquid Capital FINANCING SUCCESS
Tel: (530) 750-2585
www.apurohit.liquidcapitalcorp.com
• BUSINESS GROWTH • NEW PRODUCT LAUNCHES
• SEASONAL SLUMPS • START UP BUSINESSES

# ਪੰਜਾਬ ਕਾਂਗਰਸ ਦਾ ਕਲੇਸ਼ ਨਜਿੱਠਣ ਲਈ ਹਾਈਕਮਾਨ ਦੇ ਹੱਥ ਵੀ ਖੜ੍ਹੇ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਸੀ ਕਲੇਸ਼ ਬਿਲੇ ਲਾਉਣਾ ਪੰਜਾਬ ਕਾਂਗਰਸ ਲਈ ਵੱਡੀ ਚੁਣੌਤੀ ਬਣ ਗਿਆ ਹੈ। ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨਗੀ ਦੇਣ ਤੋਂ ਬਾਅਦ ਵੀ ਹਾਲਾਤ ਜਿਉਂ ਦੇ ਤਿਉਂ ਬਣੇ ਹੋਏ ਹਨ। ਮੌਜੂਦਾ ਹਾਲਾਤ ਇਹ ਹਨ ਕਿ ਸਿੱਧੂ ਨੂੰ ਪ੍ਰਧਾਨਗੀ ਮਿਲਣ ਪਿੱਛੋਂ ਬਾਗੀਆਂ ਦਾ ਕਾਫਲਾ ਲੰਬਾ ਹੁੰਦਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੁਰਸੀ ਨੂੰ ਹੱਥ ਪਾਉਣ ਲਈ ਕੋਸ਼ਿਸ਼ ਤੇਜ਼ ਹੋ ਗਈਆਂ ਹਨ। ਅਜਿਹੇ ਵਿਚ ਮਾਮਲਾ ਇਕ ਵਾਰ ਫਿਰ ਹਾਈਕਮਾਨ ਕੋਲ ਪੁੱਜ ਗਿਆ ਹੈ।



ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਉਠੀ ਬਗਾਵਤ ਦੇ ਮਾਮਲੇ ਨੂੰ ਕੁੱਲ ਹਿੰਦ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਕੋਲ ਰੱਖਿਆ। ਜਾਣਕਾਰੀ ਮੁਤਾਬਕ ਨਵਜੋਤ ਸਿੱਧੂ ਧੜੇ ਦੇ ਤਿੰਨ ਵਜ਼ੀਰਾਂ ਨੇ ਦਿੱਲੀ ਵਿਚ ਡੇਰਾ ਲਾ ਕੇ ਦਬਾਅ ਬਣਾਇਆ ਹੋਇਆ ਹੈ ਅਤੇ ਸਿੱਧੂ ਖੁਦ ਵੀ ਅਸਿੱਧੇ ਤਰੀਕੇ ਨਾਲ ਹਾਈਕਮਾਨ ਨੂੰ ਆਪਣੇ ਤਿੱਖੇ ਤੇਵਰ ਦਿਖਾ ਰਹੇ ਹਨ।

ਚੇਤੇ ਰਹੇ ਕਿ ਨਵਜੋਤ ਸਿੱਧੂ ਦੇ ਧੜੇ ਨੇ ਬੀਤੇ ਦਿਨੀਂ ਲੰਚ ਮੌਕੇ ਵਿਧਾਇਕਾਂ ਅਤੇ ਵਜ਼ੀਰਾਂ ਦਾ ਇਕੱਠ ਕਰਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਬਦਲਣ ਦੀ ਮੰਗ ਕੀਤੀ ਸੀ। ਉਸ ਮਗਰੋਂ ਚਾਰ ਵਜ਼ੀਰਾਂ ਅਤੇ ਤਿੰਨ ਵਿਧਾਇਕਾਂ ਨੇ ਦੇਹਰਾਦੂਨ ਵਿਚ ਹਰੀਸ਼ ਰਾਵਤ ਨਾਲ ਮੀਟਿੰਗ ਕੀਤੀ ਸੀ। ਉਧਰ, ਕੈਪਟਨ ਖੇਮੇ ਨੇ ਡਿਨਰ ਦੇ ਬਹਾਨੇ ਆਪਣਾ ਸ਼ਕਤੀ ਪ੍ਰਦਰਸ਼ਨ ਕੀਤਾ। ਹਰੀਸ਼ ਰਾਵਤ ਨੇ ਕਾਂਗਰਸ ਆਗੂਆਂ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੀ ਲੜੀਆਂ ਜਾਣਗੀਆਂ। ਇਸ ਤੋਂ ਸਿੱਧੂ ਧੜਾ ਕਾਫੀ ਪਰੇਸ਼ਾਨ ਨਜ਼ਰ ਆ ਰਿਹਾ ਹੈ।

ਕਾਂਗਰਸੀ ਵਰਕਰ ਇਸ ਗੱਲੋਂ ਔਖੇ ਹਨ ਕਿ ਪਾਰਟੀ ਦੇ ਅੰਦਰੂਨੀ ਕਲੇਸ਼ ਕਰਕੇ ਸਿਆਸੀ ਫਰੰਟ 'ਤੇ ਕਾਂਗਰਸ ਪਛੜਨ ਲੱਗੀ ਹੈ। ਹਾਈਕਮਾਨ ਨੇ ਨਵੇਂ ਫੈਸਲੇ ਲੈਣ ਵਿਚ ਕੀੜੀ ਚਾਲ ਰੱਖੀ ਤਾਂ ਪੰਜਾਬ 'ਚ ਵਿਰੋਧੀਆਂ ਨੂੰ ਹੱਥ-ਪੈਰ ਪਸਾਰਨ ਦਾ ਮੌਕਾ ਮਿਲ ਜਾਵੇਗਾ। ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਸੋਨੀਆ ਗਾਂਧੀ ਨਾਲ ਮੀਟਿੰਗ ਮਗਰੋਂ ਕਿਹਾ ਕਿ ਪੰਜਾਬ ਦੇ ਵਿਧਾਇਕਾਂ ਤਰਫੋਂ ਜੋ ਗੱਲ ਰੱਖੀ ਗਈ ਸੀ, ਉਸ ਤੋਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਜਾਣੂ ਕਰਾ ਦਿੱਤਾ ਹੈ ਅਤੇ ਅੱਗੇ ਫੈਸਲਾ ਹਾਈਕਮਾਨ ਨੇ ਲੈਣਾ ਹੈ।

ਸ੍ਰੀ ਰਾਵਤ ਨੇ ਕਿਹਾ ਕਿ ਪੰਜਾਬ ਵਿਚ ਕੁਝ ਮੁਸ਼ਕਲਾਂ ਜ਼ਰੂਰ ਹਨ ਜਿਨ੍ਹਾਂ ਨੂੰ ਉਹ ਸੁਲਝਾਉਣ ਵਿਚ ਲੱਗੇ ਹੋਏ ਹਨ ਪਰ ਸਥਿਤੀ ਕਾਬੂ ਹੇਠ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਕੋਈ ਖਤਰਾ ਨਹੀਂ ਹੈ ਅਤੇ ਅਗਲੀਆਂ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੋਨੀਆ ਗਾਂਧੀ ਤਰਫੋਂ ਜੋ ਅਗਲੇ ਹੁਕਮ ਆਉਣਗੇ, ਉਨ੍ਹਾਂ ਨੂੰ ਸਭ ਧਿਰਾਂ ਮੰਨਣਗੀਆਂ। ਜਾਣਕਾਰੀ ਮੁਤਾਬਕ ਨਵਜੋਤ ਸਿੱਧੂ ਦੇ ਸਲਾਹਕਾਰਾਂ ਦਾ ਮਾਮਲਾ ਵੀ ਸੋਨੀਆ ਗਾਂਧੀ ਕੋਲ ਪਹੁੰਚਾਇਆ ਗਿਆ ਹੈ।

ਉਧਰ, ਅੰਮ੍ਰਿਤਸਰ ਵਿਚ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਆਪਣੇ ਤਲਖ ਤੇਵਰਾਂ ਵਿਚ ਕਿਹਾ ਕਿ ਦਰਸ਼ਨੀ ਘੋੜੇ ਬਣਨ ਦਾ ਕੋਈ ਫਾਇਦਾ ਨਹੀਂ ਹੈ ਅਤੇ ਖੁੱਲ੍ਹੇ ਫੈਸਲੇ ਲੈਣ ਦੀ ਖੁੱਲ੍ਹ ਮਿਲਣੀ ਚਾਹੀਦੀ ਹੈ। ਉਹ ਡੰਮੀ ਪ੍ਰਧਾਨ ਨਹੀਂ ਬਣਨਗੇ ਜਿਸ ਨੂੰ ਫੈਸਲੇ ਲੈਣ ਦੀ ਪ੍ਰਵਾਨਗੀ ਨਾ ਹੋਵੇ। ਸਿੱਧੂ ਨੇ ਚੁਣੌਤੀ ਵਾਲੇ ਲਹਿਜੇ ਵਿਚ ਕਿਹਾ ਕਿ ਜੇ ਫੈਸਲੇ ਲੈਣ ਦੀ ਇਜਾਜ਼ਤ ਨਹੀਂ ਦਿੰਦੇ ਤਾਂ ਉਹ ਇੱਟ ਨਾਲ ਇੱਟ ਖੜਕਾ ਦੇਣਗੇ। ਇਸ 'ਤੇ ਪ੍ਰਤੀਕਰਮ ਦਿੰਦਿਆਂ ਰਾਵਤ ਨੇ ਕਿਹਾ ਕਿ ਸੂਬਿਆਂ ਦੇ ਮੁਖੀਆਂ ਕੋਲ ਪਾਰਟੀ ਸਟੈਂਡ ਤੇ ਸੰਵਿਧਾਨ ਦੇ ਦਾਇਰੇ ਵਿਚ ਕੰਮ ਕਰਨ ਅਤੇ ਫੈਸਲੇ ਲੈਣ ਦੇ ਪੂਰੇ ਅਧਿਕਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਵੱਲੋਂ ਇਹ ਗੱਲ ਕਿਸ ਪ੍ਰਸੰਗ ਵਿਚ ਕਹੀ ਗਈ ਹੈ, ਉਸ ਨੂੰ ਉਹ ਵਾਚਣਗੇ।

## ਅਸੀਂ ਇਕਜੁੱਟ, ਮਾਮੂਲੀ ਮਤਭੇਦ ਸੁਲਝਾ ਲਵਾਂਗੇ: ਭੱਠਲ

**ਚੰਡੀਗੜ੍ਹ:** ਪੰਜਾਬ ਕਾਂਗਰਸ 'ਚ ਚੱਲ ਰਹੀ ਖਿੱਚੋਤਾਣ ਦਰਮਿਆਨ ਪਾਰਟੀ ਦੀ ਸੀਨੀਅਰ ਆਗੂ ਰਾਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਸਾਰੇ ਆਗੂ ਇਕਜੁਟ ਹਨ ਅਤੇ ਮਾਮੂਲੀ ਮੱਤਭੇਦਾਂ ਨੂੰ ਸੁਲਝਾ ਲਿਆ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਉਨ੍ਹਾਂ ਦੀ ਰਿਹਾਇਸ਼ 'ਤੇ ਕੀਤੀ ਗਈ ਮੁਲਾਕਾਤ ਨੂੰ ਸਾਬਕਾ ਮੁੱਖ ਮੰਤਰੀ ਨੇ ਸ਼ਿਸ਼ਟਾਚਾਰ ਦੌਰਾ ਕਰਾਰ ਦਿੱਤਾ ਹੈ। ਰਾਜ ਯੋਜਨਾ ਬੋਰਡ ਦੀ ਮੀਤ ਚੇਅਰਪਰਸਨ ਭੱਠਲ ਨੇ ਕਿਹਾ, "ਸਾਡਾ ਉਦੇਸ਼ ਕਾਂਗਰਸ ਨੂੰ ਸੂਬੇ ਦੀ ਸੱਤਾ 'ਚ ਮੁੜ ਲਿਆਉਣਾ ਹੈ। ਮੈ ਸਾਰਿਆਂ ਨੂੰ ਹਮੇਸ਼ਾ ਇਕੱਠਿਆਂ ਚੱਲਣ ਲਈ ਆਖਦੀ ਹਾਂ ਅਤੇ ਜੋ ਵੀ ਮਤਭੇਦ ਹੋਣ, ਉਨ੍ਹਾਂ ਨੂੰ ਇਕ ਪਰਿਵਾਰ ਵਾਂਗ ਸੁਲਝਾਇਆ ਜਾਣਾ ਚਾਹੀਦਾ ਹੈ।"

## ਸਿੱਧੂ ਦੇ ਸਲਾਹਕਾਰ ਮਾਲੀ ਵੱਲੋਂ ਅਸਤੀਫਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ ਦੋ ਸਲਾਹਕਾਰਾਂ ਦੀਆਂ ਟਿੱਪਣੀਆਂ ਨੂੰ ਆਧਾਰ ਬਣਾ ਕੇ ਕੌਮੀ ਪੱਧਰ 'ਤੇ ਕਾਂਗਰਸ ਦੀ ਘੇਰਾਬੰਦੀ ਹੋਣ ਲੱਗੀ ਹੈ। ਇਸ ਦੌਰਾਨ ਸਿੱਧੂ ਦੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਤਾੜਨਾ ਕੀਤੀ ਸੀ ਕਿ ਸਲਾਹਕਾਰ ਬਦਲੇ ਜਾਣ, ਨਹੀਂ ਤਾਂ ਉਹ ਖਾਰਜ ਕਰ ਦੇਣਗੇ। ਉਧਰ, ਦੂਸਰੇ ਸਲਾਹਕਾਰ ਡਾ. ਪਿਆਰੇ ਲਾਲ ਗਰਗ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਕਿਸੇ ਨੇ ਵੀ ਅਹੁਦੇ ਉਪਰ ਨਿਯੁਕਤ ਨਹੀਂ ਕੀਤਾ ਹੈ ਅਤੇ ਨਾ ਹੀ ਉਹ ਕਿਸੇ ਅਹੁਦੇ 'ਤੇ ਹਾਜ਼ਰ ਹੋਏ ਹਨ। ਮਾਲੀ ਨੇ ਦਾਅਵਾ ਕੀਤਾ ਕਿ ਉਹ ਲੰਮੇ ਸਮੇਂ ਤੋਂ ਪੰਜਾਬ, ਧਾਰਮਿਕ ਘੱਟ ਗਿਣਤੀਆਂ, ਮਨੁੱਖੀ ਹੱਕਾਂ ਅਤੇ ਜਮਹੂਰੀਅਤ ਦੀ ਲੜਾਈ ਲੜਦਾ ਆ ਰਿਹਾ ਹੈ। ਪੰਜਾਬ ਦੀ ਸਥਾਪਤ ਸਿਆਸਤ ਬੌਧਿਕ ਕੰਗਾਲੀ ਦੀ ਸ਼ਿਕਾਰ ਹੈ ਜਿਹੜੀ ਸਥਾਪਤੀ ਦੇ ਵਿਰੁੱਧ ਪੰਜਾਬ ਦੇ ਭਲੇ ਲਈ ਕਿਸੇ ਵੀ ਵੱਡੀ ਤਬਦੀਲੀ ਨੂੰ ਬਰਦਾਸ਼ਤ ਨਹੀਂ ਕਰਦੀ ਪਰ ਉਹ ਸੰਘਰਸ਼ ਕਰਦੇ ਰਹਿਣਗੇ।

Homeopathicvibes
Harminder Singh Gill
Homeopathic Consultant and Practitioner

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
Ph: (408) 737-7100
Fax: (408)737-7102 www.homeopathicvibes.com
We sell and ship homeopathic remedies through out North America.

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

LAW OFFICES OF VIVEK MALIK
Follow us on :

ACCOMPLISHED IMMIGRATION Attorneys help FAMILIES REUNITE in the UNITED STATES
Our Global & Nationwide Services in the field of U.S. Immigration & Nationality Law
Come talk to an experienced immigration attorney
Toll Free No.
866-424-4000
OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344
www.usa-immigrationlaw.com
Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵਰਸ
Languages SPOKEN Punjabi | Hindi | Urdu | Spanish & English

**Punjab Times**

Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਨਿੱਜੀਕਰਨ: ਪੰਜਾਬ ਸਰਕਾਰ ਵੀ ਕੇਂਦਰ ਵਾਲੇ ਰਾਹ ਤੁਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕੇਂਦਰ ਸਰਕਾਰ ਦੀ ਯੋਜਨਾ ਤਹਿਤ ਪੰਜਾਬ ਸਰਕਾਰ ਦਾ ਸੂਬੇ ਦੀਆਂ ਸਰਕਾਰੀ ਜਾਇਦਾਦਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਦੇ ਲੋਕ ਵਿਰੋਧੀ ਫੈਸਲੇ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਿਕਰੀ ਲਈ 53 ਸਰਕਾਰੀ ਆਰਾਮ ਘਰਾਂ ਤੇ 10 ਸੜਕਾਂ ਦੀ ਸ਼ਨਾਖ਼ਤ ਵੀ ਕਰ ਲਈ ਗਈ ਹੈ ਜਿਨ੍ਹਾਂ ਵਿਚ ਅੰਮ੍ਰਿਤਸਰ ਦਾ ਗੁਰੂ ਨਾਨਕ ਆਡੀਟੋਰੀਅਮ, ਗੋਲ ਬਾਗ ਸਪੋਰਟਸ ਕੰਪਲੈਕਸ, ਮਹਾਰਾਜਾ ਰਣਜੀਤ ਸਿੰਘ ਆਡੀਟੋਰੀਅਮ, ਲੁਧਿਆਣਾ ਵਿਚਲੀ ਕੁਝ ਜ਼ਮੀਨ ਸਣੇ ਮੁਹਾਲੀ ਦਾ ਬਹੁਮੰਤਵੀ ਖੇਡ ਸਟੇਡੀਅਮ, ਦਸਮੇਸ਼ ਮਾਰਸ਼ਲ ਆਰਟਸ ਸਪੋਰਟਸ ਅਕਾਦਮੀ ਮੋਗਾ ਤੋਂ ਇਲਾਵਾ ਫਿਰੋਜ਼ਪੁਰ ਤੇ ਲੁਧਿਆਣਾ ਵਿਚਲੀਆਂ ਸੰਪਤੀਆਂ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਵੱਲੋਂ ਪਹਿਲਾਂ ਹੀ ਦਰਜਨ ਦੇ ਕਰੀਬ ਸੰਪਤੀਆਂ ਨੂੰ ਨਿੱਜੀ ਹੱਥਾਂ ਵਿਚ ਸੌਂਪੇ ਜਾਣ ਦੀ ਗੱਲ ਆਖੀ ਗਈ ਹੈ।

# ਕੌਮੀ ਪਾਰਟੀਆਂ ਨੇ ਅਣਦੱਸੇ ਸਰੋਤਾਂ ਤੋਂ 3377.41 ਕਰੋੜ ਇਕੱਠੇ ਕੀਤੇ

**ਨਵੀਂ ਦਿੱਲੀ:** ਦੇਸ਼ ਦੀਆਂ ਕੌਮੀ ਪਾਰਟੀਆਂ ਨੇ ਸਾਲ 2019-20 ਦੌਰਾਨ ਅਣਦੱਸੇ ਸਰੋਤਾਂ ਤੋਂ 3377.41 ਕਰੋੜ ਰੁਪਏ ਇਕੱਠੇ ਕੀਤੇ ਜਿਹੜਾ ਇਨ੍ਹਾਂ ਪਾਰਟੀਆਂ ਦੀ ਕੁੱਲ ਆਮਦਨ ਦਾ 70.98 ਫੀਸਦੀ ਹੈ। ਇਹ ਖੁਲਾਸਾ ਪੋਲ ਰਾਈਟ ਗਰੁੱਪ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ (ਏ.ਡੀ.ਆਰ.) ਵੱਲੋਂ ਜਾਰੀ ਕੀਤੀ ਨਵੀਂ ਰਿਪੋਰਟ ਵਿਚ ਹੋਇਆ ਹੈ। ਇਸ ਵਿਚ ਸਭ ਤੋਂ ਵੱਧ ਆਮਦਨੀ ਭਾਰਤੀ ਜਨਤਾ ਪਾਰਟੀ ਨੇ ਅਣਦੱਸੇ ਸਰੋਤਾਂ ਤੋਂ ਦਰਸਾਈ ਹੈ।

ਭਾਜਪਾ ਨੇ ਇਸ ਸਮੇਂ ਦੀ 2642.63 ਕਰੋੜ ਦੀ ਆਮਦਨੀ ਸਰੋਤਾਂ ਦੇ ਨਾਂ ਤੋਂ ਬਿਨਾਂ ਦਰਸਾਈ ਹੈ ਜੋ ਕੌਮੀ ਪਾਰਟੀਆਂ ਵੱਲੋਂ ਬਿਨਾਂ ਸਰੋਤਾਂ ਤੋਂ ਦਰਸਾਈ ਆਮਦਨੀ ਦਾ 78.24 ਫੀਸਦੀ ਹੈ। ਇਸ ਤੋਂ ਇਲਾਵਾ ਕਾਂਗਰਸ, ਐਨ.ਸੀ.ਪੀ, ਸੀ.ਪੀ.ਆਈ, ਸੀ.ਪੀ.ਆਈ. (ਐਮ), ਟੀ.ਐਮ.ਸੀ. ਤੇ ਬੀ.ਐਸ.ਪੀ. ਨੇ ਵੀ ਸਰੋਤਾਂ ਦੇ ਨਾਂ ਤੋਂ ਬਿਨਾਂ ਆਮਦਨੀ ਦਰਸਾਈ ਹੈ। ਕਾਂਗਰਸ ਪਾਰਟੀ ਨੇ ਉਸ ਸਾਲ ਦੌਰਾਨ ਅਣਦੱਸੇ ਸਰੋਤਾਂ ਤੋਂ 526 ਕਰੋੜ ਰੁਪਏ ਹਾਸਲ ਕੀਤੇ ਜੋ ਕੌਮੀ ਪਾਰਟੀਆਂ ਦੀ ਆਮਦਨੀ ਦਾ 15.57 ਫੀਸਦੀ ਬਣਦਾ ਹੈ।

## ਗੁਰਪਤਵੰਤ ਪੰਨੂ ਖਿਲਾਫ ਕੇਸ ਦਰਜ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਥਿਤ ਤੌਰ 'ਤੇ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਵਿਚ ਪਾਬੰਦੀਸ਼ੁਦਾ ਖਾਲਿਸਤਾਨ ਪੱਖੀ ਜਥੇਬੰਦੀ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੇ ਗੁਰਪਤਵੰਤ ਸਿੰਘ ਪੰਨੂ ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਿਸ ਨੇ ਦੱਸਿਆ ਕਿ 28 ਅਗਸਤ ਨੂੰ ਐਸ.ਐਫ.ਜੇ. ਦੇ ਫੇਸਬੁੱਕ ਪੇਜ 'ਤੇ ਪੋਸਟ ਕੀਤੇ ਗਏ ਵੀਡੀਓ ਰਾਹੀਂ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਸੀ। ਪਿਛਲੇ ਮਹੀਨੇ ਹਿਮਾਚਲ ਪ੍ਰਦੇਸ ਪੁਲਿਸ ਨੇ ਪੰਨੂ ਖਿਲਾਫ ਰਾਜ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੂੰ ਧਮਕੀ ਦੇਣ ਦੇ ਦੋਸ਼ ਵਿਚ ਮਾਮਲਾ ਦਰਜ ਕੀਤਾ ਸੀ।

## ਕੈਪਟਨ ਦੀ ਦੋ-ਟੁਕ: ਸਾਰੇ ਬਿਜਲੀ ਸਮਝੌਤੇ ਰੱਦ ਨਹੀਂ ਹੋਣੇ

**ਚੰਡੀਗੜ੍ਹ:** ਬਿਜਲੀ ਸਮਝੌਤਿਆਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਬਿਜਲੀ ਦੇ ਸਾਰੇ ਸਮਝੌਤੇ ਰੱਦ ਨਹੀਂ ਕੀਤੇ ਜਾ ਸਕਦੇ ਹਨ। ਇਸ ਵੇਲੇ ਪੰਜਾਬ ਨੂੰ 14000 ਮੈਗਾਵਾਟ ਬਿਜਲੀ ਦੀ ਲੋੜ ਹੈ ਅਤੇ ਮੌਜੂਦਾ ਸਮੇਂ ਵਿਚ 122 ਬਿਜਲੀ ਦੇ ਸਮਝੌਤੇ ਹਨ। ਬਿਜਲੀ ਖਰੀਦ ਤੋਂ ਬਿਨਾਂ ਸੂਬੇ ਵਿਚ ਬਿਜਲੀ ਦੀ ਮੰਗ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਸਾਰੇ ਸਮਝੌਤਿਆਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਹੈ।

ਦੱਸਣਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਜਿਥੇ ਬਿਜਲੀ ਦੇ ਸਮਝੌਤੇ ਰੱਦ ਕਰਨ ਦੀ ਮੰਗ ਕਰ ਰਹੇ ਹਨ ਪਰ ਮੁੱਖ ਮੰਤਰੀ ਨੇ ਕਿਹਾ ਕਿ ਜੇ ਇਹ ਸਮਝੌਤੇ ਰੱਦ ਕਰਦੇ ਹਾਂ ਤਾਂ ਇਹ ਸੁਪਰੀਮ ਕੋਰਟ ਚਲੇ ਜਾਣਗੇ ਅਤੇ ਸਰਕਾਰ ਨੂੰ ਸੁਪਰੀਮ ਕੋਰਟ ਦੇ ਚੱਕਰ ਲਗਾਉਣੇ ਪੈਣਗੇ। ਦੱਸ ਦਈਏ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਲੇ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਕਿਹੜੇ ਬਿਜਲੀ ਸਮਝੌਤੇ ਰੱਦ ਹੋ ਸਕਦੇ ਹਨ ਅਤੇ ਕਿਹੜੇ ਬਿਜਲੀ ਸਮਝੌਤੇ ਨਹੀਂ ਰੱਦ ਹੋ ਸਕਦੇ।

# ਲਾਠੀਚਾਰਜ ਪਿੱਛੋਂ ਕਿਸਾਨ ਰੋਹ ਦੂਣ-ਸਵਾਇਆ

*(ਸਫਾ ਇਕ ਦੀ ਬਾਕੀ)*

ਸੰਯੁਕਤ ਕਿਸਾਨ ਮੋਰਚੇ ਨੇ 5 ਸਤੰਬਰ ਨੂੰ ਮੁਜ਼ੱਫਰਪੁਰ ਵਿਚ ਹੋਣ ਵਾਲੀ ਮਹਾਪੰਚਾਇਤ ਦੇ ਨਾਲ-ਨਾਲ 25 ਸਤੰਬਰ ਨੂੰ 'ਭਾਰਤ ਬੰਦ' ਦੇ ਸੱਦੇ ਦਾ ਐਲਾਨ ਵੀ ਕੀਤਾ ਹੈ।

ਕਿਸਾਨਾਂ ਨੇ ਭਾਜਪਾ ਨੂੰ ਸਿਆਸੀ ਝਟਕਾ ਦੇਣ ਲਈ ਪੱਛਮੀ ਬੰਗਾਲ ਸਮੇਤ ਪੰਜ ਰਾਜਾਂ ਦੀਆਂ ਚੋਣਾਂ ਸਮੇਂ ਭਾਜਪਾ ਨੂੰ ਵੋਟ ਨਾ ਪਾਉਣ ਦੇ ਫੈਸਲੇ ਨੂੰ ਉਤਰ ਪ੍ਰਦੇਸ਼ ਤੇ ਹੋਰ ਰਾਜਾਂ 'ਚ ਵੀ ਲਾਗੂ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਤੇ ਉਤਰ ਪ੍ਰਦੇਸ਼ ਸਮੇਤ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਫਰਵਰੀ 2022 ਵਿਚ ਹੋ ਰਹੀਆਂ ਹਨ। ਉਸੇ ਦੀ ਤਿਆਰੀ ਲਈ 5 ਸਤੰਬਰ ਦੀ ਮੁਜ਼ੱਫਰਪੁਰ ਰੈਲੀ ਹੋ ਰਹੀ ਹੈ।

ਕਿਸਾਨ ਜਥੇਬੰਦੀਆਂ ਵੱਲੋਂ ਇਸ ਮਹਾਪੰਚਾਇਤ ਵਿਚ ਇਤਿਹਾਸਕ ਇਕੱਠ ਦੇ ਦਾਅਵੇ ਕੀਤੇ ਜਾ ਰਹੇ ਹਨ। ਅਗਲੇ ਵਰ੍ਹੇ ਉਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਸਾਨਾਂ ਦੀ ਅਜਿਹੀ ਲਾਮਬੰਦੀ ਨੇ ਸਰਕਾਰ ਦੀ ਨੀਂਦ ਹਰਾਮ ਕੀਤੀ ਹੋਈ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ, ਕਿਸਾਨਾਂ ਦੀ ਅਜਿਹੀ ਲਾਮਬੰਦੀ ਨੂੰ ਹਿੰਸਕ ਬਣਾਉਣ ਲਈ ਕਿਸੇ ਹੱਦ ਤੱਕ ਵੀ ਜਾ ਸਕਦੀ ਹੈ ਤੇ ਹਰਿਆਣਾ ਵਿਚਲੀ ਕਾਰਵਾਈ ਵੀ ਇਸੇ ਰਣਨੀਤੀ ਦਾ ਹਿੱਸਾ ਜਾਪ ਰਹੀ ਹੈ।

ਕੇਂਦਰ ਸਰਕਾਰ ਦਾ ਹੁਣ ਤੱਕ ਰਵੱਈਆ ਰਿਹਾ ਹੈ ਕਿ ਉਹ ਦਬਾਅ ਬਿਨਾ ਗੱਲਬਾਤ ਲਈ ਤਿਆਰ ਨਹੀਂ ਹੋਈ। ਕਿਸਾਨ ਦੀ ਤਾਜ਼ਾ ਰਣਨੀਤੀ ਵੀ ਸ਼ਾਂਤਮਈ ਅੰਦੋਲਨ ਨਾਲ ਸਰਕਾਰ ਉਤੇ ਦਬਾਅ ਬਣਾਉਣ ਦੀ ਹੈ ਪਰ ਭਾਜਪਾ ਨੂੰ ਕਿਸਾਨਾਂ ਦਾ ਅਹਿੰਸਾ ਵਾਲਾ ਰਾਹ ਬੜਾ ਰੜਕ ਰਿਹਾ ਹੈ। ਦਰਅਸਲ, ਆਪਣੇ ਹੱਕਾਂ ਲਈ ਪੰਜਾਬ ਤੋਂ ਸ਼ੁਰੂ ਹੋਏ ਇਸ ਅੰਦੋਲਨ ਨੇ ਦੇਸ਼ ਪੱਧਰ ਉਤੇ ਦਸਤਕ ਦਿੱਤੀ ਹੈ ਅਤੇ ਇਸ ਦਾ ਪ੍ਰਭਾਵ ਵਿਦੇਸ਼ਾਂ ਤੱਕ ਦਿਖਾਈ ਦੇ ਰਿਹਾ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਅਤੇ ਭਾਜਪਾ ਇਸ ਨੂੰ ਸਿਰਫ ਪੰਜਾਬ ਦੇ ਅੰਦੋਲਨ ਵਜੋਂ ਪੇਸ਼ ਕਰਨ ਦਾ ਯਤਨ ਕਰਦੀਆਂ ਰਹੀਆਂ ਹਨ।

ਇਸ ਅੰਦੋਲਨ ਨੂੰ ਕਦੇ ਖਾਲਿਸਤਾਨੀ ਅਤੇ ਕਦੇ ਮਾਓਵਾਦੀ ਕਹਿਣ ਦੀ ਕੋਸ਼ਿਸ਼ ਕੀਤੀ ਗਈ। ਅੰਦੋਲਨ ਦੀ ਤਾਕਤ ਅਤੇ ਮਜ਼ਬੂਤੀ ਕਾਰਨ ਸਰਕਾਰ ਨੇ 11 ਵਾਰ ਕਿਸਾਨ ਆਗੂਆਂ ਨਾਲ ਗੱਲਬਾਤ ਕੀਤੀ। ਕਾਨੂੰਨਾਂ ਵਿਚ ਸੋਧਾਂ ਕਰਵਾਉਣ ਦੀਆਂ ਤਜਵੀਜ਼ਾਂ ਪੇਸ਼ ਹੁੰਦੀਆਂ ਰਹੀਆਂ ਪਰ 22 ਜਨਵਰੀ ਤੋਂ ਬਾਅਦ ਕੇਂਦਰ ਸਰਕਾਰ ਨੇ ਅੰਦੋਲਨ ਪ੍ਰਤੀ ਉਦਾਸੀਨ ਰਵੱਈਆ ਅਪਨਾਇਆ ਹੋਇਆ ਹੈ। ਕਿਸਾਨ ਅੰਦੋਲਨ ਨੇ ਬਹੁਤ ਸਹਿਜ ਸੁਭਾਅ ਨਾਲ ਸਬਰ ਅਤੇ ਅਮਨਪਸੰਦਗੀ ਦਾ ਵੱਡਾ ਇਮਤਿਹਾਨ ਦਿੱਤਾ ਹੈ।

ਕਿਸਾਨਾਂ ਨੇ ਭਾਜਪਾ ਆਗੂਆਂ ਦੇ ਘਿਰਾਓ ਦਾ ਸੱਦਾ ਦਿੱਤਾ ਹੋਇਆ ਹੈ ਤੇ ਇਹ ਸਿਲਸਲਾ ਪਿਛਲੇ 9 ਮਹੀਨਿਆਂ ਤੋਂ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਹੈ। ਕਰਨਾਲ ਵਿਚ ਵੀ ਕਿਸਾਨ ਆਪਣੇ ਤੈਅ ਪ੍ਰੋਗਰਾਮ ਮੁਤਾਬਕ ਹੀ ਸ਼ਾਂਤਮਈ ਢੰਗ ਨਾਲ ਵਿਰੋਧ ਕਰ ਰਹੇ ਸਨ ਪਰ ਸਰਕਾਰ ਬੇਰਹਿਮੀ ਉਤੇ ਉਤਰ ਆਈ। ਕਿਸਾਨਾਂ ਦਾ ਦਾਅਵਾ ਹੈ ਕਿ ਭਾਜਪਾ ਸਰਕਾਰ 5 ਸਤੰਬਰ ਦੀ ਮਹਾਪੰਚਾਇਤ ਤੋਂ ਘਬਰਾਈ ਹੋਈ ਹੈ ਤੇ ਉਨ੍ਹਾਂ (ਕਿਸਾਨਾਂ) ਦਾ ਰਾਹ ਰੋਕਣ ਲਈ ਕੋਈ ਵੀ ਹਰਕਤ ਕਰ ਸਕਦੀ ਹੈ।

## ਸਿਸੋਦੀਆ ਤੇ ਸੰਜੇ ਸਿੰਘ ਸਣੇ 17 'ਆਪ' ਨੇਤਾਵਾਂ ਖਿਲਾਫ ਕੇਸ

**ਆਗਰਾ, (ਉੱਤਰ ਪ੍ਰਦੇਸ਼):** ਉੱਤਰ ਪ੍ਰਦੇਸ਼ ਪੁਲਿਸ ਨੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਸੰਸਦ ਮੈਂਬਰ ਸੰਜੇ ਸਿੰਘ ਸਣੇ ਆਮ ਆਦਮੀ ਪਾਰਟੀ (ਆਪ) ਦੇ 17 ਨੇਤਾਵਾਂ ਖਿਲਾਫ ਇਥੇ ਤਿਰੰਗਾ ਯਾਤਰਾ ਦੌਰਾਨ ਕਰੋਨਾ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਐਫ.ਆਈ.ਆਰ. 'ਚ 500 ਹੋਰ ਅਣਪਛਾਤਿਆਂ ਲੋਕਾਂ ਦਾ ਵੀ ਜ਼ਿਕਰ ਹੈ, ਜਿਹੜੇ ਇਥੇ ਜੀ.ਆਈ.ਸੀ. ਮੈਦਾਨ ਤੋਂ ਸੰਜੇ ਪੈਲੇਸ 'ਚ ਸ਼ਹੀਦ ਸਮਾਰਕ ਤੱਕ ਕੱਢੀ ਗਈ ਤਿਰੰਗਾ ਯਾਤਰਾ 'ਚ ਸ਼ਾਮਲ ਹੋਏ ਸਨ। ਪੁਲਿਸ ਮੁਤਾਬਕ ਕਰੋਨਾ ਨਿਯਮਾਂ ਦੀ ਪਾਲਣਾ ਨਾਲ ਸਿਰਫ 50 ਵਿਅਕਤੀਆਂ ਨੂੰ ਤਿਰੰਗਾ ਯਾਤਰਾ 'ਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਗਈ ਸੀ, ਪਰ ਯਾਤਰਾ ਵਿਚ ਸ਼ਾਮਲ ਹੋਏ ਲੋਕਾਂ ਦੀ ਗਿਣਤੀ ਉਸ ਤੋਂ ਵੱਧ ਸੀ ਅਤੇ ਯਾਤਰਾ ਦੌਰਾਨ ਕਰੋਨਾ ਨਿਯਮਾਂ ਦੀ ਪਾਲਣਾ ਵੀ ਨਹੀਂ ਕੀਤੀ ਗਈ।

## ਪੈਰਾਲੰਪਿਕ: ਅਵਨੀ ਤੇ ਸੁਮਿਤ ਨੇ ਜਿੱਤੇ ਸੋਨ ਤਗਮੇ

**ਟੋਕੀਓ:** ਟੋਕੀਓ ਪੈਰਾਲੰਪਿਕ 'ਚ ਭਾਰਤੀ ਨੇਜ਼ਾਬਾਜ਼ੀ 'ਚ ਸੁਮਿਤ ਅੰਤਿਲ ਤੇ ਔਰਤਾਂ ਦੀ ਨਿਸ਼ਾਨੇਬਾਜ਼ੀ 'ਚ ਅਵਨੀ ਲੇਖਾਰਾ ਨੇ ਆਪਣੇ-ਆਪਣੇ ਮੁਕਾਬਲਿਆਂ 'ਚ ਸੋਨ ਤਗਮੇ ਭਾਰਤ ਦੀ ਝੋਲੀ ਪਾਏ। ਇਸ ਤੋਂ ਇਲਾਵਾ ਸਟਾਰ ਪੈਰਾ ਅਥਲੀਟ ਅਤੇ ਦੋ ਵਾਰ ਦੇ ਸੋਨ ਤਗਮਾ ਜੇਤੂ ਦੇਵੇਂਦਰ ਝਾਜਰੀਆ ਨੇ ਨੇਜ਼ਾਬਾਜ਼ੀ 'ਚ ਚਾਂਦੀ, ਜਦਕਿ ਡਿਸਕਸ ਥ੍ਰੋਅ 'ਚ ਅਥਲੀਟ ਯੋਗੇਸ਼ ਕਥੂਨੀਆ ਨੇ ਵੀ ਚਾਂਦੀ ਤਗਮਾ ਹਾਸਲ ਕੀਤਾ। ਇਸ ਦੇ ਇਲਾਵਾ ਸੁੰਦਰ ਸਿੰਘ ਗੁਰਜਰ ਨੇ ਕਾਂਸੀ ਤਗਮਾ ਆਪਣੇ ਨਾਂ ਕੀਤਾ।

ਸੁੰਦਰ ਨੇਜ਼ਾਬਾਜ਼ੀ 'ਚ ਝਾਜਰੀਆ ਦੇ ਬਾਅਦ ਤੀਸਰੇ ਸਥਾਨ 'ਤੇ ਰਹੇ। ਪੁਰਸ਼ਾਂ 'ਚ ਸੁਮਿਤ ਅੰਤਿਲ ਨੇ ਇਤਿਹਾਸ ਰਚਦਿਆਂ ਨੇਜ਼ੇਬਾਜ਼ੀ ਦੇ ਐਫ-64 ਈਵੈਂਟ 'ਚ ਭਾਰਤ ਦੀ ਝੋਲੀ ਦੂਸਰਾ ਸੋਨ ਤਗਮਾ ਪਾਇਆ ਹੈ। ਉਨ੍ਹਾਂ ਨੇ ਵਿਸ਼ਵ ਰਿਕਾਰਡ ਦੇ ਨਾਲ ਇਸ ਤਗਮੇ 'ਤੇ ਆਪਣਾ ਕਬਜ਼ਾ ਕੀਤਾ। ਪਹਿਲੀ ਵਾਰ ਪੈਰਾਲੰਪਿਕ ਖੇਡ ਰਹੇ ਅੰਤਿਲ ਨੇ ਨੇਜ਼ਾਬਾਜ਼ੀ ਦੇ ਐਫ-64 ਈਵੈਂਟ 'ਚ ਦੂਸਰੀ ਕੋਸ਼ਿਸ਼ 'ਚ 68.08 ਮੀਟਰ ਦਾ ਥ੍ਰੋਅ ਕੀਤਾ ਅਤੇ ਵਿਸ਼ਵ ਰਿਕਾਰਡ ਬਣਾ ਦਿੱਤਾ। ਇਸ ਤੋਂ ਪਹਿਲਾਂ ਭਾਰਤ ਦੀ ਅਵਨੀ ਲੇਖਰਾ ਨੇ 249.6 ਦੇ ਵਿਸ਼ਵ ਰਿਕਾਰਡ ਸਕੋਰ ਨਾਲ ਔਰਤਾਂ ਦੀ 10 ਮੀਟਰ ਏਅਰ ਰਾਈਫਲ ਐਸਐਚ 1 ਵਰਗ 'ਚ ਇਥੇ ਜਾਰੀ ਟੋਕੀਓ ਪੈਰਾਲੰਪਿਕ ਖੇਡਾਂ 'ਚ ਦੇਸ਼ ਲਈ ਸੋਨ ਤਗਮਾ ਜਿੱਤਿਆ।

ਇਸ ਦੇ ਨਾਲ ਹੀ ਉਹ ਦੇਸ਼ ਦੀ ਪਹਿਲੀ ਔਰਤ ਅਥਲੀਟ ਬਣੀ, ਜਿਨ੍ਹਾਂ ਪੈਰਾਲੰਪਿਕ 'ਚ ਸੋਨ ਤਗਮਾ ਹਾਸਲ ਕੀਤਾ।

## ਤਾਲਿਬਾਨ ਵੱਲੋਂ ਅਫਗਾਨ ਸਿੱਖ ਤੇ ਹਿੰਦੂਆਂ ਨੂੰ ਭਾਰਤ ਜਾਣ ਦੀ ਇਜਾਜ਼ਤ

**ਨਵੀਂ ਦਿੱਲੀ:** ਤਾਲਿਬਾਨ ਨੇ ਕਿਹਾ ਹੈ ਕਿ ਅਫਗਾਨ ਹਿੰਦੂ ਤੇ ਸਿੱਖਾਂ ਨੂੰ ਦੇਸ਼ ਤੋਂ ਬਾਹਰ ਜਾਣ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਦੂਜੇ ਪਾਸੇ ਕਾਬੁਲ ਵਿਚਲੇ ਮੁੱਖ ਸਿੱਖ ਆਗੂਆਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮਾਂ ਵਿਚ ਸ਼ਿਰਕਤ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ ਤੇ ਆਪਣੇ ਵਾਅਦੇ ਨਿਭਾਉਣੇ ਚਾਹੀਦੇ ਹਨ।

ਕਾਬੁਲ ਵਿਚਲੀ ਪਰਵਾਨ ਕਮੇਟੀ ਦੇ ਚੇਅਰਮੈਨ ਗੁਰਨਾਮ ਸਿੰਘ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਇਥੋਂ ਦੇ 150 ਹਿੰਦੂ ਤੇ ਸਿੱਖ ਧਾਰਮਿਕ ਸਮਾਗਮਾਂ ਵਿਚ ਸ਼ਿਰਕਤ ਕਰਨ ਭਾਰਤ ਆਉਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਭਾਰਤ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਉਹ ਭਾਰਤ ਜਾਣ ਲਈ ਤਿਆਰ ਸਨ ਜਿਸ ਲਈ ਹਵਾਈ ਜਹਾਜ਼ ਆਇਆ ਤੇ ਉਹ 14 ਘੰਟੇ ਇੰਤਜ਼ਾਰ ਕਰਦੇ ਰਹੇ ਪਰ ਉਨ੍ਹਾਂ ਨੂੰ ਹਵਾਈ ਜਹਾਜ਼ ਵਿਚ ਜਾਣ ਨਹੀਂ ਦਿੱਤਾ ਗਿਆ। ਜੇ ਉਨ੍ਹਾਂ ਨੂੰ ਹੁਣ ਵੀ ਜਾਣ ਦੀ ਆਗਿਆ ਦਿੱਤੀ ਜਾਵੇ ਤਾਂ ਵੀ ਉਹ ਕੁਝ ਸਮਾਗਮਾਂ ਵਿਚ ਸ਼ਾਮਲ ਹੋ ਸਕਦੇ ਹਨ।

ਤਾਲਿਬਾਨ ਦੇ ਬੁਲਾਰੇ ਜਬੀਹੁੱਲਾ ਮੁਜਾਹਿਦ ਨੇ ਅਫਗਾਨ ਮੀਡੀਆ ਨੂੰ ਦੱਸਿਆ ਕਿ ਹਿੰਦੂਆਂ ਤੇ ਸਿੱਖਾਂ ਨੂੰ ਭਾਰਤ ਜਾਣ ਲਈ ਕੋਈ ਰੁਕਾਵਟ ਨਹੀਂ ਹੈ, ਉਹ ਕਾਬੁਲ ਦੇ ਹਵਾਈ ਅੱਡੇ 'ਤੇ ਜਾ ਕੇ ਭਾਰਤ ਵਿਚਲੇ ਧਾਰਮਿਕ ਸਮਾਗਮਾਂ ਵਿਚ ਸ਼ਾਮਲ ਹੋ ਸਕਦੇ ਹਨ।

## ਹਾਈ ਕੋਰਟ ਵੱਲੋਂ ਸੁਮੇਧ ਸੈਣੀ ਨੂੰ ਵੱਡਾ ਝਟਕਾ

**ਮੁਹਾਲੀ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਰਾਹਤ ਦੀ ਮੰਗ ਵਾਲੀ ਪਟੀਸ਼ਨ ਰੱਦ ਕਰ ਦਿੱਤੀ ਹੈ, ਜਦੋਂਕਿ ਦੋ ਤਾਜ਼ਾ ਪਟੀਸ਼ਨਾਂ ਸੈਣੀ ਨੇ ਆਪਣੇ ਵਕੀਲ ਰਾਹੀਂ ਖੁਦ ਹੀ ਵਾਪਸ ਲੈ ਲਈਆਂ ਹਨ। ਇਨ੍ਹਾਂ ਅਰਜ਼ੀਆਂ ਰਾਹੀਂ ਸਾਬਕਾ ਡੀ.ਜੀ.ਪੀ. ਨੇ ਪੰਜਾਬ ਪੁਲਿਸ ਅਤੇ ਵਿਜੀਲੈਂਸ ਬਿਊਰੋ ਦੀਆਂ ਕਰਵਾਈਆਂ ਉਤੇ ਸਵਾਲ ਚੁੱਕੇ ਸਨ।

ਸੁਮੇਧ ਸੈਣੀ ਦੀ ਸਾਲ 2018 ਵਾਲੀ ਪੁਰਾਣੀ ਪਟੀਸ਼ਨ ਉਤੇ ਵੀ ਪਹਿਲਾਂ ਤੋਂ ਨਿਰਧਾਰਿਤ 9 ਸਤੰਬਰ ਨੂੰ ਹੀ ਸੁਣਵਾਈ ਹੋਵੇਗੀ। ਸੇਵਾਮੁਕਤੀ ਤੋਂ ਬਾਅਦ ਕੈਪਟਨ ਸਰਕਾਰ, ਪੰਜਾਬ ਪੁਲਿਸ ਦੀ ਸਿੱਟ ਅਤੇ ਵਿਜੀਲੈਂਸ ਬਿਊਰੋ 'ਤੇ ਬੇਭਰੋਸਗੀ ਜ਼ਾਹਰ ਕਰਦਿਆਂ ਸੂਬਾ ਸਰਕਾਰ 'ਤੇ ਉਸ ਨੂੰ ਝੂਠੇ ਕੇਸਾਂ ਵਿਚ ਫਸਾਉਣ ਅਤੇ ਪੁਰਾਣੇ ਮਾਮਲਿਆਂ ਦੀ ਪੜਤਾਲ ਵਿਚ ਉਲਝਾਈ ਰੱਖਣ ਦਾ ਦੋਸ਼ ਲਗਾਇਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬੀ ਰੇਡੀਓ ਯੂ. ਐੱਸ. ਏ. ਦੇ ਬਾਲ ਕੀਰਤਨ ਦਰਬਾਰ ਨੂੰ ਭਰਵਾਂ ਹੁੰਗਾਰਾ






**ਸੈਨ ਹੋਜ਼ੇ:** ਪੰਜਾਬੀ ਰੇਡੀਓ ਯੂ. ਐੱਸ. ਏ. ਤੇ ਪੰਜਾਬੀ ਕਲਚਰਲ ਸੈਂਟਰ ਯੂ. ਐੱਸ. ਏ. ਵਲੋਂ ਸ਼ਨਿਚਰਵਾਰ, 28 ਅਗਸਤ ਨੂੰ ਕਰਵਾਏ ਗਏ ਬਾਲ ਕੀਰਤਨ ਦਰਬਾਰ ਲਈ ਬੱਚਿਆਂ ਦਾ ਹੁੰਗਾਰਾ ਲਾਮਿਸਾਲ ਸੀ। ਪੰਜਾਬੀ ਰੇਡੀਓ ਯੂ. ਐੱਸ. ਏ. ਤੋਂ ਹਰ ਸ਼ਨਿਚਰਵਾਰ ਕੀਤੇ ਜਾਂਦੇ ਹਫਤਾਵਾਰੀ ਪ੍ਰੋਗਰਾਮ 'ਝਿਲਮਿਲ ਤਾਰੇ' ਦੌਰਾਨ ਕੀਤੇ ਇਸ ਬਾਲ ਕੀਰਤਨ ਦਰਬਾਰ 'ਚ 20 ਬੱਚਿਆਂ ਨੇ ਮਨੋਹਰ ਕੀਰਤਨ ਕੀਤਾ। 70 ਦੇ ਕਰੀਬ ਲੋਕਾਂ, ਜਿਨ੍ਹਾਂ ਵਿਚ ਬੱਚਿਆਂ ਦੇ ਮਾਪੇ ਵੀ ਸ਼ਾਮਲ ਸਨ, ਦੀ ਹਾਜ਼ਰੀ ਵਾਲੇ ਇਸ ਬਾਲ ਕੀਰਤਨ ਦਰਬਾਰ ਦਾ ਅਮਰੀਕਾ ਤੋਂ ਇਲਾਵਾ ਹੋਰਨਾਂ ਮੁਲਕਾਂ ਵਿਚ ਪੰਜਾਬੀ ਰੇਡੀਓ ਯੂ. ਐੱਸ. ਏ. ਦੇ ਹਜ਼ਾਰਾਂ ਸਰੋਤਿਆਂ/ਦਰਸ਼ਕਾਂ ਨੇ ਆਨੰਦ ਮਾਣਿਆ। ਬੱਚਿਆਂ ਦੀ ਭਰਵੀਂ ਸ਼ਮੂਲੀਅਤ ਤੇ ਸਰੋਤਿਆਂ ਦੀ ਉਤਸੁਕਤਾ ਨੂੰ ਧਿਆਨ ਵਿਚ ਰੱਖਦਿਆਂ 'ਝਿਲਮਿਲ ਤਾਰੇ' ਪ੍ਰੋਗਰਾਮ ਨਿਰਧਾਰਤ ਇੱਕ ਘੰਟੇ ਦੀ ਥਾਂ 3 ਘੰਟੇ ਚੱਲਿਆ।

ਰੇਡੀਓ ਦੇ ਸੈਨ ਹੋਜ਼ੇ ਸਟੂਡੀਓ ਵਿਚ ਕਰਵਾਏ ਗਏ ਇਸ ਬਾਲ ਕੀਰਤਨ ਦਰਬਾਰ ਵਿਚ ਭਾਗ ਲੈਣ ਵਾਲੇ ਬੱਚਿਆਂ ਵਿਚ ਸਿਮਰਪ੍ਰੀਤ ਕੌਰ, ਅਸੀਮ ਕੌਰ ਪੁੰਨੂ, ਜਸਲੀਨ ਕੌਰ ਅਤੇ ਅਮੋਲਿਕਾ ਕੌਰ ਨਾਰੰਗ, ਜਸਲੀਨ ਕੌਰ, ਹਰਨੂਰ ਕੌਰ ਸੇਠੀ, ਸਤਨਾਮ ਕੌਰ, ਤੇਜੋਤ ਕੌਰ ਤੇ ਸਿਮਰਨ ਕੌਰ; ਐਂਜਲੀਨ ਕੌਰ ਬਡਵਾਲ, ਰਮਨੀਕ ਧਾਮੀ ਤੇ ਤਕਦੀਰ ਧਾਮੀ; ਅੰਮ੍ਰਿਤ ਕੌਰ ਰੈਨਾ, ਜਸਤੇਜ ਸਿੰਘ, ਤੇਜਸ ਸਿੰਘ, ਹਰਜੀਤ ਕੌਰ ਤੇ ਪਰਤੀਤ ਕੌਰ ਅਤੇ ਹਰਜੀਤ ਸਿੰਘ ਸ਼ਾਮਲ ਸਨ।

ਇਸ ਸਮਾਗਮ ਨੂੰ ਸੋਮਵਾਰ ਤੋਂ ਸ਼ੁਕਰਵਾਰ ਹਰ ਰੋਜ਼ 'ਆਤਮਿਕ ਆਨੰਦ' ਪ੍ਰੋਗਰਾਮ ਪੇਸ਼ ਕਰਨ ਵਾਲੇ ਜਾਣੇ-ਪਛਾਣੇ ਹੋਸਟ ਤੇ ਅਧਿਆਪਕ ਨਿਰਮਲ ਸਿੰਘ ਨੂਰਾ ਨੇ ਸੂਤਰਬੱਧ ਕਰਦਿਆਂ ਬਾਖੂਬੀ ਪੇਸ਼ ਕੀਤਾ।



ਬਾਲ ਕੀਰਤਨ ਦਰਬਾਰ ਦੀ ਸਮਾਪਤੀ ਬਾਅਦ ਨੌਜਵਾਨ ਚਿੱਤਰਕਾਰ ਪਰਮ ਸਿੰਘ ਨੇ ਬੱਚਿਆਂ ਨੂੰ ਇਨਾਮ ਵੰਡਣ ਮੌਕੇ ਬੋਲਦਿਆਂ ਬਾਲ ਕੀਰਤਨੀਆਂ ਦੀ ਲਗਨ ਅਤੇ ਮਿਹਨਤ ਦੀ ਭਰਵੀਂ ਸ਼ਲਾਘਾ ਕੀਤੀ। ਜ਼ਿਕਰਯੋਗ ਹੈ ਕਿ ਪਰਮਜੀਤ ਸਿੰਘ ਪੰਜਾਬੀ ਰੇਡੀਓ ਯੂ. ਐੱਸ. ਏ. ਤੇ ਪੰਜਾਬੀ ਕਲਚਰਲ ਸੈਂਟਰ ਯੂ. ਐੱਸ. ਏ. ਦੇ ਸੱਦੇ ਉੱਤੇ ਪਿਛਲੇ ਲਗਭਗ ਇੱਕ ਮਹੀਨੇ ਤੋਂ ਕੈਲੀਫੋਰਨੀਆਂ 'ਚ ਹਨ। ਜੁਲਾਈ ਮਹੀਨੇ ਦੇ ਅਖੀਰ ਵਿਚ ਪੰਜਾਬੀ ਕਲਚਰਲ ਸੈਂਟਰ ਯੂ. ਐੱਸ. ਏ. ਫਰਿਜ਼ਨੋ ਵਿਖੇ ਸਿੱਖ ਇਤਿਹਾਸ ਸਬੰਧੀ ਆਪਣੀਆਂ ਕਲਾ ਕਿਰਤਾਂ ਦੀ ਪ੍ਰਦਰਸ਼ਨੀ ਤੇ ਬੱਚਿਆਂ ਨੂੰ ਚਿੱਤਰਕਾਰੀ ਸਿਖਾਉਣ ਸਬੰਧੀ ਕੈਂਪ ਲਾਉਣ ਤੋਂ ਇਲਾਵਾ ਉਹ ਗੁਰਦੁਆਰਾ ਫਰੀਮਾਂਟ ਵਿਖੇ ਵੀ ਕਲਾ ਪ੍ਰਦਰਸ਼ਨੀ ਤੇ ਚਿੱਤਰਕਾਰੀ ਕੈਂਪ ਲਾ ਚੁਕੇ ਹਨ।

## Matrimonials

### ਲੜਕੀ ਦੀ ਲੋੜ ਹੈ

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 31-34

ਸੈਣੀ ਸਿੱਖ ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu


Live on Jas TV
Saturday 9:30AM and Sunday 4PM (Pacific Time)

Email: Homeomedicine@yahoo.com

7021 Village Park Way, Dublin, CA 94568



Low Interest Rates in History
No Cost Refinancing Available!



Madan Khatri
NMLS # 1980752

Call Madan Khatri
Ph: 847-530-1550
Madan@MoonstarMortgage.com
IL and CA Mortgage Loan Licensee
We Works From Start to End!

Moonstar Mortgage Inc.

953 Plum Grove Road, Unit B, Schaumburg, IL 60173



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਪਰਵਾਸੀ ਪ੍ਰਗਤੀਵਾਦੀ ਸ਼ਾਇਰ ਰੇਸ਼ਮ ਸਿੱਧੂ ਦਾ ਦਿਹਾਂਤ, ਵਿਪਸਾ ਵੱਲੋਂ ਸ਼ਰਧਾਂਜਲੀ

**ਹੇਵਰਡ (ਕੈਲੀਫੋਰਨੀਆ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, (ਵਿਪਸਾ) ਕੈਲੀਫੋਰਨੀਆ ਦੇ ਸਾਬਕਾ ਪ੍ਰਧਾਨ, ਪ੍ਰਗਤੀਵਾਦੀ ਅਤੇ ਸੰਵੇਦਨਸ਼ੀਲ ਸ਼ਾਇਰ ਰੇਸ਼ਮ ਸਿੱਧੂ ਦਾ ਦਿਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਉਤੇ ਦੁੱਖ ਪ੍ਰਗਟਾਉਂਦਿਆਂ ਅਕਾਦਮੀ ਨੇ ਸ਼ਰਧਾਂਜਲੀ ਭੇਟ ਕਰਨ ਲਈ ਜ਼ੂਮ ਮੀਟਿੰਗ ਕੀਤੀ।

ਇਸ ਮੌਕੇ ਵਿਪਸਾ ਦੇ ਆਰਗੇਨਾਈਜ਼ਰ ਅਤੇ ਰੇਸ਼ਮ ਦੇ ਜਿਗਰੀ ਦੋਸਤ ਜਗਜੀਤ ਨੌਸ਼ਹਿਰਵੀ ਨੇ ਭਾਵਪੂਰਕ ਤਰੀਕੇ ਨਾਲ ਰੇਸ਼ਮ ਦਾ ਜੀਵਨ ਬਿਓਰਾ ਦਿੰਦਿਆਂ ਦੱਸਿਆ ਕਿ ਰੇਸ਼ਮ ਦਾ ਜਨਮ ਜੂਨ 1955 ਵਿਚ ਪਿੰਡ ਪੂਹਲਾ, ਜਿਲਾ ਬਠਿੰਡਾ ਵਿਚ ਹੋਇਆ। ਉਹ ਆਪਣੀ ਸਕੂਲੀ ਪੜ੍ਹਾਈ ਦੌਰਾਨ ਹੀ ਆਪਣੇ ਅਧਿਆਪਕ ਅਤੇ ਉੱਘੇ ਲਿਖਾਰੀ ਡਾ. ਚਮਨ ਲਾਲ ਦੀ ਅਗਵਾਈ ਹੇਠ ਖੱਬੇ-ਪੱਖੀ ਲਹਿਰ ਨਾਲ ਜੁੜ ਗਿਆ ਸੀ। ਪੁਲਿਸ ਤਸ਼ੱਦਦ ਕਾਰਨ ਇੰਜੀਨੀਅਰਿੰਗ ਦਾ ਦਾਖਲਾ ਧਰਿਆ ਧਰਾਇਆ ਰਹਿ ਗਿਆ। ਇਸ ਰੁਕਾਵਟ ਦੇ ਬਾਵਜੂਦ ਉਸ ਨੇ ਫਿਜ਼ੀਅਲ ਜੌਗਰਫੀ ਵਿਚ ਐਮ. ਏ. ਕੀਤੀ ਅਤੇ ਕੀਨੀਆ ਵਿਚ ਲੈਕਚਰਾਰ ਵਜੋਂ ਸੇਵਾ ਨਿਭਾਉਣ ਲੱਗਾ। ਇਥੇ ਹੀ ਉਹ ਕੁਲਦੀਪ ਕੌਰ ਨਾਲ ਵਿਆਹ ਦੇ ਬੰਧਨ ਵਿਚ ਬੱਝਾ ਅਤੇ ਉਨ੍ਹਾਂ ਦੇ ਘਰ ਬੇਟੇ ਰਣਦੀਪ ਸਿੰਘ ਨੇ ਜਨਮ ਲਿਆ। ਉਸ ਦੇ ਪਰਿਵਾਰਕ ਹਾਲਾਤ ਸੁਖਾਵੇਂ ਨਾ ਹੋਣ ਕਾਰਨ 1995-96 ਦੌਰਾਨ ਉਹ ਅਮਰੀਕਾ ਆ ਗਿਆ। ਰੋਜ਼ੀ ਰੋਟੀ ਲਈ ਕਈ ਕੰਮਾਂ 'ਤੇ ਹੱਥ ਅਜਮਾਈ ਕਰਨ ਤੋਂ ਬਾਅਦ ਉਸ ਨੇ ਆਪਣਾ ਡਰਾਈਵਿੰਗ ਸਕੂਲ ਖੋਲ੍ਹਿਆ ਅਤੇ ਇਸ ਕੰਮ ਨੂੰ ਆਪਣੇ ਕਿੱਤੇ ਵਜੋਂ ਪੂਰੀ ਤਨਦੇਹੀ ਨਾਲ ਨਿਭਾਉਂਦਾ ਰਿਹਾ। ਇਸ ਸਾਰੇ ਸਮੇਂ ਦੌਰਾਨ ਉਹ ਸਾਹਿਤਕ ਸੰਸਥਾਵਾਂ ਨਾਲ ਜੁੜਿਆ ਰਿਹਾ। ਬੇਪਰਵਾਹ ਸੁਭਾਅ ਦਾ ਮਾਲਕ ਅਤੇ ਮਾਰਕਸਵਾਦੀ ਸੋਚ ਦੇ ਗੂੜ੍ਹੇ ਰੰਗ ਵਿਚ ਰੰਗਿਆ ਹੋਇਆ ਰੇਸ਼ਮ ਇੰਡੀਆ ਵਿਚ ਕਿਰਤੀ ਕਿਸਾਨ ਸੰਘਰਸ਼ਾਂ ਦੀ ਹਾਮੀ ਭਰਦਾ ਰਿਹਾ ਅਤੇ ਸ਼ਾਇਰੀ ਲਿਖਦਾ ਰਿਹਾ। ਇਸ ਸਾਲ ਦੇ ਸ਼ੁਰੂ ਵਿਚ ਉਹ ਸਖਤ ਬਿਮਾਰ ਸੀ। ਉਹ ਕਈ ਹਸਪਤਾਲਾਂ ਅਤੇ ਡਾਕਟਰਾਂ ਕੋਲ ਜ਼ੇਰੇ-ਇਲਾਜ਼ ਰਿਹਾ, ਪਰ



ਉਸ ਦੀ ਬਿਮਾਰੀ ਦੀ ਪਰਪੱਕ ਰੂਪ ਵਿਚ ਕੋਈ ਨਿਸ਼ਾਨਦੇਹੀ ਨਾ ਹੋ ਸਕੀ। ਆਪਣੀ ਸੰਖੇਪ ਬਿਮਾਰੀ ਦੌਰਾਨ, ਬੇਰੁਜ਼ਗਾਰ ਹੋਣ ਦੇ ਬਾਵਜੂਦ ਉਸ ਨੇ ਕਿਸਾਨ ਸੰਘਰਸ਼ ਲਈ ਦੋ ਵਾਰ ਰਾਸ਼ੀ ਇਕੱਤਰ ਕਰਕੇ ਭੇਜੀ।

ਰੇਸ਼ਮ ਸਿੱਧੂ ਸਾਰੀ ਉਮਰ ਰਿਸ਼ਤੇ ਨਿਭਾਉਣ ਅਤੇ ਜ਼ਿੰਦਗੀ ਨੂੰ ਅਰਥ-ਭਰਪੂਰ ਬਣਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਇਕੱਲਤਾ ਦੀ ਮਾਰ ਸਹਿੰਦਾ ਆਖਿਰ 25 ਅਗਸਤ 2021 ਨੂੰ ਸਭ ਨੂੰ ਝਕਾਨੀ ਦੇ ਕੇ ਇੰਡੀਆ ਵਿਚ ਅਲਵਿਦਾ ਕਹਿ ਗਿਆ। ਉਸ ਘਰ ਵਿਚ ਉਸ ਦੀ ਮ੍ਰਿਤਕ ਦੇਹ ਹੀ ਪੁੱਜੀ, ਜੋ ਉਸ ਨੇ ਆਖਰੀ ਉਮਰੇ ਰਹਿਣ ਲਈ ਰੀਝਾਂ ਨਾਲ ਬਣਾਇਆ ਸੀ। ਆਪਣੇ ਪਿੱਛੇ ਉਹ ਬੇਟਾ ਰਣਦੀਪ ਸਿੰਘ ਜੋ ਕੀਨੀਆ ਵਾਸੀ ਹੈ, ਭੈਣ ਸਿੰਬਲਜੀਤ, ਜੀਜਾ ਹਰਜਿੰਦਰ ਸਿੰਘ ਬਰਾੜ ਅਤੇ ਪਰਿਵਾਰ ਛੱਡ ਗਿਆ। ਉਹ ਪਿੱਛਲੇ 25 ਸਾਲ ਕੈਲੀਫੋਰਨੀਆ ਦੀਆਂ ਸਾਹਿਤਕ ਗਤੀਵਿਧੀਆਂ ਵਿਚ ਸਰਗਰਮ ਹਿੱਸਾ ਲੈਂਦਾ ਰਿਹਾ ਅਤੇ ਇਥੇ ਹੋਏ ਬਹੁਤ ਵੱਡੇ ਸਾਹਿਤਕ ਸਮਾਗਮਾਂ ਦਾ ਕਰਤਾ-ਧਰਤਾ ਵੀ ਸੀ।

ਡਾ. ਸੁਖਵਿੰਦਰ ਕੰਬੋਜ ਨੇ ਰੇਸ਼ਮ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਐਲਾਨ ਕੀਤਾ ਕਿ ਵਿਪਸਾ ਜਲਦੀ ਹੀ ਰੇਸ਼ਮ ਦੀਆਂ ਅਣ-ਛਪੀਆਂ ਨਜ਼ਮਾਂ ਨੂੰ ਪੁਸਤਕ ਦਾ ਰੂਪ ਦੇਵੇਗੀ। ਕੁਲਵਿੰਦਰ ਵੱਲੋਂ ਰੇਸ਼ਮ ਦੀਆਂ ਯਾਦਗਾਰੀ ਤਸਵੀਰਾਂ ਦਾ ਸਲਾਈਡ ਸ਼ੋਅ ਪੇਸ਼ ਕੀਤਾ ਗਿਆ। ਇਸ ਮੌਕੇ ਰੇਸ਼ਮ ਨੂੰ ਭਰੇ ਮਨ ਨਾਲ ਸ਼ਰਧਾਂਜਲੀ ਦੇਣ ਵਾਲਿਆਂ ਵਿਚ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਗਜ਼ਲਕਾਰ ਜਸਵਿੰਦਰ (ਕੈਨੇਡਾ), ਚਰਨਜੀਤ ਸਿੰਘ ਪੰਨੂੰ, ਬਰਿੰਦਰ ਧਾਲੀਵਾਲ, ਤਾਰਾ ਸਿੰਘ ਸਾਗਰ, ਸੁਰਿੰਦਰ ਸੀਰਤ, ਗੁਲਸ਼ਨ ਦਿਆਲ, ਹਰਪ੍ਰੀਤ ਕੌਰ ਧੂਤ, ਹਰਜਿੰਦਰ ਕੰਗ, ਡਾ. ਗੁਰਪ੍ਰੀਤ ਧੁੱਗਾ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ (ਟੋਰਾਂਟੋ), ਸੁਖਪਾਲ ਸੰਘੇੜਾ, ਸੁਰਜੀਤ ਸਖੀ, ਗੁਰਦੇਵ ਸਿੰਘ ਘਣਗਸ, ਲਾਜ ਨੀਲਮ ਸੈਣੀ, ਰੇਸ਼ਮ ਦਾ ਭਾਣਜਾ ਹਰਮਨ ਅਤੇ ਜੀਜਾ ਜੀ ਹਰਜਿੰਦਰ ਸਿੰਘ ਸ਼ਾਮਿਲ ਸਨ। ਹਾਜ਼ਰ ਬੁਲਾਰਿਆਂ ਨੇ ਰੇਸ਼ਮ ਦੀ ਸਾਫਗੋਈ ਅਤੇ ਦਰਿਆ ਦਿਲੀ ਦੀ ਹਾਮੀ ਭਰੀ। ਉਸ ਦੀਆਂ ਸਾਹਿਤਕ ਦੋਸਤੀਆਂ ਦਾ ਘੇਰਾ ਬਹੁਤ ਵੱਡਾ ਸੀ।

ਸੁਰਿੰਦਰ ਸੀਰਤ ਨੇ ਕਿਹਾ ਕਿ ਰੇਸ਼ਮ ਸਿੱਧੂ ਵਿਲੱਖਣ ਸ਼ਖਸੀਅਤ ਦਾ ਮਾਲਕ ਸੀ। ਉਸ ਵਰਗਾ ਸਿਰਫ ਉਹ ਹੀ ਸੀ। ਉਹ ਆਪਣੀ ਮਰਜ਼ੀ ਮੁਤਾਬਿਕ ਜੀਵਿਆ ਅਤੇ ਅਛੋਪਲੇ ਜਿਹੇ ਹੀ ਇਸ ਸੰਸਾਰ ਛੱਡ ਕੇ ਚਲਾ ਗਿਆ। ਜਸਵਿੰਦਰ ਨੇ ਕਿਹਾ ਕਿ ਬੇਸ਼ੱਕ ਰੇਸ਼ਮ ਚਲਿਆ ਗਿਆ, ਪਰ ਉਸ ਦਾ ਜ਼ਿਕਰ ਸਾਡੀਆਂ ਮਹਿਫਿਲਾਂ ਵਿਚ ਅਕਸਰ ਹੁੰਦਾ ਰਹੇਗਾ। ਗੁਲਸ਼ਨ ਦਿਆਲ ਅਤੇ ਲਾਜ ਨੀਲਮ ਸੈਣੀ ਨੇ ਕਿਹਾ ਕਿ ਲਗਦਾ ਹੈ, ਰੇਸ਼ਮ ਦੇ ਜਾਣ ਨਾਲ ਸਾਡੇ ਸਭ ਦੇ ਅੰਦਰੋਂ ਜਿਵੇਂ ਕੁਝ ਤਿੜਕ ਗਿਆ ਹੈ। ਸੁਰਜੀਤ (ਟੋਰਾਂਟੋ) ਨੇ ਸਭ ਦੇ ਮਨਾਂ ਦੀ ਤਰਜ਼ਮਾਨੀ ਕਰਦੀ ਬਹੁਤ ਵੈਰਾਗ ਭਰੀ ਕਵਿਤਾ ਵਿਚ ਰੇਸ਼ਮ ਦੀ ਜ਼ਿੰਦਗੀ ਅਤੇ ਸੁਭਾਅ ਦਾ ਚਿਤਰਣ ਕੀਤਾ।

# ਨਵਜੋਤ ਸਿੱਧੂ ਵੱਲੋਂ ਹਾਈਕਮਾਨ ਨੂੰ ਸਿੱਧੀ ਚੁਣੌਤੀ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਹਾਈਕਮਾਨ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੰਦਿਆਂ ਕਿਹਾ ਹੈ ਕਿ ਜੇਕਰ ਨਿਰਣੇ ਲੈਣ ਦੀ ਤਾਕਤ ਨਹੀਂ ਮਿਲਦੀ ਹੈ ਤਾਂ ਫਿਰ ਉਹ ਇੱਟ ਨਾਲ ਇੱਟ ਖੜਕਾ ਦੇਣਗੇ ਕਿਉਂਕਿ ਨਿਰਣੇ ਲੈਣ ਦੀ ਤਾਕਤ ਤੋਂ ਬਿਨਾਂ ਦਰਸ਼ਨੀ ਘੋੜਾ ਬਣ ਕੇ ਅਹੁਦੇ 'ਤੇ ਰਹਿਣ ਦਾ ਕੋਈ ਲਾਭ ਨਹੀਂ ਹੈ।

ਵਿਧਾਇਕ ਸੁਨੀਲ ਦੱਤੀ ਵੱਲੋਂ ਸਨਅਤਕਾਰਾਂ ਤੇ ਵਪਾਰੀਆਂ ਨਾਲ ਰੱਖੀ ਗਈ ਮੀਟਿੰਗ ਦੌਰਾਨ ਸਿੱਧੂ ਨੇ ਇਹ ਗੱਲਾਂ ਆਖੀਆਂ। ਸਿੱਧੂ ਨੇ ਕਿਹਾ ਕਿ ਕੁਝ ਲੋਕਾਂ ਦਾ ਖਿਆਲ ਹੈ ਕਿ ਉਹ ਜਾਂਦੀ ਹੋਈ ਬਹਾਰ ਵੇਲੇ ਆਏ ਹਨ ਤੇ ਇਸ ਦਾ ਕੋਈ ਲਾਭ ਨਹੀਂ ਹੈ ਪਰ ਉਹ ਲੋਕਾਂ ਨੂੰ ਅਜਿਹਾ ਪੰਜਾਬ ਮਾਡਲ ਦੇਣਗੇ ਜਿਸ ਨਾਲ 20 ਸਾਲ ਬਹਾਰ ਬਣੀ ਰਹੇਗੀ। ਉਨ੍ਹਾਂ ਕਿਹਾ,"ਲੋਕ ਹਿੱਤਾਂ ਦੇ ਮਾਮਲਿਆਂ ਵਿਚ ਮੈਂ ਕਦੇ ਵੀ ਕੋਈ ਸਮਝੌਤਾ ਨਹੀਂ ਕੀਤਾ। ਇਸ ਵਾਰ ਵੀ ਕਾਂਗਰਸ ਹਾਈਕਮਾਨ ਨੂੰ ਆਖ ਕੇ ਆਇਆ ਹਾਂ ਕਿ ਜੇਕਰ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰੇ ਤਾਂ ਕਾਂਗਰਸ ਲੰਮਾ ਸਮਾਂ ਸੱਤਾ ਵਿਚ ਰਹੇਗੀ ਪਰ ਇਸ ਲਈ ਨਿਰਣੇ ਲੈਣ ਦੀ ਤਾਕਤ ਦਿੱਤੀ ਜਾਵੇ।"

ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਦੇ ਲੋਕ ਹਤਾਸ਼ ਤੇ ਨਿਰਾਸ਼ ਹਨ ਕਿਉਂਕਿ ਕੋਈ ਵੀ ਉਨ੍ਹਾਂ ਦੀਆਂ ਉਮੀਦਾਂ 'ਤੇ ਪੂਰਾ ਨਹੀਂ ਉਤਰਿਆ। ਸਿੱਧੂ ਨੇ ਕਿਹਾ ਕਿ ਸਿਆਸਤਦਾਨ ਡਰਾਉਣ ਅਤੇ ਭਰਮਾਉਣ ਵਾਲੀ ਰਾਜਨੀਤੀ ਕਰ ਰਹੇ ਹਨ ਪਰ ਉਨ੍ਹਾਂ ਦੀ ਸਿਆਸਤ ਆਸ ਤੇ ਵਿਸ਼ਵਾਸ ਦੀ ਹੈ ਜਿਸ ਵਿਚ ਉਹ ਲੋਕਾਂ ਨੂੰ ਨਾਲ ਲੈ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਲੋਕ ਭਲਾਈ ਦੀਆਂ ਨੀਤੀਆਂ ਅਫਸਰਸ਼ਾਹੀ ਨਹੀਂ ਸਗੋਂ ਲੋਕ ਖੁਦ ਬਣਾਉਣਗੇ। ਉਨ੍ਹਾਂ ਵਪਾਰੀਆਂ ਅਤੇ ਸਨਅਤਕਾਰਾਂ ਨੂੰ ਆਖਿਆ ਕਿ ਉਨ੍ਹਾਂ ਵੱਲੋਂ ਦਿੱਤੇ ਗਏ ਮੰਗ ਪੱਤਰ ਪੰਜਾਬ ਮਾਡਲ ਦਾ ਹਿੱਸਾ ਹੋਣਗੇ।

ਕਾਂਗਰਸ ਪ੍ਰਧਾਨ ਨੇ ਆਖਿਆ ਕਿ ਜੇ ਬਿਜਲੀ ਸਮਝੌਤੇ ਰੱਦ ਕਰਕੇ ਲੋਕਾਂ ਨੂੰ 3 ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾਵੇ ਤਾਂ ਇਸ ਨਾਲ ਲੋਕਾਂ 'ਚ ਕਾਂਗਰਸ ਸਰਕਾਰ ਦੀ ਗੁਆਚੀ ਸਾਖ ਮੁੜ ਬਹਾਲ ਹੋ ਸਕਦੀ ਹੈ ਤੇ 2022 'ਚ ਕਾਂਗਰਸ ਦੇ ਮੁੜ ਸੱਤਾ 'ਚ ਆਉਣ ਦਾ ਰਾਹ ਪੱਧਰਾ ਹੋਵੇਗਾ। ਮੀਟਿੰਗ ਦੌਰਾਨ ਸਨਅਤਕਾਰਾਂ ਤੇ ਵਪਾਰੀਆਂ ਨੇ ਉਨ੍ਹਾਂ ਨੂੰ ਸਰਕਾਰ ਪ੍ਰਤੀ ਵੱਡੀ ਨਾਰਾਜ਼ਗੀ ਵੀ ਦੱਸੀ।

ਸਿੱਧੂ ਨੇ ਕਿਹਾ ਕਿ ਸੂਬੇ ਦਾ ਖਜਾਨਾ ਖਾਲੀ ਹੈ ਅਤੇ ਸੂਬੇ ਦੇ ਸਰੋਤਾਂ ਦਾ ਪੈਸਾ ਨਿੱਜੀ ਜੇਬਾਂ ਵਿਚ ਜਾ ਰਿਹਾ ਹੈ ਜਦੋਂ ਕਿ ਕੋਈ ਵੀ ਸੂਬਾ ਸਨਅਤ ਦੇ ਵਿਕਾਸ ਬਿਨਾਂ ਨਹੀਂ ਚੱਲ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸੂਬੇ 'ਚ ਸਨਅਤਕਾਰਾਂ ਤੇ ਵਪਾਰੀਆਂ ਲਈ ਸਿੰਗਲ ਵਿੰਡੋ ਪ੍ਰਣਾਲੀ ਚਲਾਈ ਜਾਵੇ ਤਾਂ ਪੰਜਾਬ ਦੀ ਸਨਅਤ ਅਗਲੇ 5 ਸਾਲਾਂ 'ਚ 60 ਸਾਲਾਂ ਜਿੰਨੀ ਤਰੱਕੀ ਕਰ ਸਕਦੀ ਹੈ।


A & I Transport Inc.

123 E Lee Rd, Watsonville, CA Ph: 831-763-7805

ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ


ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ


*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.

For More Information Call (24 hours) Armando or Vicente, Ph: (831) 763-7805

# ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਹੋਰ ਤਿੱਖਾ ਕਰਨ ਦੀ ਰਣਨੀਤੀ



**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਨੂੰ ਤੇਜ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਨੇ 25 ਸਤੰਬਰ ਨੂੰ 'ਭਾਰਤ ਬੰਦ' ਦਾ ਸੱਦਾ ਦਿੱਤਾ ਹੈ। ਇਸ ਦੇ ਨਾਲ ਹੀ ਅੰਦੋਲਨ ਨੂੰ ਦੇਸ ਦੇ ਕੋਨੇ ਕੋਨੇ ਅਤੇ ਹਰੇਕ ਪਿੰਡ ਵਿਚ ਪਹੁੰਚਾਉਣ ਦੇ ਸੰਕਲਪ ਨਾਲ ਹੀ ਆਲ ਇੰਡੀਆ ਕਿਸਾਨ ਕਨਵੈਨਸ਼ਨ ਸਮਾਪਤ ਹੋ ਗਈ। ਮੋਰਚੇ ਵੱਲੋਂ 5 ਸਤੰਬਰ ਦੀ ਮੁਜ਼ੱਫਰਨਗਰ ਰੈਲੀ ਨੂੰ ਵਿਸ਼ਾਲ ਤੇ ਇਤਿਹਾਸਕ ਬਣਾਉਣ ਦਾ ਸੱਦਾ ਵੀ ਦਿੱਤਾ ਗਿਆ। ਕਿਸਾਨ ਕਨਵੈਨਸ਼ਨ ਵਿਚ ਦੇਸ ਭਰ ਤੋਂ ਕਿਸਾਨਾਂ, ਖੇਤ-ਮਜ਼ਦੂਰਾਂ, ਟਰੇਡ ਯੂਨੀਅਨਾਂ, ਔਰਤਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਕਾਰੋਬਾਰੀ ਸੰਸਥਾਵਾਂ ਦੇ 90 ਬੁਲਾਰਿਆਂ ਤੇ 2000 ਤੋਂ ਵੱਧ ਡੈਲੀਗੇਟਾਂ ਨੇ ਹਿੱਸਾ ਲਿਆ। ਕਨਵੈਨਸ਼ਨ ਦੌਰਾਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ, ਸਾਰੀਆਂ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਦੀ ਕਾਨੂੰਨੀ ਗਾਰੰਟੀ ਦੇਣ, ਨਵੇਂ ਬਿਜਲੀ ਬਿੱਲ ਨੂੰ ਰੱਦ ਕਰਨ ਅਤੇ 'ਐਨ.ਸੀ.ਆਰ' ਵਿਚ ਹਵਾ ਦੀ ਗੁਣਵੱਤਾ ਦੇ ਨਾਮ 'ਤੇ ਕਿਸਾਨ ਵਿਰੋਧੀ ਮੱਦਾਂ ਰੱਦ ਕਰਨ ਆਦਿ ਮੰਗਾਂ ਸਬੰਧੀ ਬਾਹਵਾਂ ਖੜ੍ਹੀਆਂ ਕਰਕੇ ਮਤੇ ਪਾਸ ਕੀਤੇ ਗਏ।

ਕਨਵੈਨਸ਼ਨ ਦੀ ਸਮਾਪਤੀ ਮੌਕੇ ਐਲਾਨ ਕੀਤਾ ਗਿਆ ਕਿ ਕਿਸਾਨ ਅੰਦੋਲਨ ਮੰਗਾਂ ਪੂਰੀਆਂ ਕਰਵਾ ਕੇ ਹੀ ਸਮਾਪਤ ਹੋਵੇਗਾ। ਇਸੇ ਦੌਰਾਨ ਘੱਟ ਗਿਣਤੀਆਂ 'ਤੇ ਫਿਰਕੂ ਹਮਲੇ, ਦੇਸ਼ ਦੀਆਂ ਕੁਦਰਤੀ ਸੰਪਤੀਆਂ ਤੇ ਜਨਤਕ ਅਦਾਰਿਆਂ ਨੂੰ ਕਾਰਪੋਰੇਟਾਂ ਤੇ ਬਹੁ-ਕੌਮੀ ਕੰਪਨੀਆਂ ਦੇ ਹੱਥਾਂ ਵਿੱਚ ਦੇਣ ਅਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਵੀ ਮਤੇ ਪਾਏ ਗਏ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕੇਂਦਰ ਸਰਕਾਰ 'ਤੇ ਸਰਕਾਰੀ ਸੰਪਤੀ ਹਥਿਆਉਣ ਲਈ 'ਤਾਲਿਬਾਨੀ' ਤੌਰ ਤਰੀਕੇ ਅਪਣਾਉਣ ਦੇ ਦੋਸ਼ ਲਾਏ ਹਨ। ਟਿਕੈਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੈਂਕੜ ਦੇ ਮੂਹਰੇ ਸੰਵਿਧਾਨ, ਸੰਸਦ ਤੇ ਕਾਨੂੰਨ ਦੀ ਕੋਈ ਅਹਿਮੀਅਤ ਨਹੀਂ ਰਹੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਪਣੇ ਚੰਦ ਅਮੀਰ ਦੋਸਤਾਂ ਨੂੰ ਮੁਲਕ ਦੀ ਸੰਪਤੀ ਉਸੇ ਤਰੀਕੇ ਸੌਂਪ ਰਹੇ ਹਨ ਜਿਸ ਤਰ੍ਹਾਂ ਅਫ਼ਗਾਨਿਸਤਾਨ ਵਿਚ ਤਾਲਿਬਾਨ ਨੇ ਬੰਦੂਕ ਦੀ ਨੋਕ 'ਤੇ ਸਾਰਾ ਕੁੱਝ ਹਥਿਆਇਆ ਹੈ। ਕਿਸਾਨ ਆਗੂ ਨੇ ਕਿਹਾ ਕਿ ਪਿਛਲੇ 9 ਮਹੀਨਿਆਂ ਤੋਂ ਚੱਲ ਰਿਹਾ ਸੰਘਰਸ਼ ਹੁਣ ਕਿਸਾਨੀ ਦਾ ਸੰਘਰਸ਼ ਨਹੀਂ ਬਲਕਿ ਦੇਸ਼ ਨੂੰ ਬਚਾਉਣ ਵਾਲੀ ਸੰਗਰਾਮੀ ਲਹਿਰ ਵਿਚ ਸ਼ਾਮਲ ਹੋ ਚੁੱਕਾ ਹੈ। ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਅੰਦੋਲਨ ਦੀ ਮਜ਼ਬੂਤੀ ਲਈ ਕਿਸਾਨ ਜਥੇਬੰਦੀਆਂ ਵੱਲੋਂ ਚੰਡੀਗੜ੍ਹ ਦੇ ਸੈਕਟਰ-25 ਦੀ ਰੈਲੀ ਗਰਾਊਂਡ ਵਿਚ ਰੱਖੇ ਗਏ ਹੱਲਾ-ਬੋਲ ਸੰਮੇਲਨ ਵਿਚ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਸਣੇ ਵੱਡੀ ਗਿਣਤੀ ਵਿਚ ਕਿਸਾਨ ਆਗੂ ਪਹੁੰਚੇ। ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਦੇਸ਼ ਨੂੰ ਪੂੰਜੀਪਤੀਆਂ ਦੇ ਹੱਥ ਵੇਚਣ ਦਾ ਕੰਮ ਕਰ ਰਹੀ ਹੈ। ਸ੍ਰੀ ਟਿਕੈਤ ਨੇ ਕਿਹਾ ਕਿ ਕੁਝ ਪੂੰਜੀਪਤੀ ਦੇਸ਼ ਦੇ ਅਨਾਜ ਨੂੰ ਤਿਜੋਰੀਆਂ ਵਿਚ ਬੰਦ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਦੇਸ ਵਿੱਚ ਕਾਰਪੋਰੇਟ ਕੰਪਨੀਆਂ ਵੱਲੋਂ ਬਣਾਏ ਗਏ ਗੋਦਾਮਾਂ ਨੂੰ ਤੋੜਿਆ ਜਾਵੇਗਾ। ਕਿਸਾਨ ਆਗੂ ਟਿਕੈਤ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇ ਕੇਸਾਂ ਨੂੰ ਰੱਦ ਨਾ ਕੀਤਾ ਗਿਆ ਤਾਂ ਚੰਡੀਗੜ੍ਹ ਪੁਲਿਸ ਖਿਲਾਫ ਮੋਰਚਾ ਲਾਇਆ ਜਾਵੇਗਾ।

ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸੰਯੁਕਤ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਸਿਆਸਤ ਵਿਚ ਹਿੱਸਾ ਨਹੀਂ ਲੈਣਗੀਆਂ। ਕਿਸਾਨ ਆਗੂ ਨੇ ਸਪੱਸ਼ਟ ਕੀਤਾ ਕਿ ਗੁਰਨਾਮ ਸਿੰਘ ਚੜੂਨੀ ਦੇ ਐਲਾਨ ਬਿਲਕੁਲ ਨਿੱਜੀ ਹਨ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਅਗਲੇ ਸਾਲ ਪੰਜ ਸੂਬਿਆਂ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦਾ ਵਿਰੋਧ ਕੀਤਾ ਜਾਵੇਗਾ।

## ਅਕਾਲੀ ਦਲ (ਸੰਯੁਕਤ) ਵੱਲੋਂ ਭਾਰਤ ਬੰਦ ਦੀ ਹਮਾਇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਮੀਤ ਪ੍ਰਧਾਨਾਂ ਅਤੇ ਜਨਰਲ ਸਕੱਤਰਾਂ ਦੀ ਇਕ ਅਹਿਮ ਬੈਠਕ ਪਾਰਟੀ ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿਚ ਜਿਥੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੂੰ ਮਜ਼ਬੂਤ ਕਰਨ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਬਾਰੇ ਚਰਚਾ ਕੀਤੀ ਗਈ, ਉਥੇ ਹੀ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ 25 ਸਤੰਬਰ ਨੂੰ ਐਲਾਨੇ ਗਏ ਭਾਰਤ ਬੰਦ ਦੀ ਹਮਾਇਤ ਦਾ ਅਹਿਦ ਵੀ ਲਿਆ। ਉਨ੍ਹਾਂ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਵਧ-ਚੜ੍ਹ ਕੇ ਭਾਰਤ ਬੰਦ ਵਿਚ ਸਹਿਯੋਗ ਦੇਣ ਦੀ ਅਪੀਲ ਕੀਤੀ।

# ਤਾਮਿਲ ਵਿਧਾਨ ਸਭਾ 'ਚ ਖੇਤੀ ਕਾਨੂੰਨਾਂ ਖਿਲਾਫ ਮਤਾ ਪਾਸ



**ਚੇਨਈ:** ਤਾਮਿਲ ਨਾਡੂ ਵਿਧਾਨ ਸਭਾ ਨੇ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ। ਮੁੱਖ ਵਿਰੋਧੀ ਧਿਰ ਅੰਨਾ ਡੀ.ਐੱਮ.ਕੇ. ਅਤੇ ਉਸ ਦੀ ਭਾਈਵਾਲ ਭਾਜਪਾ ਦੇ ਵਿਧਾਇਕਾਂ ਨੇ ਸਦਨ 'ਚੋਂ ਵਾਕਆਊਟ ਕੀਤਾ। ਹੁਕਮਰਾਨ ਡੀ.ਐਮ.ਕੇ. ਦੇ ਕਾਂਗਰਸ ਸਮੇਤ ਹੋਰ ਭਾਈਵਾਲਾਂ ਸੀ.ਪੀ.ਆਈ. ਅਤੇ ਸੀ.ਪੀ.ਐਮ. ਨੇ ਮਤੇ ਦੀ ਹਮਾਇਤ ਕੀਤੀ। ਇਸ ਤੋਂ ਪਹਿਲਾਂ ਪੰਜਾਬ, ਪੱਛਮੀ ਬੰਗਾਲ, ਰਾਜਸਥਾਨ, ਛੱਤੀਸਗੜ੍ਹ, ਦਿੱਲੀ ਅਤੇ ਕੇਰਲਾ ਵਿਧਾਨ ਸਭਾਵਾਂ ਖੇਤੀ ਕਾਨੂੰਨਾਂ ਖਿਲਾਫ ਮਤੇ ਪਾਸ ਕਰ ਚੁੱਕੀਆਂ ਹਨ।

ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਸਦਨ 'ਚ ਦੱਸਿਆ ਕਿ ਸੂਬੇ 'ਚ ਖੇਤੀ ਕਾਨੂੰਨ ਰੱਦ ਕਰਾਉਣ ਲਈ ਹੋਏ ਸ਼ਾਂਤਮਈ ਪ੍ਰਦਰਸ਼ਨਾਂ ਦੌਰਾਨ ਕਿਸਾਨਾਂ ਅਤੇ ਸਿਆਸੀ ਆਗੂਆਂ ਖਿਲਾਫ ਦਰਜ ਹੋਏ ਸਾਰੇ ਕੇਸਾਂ ਨੂੰ ਵਾਪਸ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਤਿੰਨੋਂ ਖੇਤੀ ਕਾਨੂੰਨ ਸੰਘੀ ਢਾਂਚੇ ਖਿਲਾਫ ਹਨ ਅਤੇ ਕੇਂਦਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਖੇਤੀ ਨੂੰ ਵੱਡੀਆਂ ਕੰਪਨੀਆਂ ਦੇ ਕੰਟਰੋਲ ਹੇਠ ਜਾਣ ਤੋਂ ਰੋਕਣ ਲਈ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲਵੇ। ਮਤੇ 'ਚ ਕਿਹਾ ਗਿਆ ਕਿ ਇਹ ਕਾਨੂੰਨ ਕਿਸਾਨਾਂ ਦੀ ਭਲਾਈ ਖਿਲਾਫ ਹਨ। ਸਟਾਲਿਨ ਨੇ ਕਿਹਾ ਕਿ ਇਨ੍ਹਾਂ ਕਾਨੂੰਨਾਂ 'ਚ ਘੱਟੋ ਘੱਟ ਸਮਰਥਨ ਮੁੱਲ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਕਾਨੂੰਨ ਲਾਗੂ ਕਰਨ ਤੋਂ ਪਹਿਲਾਂ ਕਿਸੇ ਵੀ ਸੂਬਾ ਸਰਕਾਰ ਨਾਲ ਇਸ ਬਾਰੇ ਵਿਚਾਰ ਵਟਾਂਦਰਾ ਨਹੀਂ ਕੀਤਾ ਗਿਆ ਸੀ। ਅੰਨਾ ਡੀ.ਐਮ.ਕੇ. ਦੇ ਉਪ ਆਗੂ ਓ ਪਨੀਰਸੇਲਵਮ ਨੇ ਕਿਹਾ ਕਿ ਮੁੱਖ ਮੰਤਰੀ ਨੇ ਖੇਤੀ ਕਾਨੂੰਨਾਂ ਦੀਆਂ ਖਾਮੀਆਂ ਗਿਣਾਈਆਂ ਹਨ ਪਰ ਉਸ ਦੇ ਲਾਭ ਵੀ ਦੱਸੇ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅੰਨਾ ਡੀ.ਐਮ.ਕੇ. ਦੀ ਸਰਕਾਰ ਜੋ ਨਹੀਂ ਕਰ ਸਕੀ ਸੀ, ਉਹ ਉਨ੍ਹਾਂ ਦੀ ਸਰਕਾਰ ਕਰ ਰਹੀ ਹੈ। ਸਟਾਲਿਨ ਨੇ ਕਿਹਾ ਕਿ ਉਨ੍ਹਾਂ ਵਿਧਾਨ ਸਭਾ ਚੋਣਾਂ 'ਚ ਖੇਤੀ ਕਾਨੂੰਨ ਰੱਦ ਕਰਨ ਦਾ ਵਾਅਦਾ ਕੀਤਾ ਸੀ ਅਤੇ ਅੱਜ ਉਹ ਇਹ ਵਾਅਦਾ ਨਿਭਾ ਰਹੇ ਹਨ। ਇਸ ਦੌਰਾਨ ਪਿਛਲੀ ਸਰਕਾਰ ਵੱਲੋਂ ਪਾਸ ਕੀਤੇ ਗਏ ਖੇਤੀ ਜਿਣਸ ਅਤੇ ਪਸ਼ੂ ਠੇਕਾ ਫਾਰਮਿੰਗ ਅਤੇ ਸੇਵਾਵਾਂ ਐਕਟ, 2019 ਨੂੰ ਵੀ ਰੱਦ ਕਰ ਦਿੱਤਾ ਗਿਆ।

# ਪੰਜਾਬ ਯੂਨੀਵਰਸਿਟੀ 'ਚ ਸੈਨੇਟ ਚੋਣਾਂ ਟਾਲਣ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਵਿਚ ਸੈਨੇਟ ਚੋਣਾਂ ਕਰਵਾਉਣ ਅਤੇ ਵਿਦਿਆਰਥੀਆਂ ਲਈ ਅਕਾਦਮਿਕ ਮਾਹੌਲ ਦੀ ਬਹਾਲੀ ਕਰਵਾਉਣ ਦੀ ਮੰਗ ਨੂੰ ਲੈ ਕੇ ਵਾਈਸ ਚਾਂਸਲਰ ਦਫਤਰ ਅੱਗੇ ਵਿਦਿਆਰਥੀ ਜਥੇਬੰਦੀਆਂ ਤੇ ਰਵਿੰਦਰ ਧਾਲੀਵਾਲ ਵੱਲੋਂ ਸ਼ੁਰੂ ਕੀਤੇ ਗਏ ਸਾਂਝੇ ਧਰਨੇ ਵਿਚ ਅੱਜ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨਾਂ, ਕਲਾਕਾਰਾਂ, ਟਰੇਡ ਯੂਨੀਅਨ ਆਗੂਆਂ, ਪੀਯੂ ਦੇ ਸੈਨੇਟਰਾਂ ਤੇ ਸਾਬਕਾ ਵਿਦਿਆਰਥੀਆਂ ਨੇ ਵੀ ਸ਼ਿਰਕਤ ਕੀਤੀ। ਇਕੱਠੇ ਹੋਏ ਧਰਨਾਕਾਰੀਆਂ ਨੇ ਵਾਈਸ ਚਾਂਸਲਰ ਦਫਤਰ ਤੋਂ ਲੈ ਕੇ ਪ੍ਰਬੰਧਕੀ ਬਲਾਕ ਤੱਕ ਪੈਦਲ ਰੋਸ ਮਾਰਚ ਕੀਤਾ ਤੇ ਧਰਨਾ ਦਿੱਤਾ। ਧਰਨਾਕਾਰੀਆਂ ਨੇ ਵਾਈਸ ਚਾਂਸਲਰ ਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ।

ਡੈਮੋਕ੍ਰੇਟਿਕ ਲਾਅਰ'ਜ ਐਸੋਸੀਏਸ਼ਨ ਪੰਜਾਬ ਦੇ ਸੂਬਾ ਕਨਵੀਨਰ ਐਡਵੋਕੇਟ ਦਲਜੀਤ ਸਿੰਘ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਦੇ ਅਮਲ ਵਿਚ ਅੜਿੱਕਾ ਡਾਹੁਣ ਦੀ ਸਾਜਿਸ਼ ਨੂੰ ਜਮਹੂਰੀਅਤ ਲਈ ਘਾਤਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਾਈਸ ਚਾਂਸਲਰ ਅਕਾਦਮੀਸ਼ੀਅਨ ਦੀ ਭੂਮਿਕਾ ਨਿਭਾਉਣ ਦੀ ਥਾਂ ਆਰ.ਐਸ.ਐਸ-ਭਾਜਪਾ ਦੇ ਹੁਕਮਾਂ ਅਨੁਸਾਰ ਕੰਮ ਕਰ ਰਿਹਾ ਹੈ। ਵਾਈਸ ਚਾਂਸਲਰ ਵੱਲੋਂ ਚੋਣਾਂ ਮੁਲਤਵੀ ਕਰਕੇ ਯੂਨੀਵਰਸਿਟੀ ਦੇ ਜਮਹੂਰੀ ਢਾਂਚੇ ਨੂੰ ਜਾਣ-ਬੁੱਝ ਕੇ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਜਦਕਿ ਗ੍ਰੈਜੂਏਟ ਕੰਸਟੀਚੁਐਂਸੀ ਸੈਨੇਟ ਦਾ ਇਕ ਮਹੱਤਵਪੂਰਨ ਹਿੱਸਾ ਹੈ। ਪੀਯੂ ਦੇ ਸਾਬਕਾ ਵਿਦਿਆਰਥੀ ਵਰਿੰਦਰਜੀਤ ਸਿੰਘ ਨੇ ਪੀਯੂ ਵਿਚ ਚੱਲ ਰਹੇ ਵਿਦਿਆਰਥੀ ਸੰਘਰਸ਼ ਵਿਚ ਆਉਣ ਵਾਲੇ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਨਸੀਹਤ ਦਿੱਤੀ ਕਿ ਉਹ ਜੇਕਰ ਸੱਚਮੁੱਚ ਇਸ ਮੁੱਦੇ 'ਤੇ ਹਮਦਰਦੀ ਰੱਖਦੇ ਹਨ ਤਾਂ ਉਹ ਇਸ ਨੂੰ ਆਪਣੇ ਚੋਣ ਮੈਨੀਫੈਸਟੋ ਦਾ ਹਿੱਸਾ ਬਣਾਉਣ। ਪੰਜਾਬ ਯੂਨੀਵਰਸਿਟੀ ਵਿਚ ਚੱਲ ਰਹੇ ਵਿਦਿਆਰਥੀ ਧਰਨੇ ਵਿਚ ਕਲਾਕਾਰ ਦੀਪ ਸਿੱਧੂ ਵੀ ਅਚਾਨਕ ਪਹੁੰਚ ਗਿਆ। ਦੀਪ ਸਿੱਧੂ ਨੇ ਧਰਨਾਕਾਰੀਆਂ ਨੂੰ ਸੰਬੋਧਨ ਕੀਤਾ ਤੇ ਥੋੜ੍ਹੀ ਦੇਰ ਬਾਅਦ ਹੀ ਚਲਾ ਗਿਆ। ਜ਼ਿਕਰਯੋਗ ਹੈ ਕਿ ਵਿਦਿਆਰਥੀ ਜਥੇਬੰਦੀਆਂ ਨਾਲ ਬੈਠ ਕੇ ਫੋਟੋਆਂ ਖਿਚਵਾ ਰਿਹਾ ਦੀਪ ਸਿੱਧੂ ਕਈਆਂ ਲਈ ਚਰਚਾ ਦਾ ਵਿਸ਼ਾ ਬਣਿਆ ਰਿਹਾ।

## ਜਸਬੀਰ ਗੜ੍ਹੀ ਫਗਵਾੜਾ ਤੋਂ ਬਸਪਾ ਉਮੀਦਵਾਰ ਐਲਾਨੇ

**ਫਗਵਾੜਾ:** ਬਹੁਜਨ ਸਮਾਜ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਥੇ ਕੀਤੀ ਗਈ ਰੈਲੀ 'ਚ ਬਸਪਾ ਦੇ ਸੂਬਾਈ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੂੰ ਫਗਵਾੜਾ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਐਲਾਨ ਦਿੱਤਾ ਗਿਆ। ਇਹ ਐਲਾਨ ਅਕਾਲੀ-ਬਸਪਾ ਵੱਲੋਂ ਫਗਵਾੜਾ ਦੀ ਦਾਣਾ ਮੰਡੀ ਵਿਚ ਕੀਤੀ ਗਈ 'ਅਲਖ ਜਗਾਓ' ਰੈਲੀ ਦੌਰਾਨ ਬਸਪਾ ਲੀਡਰਸ਼ਿਪ ਨੇ ਕੀਤਾ।

ਬਸਪਾ ਦੇ ਕੌਮੀ ਮੀਤ ਪ੍ਰਧਾਨ ਆਕਾਸ਼ ਆਨੰਦ ਤੇ ਕੌਮੀ ਕੋਆਰਡੀਨੇਟਰ ਆਨੰਦ ਕੁਮਾਰ ਨੇ ਕਿਹਾ ਕਿ 2022 ਦੀਆਂ ਚੋਣਾਂ ਮਗਰੋਂ ਇਹ ਗੱਠਜੋੜ ਆਪਣੀ ਸਰਕਾਰ ਬਣਾਏਗਾ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਤੇ ਜਸਬੀਰ ਸਿੰਘ ਗੜ੍ਹੀ ਦੋਵੇਂ ਰਲ ਕੇ ਕੰਮ ਕਰਨਗੇ ਤੇ ਸੂਬੇ ਨੂੰ ਮੁੜ ਵਿਕਾਸ ਦੀਆਂ ਲੀਹਾਂ 'ਤੇ ਲਿਆਉਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਭਾਜਪਾ ਦੀਆਂ ਸਰਕਾਰਾਂ ਨੇ ਦੇਸ਼ ਨੂੰ ਬੁਰੀ ਤਰ੍ਹਾਂ ਲੁੱਟਿਆ ਹੈ ਤੇ ਪੰਜਾਬੀਆਂ ਤੇ ਕਿਸਾਨਾਂ ਦੇ ਵਿਰੋਧ 'ਚ ਕੰਮ ਕੀਤੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਕਿਸਾਨਾਂ 'ਤੇ ਕਾਲੇ ਕਾਨੂੰਨ ਥੋਪ ਕੇ ਕਿਸਾਨੀ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਉਹ ਇਸ ਵਿਰੁੱਧ ਅਕਾਲੀ ਦਲ ਨਾਲ ਰਲ ਕੇ ਆਵਾਜ਼ ਬੁਲੰਦ ਕਰ ਰਹੇ ਹਨ। ਬਸਪਾ ਆਗੂਆਂ ਕਿਹਾ ਕਿ ਪੰਜਾਬ ਦੀ ਚੋਣ ਜਿੱਤਣ ਮਗਰੋਂ ਭਾਜਪਾ ਨੂੰ ਗੱਦੀ ਤੋਂ ਲਾਹੁਣ ਲਈ ਦੇਸ਼ ਭਰ 'ਚ ਵੱਡੀ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਸਪਾ ਲੀਡਰਸ਼ਿਪ ਨੂੰ ਭਰੋਸਾ ਦਿੱਤਾ ਹੈ ਕਿ ਉਹ ਭਾਈਚਾਰਕ ਸਾਂਝ ਮਜ਼ਬੂਤ ਰੱਖ ਕੇ ਲੋੜਵੰਦ ਤੇ ਦੱਬੇ ਕੁਚਲੇ ਲੋਕਾਂ ਦੀ ਭਲਾਈ ਲਈ ਕੰਮ ਕਰਨਗੇ।

# ਸਰਕਾਰੀ ਅਦਾਰੇ ਵੇਚਣ ਦੀ ਮੁਹਿੰਮ ਖਿਲਾਫ ਇਕਜੁੱਟ ਹੋਣ ਦਾ ਸੱਦਾ



ਚੰਡੀਗੜ੍ਹ: ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਸੰਘਰਸ਼ੀ ਮੋਰਚਿਆਂ ਤੋਂ ਸੱਦਾ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੁਲਕ ਨੂੰ ਵੇਚਣ ਦੀ ਵਿੱਢੀ ਗਈ ਮੁਹਿੰਮ ਖਿਲਾਫ ਦੇਸ਼ ਦੇ ਸਮੂਹ ਵਰਗ ਮੈਦਾਨ 'ਚ ਨਿੱਤਰਨ। ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ ਦੌਰਾਨ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਜਨਤਕ ਖੇਤਰ ਦੇ ਅਦਾਰਿਆਂ ਨੂੰ ਥੋਕ ਵਿਚ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਇਹ ਨੀਤੀ ਲੈ ਕੇ ਆਈ ਹੈ। ਇਸ ਨੀਤੀ ਤਹਿਤ ਅਗਲੇ ਚਾਰ ਸਾਲਾਂ 'ਚ ਸਰਕਾਰ ਦੇਸ਼ ਦੀਆਂ ਸੜਕਾਂ, ਰੇਲਾਂ, ਹਵਾਈ ਅੱਡਿਆਂ, ਸਟੇਡੀਅਮਾਂ ਤੇ ਹੋਰ ਬਹੁਤ ਸਾਰੇ ਅਦਾਰੇ ਲੰਮੇ ਸਮੇਂ ਲਈ ਕਾਰਪੋਰੇਟਾਂ ਦੇ ਹਵਾਲੇ ਕਰਨ ਜਾ ਰਹੀ ਹੈ ਜਿਸ ਮਗਰੋਂ ਇਹ ਸਾਰੀਆਂ ਸੇਵਾਵਾਂ ਮਹਿੰਗੀਆਂ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਅਦਾਰੇ ਵੇਚਣ ਦੀ ਇਸ ਸਕੀਮ ਰਾਹੀਂ ਸਰਕਾਰ ਛੇ ਲੱਖ ਕਰੋੜ ਰੁਪਏ ਕਮਾਉਣਾ ਚਾਹੁੰਦੀ ਹੈ ਤੇ ਸਰਕਾਰੀ ਅਦਾਰਿਆਂ ਨੂੰ ਵੇਚਣ ਲਈ ਹੁਣ ਕੇਂਦਰ ਵੱਲੋਂ 'ਮੁਦਰੀਕਰਨ' ਸ਼ਬਦ ਘੜਿਆ ਗਿਆ ਹੈ। ਬੁਲਾਰਿਆਂ ਨੇ ਕਿਹਾ ਕਿ ਭਾਰਤ ਦੇਸ਼ ਕਿਸੇ ਇਕ ਪਾਰਟੀ ਜਾਂ ਵਿਅਕਤੀ ਦੀ ਜਗੀਰ ਨਹੀਂ, ਜਿਸ ਨੂੰ ਵੇਚਿਆ ਜਾ ਸਕਦਾ ਹੋਵੇ। ਉਨ੍ਹਾਂ ਮੁਲਕ ਨੂੰ ਬਚਾਉਣ ਲਈ ਸਾਰੇ ਵਰਗਾਂ ਦੇ ਲੋਕਾਂ ਨੂੰ ਮੈਦਾਨ 'ਚ ਨਿੱਤਰਨ ਦਾ ਸੱਦਾ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਨਿੱਜੀਕਰਨ ਦੇ ਪੀ.ਪੀ.ਪੀ. ਮਾਡਲ ਤਹਿਤ ਆਉਣ ਵਾਲੇ ਪ੍ਰੋਜੈਕਟਾਂ ਲਈ ਜ਼ਮੀਨ ਗ੍ਰਹਿਣ ਕਾਨੂੰਨ 2013 ਵਿਚ ਸੋਧ ਕਰ ਦਿੱਤੀ ਹੈ ਜਿਸ ਮਗਰੋਂ ਹੁਣ ਕਿਸਾਨ ਤੋਂ ਪੁੱਛੇ ਬਿਨਾ ਹੀ ਸਰਕਾਰ ਮਨਮਰਜ਼ੀ ਦੀ ਕੀਮਤ 'ਤੇ ਜ਼ਮੀਨ ਗ੍ਰਹਿਣ ਕਰ ਸਕਦੀ ਹੈ। 2015 ਵਿਚ ਅਜਿਹੀਆਂ ਸੋਧਾਂ ਦੀ ਤਜਵੀਜ਼ ਕਿਸਾਨਾਂ ਦੇ ਵਿਰੋਧ ਕਾਰਨ ਕੇਂਦਰ ਸਰਕਾਰ ਨੂੰ ਵਾਪਸ ਲੈਣੀ ਪਈ ਸੀ। ਬੁਲਾਰਿਆਂ ਨੇ ਉਤਰ ਪ੍ਰਦੇਸ਼ ਸਰਕਾਰ ਵੱਲੋਂ ਧੜਾਧੜ ਸ਼ਹਿਰਾਂ ਦੇ ਨਾਂ ਬਦਲੇ ਜਾਣ ਦੀ ਨੀਤੀ ਦੀ ਵੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਯੂਨੀਵਰਸਿਟੀ ਨੇ ਸਿਰਮੌਰ ਲੇਖਿਕਾ ਮਹਾਸ਼ਵੇਤਾ ਦੇਵੀ ਦੀ ਸ਼ਾਹਕਾਰ ਕਹਾਣੀ 'ਦਰੋਪਦੀ' ਪਾਠਕ੍ਰਮ 'ਚੋਂ ਕੱਢ ਦਿੱਤੀ ਹੈ। ਇਹ ਸਭ ਭਾਜਪਾ ਸਰਕਾਰ ਦਾ ਭਗਵਾਂ ਏਜੰਡਾ ਲਾਗੂ ਕਰਨ ਦੀ ਇਕ ਕਵਾਇਦ ਹੈ। ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਇਹ ਕਾਰਵਾਈਆਂ ਤੁਰਤ ਬੰਦ ਕਰੇ।

## ਦੇਸ਼ ਨੂੰ ਨਿੱਜੀ ਹੱਥਾਂ 'ਚ ਸੌਂਪ ਰਹੀ ਹੈ ਕੇਂਦਰ ਸਰਕਾਰ: ਟਿਕੈਤ

**ਨਵੀਂ ਦਿੱਲੀ:** ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਦੇਸ਼ ਨੂੰ ਨਿੱਜੀ ਹੱਥਾਂ ਵਿਚ ਦੇਣ ਦੀ ਖਤਰਨਾਕ ਨੀਤੀ ਲਾਗੂ ਕੀਤੀ ਜਾ ਰਹੀ ਹੈ ਅਤੇ ਦੇਸ਼ ਦੇ ਮੁੱਖ ਸਰਕਾਰੀ ਅਦਾਰੇ ਪ੍ਰਾਈਵੇਟ ਸੈਕਟਰ ਨੂੰ ਵੇਚਣ ਲਈ ਲਾ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਇਕੱਠੇ ਹੋਣਾ ਪਵੇਗਾ ਤਾਂ ਹੀ ਦੇਸ਼ ਬਚੇਗਾ। ਸਮਾਜਿਕ ਕਾਰਕੁਨ ਮੇਧਾ ਪਾਟੇਕਰ ਨੇ ਕਿਹਾ ਕਿ ਕਿਸਾਨਾਂ ਦੇ ਨਾਲ-ਨਾਲ ਮਛੇਰਿਆਂ, ਆਦਿਵਾਸੀਆਂ ਅਤੇ ਗਰੀਬਾਂ ਨੂੰ ਵੀ ਇਸ ਅੰਦੋਲਨ ਦਾ ਭਰਵਾਂ ਹਿੱਸਾ ਬਣਾਇਆ ਜਾਵੇ। ਕਿਸਾਨ ਆਗੂ ਡਾ. ਦਰਸ਼ਨ ਪਾਲ ਸਮੇਤ ਹੋਰ ਬੁਲਾਰਿਆਂ ਨੇ ਕਿਸਾਨੀ ਦੇ ਮੁੱਦੇ ਉਭਾਰੇ।

# ਕੈਪਟਨ ਸਰਕਾਰ ਡੇਗਣ ਲਈ ਵਿਰੋਧੀ ਧਿਰਾਂ ਨੇ ਵਧਾਈ ਸਰਗਰਮੀ



**ਚੰਡੀਗੜ੍ਹ:** ਅੰਦਰੂਨੀ ਕਲੇਸ਼ ਵਿਚ ਘਿਰੀ ਕੈਪਟਨ ਸਰਕਾਰ ਦੀ ਹੁਣ ਵਿਰੋਧੀ ਧਿਰਾਂ ਵੱਲੋਂ ਵੀ ਘੇਰੇਬੰਦੀ ਸ਼ੁਰੂ ਕਰ ਦਿੱਤੀ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਵਿਧਾਇਕਾਂ ਨੇ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰ ਕੇ ਸੂਬੇ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਬਹੁਮਤ ਸਾਬਤ ਕਰਨ ਦੀ ਚੁਣੌਤੀ ਦੇ ਦਿੱਤੀ ਹੈ। ਇਸ ਵਫਦ ਵਿਚ 'ਆਪ' ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ, ਵਿਧਾਇਕ ਅਮਰਜੀਤ ਸਿੰਘ ਸੰਦੋਆ ਤੇ ਜੈ ਸਿੰਘ ਰੋੜੀ ਸਣੇ ਜਗਤਾਰ ਸਿੰਘ ਸੰਘੇੜਾ ਅਤੇ ਮਲਵਿੰਦਰ ਸਿੰਘ ਕੰਗ ਵੀ ਸ਼ਾਮਲ ਸਨ।

ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 'ਆਪ' ਵਿਧਾਇਕਾਂ ਦੇ ਵਫਦ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਘੱਟ ਗਿਣਤੀ 'ਚ ਹੋਣ ਦਾ ਦਾਅਵਾ ਕਰਦਿਆਂ ਰਾਜਪਾਲ ਤੋਂ ਮੰਗ ਕੀਤੀ ਹੈ ਕਿ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦ ਕੇ ਸਦਨ 'ਚ ਬਹੁਮਤ ਸਾਬਤ ਕਰਨ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਿਰਦੇਸ਼ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਗਲੇ ਸੱਤ ਦਿਨਾਂ ਅੰਦਰ ਬਹੁਮਤ ਸਾਬਤ ਕਰਨ ਤੋਂ ਇਨਕਾਰੀ ਹੁੰਦੇ ਹਨ ਤਾਂ ਮੌਜੂਦਾ ਸਰਕਾਰ ਨੂੰ ਤੁਰਤ ਭੰਗ ਕੀਤਾ ਜਾਵੇ।

ਰਾਜਪਾਲ ਨੂੰ ਮਿਲਣ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀ ਚੀਮਾ ਨੇ ਕਿਹਾ ਕਿ ਬਾਗੀ ਕਾਂਗਰਸੀਆਂ ਨੇ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਉਨ੍ਹਾਂ ਨੂੰ ਦੇਹਰਾਦੂਨ ਜਾਂ ਦਿੱਲੀ ਦੇ ਗੇੜੇ ਮਾਰਨ ਦੀ ਲੋੜ ਨਹੀਂ, ਬਲਕਿ ਉਹ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਸਥਿਤ ਪੰਜਾਬ ਰਾਜ ਭਵਨ ਜਾ ਕੇ ਹੀ ਪੰਜਾਬ ਬਚਾਅ ਸਕਦੇ ਹਨ, ਪਰ ਉਨ੍ਹਾਂ ਨੂੰ ਰਾਜਪਾਲ ਨੂੰ ਆਪਣੇ ਅਸਤੀਫੇ ਸੌਂਪ ਕੇ ਕੈਪਟਨ ਪ੍ਰਤੀ ਵਿਧਾਨ ਸਭਾ 'ਚ ਬੇਭਰੋਸਗੀ ਦਰਜ ਕਰਾਉਣੀ ਪਵੇਗੀ।

ਚੀਮਾ ਮੁਤਾਬਕ ਸਾਢੇ ਚਾਰ ਸਾਲ 'ਚ ਮਾਫੀਆ ਰਾਜ ਦਾ ਹਿੱਸਾ ਰਹੇ ਬਾਗੀ ਮੰਤਰੀਆਂ ਅਤੇ ਵਿਧਾਇਕਾਂ ਨੇ ਦੇਰ ਨਾਲ ਹੀ ਸਹੀ, ਪਰ ਦਰੁਸਤ ਸਟੈਂਡ ਲੈਂਦੇ ਹੋਏ ਇਕਬਾਲ ਕੀਤਾ ਹੈ ਕਿ ਕੈਪਟਨ ਸਰਕਾਰ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ।

ਜੈ ਸਿੰਘ ਰੋੜੀ ਨੇ ਸਵਾਲ ਕੀਤਾ, ''ਕੀ ਬਾਗੀ ਮੰਤਰੀਆਂ ਅਤੇ ਵਿਧਾਇਕਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਮਨਜ਼ੂਰ ਹੈ? ਜੇ ਉਨ੍ਹਾਂ ਨੂੰ ਕੈਪਟਨ ਹੀ ਮਨਜ਼ੂਰ ਹੈ ਤਾਂ ਸਾਫ ਹੁੰਦਾ ਹੈ ਕਿ ਉਹ ਸਿਰਫ ਕੁਰਸੀ ਲਈ ਲੜ ਰਹੇ ਹਨ ਅਤੇ ਜੇਕਰ ਉਹ ਕੈਪਟਨ ਵਿਰੁੱਧ ਬੇਭਰੋਸਗੀ ਪ੍ਰਗਟ ਨਹੀਂ ਕਰਦੇ ਤਾਂ ਉਹ ਮਾਫੀਆ ਰਾਜ ਨਾਲ ਮਿਲੇ ਹੋਣ ਦੇ ਦਾਗ ਧੋਣ ਦਾ ਆਖਰੀ ਮੌਕਾ ਵੀ ਗੁਆ ਦੇਣਗੇ।'

ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਮੁੱਖ ਮੰਤਰੀ ਆਪਣੇ ਮੰਤਰੀਆਂ, ਵਿਧਾਇਕਾਂ ਅਤੇ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਅਤੇ ਸਮਰਥਨ ਗੁਆ ਚੁੱਕੇ ਹਨ ਤੇ ਹੁਣ ਉਹ ਮੁੱਖ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣ ਦੇ ਯੋਗ ਨਹੀਂ।

## ਸਮੇਂ ਤੋਂ ਪਹਿਲਾਂ ਹੀ ਡਿੱਗ ਜਾਵੇਗੀ ਸਰਕਾਰ: ਸੁਖਬੀਰ

**ਤਰਨ ਤਾਰਨ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਸਰਕਾਰਾਂ ਦਾ ਕੰਮ ਪੰਜਾਬ ਦੇ ਲੋਕਾਂ ਦੀ ਸੇਵਾ ਕਰਨਾ ਹੁੰਦਾ ਹੈ, ਪਰ ਕਾਂਗਰਸ ਸਰਕਾਰ ਦੇ ਮੌਜੂਦਾ ਹਾਲਾਤ ਅਤੇ ਕਾਟੋ ਕਲੇਸ਼ ਦੇ ਚੱਲਦਿਆਂ ਇਹ ਸਰਕਾਰ ਆਪਣਾ ਕਾਰਜਕਾਲ ਪੂਰਾ ਨਹੀਂ ਕਰ ਸਕੇਗੀ ਅਤੇ ਸਮੇਂ ਤੋਂ ਪਹਿਲਾਂ ਹੀ ਡਿੱਗ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਲੋਕਾਂ ਦੀ ਪਾਰਟੀ ਹੈ ਅਤੇ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਸੁਖਬੀਰ ਨੇ ਕਿਹਾ ਕਿ ਇਸ ਸਮੇਂ ਹਰ ਵਰਗ ਦੇ ਲੋਕਾਂ ਦਾ ਝੁਕਾਅ ਅਕਾਲੀ ਦਲ ਵੱਲ ਹੈ। ਉਨ੍ਹਾਂ ਵਾਅਦਾ ਕੀਤਾ ਕਿ ਅਕਾਲੀ ਸਰਕਾਰ ਬਣਨ 'ਤੇ ਹਰ ਵਰਗ ਨੂੰ ਸਹੂਲਤਾਂ ਦੇਵਾਂਗੇ।

# ਬਰਗਾੜੀ ਮੋਰਚਾ: ਮੁਤਵਾਜ਼ੀ ਜਥੇਦਾਰ ਵੱਲੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਤਲਬ

**ਅੰਮ੍ਰਿਤਸਰ:** ਬਰਗਾੜੀ ਮੋਰਚੇ ਵਿਚ ਹੁਣ ਤੱਕ ਨਿਆਂ ਨਾ ਦੇਣ ਦੇ ਦੋਸ਼ ਹੇਠ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 20 ਸਤੰਬਰ ਨੂੰ ਸਪੱਸ਼ਟੀਕਰਨ ਦੇਣ ਲਈ ਤਲਬ ਕੀਤਾ ਹੈ। ਇਥੇ ਸ੍ਰੀ ਅਕਾਲ ਤਖ਼ਤ ਵਿਖੇ ਨਤਮਸਤਕ ਹੋਣ ਤੋਂ ਬਾਅਦ ਭਾਈ ਮੰਡ ਨੇ ਦੱਸਿਆ ਕਿ ਪਿਛਲੀ ਵਾਰ 20 ਅਗਸਤ ਨੂੰ ਪੰਜਾਬ ਸਰਕਾਰ ਦੇ ਪੰਜ ਨੁਮਾਇੰਦਿਆਂ ਵੱਲੋਂ ਸਪੱਸ਼ਟੀਕਰਨ ਦਿੱਤਾ ਗਿਆ ਸੀ ਜਿਸ ਵਿਚ ਉਨ੍ਹਾਂ ਨੇ ਹੁਣ ਤੱਕ ਕਾਰਵਾਈ ਨਾ ਹੋਣ ਲਈ ਮੁੱਖ ਮੰਤਰੀ ਨੂੰ ਜ਼ਿੰਮੇਵਾਰ ਦੱਸਿਆ ਹੈ। ਇਸ ਸਪੱਸ਼ਟੀਕਰਨ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਸਪੱਸ਼ਟੀਕਰਨ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ 20 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਉਨ੍ਹਾਂ ਦੇ ਨੁਮਾਇੰਦਿਆਂ ਵੱਲੋਂ ਲਾਏ ਗਏ ਦੋਸ਼ਾਂ ਬਾਰੇ ਆਪਣਾ ਸਪੱਸ਼ਟੀਕਰਨ ਦੇਣ। ਇਸ ਤੋਂ ਪਹਿਲਾਂ ਮੁਤਵਾਜ਼ੀ ਜਥੇਦਾਰ ਵੱਲੋਂ ਪੰਜਾਬ ਦੇ ਦੋ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਤਿੰਨ ਵਿਧਾਇਕ ਹਰਮਿੰਦਰ ਸਿੰਘ ਗਿੱਲ, ਕੁਸ਼ਲਦੀਪ ਸਿੰਘ ਢਿੱਲੋਂ ਅਤੇ ਕੁਲਬੀਰ ਸਿੰਘ ਜੀਰਾ ਨੂੰ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸਪੱਸ਼ਟੀਕਰਨ ਵਿਚ ਸਰਕਾਰ ਦੇ ਨੁਮਾਇੰਦਿਆਂ ਨੇ ਲਿਖ ਕੇ ਦਿੱਤਾ ਹੈ ਕਿ ਬਰਗਾੜੀ ਮੋਰਚਾ ਖਤਮ ਕਰਨ ਵੇਲੇ ਦਿੱਤਾ ਗਿਆ ਭਰੋਸਾ ਮੁੱਖ ਮੰਤਰੀ ਵੱਲੋਂ ਕਹਿਣ 'ਤੇ ਹੀ ਦਿੱਤਾ ਗਿਆ ਸੀ।

ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਕੰਮ ਵੀ ਸਰਕਾਰ ਦੇ ਗ੍ਰਹਿ ਵਿਭਾਗ ਅਤੇ ਪੁਲਿਸ ਵਿਭਾਗ ਦਾ ਸੀ, ਜੋ ਕਿ ਮੁੱਖ ਮੰਤਰੀ ਦੇ ਅਧੀਨ ਹੈ। ਇਸ ਲਈ ਇਨ੍ਹਾਂ ਮਾਮਲਿਆਂ ਬਾਰੇ ਸਮੁੱਚੀ ਜਾਣਕਾਰੀ ਮੁੱਖ ਮੰਤਰੀ ਹੀ ਦੇ ਸਕਦੇ ਹਨ। ਉਨ੍ਹਾਂ ਆਖਿਆ ਕਿ ਪੰਜ ਨੁਮਾਇੰਦਿਆਂ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਸਬੰਧੀ ਫੈਸਲਾ ਹਾਲ ਦੀ ਘੜੀ ਰਾਖਵਾਂ ਰੱਖਿਆ ਗਿਆ ਹੈ।

# ਖੇਤਰੀ ਪਾਰਟੀਆਂ ਨੂੰ ਇਕਜੁੱਟ ਕਰਨ 'ਚ ਜੁਟੇ ਢੀਂਡਸਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਦੇਸ਼ ਦੀਆਂ ਖੇਤਰੀ ਪਾਰਟੀਆਂ ਨਾਲ ਸਿਆਸੀ ਗੱਠਜੋੜ ਬਣਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੀ ਅਗਵਾਈ ਹੇਠ ਇਥੇ ਭਾਰਤੀ ਖੇਤਰੀ ਪਾਰਟੀਆਂ ਮੰਚ (ਆਈ.ਆਰ.ਪੀ.ਐਫ.) ਦੀ ਮੀਟਿੰਗ ਕੀਤੀ ਗਈ, ਜਿਸ ਵਿਚ ਉਨ੍ਹਾਂ ਦੇ ਗੱਠਜੋੜ ਭਾਈਵਾਲਾਂ ਤੋਂ ਇਲਾਵਾ ਸਾਬਕਾ ਸੰਸਦ ਮੈਂਬਰ ਇਲਿਆਸ ਆਜ਼ਮੀ, ਐਡਵੋਕੇਟ ਸ਼ਾਦਾਬ ਮੁਹੰਮਦ ਅਤੇ ਲੋਕ ਸਭਾ ਮੈਂਬਰ ਅਲੀ ਮੁਹੰਮਦ ਮਾਜ਼ ਨੇ ਹਿੱਸਾ ਲਿਆ।

ਇਸ ਮੌਕੇ ਦੇਸ਼ ਦੀਆਂ ਸਾਰੀਆਂ ਖੇਤਰੀ ਹਮਖ਼ਿਆਲੀ ਪਾਰਟੀਆਂ, ਜੋ ਸਮਾਜ ਦੇ ਵੱਡੇ ਹਿੱਸੇ ਦੀ ਨੁਮਾਇੰਦਗੀ ਕਰਦੀਆਂ ਹਨ, ਨਾਲ ਇਕ ਸਹਿਮਤੀ ਵਾਲਾ ਰਾਜਨੀਤਿਕ ਗੱਠਜੋੜ ਬਣਾਉਣ ਦੀ ਕਾਰਜ ਯੋਜਨਾ ਉਲੀਕੀ ਗਈ। ਫੈਸਲਾ ਕੀਤਾ ਗਿਆ ਕਿ ਦੇਸ਼ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਕੇਂਦਰ 'ਚ ਅਜਿਹੀ ਸਰਕਾਰ ਨਹੀਂ ਹੋਣੀ ਚਾਹੀਦੀ, ਜੋ ਸੂਬੇ ਦੀ ਰਾਜਸੀ ਤਾਕਤ ਖੋਹ ਲਵੇ। ਇਸ ਗੱਲ 'ਤੇ ਫਿਕਰਮੰਦੀ ਜ਼ਾਹਿਰ ਕੀਤੀ ਗਈ ਕਿ ਪਿਛਲੇ 15 ਸਾਲਾਂ ਵਿਚ ਰਾਜਾਂ ਦੀ ਸ਼ਕਤੀ ਅਤੇ ਅਧਿਕਾਰ ਸੀਮਤ ਹੋਏ ਹਨ ਤੇ ਉਨ੍ਹਾਂ ਦੀ ਸੰਸਦ ਵਿਚ ਵੀ ਆਵਾਜ਼ ਨਹੀਂ ਸੁਣੀ ਜਾ ਰਹੀ।

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਸ ਸਮੇਂ ਨਾ ਸਿਰਫ ਰਾਜਾਂ ਦੀਆਂ ਸ਼ਕਤੀਆਂ ਦੀ ਦੁਰਵਰਤੋਂ ਕਰ ਰਹੀ ਹੈ, ਬਲਕਿ ਸਮਾਜ ਵਿਚ ਅਸ਼ਾਂਤੀ ਵਾਲਾ ਮਾਹੌਲ ਵੀ ਬਣਾਇਆ ਜਾ ਰਿਹਾ ਹੈ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਤਿੰਨ ਕਾਨੂੰਨਾਂ ਨੂੰ ਵਾਪਸ ਲੈਣ ਲਈ ਅੰਦੋਲਨ ਵੀ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਪੰਜਾਬ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਸੂਬਿਆਂ ਦੀਆਂ ਖੇਤਰੀ ਪਾਰਟੀਆਂ ਨੂੰ ਹਾਕਮ ਜਮਾਤ ਦੇ ਨਾਪਾਕ ਰਾਜਨੀਤਿਕ ਮਨਸੂਬਿਆਂ ਨੂੰ ਹਰਾਉਣ ਲਈ ਇਕ ਮੰਚ 'ਤੇ ਆਉਣਾ ਚਾਹੀਦਾ ਹੈ।

# ਬਿਜਲੀ ਖਰੀਦ ਸਮਝੌਤੇ ਰੱਦ ਕਰਨ ਲਈ ਹੁਣ ਕਾਹਲੇ ਪਏ ਕੈਪਟਨ

## ਚੋਣਾਂ ਨੇੜੇ ਵੇਖ ਕਾਂਗਰਸ ਸਰਕਾਰ ਨੇ ਬਦਲਿਆ ਪੈਂਤੜਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਿਆਸੀ ਦਬਾਅ ਬਣਨ ਮਗਰੋਂ ਪ੍ਰਾਈਵੇਟ ਤਾਪ ਬਿਜਲੀ ਘਰਾਂ ਨਾਲ ਹੋਏ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਲਈ ਲਿਖਤੀ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਪਾਵਰਕੌਮ ਨੂੰ ਇਨ੍ਹਾਂ ਸਮਝੌਤਿਆਂ ਬਾਰੇ ਕਾਨੂੰਨੀ ਪੱਖ ਮਜ਼ਬੂਤ ਰੱਖਣ ਦੀ ਹਦਾਇਤ ਕਰਦਿਆਂ ਪ੍ਰਾਈਵੇਟ ਤਾਪ ਬਿਜਲੀ ਘਰਾਂ ਨੂੰ ਨੋਟਿਸ ਦੇਣ ਲਈ ਆਖ ਦਿੱਤਾ ਹੈ।

ਇਹ ਸਮਝੌਤੇ ਰੱਦ ਕੀਤੇ ਜਾਣ ਨੂੰ ਲੈ ਕੇ ਸਿਆਸੀ ਤੌਰ 'ਤੇ ਪਹਿਲਾਂ ਪਾਸਾ ਵੱਟਿਆ ਜਾ ਰਿਹਾ ਸੀ ਅਤੇ ਹੁਣ ਜਦੋਂ ਆਉਂਦੀਆਂ ਚੋਣਾਂ 'ਚ ਇਹ ਮੁੱਦਾ ਮਹਿੰਗਾ ਪੈਣ ਦਾ ਡਰ ਬਣਿਆ ਤਾਂ ਕਾਂਗਰਸ ਸਰਕਾਰ ਨੇ ਫੌਰੀ ਪੈਂਤੜਾ ਬਦਲ ਲਿਆ। ਉਂਜ ਪੰਜਾਬ ਸਰਕਾਰ ਨੇ ਪੂਰੇ ਮਸਲੇ ਨੂੰ ਗੁਪਤ ਰੱਖਿਆ ਹੋਇਆ ਹੈ। ਮੁੱਖ ਮੰਤਰੀ ਨੇ ਜੀਵੀਕੇ ਪਾਵਰ (ਗੋਇੰਦਵਾਲ ਸਾਹਿਬ) ਲਿਮਟਿਡ ਅਤੇ ਦਮੋਦਰ ਵੈਲੀ ਕਾਰਪੋਰੇਸ਼ਨ ਦੇ ਰਘੂਨਾਥਪੁਰ ਥਰਮਲ ਪ੍ਰੋਜੈਕਟ ਨਾਲ ਹੋਏ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਲਈ 18 ਅਗਸਤ ਜਦੋਂ ਕਿ ਤਲਵੰਡੀ ਸਾਬੋ ਪਾਵਰ ਪਲਾਂਟ ਅਤੇ ਰਾਜਪੁਰਾ ਥਰਮਲ ਪਲਾਂਟ ਨਾਲ ਹੋਏ ਸਮਝੌਤੇ ਰੱਦ ਕਰਨ ਦੀ 25 ਅਗਸਤ ਨੂੰ ਪ੍ਰਵਾਨਗੀ ਦਿੱਤੀ ਹੈ।

ਬਿਜਲੀ ਖਰੀਦ ਸਮਝੌਤਿਆਂ ਦਾ ਮਾਮਲਾ ਜਦੋਂ ਭਖਿਆ ਸੀ ਤਾਂ ਮੁੱਖ ਮੰਤਰੀ ਦੇ ਹੁਕਮਾਂ 'ਤੇ ਇਨ੍ਹਾਂ ਨੂੰ ਰੱਦ ਕਰਨ ਵਾਸਤੇ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ ਜਿਸ ਵਿਚ ਮੁੱਖ ਇੰਜੀਨੀਅਰ (ਪਾਵਰ ਪਰਚੇਜ਼ ਐਂਡ ਰੈਗੂਲੇਸ਼ਨ), ਮੁੱਖ ਇੰਜੀਨੀਅਰ (ਥਰਮਲ ਡਿਜ਼ਾਈਨ) ਅਤੇ ਮੁੱਖ ਇੰਜੀਨੀਅਰ (ਫਿਊਲ) ਨੂੰ ਸ਼ਾਮਲ ਕੀਤਾ ਗਿਆ ਸੀ। ਕਮੇਟੀ ਨੇ ਘੋਖ ਕਰਨ ਮਗਰੋਂ ਆਪਣੀ ਰਿਪੋਰਟ ਪਾਵਰਕੌਮ ਦੇ ਸੀ.ਐਮ.ਡੀ. ਨੂੰ ਸੌਂਪ ਦਿੱਤੀ ਸੀ ਜੋ ਅੱਗੇ ਪ੍ਰਵਾਨਗੀ ਲਈ ਮੁੱਖ ਮੰਤਰੀ ਦਫਤਰ ਨੂੰ ਭੇਜੀ ਗਈ ਸੀ।

ਮੁੱਖ ਮੰਤਰੀ ਨੇ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਕਾਨੂੰਨੀ ਨੋਟਿਸ ਦੇਣ ਲਈ ਫਾਈਲ ਕਲੀਅਰ ਕਰ ਦਿੱਤੀ ਹੈ।

ਵੇਰਵਿਆਂ ਅਨੁਸਾਰ ਗੋਇੰਦਵਾਲ ਥਰਮਲ ਪਲਾਂਟ ਨਾਲ ਬਿਜਲੀ ਖਰੀਦ ਸਮਝੌਤਾ ਰੱਦ ਕਰਨ ਲਈ ਜਨਤਕ ਆਧਾਰ ਬਣਾਇਆ ਗਿਆ ਹੈ ਜਿਸ 'ਚ ਦਲੀਲ ਦਿੱਤੀ ਗਈ ਹੈ ਕਿ ਇਸ ਪਲਾਂਟ ਤੋਂ ਬਿਜਲੀ ਮਹਿੰਗੀ ਪੈਂਦੀ ਹੈ। ਲੰਘੇ ਤਿੰਨ ਵਰ੍ਹਿਆਂ 'ਚ ਇਸ ਥਰਮਲ ਤੋਂ ਖਰੀਦ ਕੀਤੀ ਮਹਿੰਗੀ ਬਿਜਲੀ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਪਾਵਰਕੌਮ ਨੂੰ ਹੋਰ ਪਾਸਿਆਂ ਤੋਂ ਔਸਤ ਬਿਜਲੀ 3 ਤੋਂ 4 ਰੁਪਏ ਪ੍ਰਤੀ ਯੂਨਿਟ ਪੈਂਦੀ ਹੈ। ਐਡਵੋਕੇਟ ਜਨਰਲ ਨੇ ਵੀ ਇਸ ਮਾਮਲੇ 'ਚ ਜਨਤਕ ਆਧਾਰ ਬਣਾਏ ਜਾਣ ਦੀ ਸਿਫਾਰਸ਼ ਕੀਤੀ ਸੀ। ਥਰਮਲ ਨੂੰ ਦਿੱਤੇ ਫਿਕਸਡ ਚਾਰਜਿਜ ਦੀ ਗੱਲ ਵੀ ਕੀਤੀ ਗਈ ਹੈ।

ਤਲਵੰਡੀ ਸਾਬੋ ਥਰਮਲ ਪਲਾਂਟ ਨਾਲ ਸਮਝੌਤਾ ਰੱਦ ਕਰਨ ਪਿੱਛੇ ਖਰੀਦ ਸਮਝੌਤੇ ਦੀ ਇਕ ਸ਼ਰਤ ਨੂੰ ਆਧਾਰ ਬਣਾਇਆ ਗਿਆ ਹੈ ਜਿਸ ਤਹਿਤ ਜੇਕਰ 36 ਮਹੀਨਿਆਂ ਦੌਰਾਨ ਕਿਸੇ 12 ਮਹੀਨਿਆਂ ਵਿਚ ਥਰਮਲ ਪਲਾਂਟ ਦੀ ਬਿਜਲੀ ਉਪਲੱਬਧਤਾ 65 ਫੀਸਦੀ ਤੋਂ ਘੱਟ ਰਹਿੰਦੀ ਹੈ ਤਾਂ ਨੋਟਿਸ ਦਿੱਤਾ ਜਾ ਸਕਦਾ ਹੈ। ਤਰਕ ਦਿੱਤਾ ਗਿਆ ਹੈ ਕਿ ਤਲਵੰਡੀ ਥਰਮਲ ਤੋਂ ਐਤਕੀਂ ਪੈਡੀ ਦੇ ਸੀਜ਼ਨ ਦੌਰਾਨ ਪੂਰੀ ਬਿਜਲੀ ਨਹੀਂ ਮਿਲੀ ਅਤੇ ਇਕ ਯੂਨਿਟ ਮਾਰਚ ਮਹੀਨੇ ਤੋਂ ਬੰਦ ਰਿਹਾ ਹੈ। 12 ਮਹੀਨੇ ਦੌਰਾਨ ਇਸ ਥਰਮਲ ਤੋਂ ਬਿਜਲੀ ਉਪਲਬਧਤਾ 65 ਫੀਸਦੀ ਤੋਂ ਘੱਟ ਰਹੀ ਹੈ। ਪਾਵਰਕੌਮ ਤਰਫੋਂ ਇਸ ਥਰਮਲ ਦੇ ਲੈਂਡਰ ਨੂੰ ਨੋਟਿਸ ਦਿੱਤਾ ਜਾਵੇਗਾ ਜਿਸ ਵਿਚ ਸਪੱਸ਼ਟ ਆਖਿਆ ਜਾ ਰਿਹਾ ਹੈ ਕਿ ਪਾਵਰਕੌਮ ਇਸ ਥਰਮਲ ਤੋਂ ਬਿਜਲੀ ਖਰੀਦਣਾ ਨਹੀਂ ਚਾਹੁੰਦੀ ਹੈ। ਗੱਲ ਸਿਰੇ ਲੱਗੀ ਤਾਂ 20 ਫੀਸਦੀ ਤੱਕ ਫਿਕਸਡ ਚਾਰਜਿਜ ਘੱਟ ਸਕਦੇ ਹਨ। ਜੇਕਰ ਕੰਪਨੀ ਕਾਨੂੰਨੀ ਚਾਰਾਜੋਈ ਵਿਚ ਪੈ ਗਈ ਤਾਂ ਕੁਝ ਵੀ ਸੰਭਵ ਹੈ।

ਇਸੇ ਤਰ੍ਹਾਂ ਨਾਭਾ ਪਾਵਰ ਪਲਾਂਟ ਨਾਲ ਬਿਜਲੀ ਖਰੀਦ ਸਮਝੌਤਾ ਰੱਦ ਕਰਨ ਦੀ ਥਾਂ ਮੁੜ ਗੱਲਬਾਤ ਤੈਅ ਕੀਤੇ ਜਾਣ ਦੀ ਵਿਉਂਤ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਸ ਪਲਾਂਟ ਦੇ 25 ਵਰ੍ਹਿਆਂ ਦੇ ਔਸਤਨ ਫਿਕਸਡ ਚਾਰਜਿਜ 1.33 ਰੁਪਏ ਪ੍ਰਤੀ ਯੂਨਿਟ ਪੈਂਦੇ ਹਨ। ਕਾਰਪੋਰੇਟ ਟੈਕਸ ਘਟਣ, ਬੈਂਕਾਂ ਦੇ ਰੇਟ ਘਟਣ ਅਤੇ ਘੱਟ ਕੋਲਾ ਰੱਖੇ ਜਾਣ ਦਾ ਪੱਖ ਵੀ ਦਿੱਤਾ ਜਾ ਰਿਹਾ ਹੈ। ਰਾਜਪੁਰਾ ਥਰਮਲ ਨੂੰ ਵੇਰੀਏਬਲ ਚਾਰਜਿਜ ਅਤੇ ਫਿਕਸਡ ਚਾਰਜਿਜ ਘਟਾਉਣ ਲਈ ਨੋਟਿਸ ਦਿੱਤਾ ਜਾਣਾ ਹੈ। ਚੌਥਾ, ਦਮੋਦਰ ਵੈਲੀ ਕਾਰਪੋਰੇਸ਼ਨ ਨਾਲ ਸਮਝੌਤਾ ਹੀ ਰੱਦ ਕੀਤਾ ਜਾਣਾ ਹੈ। ਇਸ ਪਿੱਛੇ ਇਹੋ ਦਲੀਲ ਦਿੱਤੀ ਜਾਣੀ ਹੈ ਕਿ ਬਿਜਲੀ ਖਰੀਦ ਸਮਝੌਤਾ ਪੰਜ ਵਰ੍ਹਿਆਂ ਮਗਰੋਂ ਰੀਵਿਊ ਕੀਤਾ ਜਾ ਸਕਦਾ ਹੈ। ਬਿਜਲੀ ਮਹਿੰਗੀ ਪੈਣ ਦੇ ਹਵਾਲੇ ਨਾਲ ਇਹ ਕਦਮ ਚੁੱਕਿਆ ਜਾ ਰਿਹਾ ਹੈ।

ਬਿਜਲੀ ਸਮਝੌਤੇ ਰੱਦ ਹੋਣ ਨਾਲ ਬਿਜਲੀ ਸਪਲਾਈ 'ਚ ਹੋਣ ਵਾਲੀ ਕਟੌਤੀ ਦੀ ਪੂਰਤੀ ਕਿਵੇਂ ਹੋਵੇਗੀ, ਇਸ ਬਾਰੇ ਵੀ ਤਿੰਨ ਮੈਂਬਰੀ ਕਮੇਟੀ ਨੇ ਆਪਣੇ ਸੁਝਾਅ ਪੇਸ਼ ਕੀਤੇ ਹਨ। ਕਮੇਟੀ ਨੇ ਰਿਪੋਰਟ ਵਿਚ ਕਿਹਾ ਹੈ ਕਿ ਬਿਜਲੀ ਦੀ ਕਟੌਤੀ ਦੀ ਪੂਰਤੀ ਲਈ ਟਰਾਂਸਮਿਸ਼ਨ ਸਮਰੱਥਾ ਵਿਚ ਵਾਧਾ ਕੀਤਾ ਜਾਵੇ। ਪਹਿਲੇ ਵਰ੍ਹੇ ਇਕ ਹਜ਼ਾਰ ਮੈਗਾਵਾਟ ਅਤੇ ਦੂਸਰੇ ਵਰ੍ਹੇ ਹੋਰ ਹਜ਼ਾਰ ਮੈਗਾਵਾਟ ਟਰਾਂਸਮਿਸ਼ਨ ਸਮਰੱਥਾ ਵਿਚ ਵਾਧਾ ਕਰ ਦਿੱਤਾ ਜਾਵੇ। ਇਸ ਸਮਰੱਥਾ ਵਾਧੇ ਨਾਲ ਬਿਜਲੀ ਸਪਲਾਈ ਦੇ ਖੱਪੇ ਦੀ ਪੂਰਤੀ ਹੋ ਸਕੇਗੀ।

## ਸਰਕਾਰ ਨੇ ਸਮਝੌਤੇ ਮਾਰੂ ਹੋਣ ਦੀ ਗੱਲ ਮੰਨੀ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਇਕ ਅਮਨ ਅਰੋੜਾ ਅਤੇ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਲੋਕ ਸ਼ਕਤੀ ਅੱਗੇ ਝੁਕਦਿਆਂ ਆਖਰਕਾਰ ਕੈਪਟਨ ਸਰਕਾਰ ਨੇ ਮੰਨ ਹੀ ਲਿਆ ਕਿ ਬਾਦਲਾਂ ਵੱਲੋਂ ਨਿੱਜੀ ਬਿਜਲੀ ਕੰਪਨੀਆਂ ਨਾਲ ਕੀਤੇ ਗਏ ਬਿਜਲੀ ਸਮਝੌਤੇ ਪੂਰੀ ਤਰ੍ਹਾਂ ਗਲਤ, ਇਕਪਾਸੜ ਤੇ ਮਾਰੂ ਹਨ ਜਿਨ੍ਹਾਂ ਨੂੰ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਭਰੋਸਾ ਹੁਣ ਉਦੋਂ ਬਹਾਲ ਹੋਵੇਗਾ, ਜਦੋਂ ਸਮਝੌਤੇ ਰੱਦ ਕਰਕੇ ਹਰੇਕ ਵਰਗ ਨੂੰ ਸਸਤੀ ਬਿਜਲੀ ਮਿਲਣ ਲੱਗ ਜਾਵੇਗੀ। ਮੀਤ ਹੇਅਰ ਨੇ ਭਰੋਸਾ ਦਿੱਤਾ ਕਿ ਜੇਕਰ ਅਜੇ ਵੀ ਕੈਪਟਨ ਸਰਕਾਰ ਨੇ ਬਿਜਲੀ ਸਮਝੌਤੇ ਰੱਦ ਕਰਨ ਦੀ ਪ੍ਰਕਿਰਿਆ 'ਚ ਅਣਗਹਿਲੀ ਦਿਖਾਈ ਤਾਂ ਲੋਕਾਂ ਵੱਲੋਂ ਸੰਘਰਸ਼ ਕੀਤਾ ਜਾਵੇਗਾ। 'ਆਪ' ਆਗੂਆਂ ਨੇ ਕਿਹਾ ਕਿ 'ਆਪ' ਦੀ ਸਰਕਾਰ ਬਣਨ 'ਤੇ ਪਹਿਲੇ ਮਹੀਨੇ ਹੀ ਬਿਜਲੀ ਸਮਝੌਤੇ ਰੱਦ ਕਰ ਦਿੱਤੇ ਜਾਣਗੇ।

# ਅੱਠ ਲੱਖ ਤੋਂ ਘੱਟ ਆਮਦਨ ਵਾਲੇ ਜੱਟਾਂ ਲਈ ਓ.ਬੀ.ਸੀ. ਰਾਖਵਾਂਕਰਨ ਮੰਗਿਆ



**ਚੰਡੀਗੜ੍ਹ:** ਆਲ ਇੰਡੀਆ ਜਾਟ ਮਹਾ ਸਭਾ ਪੰਜਾਬ ਨੇ ਪੰਜਾਬ ਸਰਕਾਰ ਦੇ ਢਾਈ ਏਕੜ ਜ਼ਮੀਨ ਵਾਲੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਨੂੰ ਸ਼ਲਾਘਾਯੋਗ ਕਦਮ ਦੱਸਦਿਆਂ ਪੰਜ ਏਕੜ ਤੱਕ ਦੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੀ ਮੰਗ ਕੀਤੀ ਹੈ। ਸੂਬਾ ਪ੍ਰਧਾਨ ਹਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੱਟਾਂ ਦੇ ਭਵਿੱਖ ਲਈ ਗੱਲਾਂ ਤਾਂ ਬਹੁਤ ਵੱਡੀਆਂ ਕੀਤੀਆਂ ਜਾ ਰਹੀਆਂ ਹਨ ਪਰ ਜੱਟਾਂ ਨੂੰ ਮੁਸ਼ਕਲ ਸਮੇਂ ਵਿਚ ਗੁਜਾਰਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਮੰਗ ਕੀਤੀ ਕਿ ਪੰਜਾਬ 'ਚ ਅੱਠ ਲੱਖ ਤੋਂ ਘੱਟ ਆਮਦਨ ਵਾਲੇ ਜੱਟਾਂ ਨੂੰ ਓ.ਬੀ.ਸੀ. ਅਧੀਨ ਰਾਖਵਾਂਕਰਨ ਦਿੱਤਾ ਜਾਵੇ। ਇਸ ਬਾਰੇ ਮੁੱਖ ਮੰਤਰੀ ਨਾਲ ਗੱਲ ਕੀਤੀ ਗਈ ਹੈ। ਆਗੂਆਂ ਨੇ ਕਿਹਾ ਕਿ ਸੂਬੇ ਵਿਚ ਪੀਣ ਵਾਲਾ ਪਾਣੀ ਮੁਫਤ ਦਿੱਤਾ ਜਾਵੇ। ਇਸ ਦੇ ਨਾਲ ਹੀ ਬਿਜਲੀ ਦੇ 300 ਯੂਨਿਟ ਮੁਫਤ ਦਿੱਤੇ ਜਾਣ ਅਤੇ ਅਗਲੇ ਯੂਨਿਟਾਂ ਦੀ ਕੀਮਤ ਘਟਾਈ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਏ 600 ਤੋਂ ਵੱਧ ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ 5-5 ਲੱਖ ਰੁਪਏ ਤੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

# ਦਿੱਲੀ ਕਮੇਟੀ ਚੋਣਾਂ ‘ਚ ਫਤਿਹ ਪਿੱਛੋਂ ਬਾਦਲ ਧੜੇ ਦੇ ਹੌਸਲੇ ਬੁਲੰਦ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ‘ਚ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਤੀਸਰੀ ਵਾਰ ਜੇਤੂ ਰਿਹਾ ਹੈ। ਚੋਣਾਂ ‘ਚ ਅਕਾਲੀ ਦਲ ਨੂੰ 2017 ਦੇ ਮੁਕਾਬਲੇ ਘੱਟ ਸੀਟਾਂ ਮਿਲੀਆਂ ਹਨ ਪਰ ਉਹ ਬਹੁਮਤ ਪ੍ਰਾਪਤ ਕਰਨ ਵਿਚ ਸਫਲ ਰਿਹਾ ਹੈ। ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਾਲੇ ਅਕਾਲੀ ਦਲ (ਦਿੱਲੀ) ਨੂੰ 14 ਤੇ ਮਨਜੀਤ ਸਿੰਘ ਜੀਕੇ ਦੀ ਜਾਗੋ ਪਾਰਟੀ ਨੂੰ 2 ਸੀਟਾਂ ਉੱਤੇ ਸਬਰ ਕਰਨਾ ਪਿਆ ਹੈ।



ਇਧਰ, ਅਕਾਲੀ ਦਲ ਵੱਲੋਂ ਦਿੱਲੀ ਕਮੇਟੀ ਚੋਣਾਂ ਵਿਚ ਮਿਲੀ ਜਿੱਤ ਨੂੰ 2022 ਦੀਆਂ ਪੰਜਾਬ ਵਿਧਾਨ ਸਭਾ ਨਾਲ ਜੋੜ ਕੇ ਵੱਡੇ ਦਾਅਵੇ ਕਰਨੇ ਸ਼ੁਰੂ ਕਰ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਅਕਾਲੀ ਦਲ ਦੀ ਜਿੱਤ ਨੂੰ ਖਾਲਸਾ ਪੰਥ ਵੱਲੋਂ ਅਕਾਲੀ ਦਲ ਦੀ ਪੰਥਕ ਹਸਤੀ ਤੇ ਧਰਮ ਪ੍ਰਤੀ ਵਚਨਬੱਧਤਾ ‘ਤੇ ਫਤਵਾ ਕਰਾਰ ਦਿੱਤਾ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਸਿੱਖ ਸੰਗਤ ਨੇ ਕਾਂਗਰਸ ਦੀ ਹਮਾਇਤ ਪ੍ਰਾਪਤ ਤੇ ਸੁਖਦੇਵ ਸਿੰਘ ਢੀਂਡਸਾ ਸਮੇਤ ਭਾਜਪਾ ਦੀ ਸਰਪ੍ਰਸਤੀ ਵਾਲੇ ਗਰੁੱਪਾਂ ਅਤੇ ਸਰਨਾ ਧੜੇ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਤੇ ਅਕਾਲੀ ਦਲ ਦੀ ਪੰਥਕ ਵਚਨਬੱਧਤਾ ਉਤੇ ਸਵਾਲ ਕਰਨ ਵਾਲਿਆਂ ਨੂੰ ਸਬਕ ਸਿਖਾਇਆ ਹੈ।

ਸੁਖਬੀਰ ਦਾ ਦਾਅਵਾ ਹੈ ਕਿ ਇਹ ਇਕ ਤੂਫਾਨ ਦੀ ਸ਼ੁਰੂਆਤ ਹੈ, ਜੋ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਉਡਾ ਕੇ ਲੈ ਜਾਵੇਗਾ।

ਦੱਸ ਦਈਏ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ 46 ਵਾਰਡਾਂ ਵਿਚੋਂ 27 ਵਿਚ ਜਿੱਤ ਹਾਸਲ ਕਰਕੇ ਤੀਜੀ ਵਾਰ ਲਗਾਤਾਰ ਸਿੱਖਾਂ ਦੀ ਇਸ ਦੂਜੀ ਵੱਡੀ ਧਾਰਮਿਕ ਸੰਸਥਾ ਉਪਰ ਕਬਜ਼ਾ ਬਰਕਰਾਰ ਰੱਖਿਆ ਹੈ। ਹਾਲਾਂਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਾਰਡ-9 ਪੰਜਾਬੀ ਬਾਗ ਤੋਂ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਉਮੀਦਵਾਰ ਹਰਵਿੰਦਰ ਸਿੰਘ ਸਰਨਾ ਤੋਂ ਹਾਰ ਗਏ ਪਰ ਉਨ੍ਹਾਂ ਦੀ ਅਗਵਾਈ ਹੇਠ ‘ਦੋ ਸਾਲਾਂ’ ਦੇ ਕੰਮ ਦੇ ਆਧਾਰ ‘ਤੇ ਦਲ ਨੇ ਪੂਰਨ ਬਹੁਮਤ ਪ੍ਰਾਪਤ ਕੀਤਾ।

ਸ੍ਰੀ ਸਿਰਸਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮਜ਼ਦ ਮੈਂਬਰ ਵਜੋਂ ਜਨਰਲ ਹਾਊਸ ਵਿਚ ਸ਼ਾਮਲ ਕਰਨ ਦਾ ਐਲਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਜਾਣ ਨਾਲ ਹੀ ਉਨ੍ਹਾਂ ਦੇ ਮੁੜ ਦਿੱਲੀ ਕਮੇਟੀ ਦਾ ਪ੍ਰਧਾਨ ਬਣਾਉਣ ਲਈ ਰਾਹ ਸਾਫ ਹੋ ਗਿਆ ਹੈ। ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੂੰ ਲਗਾਤਾਰ ਤੀਜੀ ਵਾਰ ਹਾਰ ਦਾ ਮੂੰਹ ਦੇਖਣਾ ਪਿਆ ਤੇ ਇਸ ਵਾਰ ਸਰਨਾ ਧੜੇ ਨੂੰ 14 ਹਲਕਿਆਂ ਵਿਚ ਜਿੱਤ ਮਿਲੀ। ਸ਼੍ਰੋਮਣੀ ਅਕਾਲੀ ਦਲ (ਸ) ਤੇ ਮਨਜੀਤ ਸਿੰਘ ਜੀ.ਕੇ. ਦੀ ਜਾਗੋ ਪਾਰਟੀ ਦੇ ਸਾਂਝੇ ਉਮੀਦਵਾਰ ਪਰਮਜੀਤ ਸਿੰਘ ਰਾਣਾ, ਜਾਗੋ ਆਪਣੇ 2 ਹਲਕਿਆਂ ‘ਤੇ ਹੀ ਜਿੱਤ ਸਕੀ। ਜੰਗਪੁਰਾ ਤੋਂ ਸਾਬਕਾ ਕਾਂਗਰਸੀ ਵਿਧਾਇਕ ਤਰਵਿੰਦਰ ਸਿੰਘ ਮਰਵਾਹ ਇਸ ਵਾਰ ਫਿਰ ਆਜ਼ਾਦ ਉਮੀਦਵਾਰ ਵਜੋਂ ਜਿੱਤੇ ਹਾਲਾਂਕਿ ਉਨ੍ਹਾਂ ਨੂੰ ਸਰਨਾ ਭਰਾਵਾਂ ਤੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦਾ ਸਮਰਥਨ ਵੀ ਹਾਸਲ ਸੀ।

ਭਾਈ ਰਣਜੀਤ ਸਿੰਘ ਦੀ ਪੰਥਕ ਅਕਾਲੀ ਲਹਿਰ ਨੂੰ ਸਿਰਫ ਵਿਸ਼ਨੂੰ ਗਾਰਡਨ ਤੋਂ ਜਿੱਤ ਮਿਲੀ ਹੈ। ਸਿੱਖ ਸਦਭਾਵਨਾ ਦਲ ਤੇ ਪੰਥਕ ਸੇਵਾ ਦਲ ਦਾ ਕੋਈ ਵੀ ਉਮੀਦਵਾਰ ਜਿੱਤ ਹਾਸਲ ਨਹੀਂ ਕਰ ਸਕਿਆ। ਪ੍ਰਬੰਧਕ ਕਮੇਟੀ ਦੀ ਚੋਣ ਲਈ 46 ਵਾਰਡਾਂ ਲਈ 22 ਅਗਸਤ ਨੂੰ ਵੋਟਾਂ ਪਈਆਂ ਸਨ। ਜੇਤੂਆਂ ‘ਚ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਲਕਾ (ਜਨਰਲ ਸਕੱਤਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ), ਗੁਰਦੇਵ ਸਿੰਘ, ਇਸਤਰੀ ਅਕਾਲੀ ਦਲ ਦੀ ਸੂਬਾ ਪ੍ਰਧਾਨ ਰਣਜੀਤ ਕੌਰ, ਦਿਲਸ਼ਾਦ ਗਾਰਡਨ ਤੋਂ ਬਲਬੀਰ ਸਿੰਘ ਵਿਵੇਕ ਵਿਹਾਰ ਤੋਂ ਹਰਵਿੰਦਰ ਸਿੰਘ ਕੇਪੀ (ਸ਼ਕਤੀ ਨਗਰ) ਤੇ ਜਗਦੀਪ ਸਿੰਘ ਕਾਹਲੋਂ ਅਹਿਮ ਉਮੀਦਵਾਰ ਸ਼ਾਮਲ ਹਨ ਜਦਕਿ ਹਾਰਨ ਵਾਲਿਆਂ ਵਿੱਚ ਪਰਮਜੀਤ ਸਿੰਘ ਚੰਡੋਕ, ਰਵਿੰਦਰ ਸਿੰਘ ਖੁਰਾਨਾ ਦੇ ਨਾਂ ਸ਼ਾਮਲ ਹਨ।

### ਦਿੱਲੀ ਕਮੇਟੀ ਦੀ ਜਿੱਤ ਸਿੱਖ ਪੰਥ ਦੀ ਜਿੱਤ ਕਰਾਰ ਦਿੱਤੀ

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਦੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਹੋਈ ਜਿੱਤ ਸਿੱਖ ਪੰਥ ਦੀ ਜਿੱਤ ਹੈ। ਉਨ੍ਹਾਂ ਮਨਜਿੰਦਰ ਸਿੰਘ ਸਿਰਸਾ, ਹਰਮੀਤ ਸਿੰਘ ਕਾਲਕਾ ਤੇ ਉਨ੍ਹਾਂ ਨਾਲ ਆਏ ਮੈਂਬਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਵੱਲੋਂ ਬੀਤੇ ਸਮੇਂ ਵਿਚ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਭਵਿੱਖ ਵਿਚ ਵੀ ਸਿੱਖੀ ਦੇ ਪ੍ਰਚਾਰ ਅਤੇ ਮਨੁੱਖਤਾ ਦੀ ਸੇਵਾ ਲਈ ਤੱਤਪਰ ਰਹਿਣ ਦੀ ਆਸ ਪ੍ਰਗਟਾਈ।

### ਅਕਾਲੀ ਦਲ ਨੂੰ ਮਿਲੀਆਂ 40.27 ਫੀਸਦੀ ਵੋਟਾਂ

ਕਮੇਟੀ ਲਈ ਬਣੀਆਂ ਕੁੱਲ 2 ਲੱਖ 42 ਹਜ਼ਾਰ ਵੋਟਾਂ ਵਿਚੋਂ ਕੇਵਲ 37.27 ਫੀਸਦੀ ਵੋਟਰਾਂ ਨੇ ਹੀ ਆਪਣੇ ਹੱਕ ਦੀ ਵਰਤੋਂ ਕੀਤੀ ਹੈ। ਇਨ੍ਹਾਂ ਵਿਚ ਵੀ ਔਰਤਾਂ ਦੀ ਸ਼ਮੂਲੀਅਤ ਬੇਹੱਦ ਨਿਰਾਸ਼ ਕਰਨ ਵਾਲੀ ਹੈ। ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਕੁੱਲ ਪੋਲ ਹੋਈਆਂ ਵੋਟਾਂ ਵਿਚੋਂ 40.27ਗ਼ ਵੋਟਾਂ ਮਿਲੀਆਂ ਜਦਕਿ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੂੰ 27.79ਗ਼ ਵੋਟਾਂ ਮਿਲੀਆਂ। ਜਾਗੋ ਨੂੰ 15.72ਗ਼ ਵੋਟਾਂ ਪ੍ਰਾਪਤ ਹੋਈਆਂ ਜਦਕਿ ਪੰਥਕ ਅਕਾਲੀ ਲਹਿਰ ਨੂੰ .23ਗ਼ ਵੋਟਾਂ ਹੀ ਮਿਲੀਆਂ। ਇਸ ਤਰ੍ਹਾਂ ਪੰਥਕ ਸੇਵਾ ਦਲ ਤੇ ਸਿੱਖ ਸਦਭਾਵਨਾ ਦਲ ਲਈ ਦਿੱਲੀ ਵਿਚ ਖੁਦ ਨੂੰ ਸਥਾਪਤ ਰੱਖਣਾ ਵੱਡੀ ਚੁਣੌਤੀ ਬਣ ਗਿਆ ਹੈ।

### ਨਵੇਂ ਮੈਂਬਰ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮੈਂਬਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਮਨਜਿੰਦਰ ਸਿੰਘ ਸਿਰਸਾ ਤੇ ਹਰਮੀਤ ਸਿੰਘ ਕਾਲਕਾ ਦੀ ਅਗਵਾਈ ਹੇਠ ਪੁੱਜੇ ਦਿੱਲੀ ਕਮੇਟੀ ਦੇ ਮੈਂਬਰਾਂ ਨੂੰ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸਿਰੋਪਾਉ ਭੇਟ ਕੀਤੇ ਅਤੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਪੁੱਜਣ ‘ਤੇ ਜਥੇਦਾਰ ਹਰਪ੍ਰੀਤ ਸਿੰਘ ਨੇ ਦਿੱਲੀ ਕਮੇਟੀ ਦੇ ਨਵੇਂ ਮੈਂਬਰਾਂ ਦਾ ਸਨਮਾਨ ਕੀਤਾ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ, ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭਿੱਟੇਵੱਡ ਅਤੇ ਹੋਰ ਅਹੁਦੇਦਾਰਾਂ ਨੇ ਵੀ ਦਿੱਲੀ ਕਮੇਟੀ ਦੇ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਸਨਮਾਨਿਤ ਕੀਤਾ।

# ਟਕਸਾਲੀ ਆਗੂ ਸੇਵਾ ਸਿੰਘ ਸੇਖਵਾਂ ਆਮ ਆਦਮੀ ਪਾਰਟੀ ਵਿਚ ਸ਼ਾਮਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਹਾਜ਼ਰੀ ‘ਚ ਪਾਰਟੀ ‘ਚ ਸ਼ਾਮਲ ਹੋ ਗਏ ਹਨ। ਜਥੇਦਾਰ ਸੇਖਵਾਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਅਕਾਲੀ ਦਲ ਦੀ ਸਰਕਾਰ ‘ਚ ਮੰਤਰੀ ਰਹੇ ਸਨ।



ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਅਕਾਲੀ ਦਲ (ਬਾਦਲ) ਨਾਲ ਉਨ੍ਹਾਂ ਦਾ ਤਿੰਨ ਪੀੜ੍ਹੀਆਂ ਤੋਂ ਸਬੰਧ ਰਿਹਾ ਹੈ ਪਰ ਉਨ੍ਹਾਂ ਦਾ ਹਾਲ-ਚਾਲ ਪੁੱਛਣ ਲਈ ਕੋਈ ਵੀ ਆਗੂ ਇਥੇ ਨਹੀਂ ਆਇਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਜੋ ਦੇਸ਼ ਦੇ ਉਘੇ ਨੇਤਾਵਾਂ ‘ਚੋਂ ਇਕ ਹਨ, ਉਹ ਮੇਰਾ ਹਾਲ ਜਾਣਨ ਲਈ ਮੇਰੇ ਘਰ ਪਹੁੰਚੇ ਹਨ। ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਮੈਂ ‘ਆਪ’ ਨਾਲ ਹਮੇਸ਼ਾ ਖੜ੍ਹਾ ਰਹਾਂਗਾ।”

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀਆਂ ‘ਚੋਂ ਇਕ ਰਹੇ ਸ੍ਰੀ ਸੇਖਵਾਂ ਅਕਾਲੀ ਦਲ (ਬ) ਦੀ ਕੋਰ ਕਮੇਟੀ ਸਮੇਤ ਹੋਰ ਕਮੇਟੀਆਂ ਦਾ ਅਹਿਮ ਹਿੱਸਾ ਵੀ ਰਹੇ ਹਨ। ਉਨ੍ਹਾਂ ਦੇ ਪਿਤਾ ਜਥੇਦਾਰ ਉਜਾਗਰ ਸਿੰਘ ਸੇਖਵਾਂ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਰਹੇ ਸਨ। 1997 ਤੋਂ 2017 ਤੱਕ ਜਥੇਦਾਰ ਸੇਖਵਾਂ ਦੀ ਸਰਹੱਦੀ ਜ਼ਿਲ੍ਹੇ ਅੰਦਰ ਤੂਤੀ ਬੋਲਦੀ ਰਹੀ। 2007 ਤੋਂ 2012 ਤੱਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਜਥੇਦਾਰ ਸੇਖਵਾਂ ਦੇ ਫਰਜ਼ੰਦ ਤੇ ਤੀਜੀ ਪੀੜ੍ਹੀ ਦੇ ਵਾਰਿਸ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਮਾਰਕੀਟ ਕਮੇਟੀ ਕਾਹਨੂੰਵਾਨ ਦੇ ਚੇਅਰਮੈਨ ਵੀ ਰਹੇ।

ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਾਦਾਰ ਸਿਪਾਹੀ ਵਾਂਗ ਵਿਚਰਨ ਵਾਲੇ ਸੇਖਵਾਂ ਪਰਿਵਾਰ ਨੇ 2017 ਦੀਆਂ ਚੋਣਾਂ ਤੋਂ ਬਾਅਦ ਹੁਣ ਤੱਕ ਤਿੰਨ ਪਾਰਟੀਆਂ ‘ਚ ਸ਼ਾਮਲ ਹੋਣ ਦਾ ਸਫਰ ਤੈਅ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਉਹ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਫਿਰ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਤੇ ਹੁਣ ‘ਆਪ’ ਵਿਚ ਸ਼ਾਮਲ ਹੋਏ।

ਜਥੇਦਾਰ ਸੇਖਵਾਂ ਨੂੰ ‘ਆਪ’ ‘ਚ ਸ਼ਾਮਲ ਕਰਨ ਮਗਰੋਂ ਅਰਵਿੰਦ ਕੇਜਰੀਵਾਲ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਥੇਦਾਰ ਸੇਖਵਾਂ ਨੂੰ ਆਮ ਆਦਮੀ ਪਾਰਟੀ ਦੇ ਪਰਿਵਾਰ ‘ਚ ਸ਼ਾਮਲ ਕਰਕੇ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ‘ਅਸੀਂ ਉਨ੍ਹਾਂ ਦਾ ਪਾਰਟੀ ‘ਚ ਸਵਾਗਤ ਕਰਦੇ ਹਾਂ। ਆਮ ਆਦਮੀ ਪਾਰਟੀ ਹੁਣ ਲੋਕਾਂ ਦੀ ਉਮੀਦ ਦੀ ਪਾਰਟੀ ਬਣ ਗਈ ਹੈ। ਪੰਜਾਬ ‘ਚ ਆਪ ਦੀ ਸਰਕਾਰ ਬਣਨ ‘ਤੇ ਲੋਕਾਂ ਦਾ ਜੀਵਨ ਖੁਸ਼ਹਾਲ ਬਣੇਗਾ ਅਤੇ ਪੰਜਾਬ ਅੱਗੇ ਵਧੇਗਾ।’

ਅਰਵਿੰਦ ਕੇਜਰੀਵਾਲ ਨੇ ਕਿਹਾ ਉਹ ਰਾਜਨੀਤੀ ਵਿਚ ਦੇਸ਼ ਦਾ ਸੁਧਾਰ ਕਰਨ ਲਈ ਆਏ ਹਨ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦੀਆਂ ਗਲਤ ਨੀਤੀਆਂ ਕਾਰਨ ਦੇਸ ਦਾ ਨੰਬਰ ਇਕ ਕਹਾਉਣ ਵਾਲਾ ਸੂਬਾ ਪੰਜਾਬ ਪੱਛੜ ਕੇ ਰਹਿ ਚੁੱਕਾ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਰਗੀਆਂ ਸਹੂਲਤਾਂ ਪ੍ਰਦਾਨ ਕਰਕੇ ਉਹ ਸੂਬੇ ਨੂੰ ਮੁੜ ਦੇਸ ਦਾ ਨੰਬਰ ਇਕ ਸੂਬਾ ਬਣਾਉਣਾ ਚਾਹੁੰਦੇ ਹਨ। ਪੱਤਰਕਾਰਾਂ ਵਲੋਂ ਪੰਜਾਬ ਦੇ ਮੁੱਖ ਮੰਤਰੀ ਦਾ ਚਿਹਰਾ ਐਲਾਨ ਕਰਨ ਬਾਰੇ ਪੁੱਛਣ ‘ਤੇ ਸ੍ਰੀ ਕੇਜਰੀਵਾਲ ਟਾਲਾ ਵੱਟ ਗਏ। ਜਥੇਦਾਰ ਸੇਖਵਾਂ ਦੇ ਪੁੱਤਰ ਜਗਰੂਪ ਸਿੰਘ ਸੇਖਵਾਂ ਨੇ ‘ਆਪ’ ਵਿਚ ਸ਼ਾਮਲ ਹੋਣ ਤੋਂ ਬਾਅਦ ਕਿਹਾ ਕਿ ਪਾਰਟੀ ਉਨ੍ਹਾਂ ਦੀ ਜੋ ਵੀ ਡਿਊਟੀ ਲਗਾਏਗੀ, ਉਸ ਨੂੰ ਉਹ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਸੂਬੇ ਦੀ ਸਿਆਸਤ ਬਾਰੇ ਖੁੱਲ੍ਹ ਕੇ ਵਿਚਾਰਾਂ ਹੋਈਆਂ ਹਨ। ਮੰਨਿਆ ਜਾ ਰਿਹਾ ਹੈ ਜਥੇਦਾਰ ਸੇਵਾ ਸਿੰਘ ਸੇਖਵਾਂ ਆਪਣੇ ਪੁੱਤਰ ਜਗਰੂਪ ਸਿੰਘ ਸੇਖਵਾਂ ਨੂੰ ਹਲਕਾ ਕਾਦੀਆਂ ਤੋਂ ਉਮੀਦਵਾਰ ਬਣਾਏ ਜਾਣ ਦੀ ਸਿਫ਼ਾਰਸ਼ ਕਰ ਸਕਦੇ ਹਨ। ਸ੍ਰੀ ਕੇਜਰੀਵਾਲ ਲਗਭਗ ਇਕ ਘੰਟਾ ਜਥੇਦਾਰ ਸੇਖਵਾਂ ਦੇ ਨਿਵਾਸ ‘ਤੇ ਰੁਕੇ।

### ਸੇਖਵਾਂ ਅਕਾਲੀ ਦਲ (ਸੰਯੁਕਤ) ਦੀ ਮੈਂਬਰਸ਼ਿਪ ਤੋਂ ਖਾਰਜ

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਮੁੱਖ ਬੁਲਾਰੇ ਤੇ ਜਨਰਲ ਸਕੱਤਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਸੇਵਾ ਸਿੰਘ ਸੇਖਵਾਂ ਨੂੰ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੀ ਮੁਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੀਜਾ ਬਦਲ ਚਾਹੁੰਦਾ ਹੈ ਅਤੇ ਉਸ ਸਬੰਧੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਪੂਰੀ ਤਰ੍ਹਾਂ ਸੁਹਿਰਦ ਹੈ ਪਰ ਆਮ ਆਦਮੀ ਪਾਰਟੀ ਨੂੰ ਜੋੜ-ਤੋੜ ਕਰਕੇ ਪੰਜਾਬ ਅੰਦਰ ਸਰਕਾਰ ਬਣਾਉਣ ਦਾ ਵੱਡਾ ਭੁਲੇਖਾ ਹੈ।

### ਭਗਵੰਤ ਮਾਨ ਰੁੱਸਿਆ ਨਹੀਂ: ਚੀਮਾ

**ਸੰਗਰੂਰ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਇਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਹੈ ਜਿਨ੍ਹਾਂ ‘ਚ ਕਿਹਾ ਗਿਆ ਕਿ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਮੈਂਬਰ ਲੋਕ ਸਭਾ ਭਗਵੰਤ ਮਾਨ ਪਾਰਟੀ ਹਾਈਕਮਾਨ ਤੋਂ ਰੁੱਸੇ ਹੋਏ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਮੀਟਿੰਗਾਂ ਦੇ ਸਿਲਸਲੇ ‘ਚ ਜਬਲਪੁਰ ਗਏ ਹੋਏ ਸਨ, ਇਸ ਲਈ ਪੰਜਾਬ ਵਿਚ ਕੁਝ ਦਿਨਾਂ ਤੋਂ ਉਨ੍ਹਾਂ ਦੀਆਂ ਸਰਗਰਮੀਆਂ ਠੱਪ ਰਹੀਆਂ। ਚੀਮਾ ਨੇ ਕਿਹਾ ਕਿ ਵੱਖ-ਵੱਖ ਪਾਰਟੀਆਂ ਦੇ ਬਹੁਤ ਸਾਰੇ ਆਗੂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਲਈ ਤਿਆਰ ਹਨ ਪਰ ਹੁਣ ਪਾਰਟੀ ਸਮਾਜਿਕ ਕਾਰਕੁਨਾਂ ਨੂੰ ਪਾਰਟੀ ‘ਚ ਸ਼ਾਮਲ ਹੋਣ ਲਈ ਪਹਿਲ ਦੇਵੇਗੀ।

# ਸੁੰਦਰੀਕਰਨ ਤੋਂ ਬਾਅਦ ਮੋਦੀ ਵੱਲੋਂ ਜਲ੍ਹਿਆਂਵਾਲਾ ਬਾਗ ਸਮਾਰਕ ਲੋਕ ਅਰਪਣ

**ਅੰਮ੍ਰਿਤਸਰ:** ਕਿਸਾਨਾਂ ਅਤੇ ਨੌਜਵਾਨ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੁੰਦਰੀਕਰਨ ਤੋਂ ਬਾਅਦ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਰਚੁਅਲ ਤੌਰ ‘ਤੇ ਲੋਕ ਅਰਪਣ ਕਰ ਦਿੱਤਾ ਗਿਆ। ਪ੍ਰਧਾਨ ਮੰਤਰੀ ਨੇ ਆਖਿਆ ਕਿ ਇਹ ਸ਼ਹੀਦੀ ਸਮਾਰਕ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਹੈ। ਇਸ ਦੇ ਨਵੀਨੀਕਰਨ ਤੋਂ ਬਾਅਦ ਇਹ ਹੋਰ ਵੀ ਸੁੰਦਰ ਰੂਪ ਵਿਚ ਲੋਕਾਂ ਦੇ ਸਾਹਮਣੇ ਹੋਵੇਗਾ।

ਉਨ੍ਹਾਂ ਆਖਿਆ ਕਿ ਇਸ ਘਟਨਾ ਤੋਂ ਪ੍ਰੇਰਿਤ ਹੋ ਕੇ ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ ਤੇ ਹੋਰ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਸ਼ਾਮਲ ਹੋਏ ਸਨ। ਇਹ ਦੇਸ਼ ਦੀ ਆਜ਼ਾਦੀ ਦੀ ਕਦੇ ਨਾ ਭੁੱਲਣ ਵਾਲੀ ਘਟਨਾ ਹੈ, ਜਿਸ ਦੇ ਸਿੱਟੇ ਵਜੋਂ ਦੇਸ਼ ਨੂੰ ਆਜ਼ਾਦੀ ਮਿਲੀ ਅਤੇ ਅੱਜ ਦੇਸ਼ ਵਾਸੀ ਆਜ਼ਾਦੀ ਦਾ 75ਵਾਂ ਵਰ੍ਹਾ ਮਨਾ ਰਹੇ ਹਨ। ਮੋਦੀ ਨੇ ਦੇਸ਼ ਵੰਡ ਦਾ ਜ਼ਿਕਰ ਕਰਦਿਆਂ ਆਖਿਆ ਕਿ ਇਸ ਘਟਨਾ ਵਿਚ ਦੇਸ਼ ਨੂੰ ਵੱਡਾ ਨੁਕਸਾਨ ਹੋਇਆ ਸੀ ਅਤੇ ਇਸ ਘਟਨਾ ਨੂੰ ਹੁਣ ਹਰ ਵਰ੍ਹੇ 14 ਅਗਸਤ ਨੂੰ ਦੇਸ਼ ਵੰਡ ਦੁਖਾਂਤ ਦਿਹਾੜੇ ਵਜੋਂ ਮਨਾਇਆ ਜਾਵੇਗਾ।

ਪ੍ਰਧਾਨ ਮੰਤਰੀ ਨੇ ਇਸ ਮੌਕੇ ਗੁਰੂ ਗੋਬਿੰਦ ਸਿੰਘ ਵੱਲੋਂ ਖਾਲਸਾ ਪੰਥ ਦੀ ਸਾਜਨਾ ਵਾਲੇ ਦਿਨ ਨੂੰ ਵੀ ਯਾਦ ਕੀਤਾ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਵਿਚ ਆਜ਼ਾਦੀ ਸੰਗਰਾਮ ਨਾਲ ਜੁੜੀਆਂ ਯਾਦਗਾਰਾਂ ਨੂੰ ਸੰਭਾਲਿਆ ਜਾ ਰਿਹਾ ਹੈ ਅਤੇ ਇਨ੍ਹਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਮੌਜੂਦਾ ਸਮੇਂ ‘ਚ ਦੇਸ਼ ਨੂੰ ਆਤਮ ਨਿਰਭਰ ਬਣਾਉਣਾ ਜ਼ਰੂਰੀ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੜ ਮੁਰੰਮਤ ਕੀਤੇ ਗਏ ਜਲ੍ਹਿਆਂਵਾਲਾ ਬਾਗ ਸਮਾਰਕ ਨੂੰ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਅਤੇ ਨੌਜਵਾਨਾਂ ਲਈ ਪ੍ਰੇਰਨਾ ਦਾ ਪ੍ਰਤੀਕ ਕਰਾਰ ਦਿੰਦਿਆਂ ਕਿਹਾ ਕਿ ਇਹ ਯਾਦਗਾਰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਮਹੂਰੀ ਢੰਗ ਨਾਲ ਸ਼ਾਂਤਮਈ ਰੋਸ ਪ੍ਰਗਟਾਉਣ ਦੇ ਲੋਕਾਂ ਦੇ ਅਧਿਕਾਰ ਬਾਰੇ ਯਾਦ ਕਰਵਾਉਂਦੀ ਰਹੇਗੀ।

ਸ਼ਾਂਤਮਈ ਤਰੀਕੇ ਨਾਲ ਸੰਘਰਸ਼ਸ਼ੀਲ ਕਿਸਾਨਾਂ ਦੇ ਚੱਲ ਰਹੇ ਅੰਦੋਲਨ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮਾਰਕ ਦੇ ਨਾਲ-ਨਾਲ ਸੂਬਾ ਸਰਕਾਰ ਵੱਲੋਂ ਹਾਲ ਹੀ ਵਿਚ ਲੋਕਾਂ ਨੂੰ ਸਮਰਪਿਤ ਕੀਤੀ ਜਲ੍ਹਿਆਂਵਾਲਾ ਬਾਗ ਸ਼ਤਾਬਦੀ ਯਾਦਗਾਰ ਤੋਂ ਸਾਡੇ ਨੇਤਾਵਾਂ ਨੂੰ ਸਬਕ ਸਿੱਖਣਾ ਚਾਹੀਦਾ ਹੈ ਕਿ ਸ਼ਾਂਤਮਈ ਰਹਿ ਕੇ ਜਮਹੂਰੀ ਢੰਗ ਨਾਲ ਰੋਸ ਪ੍ਰਗਟਾਉਣਾ ਭਾਰਤੀਆਂ ਦਾ ਅਨਿੱਖੜਵਾਂ ਅਧਿਕਾਰ ਹੈ ਜਿਸ ਨੂੰ ਕੁਚਲਿਆ ਨਹੀਂ ਜਾ ਸਕਦਾ ਕਿਉਂਕਿ ਅੰਗਰੇਜ਼ਾਂ ਨੇ ਵੀ ਜਲ੍ਹਿਆਂਵਾਲਾ ਬਾਗ ਦੀ ਘਟਨਾ ਤੋਂ ਸਬਕ ਸਿੱਖਿਆ ਸੀ।

### ਸ਼ਹੀਦਾਂ ਦੇ ਪਰਿਵਾਰ ਸੂਬਾ ਤੇ ਕੇਂਦਰ ਸਰਕਾਰ ਤੋਂ ਖਫਾ

**ਅੰਮ੍ਰਿਤਸਰ:** ਕੇਂਦਰ ਅਤੇ ਸੂਬਾ ਸਰਕਾਰ ਤੋਂ ਨਿਰਾਸ਼ ਸਾਕਾ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੇ ਪਰਿਵਾਰਾਂ ਨੇ ਭਵਿੱਖ ਵਿਚ ਸਰਕਾਰੀ ਸਮਾਗਮਾਂ ਵਿਚ ਸ਼ਾਮਲ ਨਾ ਹੋਣ ਦਾ ਫੈਸਲਾ ਕੀਤਾ ਹੈ। ਇਹ ਪਰਿਵਾਰ ਤਾਮਰ ਪੱਤਰ ਅਤੇ ਸ਼ਹੀਦ ਪਰਿਵਾਰਾਂ ਵਾਲੀਆਂ ਸਹੂਲਤਾਂ ਦੀ ਮੰਗ ਕਰ ਰਹੇ ਹਨ। ਜਲ੍ਹਿਆਂਵਾਲਾ ਬਾਗ ਫਰੀਡਮ ਫਾਈਟਰ ਫਾਊਂਡੇਸ਼ਨ ਦੇ ਮੁਖੀ ਸੁਨੀਲ ਕਪੂਰ ਨੇ ਆਖਿਆ ਕਿ ਜਦੋਂ ਤੱਕ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਮਾਨ-ਸਨਮਾਨ ਨਹੀਂ ਦਿੱਤਾ ਜਾਂਦਾ, ਉਦੋਂ ਤੱਕ ਉਹ ਸੂਬਾ ਅਤੇ ਕੇਂਦਰ ਸਰਕਾਰ ਦੇ ਕਿਸੇ ਵੀ ਸਮਾਗਮ ਵਿਚ ਸ਼ਾਮਲ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਵੱਲੋਂ ਜਲ੍ਹਿਆਂਵਾਲਾ ਬਾਗ ਦੇ ਨਵੀਨੀਕਰਨ ਤੋਂ ਬਾਅਦ ਇਸ ਦਾ ਉਦਘਾਟਨ ਕੀਤਾ ਗਿਆ ਤਾਂ ਉਸ ਵੇਲੇ ਸ਼ਹੀਦ ਪਰਿਵਾਰਾਂ ਨੂੰ ਉਮੀਦ ਸੀ ਕਿ ਉਹ ਸ਼ਹੀਦਾਂ ਦੇ ਪਰਿਵਾਰਾਂ ਦੀਆਂ ਇਹ ਮੰਗਾਂ ਮੰਨਣ ਬਾਰੇ ਐਲਾਨ ਕਰਨਗੇ ਪਰ ਅਜਿਹਾ ਨਹੀਂ ਹੋਇਆ।

# ਤਾਲਿਬਾਨ ਦੇ ਕਬਜ਼ੇ ਪਿੱਛੋਂ ਅਫਗਾਨਿਸਤਾਨ ਵਿਚ ਵਿਗੜੇ ਹਾਲਾਤ

**ਕਾਬੁਲ:** ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਅਫਗਾਨਿਸਤਾਨ ਵਿਚ ਲਗਾਤਾਰ ਹਾਲਾਤ ਵਿਗੜ ਰਹੇ ਹਨ। ਕਾਬੁਲ ਦੇ ਹਾਮਿਦ ਕਰਜ਼ਈ ਹਵਾਈ ਅੱਡੇ ਦੇ ਬਾਹਰ ਹੋਏ ਦੋ ਬੰਬ ਧਮਾਕਿਆਂ ਵਿਚ 13 ਅਮਰੀਕੀ ਫੌਜੀਆਂ ਸਣੇ 200 ਦੇ ਕਰੀਬ ਮੌਤਾਂ ਹੋ ਗਈਆਂ ਹਨ। ਇਸ ਤੋਂ ਬਾਅਦ ਇਥੇ ਦਹਿਸ਼ਤ ਵਾਲੇ ਹਾਲਾਤ ਬਣੇ ਹੋਏ ਹਨ। ਅਮਰੀਕੀ ਖੁਫੀਆ ਏਜੰਸੀਆਂ ਵੱਲੋਂ ਅਜੇ ਹੋਰ ਹਮਲਿਆਂ ਬਾਰੇ ਚਿਤਾਵਨੀ ਜਾਰੀ ਕੀਤੀ ਗਈ ਹੈ।

ਇਨ੍ਹਾਂ ਹਮਲਿਆਂ ਪਿੱਛੋਂ ਅਮਰੀਕਾ ਨੇ ਅਫਗਾਨਿਸਤਾਨ ਵਿਚ ਇਸਲਾਮਿਕ ਸਟੇਟ ਦੇ 'ਸਾਜ਼ਿਸ਼ ਕਰਨ ਵਾਲਿਆਂ' ਵਿਰੁੱਧ ਡਰੋਨ ਹਮਲਾ ਕੀਤਾ। ਕਾਬੁਲ ਹਵਾਈ ਅੱਡੇ 'ਤੇ ਹੋਏ ਆਤਮਘਾਤੀ ਬੰਬ ਧਮਾਕਿਆਂ ਦੇ 48 ਘੰਟਿਆਂ ਤੋਂ ਵੀ ਘੱਟ ਸਮੇਂ ਬਾਅਦ ਅਮਰੀਕਾ ਨੇ ਜਵਾਬੀ ਕਾਰਵਾਈ ਕੀਤੀ। ਇਹ ਮਨੁੱਖ ਰਹਿਤ ਹਵਾਈ ਹਮਲਾ ਅਫਗਾਨਿਸਤਾਨ ਦੇ ਨੰਗਰਹਰ ਪ੍ਰਾਂਤ ਵਿਚ ਹੋਇਆ।

ਧਮਾਕਿਆਂ ਦੇ ਮੱਦੇਨਜ਼ਰ ਹੁਣ ਕਾਬੁਲ ਹਵਾਈ ਅੱਡੇ ਰਾਹੀਂ ਲੋਕਾਂ ਨੂੰ ਅਫਗਾਨਿਸਤਾਨ ਵਿਚੋਂ ਕੱਢੇ ਜਾਣ ਦੀ ਮੁਹਿੰਮ ਹੋਰ ਤੇਜ਼ ਕਰ ਦਿੱਤੀ ਗਈ ਹੈ। ਲੋਕਾਂ ਨੂੰ ਤਾਲਿਬਾਨ ਦੇ ਕਬਜ਼ੇ ਵਾਲੇ



ਦੇਸ਼ ਵਿਚੋਂ ਕੱਢੇ ਜਾਣ ਲਈ ਮਿਥੀ ਗਈ ਆਖਰੀ ਤਰੀਕ (31 ਅਗਸਤ) ਤੱਕ ਹੋਰ ਧਮਾਕੇ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਗਿਆ ਸੀ। ਤਾਲਿਬਾਨ ਦੇ ਮੈਂਬਰ ਭਾਰੇ ਮਾਰੂ ਹਥਿਆਰਾਂ ਨਾਲ ਹਵਾਈ ਅੱਡੇ ਤੋਂ 500 ਮੀਟਰ ਦੂਰ ਇਕ ਇਲਾਕੇ ਵਿਚ ਗਸ਼ਤ ਕਰ ਰਹੇ ਹਨ ਤਾਂ ਕਿ ਕੋਈ ਵੀ ਇਸ ਖੇਤਰ ਤੋਂ ਅੱਗੇ ਨਾ ਜਾ ਸਕੇ। ਅਗਸਤ 2011 ਤੋਂ ਬਾਅਦ ਅਮਰੀਕੀ ਬਲਾਂ ਲਈ ਇਹ ਅਫਗਾਨਿਸਤਾਨ ਵਿਚ ਸਭ ਤੋਂ ਮਾੜਾ ਦਿਨ ਸਾਬਤ ਹੋਇਆ ਹੈ। ਅਫਗਾਨ ਅਧਿਕਾਰੀਆਂ ਨੇ ਕਿਹਾ ਕਿ ਮ੍ਰਿਤਕਾਂ ਦੀ ਗਿਣਤੀ ਵਧ ਸਕਦੀ ਹੈ। ਅਮਰੀਕਾ ਨੇ ਕਿਹਾ ਕਿ ਇਕ ਲੱਖ ਤੋਂ ਵੱਧ ਲੋਕਾਂ ਨੂੰ ਕਾਬੁਲ ਤੋਂ ਸੁਰੱਖਿਅਤ ਕੱਢ ਲਿਆ ਗਿਆ ਹੈ। ਪਰ ਕਰੀਬ 1000 ਅਮਰੀਕੀ ਅਜੇ ਵੀ ਉਥਲ-ਪੁਥਲ ਤੇ ਹਿੰਸਾ ਦੇ ਸ਼ਿਕਾਰ ਮੁਲਕ ਵਿਚ ਮੌਜੂਦ ਹਨ। ਇਸੇ ਦੌਰਾਨ ਪੈਂਟਾਗਨ ਨੇ ਕਿਹਾ ਹੈ ਕਿ ਕਾਬੁਲ ਅਤਿਵਾਦੀ ਹਮਲਾ ਹਵਾਈ ਅੱਡੇ ਦੇ ਗੇਟ ਉਤੇ ਇਕੋ ਫਿਦਾਈਨ ਵੱਲੋਂ ਕੀਤਾ ਗਿਆ ਹੈ। ਨੇੜਲੇ ਹੋਟਲ ਵਿਚ ਕੋਈ ਧਮਾਕਾ ਨਹੀਂ ਹੋਇਆ।

ਯੂ.ਕੇ. ਦੇ ਵਿਦੇਸ਼ ਮੰਤਰੀ ਡੌਮੀਨਿਕ ਰਾਬ ਨੇ ਕਿਹਾ ਕਿ ਕਾਬੁਲ ਧਮਾਕਿਆਂ ਵਿਚ ਤਿੰਨ ਬਰਤਾਨਵੀ ਨਾਗਰਿਕ ਵੀ ਮਾਰੇ ਗਏ ਹਨ। ਮ੍ਰਿਤਕਾਂ ਵਿਚ ਬੱਚਾ ਵੀ ਸ਼ਾਮਲ ਹੈ। ਦੋ ਹੋਰ ਬਰਤਾਨਵੀ ਨਾਗਰਿਕ ਫੱਟੜ ਵੀ ਹੋਏ ਹਨ। ਰਾਬ ਨੇ ਕਿਹਾ ਕਿ ਉਹ ਦੋ ਬਰਤਾਨਵੀ ਨਾਗਰਿਕਾਂ ਤੇ ਇਕ ਬਰਤਾਨਵੀ ਨਾਗਰਿਕ ਦੇ ਬੱਚੇ ਦੀ ਮੌਤ ਤੋਂ ਬੇਹੱਦ ਦੁਖੀ ਹਨ। ਮੰਤਰੀ ਨੇ ਕਿਹਾ ਕਿ ਯੂਕੇ ਅਫਗਾਨਿਸਤਾਨ ਦੇ ਲੋਕਾਂ ਨੂੰ ਮੁਸ਼ਕਲ ਦੇ ਸਮੇਂ 'ਪਿੱਠ ਨਹੀਂ ਦਿਖਾਏਗਾ' ਤੇ ਦਹਿਸ਼ਤਗਰਦਾਂ ਦੇ ਦਬਾਅ ਵਿਚ ਨਹੀਂ ਆਵੇਗਾ। ਮ੍ਰਿਤਕ ਹਵਾਈ ਅੱਡੇ ਦੇ ਬਾਹਰ ਉਡਾਣ ਦੀ ਉਡੀਕ ਵਿਚ ਸਨ।

## ਲੋਕਾਂ ਨੂੰ ਬਾਹਰ ਕੱਢਣਾ ਜਾਰੀ ਰੱਖਾਂਗੇ: ਬਾਇਡਨ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਕ ਭਾਵਨਾਤਮਕ ਭਾਸ਼ਣ ਦਿੰਦਿਆਂ ਇਨ੍ਹਾਂ ਹਮਲਿਆਂ ਲਈ ਅਤਿਵਾਦੀ ਜਥੇਬੰਦੀ ਇਸਲਾਮਿਕ ਸਟੇਟ ਦੀ ਅਫਗਾਨਿਸਤਾਨ ਵਿਚਲੀ ਇਕਾਈ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਜ਼ਿਕਰਯੋਗ ਹੈ ਕਿ ਇਹ ਇਕਾਈ ਤਾਲਿਬਾਨ ਦਹਿਸ਼ਤਗਰਦਾਂ ਨਾਲੋਂ ਵੀ ਕਈ ਗੁਣਾ ਵੱਧ ਕੱਟੜ ਹੈ। ਬਾਇਡਨ ਨੇ ਕਿਹਾ ਕਿ ਉਨ੍ਹਾਂ ਫੌਜੀ ਕਮਾਂਡਰਾਂ ਨੂੰ ਹੁਕਮ ਦੇ ਦਿੱਤੇ ਹਨ ਕਿ ਆਈ.ਐਸ. ਦੇ ਅਸਾਸਿਆਂ ਨੂੰ ਨਿਸ਼ਾਨਾ ਬਣਾਉਣ ਲਈ ਯੋਜਨਾ ਘੜੀ ਜਾਵੇ। ਇਸ ਦੇ ਆਗੂਆਂ ਤੇ ਹੋਰ ਟਿਕਾਣਿਆਂ ਨੂੰ ਵੀ ਅਮਰੀਕਾ ਨਿਸ਼ਾਨਾ ਬਣਾਏਗਾ। ਬਾਇਡਨ ਨੇ ਕਿਹਾ ਕਿ ਅਮਰੀਕਾ ਆਪਣੇ ਨਾਗਰਿਕਾਂ ਤੇ ਅਫਗਾਨ ਸਾਥੀਆਂ ਨੂੰ ਬਚਾਉਣਾ ਜਾਰੀ ਰੱਖੇਗਾ।

## ਪੰਜਾਬੀ ਯੂਨੀਵਰਸਿਟੀ 'ਚ 'ਸੰਤੋਖ ਸਿੰਘ ਧੀਰ ਚੇਅਰ' ਬਣਾਉਣ 'ਤੇ ਜ਼ੋਰ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਸਾਹਿਤ ਜਗਤ ਦੇ ਵਿਸ਼ਵ ਪ੍ਰਸਿੱਧ ਲੇਖਕ ਸੰਤੋਖ ਸਿੰਘ ਧੀਰ ਦੀ ਯਾਦ ਵਿਚ ਚੇਅਰ ਸਥਾਪਤ ਕਰਨ ਦੀ ਮੰਗ ਉੱਠੀ ਹੈ। ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਡਾ. ਭੀਮਇੰਦਰ ਸਿੰਘ ਦੀ ਦੇਖ-ਰੇਖ ਹੇਠ ਕਰਵਾਏ ਗਏ ਦੋ-ਰੋਜ਼ਾ ਕੌਮਾਂਤਰੀ ਵੈਬਿਨਾਰ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਸਾਹਿਤਕਾਰ ਗੁਰਬਚਨ ਸਿੰਘ ਭੁੱਲਰ ਦਾ ਕਹਿਣਾ ਸੀ ਕਿ ਇਹ ਚੇਅਰ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਹਿਤ ਚਿੰਤਨ ਅਤੇ ਪ੍ਰੇਰਣਾ ਦਾ ਸਰੋਤ ਸਾਬਤ ਹੋਵੇਗੀ। ਵੈਬਿਨਾਰ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਵਾਈਸ ਚਾਂਸਲਰ ਡਾ. ਅਰਵਿੰਦ ਨੇ ਕਿਹਾ ਕਿ ਸ੍ਰੀ ਧੀਰ ਦਾ ਸਾਹਿਤ ਲੋਕਾਈ ਨੂੰ ਜੋੜਨ ਦਾ ਹੋਕਾ ਦਿੰਦਾ ਹੈ, ਜੋ ਅੱਜ ਦੇ ਟੁੱਟ-ਭੱਜ ਦੇ ਦੌਰ ਵਿਚ ਹੋਰ ਵੀ ਪ੍ਰਸੰਗਕ ਹੋ ਜਾਂਦਾ ਹੈ। ਡਾ. ਧਨਵੰਤ ਕੌਰ ਨੇ ਕਿਹਾ ਕਿ ਸ੍ਰੀ ਧੀਰ ਨੇ ਲੋਕ-ਪੱਖੀ ਸਾਹਿਤ ਦੀ ਰਚਨਾ ਕਰਕੇ ਸਮਾਜ ਵਿਚ ਉੱਚ ਕੋਟੀ ਦੇ ਸਾਹਿਤਕਾਰ ਵਜੋਂ ਮੁਕਾਮ ਹਾਸਲ ਕੀਤਾ ਹੈ। ਇਸ ਮੌਕੇ ਡਾ. ਸੁਖਦੇਵ ਸਿੰਘ ਸਿਰਸਾ ਦਾ ਕਹਿਣਾ ਸੀ ਕਿ ਸ੍ਰੀ ਧੀਰ ਨੇ ਆਪਣਾ ਸਾਹਿਤ ਕਿਰਤੀਆਂ, ਕਿਸਾਨਾਂ ਅਤੇ ਮਜ਼ਦੂਰ ਜਮਾਤ ਦੀ ਨੁਕਤਾ ਨਿਗਾਹ ਤੋਂ ਪੇਸ਼ ਕੀਤਾ।

# ਅਫਗਾਨਿਸਤਾਨ 'ਚ ਬਰਤਾਨੀਆ ਦੀ 20 ਸਾਲਾਂ ਦੀ ਫੌਜੀ ਮੁਹਿੰਮ ਖਤਮ

**ਲੰਡਨ:** ਬਰਤਾਨੀਆ ਨੇ ਅਫਗਾਨਿਸਤਾਨ ਵਿਚ ਆਪਣੀ 20 ਸਾਲ ਤੋਂ ਜਾਰੀ ਫੌਜੀ ਮੁਹਿੰਮ ਖਤਮ ਕਰ ਦਿੱਤੀ ਹੈ। ਬਾਕੀ ਰਹਿੰਦੇ ਫੌਜੀਆਂ ਨੂੰ ਲੈ ਕੇ ਆਖਰੀ ਜਹਾਜ਼ ਬਰਤਾਨੀਆ ਪਰਤ ਆਇਆ ਹੈ। ਅਫਗਾਨਿਸਤਾਨ ਵਿਚ ਬਰਤਾਨੀਆ ਦੇ ਰਾਜਦੂਤ ਸਰ ਲੌਰੀ ਬਰਿਸਟੋ ਵੀ ਪਰਤ ਆਏ ਹਨ ਜੋ ਕਿ ਲੋਕਾਂ ਨੂੰ ਕੱਢਣ ਦੇ ਅਪਰੇਸ਼ਨ ਦੀ ਨਿਗਰਾਨੀ ਕਰ ਰਹੇ ਸਨ।

ਇਸੇ ਮੁਹਿੰਮ ਦਾ ਹਿੱਸਾ ਵਾਈਸ-ਐਡਮਿਰਲ ਸਰ ਬੈੱਨ ਕੀਅ ਨੇ ਕਿਹਾ ਕਿ 'ਇਸ ਗੱਲ ਦਾ ਦੁਖ ਹੈ ਕਿ ਉਹ ਸਭ ਕੁਝ ਨੇਪਰੇ ਨਹੀਂ ਚੜ੍ਹ ਸਕਿਆ ਜਿਸ ਬਾਰੇ ਸੋਚਿਆ ਗਿਆ ਸੀ।'

ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਇਕ ਵੀਡੀਓ ਪੋਸਟ ਕਰਦਿਆਂ ਕਿਹਾ ਕਿ 'ਅਪਰੇਸ਼ਨ ਪਿਟਿੰਗ ਖਤਮ ਹੋ ਗਿਆ ਹੈ ਤੇ ਇਸ ਤਰ੍ਹਾਂ ਦਾ ਪਹਿਲਾਂ ਕਦੇ ਨਹੀਂ ਦੇਖਿਆ।' ਉਨ੍ਹਾਂ ਕਿਹਾ ਕਿ ਬਰਤਾਨਵੀ ਸੈਨਾ ਨੇ ਇਸ ਅਪਰੇਸ਼ਨ ਨੂੰ ਸਿਰੇ ਚੜ੍ਹਾਉਣ ਲਈ ਦਿਨ-ਰਾਤ ਇਕ ਕੀਤਾ ਜਦਕਿ ਸਥਿਤੀਆਂ ਬੇਹੱਦ ਖਤਰਨਾਕ ਸਨ। ਜੌਹਨਸਨ ਨੇ ਨਾਲ ਹੀ ਕਿਹਾ ਕਿ ਯੂਕੇ ਦੀ ਅਫਗਾਨਿਸਤਾਨ ਵਿਚ ਮੌਜੂਦਗੀ ਨੇ 'ਅਲ ਕਾਇਦਾ ਨੂੰ ਸਾਡੇ ਦਰਾਂ ਤੋਂ ਦੋ ਦਹਾਕੇ ਦੂਰ ਰੱਖਿਆ ਤੇ ਅਸੀਂ ਸਾਰੇ ਸੁਰੱਖਿਅਤ ਵੀ ਰਹੇ।' ਉਨ੍ਹਾਂ 2001 ਤੋਂ ਯੂਕੇ ਦੀ ਫੌਜ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਵੀ ਸਿਜਦਾ ਕੀਤਾ। ਪ੍ਰਧਾਨ ਮੰਤਰੀ



ਨੇ ਕਿਹਾ ਕਿ ਉਹ ਅਮਰੀਕਾ ਦੇ ਨਾਲ ਅਮਰੀਕਾ ਦੀ ਮਦਦ ਲਈ ਅਫਗਾਨਿਸਤਾਨ ਆਏ ਸਨ, ਪਰ ਇਸ ਤਰ੍ਹਾਂ ਉਥੋਂ ਨਿਕਲਾਂਗੇ, ਇਹ ਕਦੇ ਨਹੀਂ ਸੋਚਿਆ ਸੀ।

ਉਨ੍ਹਾਂ ਕਿਹਾ ਕਿ ਅਮਰੀਕਾ, ਯੂਕੇ ਤੇ ਹੋਰ ਸਾਥੀ ਮੁਲਕ ਤਾਲਿਬਾਨ ਨਾਲ ਇਸ ਅਧਾਰ ਉਤੇ ਤਾਲਮੇਲ ਨਹੀਂ ਕਰਨਗੇ ਕਿ ਉਹ ਕੀ ਕਹਿੰਦੇ ਹਨ। ਪਰ ਜੋ ਉਹ ਕਰ ਕੇ ਦਿਖਾਉਣਗੇ, ਉਸ ਅਧਾਰ ਉਤੇ ਰਾਬਤਾ ਕੀਤਾ ਜਾਵੇਗਾ। ਜੌਹਨਸਨ ਨੇ ਕਿਹਾ ਕਿ ਜੇਕਰ ਕਾਬੁਲ ਦੀ ਨਵੀਂ ਸਰਕਾਰ ਮਾਨਤਾ ਚਾਹੁੰਦੀ ਹੈ ਤਾਂ ਉਸ ਨੂੰ ਉਨ੍ਹਾਂ ਲੋਕਾਂ ਨੂੰ ਸੁਰੱਖਿਅਤ ਨਿਕਲਣ ਦੇਣਾ ਚਾਹੀਦਾ ਹੈ ਜੋ ਦੇਸ਼ ਛੱਡਣਾ ਚਾਹੁੰਦੇ ਹਨ।

ਅਫਗਾਨਿਸਤਾਨ ਵਿਚ ਔਰਤਾਂ ਤੇ ਲੜਕੀਆਂ ਦੇ ਹੱਕਾਂ ਦਾ ਸਤਿਕਾਰ ਯਕੀਨੀ ਬਣਾਉਣਾ ਪਏਗਾ ਤੇ ਮੁਲਕ ਦੀ ਧਰਤੀ ਨੂੰ ਅਤਿਵਾਦ ਲਈ ਵਰਤੇ ਜਾਣ ਤੋਂ ਰੋਕਣਾ ਪਏਗਾ। 'ਦਿ ਸੰਡੇ ਟੈਲੀਗ੍ਰਾਫ' ਵਿਚ ਲਿਖਦਿਆਂ ਵਿਦੇਸ਼ ਸਕੱਤਰ ਡੌਮੀਨਿਕ ਰਾਬ ਨੇ ਕਿਹਾ ਕਿ ਯੂਕੇ ਅਤਿਵਾਦੀਆਂ ਉਤੇ ਪਾਬੰਦੀਆਂ ਲਾ ਸਕਦਾ ਹੈ, ਪਰ ਇਹ ਉਸ ਗੱਲ ਉਤੇ ਨਿਰਭਰ ਕਰਦਾ ਹੈ ਕਿ 'ਤਾਲਿਬਾਨ ਮੁੱਖ ਮੁੱਦਿਆਂ ਉਤੇ ਕੀ ਰੁਖ ਅਖਤਿਆਰ ਕਰਦਾ ਹੈ।' ਯੂਕੇ ਕਾਬੁਲ ਨਾਲ ਕੂਟਨੀਤਕ ਰਿਸ਼ਤੇ ਬਹਾਲ ਕਰਨ ਲਈ ਵੀ ਤਿਆਰ ਹੈ ਪਰ ਪਹਿਲਾਂ ਉਥੇ ਸਰਕਾਰ ਦੇ ਗਠਨ ਤੇ ਸ਼ਾਂਤੀ ਬਹਾਲੀ ਦੀ ਉਡੀਕ ਕੀਤੀ ਜਾਵੇਗੀ।

## ਬਰਤਾਨਵੀ ਅਤੇ ਅਫਗਾਨ ਨਾਗਰਿਕ ਬਰਤਾਨੀਆ ਲਿਆਂਦੇ

'ਡਾਊਨਿੰਗ ਸਟ੍ਰੀਟ' ਮੁਤਾਬਕ ਅਫਗਾਨਿਸਤਾਨ ਵਿਚੋਂ ਯੂਕੇ ਨੇ 2200 ਬੱਚੇ ਕੱਢੇ ਹਨ। ਇਕ ਬੱਚਾ ਤਾਂ ਬਰਤਾਨੀਆ ਨੂੰ ਜਾ ਰਹੀ ਉਡਾਣ ਵਿਚ ਪੈਦਾ ਹੋਇਆ ਹੈ। ਇਸ ਤੋਂ ਇਲਾਵਾ 5000 ਬਰਤਾਨਵੀ ਨਾਗਰਿਕ, 8000 ਅਫਗਾਨ ਤੇ ਦੂਤਾਵਾਸ ਦਾ ਮੌਜੂਦਾ ਤੇ ਸਾਬਕਾ ਸਟਾਫ ਵੀ ਉਥੋਂ ਕੱਢ ਕੇ ਲਿਆਂਦਾ ਗਿਆ ਹੈ। ਦੂਜੀ ਵਿਸ਼ਵ ਜੰਗ ਤੋਂ ਬਾਅਦ ਬਰਤਾਨੀਆ ਲਈ ਇਹ ਸਭ ਤੋਂ ਵੱਡਾ ਅਪਰੇਸ਼ਨ ਸਾਬਤ ਹੋਇਆ ਹੈ।

# ਤਿਉਹਾਰਾਂ ਤੋਂ ਪਹਿਲਾਂ ਕਰੋਨਾ ਵਾਇਰਸ ਬਾਰੇ ਚੌਕਸੀ



**ਨਵੀਂ ਦਿੱਲੀ:** ਤਿਉਹਾਰਾਂ ਦਾ ਮੌਸਮ ਸ਼ੁਰੂ ਹੋਣ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕਿਹਾ ਹੈ ਕਿ ਉਹ ਕਿਤੇ ਵੀ ਭੀੜ ਇਕੱਠੀ ਨਾ ਹੋਣ ਦੇਣ ਅਤੇ ਕਰੋਨਾ ਵਾਇਰਸ ਫੈਲਣ ਤੋਂ ਰੋਕਣ ਲਈ ਸਖਤ ਕਦਮ ਉਠਾਉਣ।

ਕੋਵਿਡ-19 ਦਿਸ਼ਾ ਨਿਰਦੇਸ਼ 30 ਸਤੰਬਰ ਤੱਕ ਵਧਾਉਂਦਿਆਂ ਕੇਂਦਰੀ ਗ੍ਰਹਿ ਸਕੱਤਰ ਅਜੈ ਭੱਲਾ ਨੇ ਕਿਹਾ ਕਿ ਕੌਮੀ ਪੱਧਰ 'ਤੇ ਮਹਾਮਾਰੀ ਦੇ ਹਾਲਾਤ ਹੁਣ ਜ਼ਿਆਦਾਤਰ ਸਥਿਰ ਦਿਖਾਈ ਦਿੰਦੇ ਹਨ ਪਰ ਕੁਝ ਸੂਬਿਆਂ 'ਚ ਕਰੋਨਾ ਮੁੜ ਤੇਜ਼ੀ ਨਾਲ ਫੈਲ ਰਿਹਾ ਹੈ। ਉਨ੍ਹਾਂ ਸਾਰੇ ਸੂਬਿਆਂ ਅਤੇ ਯੂਟੀਜ਼ ਦੇ ਮੁੱਖ ਸਕੱਤਰਾਂ ਨੂੰ ਚਿੱਠੀ ਲਿਖ ਕੇ ਕਿਹਾ ਕਿ ਕੁਝ ਜ਼ਿਲ੍ਹਿਆਂ 'ਚ ਸਰਗਰਮ ਕੇਸ ਅਤੇ ਪਾਜੇਟੀਵਿਟੀ ਦਰ ਲਗਾਤਾਰ ਵਧ ਰਹੀ ਹੈ ਜੋ ਚਿੰਤਾ ਦਾ ਵਿਸ਼ਾ ਹੈ। ਗ੍ਰਹਿ ਸਕੱਤਰ ਨੇ ਸਲਾਹ ਦਿੱਤੀ ਹੈ ਕਿ ਆਉਂਦੇ ਤਿਉਹਾਰਾਂ ਨੂੰ ਦੇਖਦਿਆਂ ਵੱਡੇ ਇਕੱਠਾਂ ਤੋਂ ਗੁਰੇਜ਼ ਕੀਤਾ ਜਾਵੇ ਅਤੇ ਲੋੜ ਪੈਣ 'ਤੇ ਸਥਾਨਕ ਪੱਧਰ 'ਤੇ ਸਖਤ ਪਾਬੰਦੀਆਂ ਵੀ ਲਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਭੀੜ ਭਾੜ ਵਾਲੀਆਂ ਥਾਵਾਂ 'ਤੇ ਸਖਤੀ ਨਾਲ ਕੋਵਿਡ ਉਚਿਤ ਵਿਹਾਰ ਲਾਗੂ ਕੀਤਾ ਜਾਣਾ ਚਾਹੀਦਾ ਹੈ। ਗ੍ਰਹਿ ਸਕੱਤਰ ਨੇ ਪੰਜ ਪਰਤੀ ਰਣਨੀਤੀ-ਟੈਸਟ, ਟਰੈਕ, ਟਰੀਟ, ਵੈਕਸੀਨੇਸ਼ਨ ਅਤੇ ਉਚਿਤ ਵਿਵਹਾਰ ਦੇ ਪਾਲਣ 'ਤੇ ਧਿਆਨ ਕੇਂਦਰਤ ਕਰਨ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੋਵਿਡ ਉਚਿਤ ਵਿਹਾਰ ਦੀ ਪਾਲਣਾ 'ਚ ਜੇਕਰ ਕੋਈ ਕੋਤਾਹੀ ਵਰਤੀ ਜਾਂਦੀ ਹੈ ਤਾਂ ਸਬੰਧਤ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ।

## 'ਕੋਵਿਡ ਕਰਕੇ ਕਈ ਜ਼ਿੰਦਗੀਆਂ ਬਰਬਾਦ ਹੋਈਆਂ'

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਕਿ ਕੋਵਿਡ-19 ਨੇ ਕਈ ਜ਼ਿੰਦਗੀਆਂ ਬਰਬਾਦ ਕਰ ਛੱਡੀਆਂ ਹਨ ਤੇ ਮਹਾਮਾਰੀ ਦੌਰਾਨ ਆਪਣੇ ਮਾਤਾ-ਪਿਤਾ ਜਾਂ ਦੋਵਾਂ ਨੂੰ ਗੁਆ ਦੇਣ ਵਾਲਿਆਂ ਬੱਚਿਆਂ ਦੀ ਜ਼ਿੰਦਗੀ ਦਾਅ 'ਤੇ ਲੱਗੀ ਵੇਖਣਾ 'ਦਿਲ ਨੂੰ ਪੀੜਾ ਦੇਣ ਵਾਲਾ' ਹੈ। ਸਿਖਰਲੀ ਅਦਾਲਤ ਨੇ ਹਾਲਾਂਕਿ ਅਜਿਹੇ ਬੱਚਿਆਂ ਨੂੰ ਰਾਹਤ ਦੇਣ ਲਈ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਐਲਾਨੀਆਂ ਯੋਜਨਾਵਾਂ 'ਤੇ ਤਸੱਲੀ ਜ਼ਾਹਿਰ ਕੀਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਸਰਕਾਰਾਂ ਨੇ ਅਜਿਹੇ ਬੱਚਿਆਂ ਦੀ ਪਛਾਣ ਕਰਨ ਲਈ 'ਤਸੱਲੀਬਖ਼ਸ਼ ਪੇਸ਼ਕਦਮੀ' ਕੀਤੀ ਹੈ, ਜੋ ਕੋਵਿਡ-19 ਮਹਾਮਾਰੀ ਦਰਮਿਆਨ ਯਤੀਮ ਹੋ ਗਏ ਸਨ ਜਾਂ ਫਿਰ ਆਪਣੇ ਮਾਤਾ-ਪਿਤਾ 'ਚੋਂ ਕਿਸੇ ਇਕ ਨੂੰ ਗੁਆ ਬੈਠੇ ਹਨ।

### ਕੌਮਾਂਤਰੀ ਉਡਾਣਾਂ 'ਤੇ 30 ਸਤੰਬਰ ਤੱਕ ਰੋਕ

**ਨਵੀਂ ਦਿੱਲੀ:** ਡੀ.ਜੀ.ਸੀ.ਏ. ਨੇ ਦੱਸਿਆ ਕਿ ਮਹਾਮਾਰੀ ਦੇ ਮੱਦੇਨਜ਼ਰ ਨਿਰਧਾਰਤ ਕੌਮਾਂਤਰੀ ਉਡਾਣਾਂ ਉਤੇ ਰੋਕ 30 ਸਤੰਬਰ ਤੱਕ ਜਾਰੀ ਰਹੇਗੀ। ਹਾਲਾਂਕਿ ਸਥਿਤੀ ਦੀ ਗੰਭੀਰਤਾ ਦੇਖ ਕੇ ਕੁਝ ਚੋਣਵੇਂ ਰੂਟਾਂ ਉਤੇ ਉਡਾਣਾਂ ਦੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਭਾਰਤ ਵਿਚ ਨਿਰਧਾਰਤ ਉਡਾਣਾਂ 'ਤੇ ਪਿਛਲੇ ਸਾਲ 23 ਮਾਰਚ ਤੋਂ ਰੋਕ ਲੱਗੀ ਹੋਈ ਹੈ। ਪਰ ਵੰਦੇ ਭਾਰਤ ਮਿਸ਼ਨ ਤਹਿਤ ਵਿਸ਼ੇਸ਼ ਉਡਾਣਾਂ ਚੱਲ ਰਹੀਆਂ ਹਨ। ਭਾਰਤ ਨੇ ਉਡਾਣਾਂ ਲਈ 28 ਮੁਲਕਾਂ ਨਾਲ ਵਿਸ਼ੇਸ਼ ਸਮਝੌਤੇ ਕੀਤੇ ਸਨ ਜਿਸ ਤਹਿਤ ਮਈ 2020 ਤੋਂ ਉਡਾਣਾਂ ਚਲਾਈਆਂ ਜਾ ਰਹੀਆਂ ਹਨ। ਡੀ.ਜੀ.ਸੀ.ਏ. ਮੁਤਾਬਕ ਕਾਰਗੋ ਉਡਾਣਾਂ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ।

# ਮੁੰਬਈ ਦਾ ਵੱਡਾ ਹਿੱਸਾ 2050 ਤੱਕ ਪਾਣੀ ਹੇਠ ਹੋਵੇਗਾ

**ਮੁੰਬਈ:** ਮੁੰਬਈ ਨਗਰ ਨਿਗਮ ਦੇ ਕਮਿਸ਼ਨਰ ਇਕਬਾਲ ਸਿੰਘ ਚਾਹਲ ਨੇ ਸ਼ਹਿਰ ਲਈ ਇਕ ਭਿਆਨਕ ਭਵਿੱਖਬਾਣੀ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ 2050 ਤੱਕ ਕਾਰੋਬਾਰੀ ਜ਼ਿਲ੍ਹੇ ਨਰੀਮਨ ਪੁਆਇੰਟ ਤੇ ਸੂਬਾ ਸਕੱਤਰੇਤ 'ਮੰਤਰਾਲਿਆ' ਸਣੇ ਦੱਖਣੀ ਮੁੰਬਈ ਦਾ ਵੱਡਾ ਹਿੱਸਾ ਸਮੁੰਦਰ ਦਾ ਪੱਧਰ ਵਧਣ ਕਾਰਨ ਪਾਣੀ ਦੇ ਹੇਠਾਂ ਚਲਾ ਜਾਵੇਗਾ।



ਮਹਾਰਾਸ਼ਟਰ ਦੇ ਵਾਤਾਵਰਨ ਤੇ ਸੈਰ-ਸਪਾਟਾ ਮੰਤਰੀ ਆਦਿੱਤਿਆ ਠਾਕਰੇ ਵੱਲੋਂ ਮੁੰਬਈ ਜਲਵਾਯੂ ਕਾਰਜ ਯੋਜਨਾ ਤੇ ਇਸ ਦੀ ਵੈੱਬਸਾਈਟ ਦੇ ਉਦਘਾਟਨ ਮੌਕੇ ਚਾਹਲ ਨੇ ਕਿਹਾ ਕਿ ਸ਼ਹਿਰ ਦੇ ਦੱਖਣ ਵਿਚ ਏ, ਬੀ, ਸੀ, ਡੀ ਵਾਰਡ ਦਾ 70 ਪ੍ਰਤੀਸ਼ਤ ਹਿੱਸਾ ਜਲਵਾਯੂ ਤਬਦੀਲੀ ਕਾਰਨ ਪਾਣੀ ਵਿਚ ਚਲਾ ਜਾਵੇਗਾ। ਉਨ੍ਹਾਂ ਕਿਹਾ ਕਿ ਕੁਦਰਤ ਚਿਤਾਵਨੀਆਂ ਦਿੰਦੀ ਰਹੀ ਹੈ ਪਰ ਜੇ ਲੋਕ ਨਹੀਂ 'ਜਾਗੇ' ਤਾਂ ਸਥਿਤੀ 'ਖਤਰਨਾਕ' ਹੋ ਜਾਵੇਗੀ।

ਨਿਗਮ ਕਮਿਸ਼ਨਰ ਚਾਹਲ ਨੇ ਕਿਹਾ ਕਿ 'ਕਫ ਪਰੇਡ, ਨਰੀਮਨ ਪੁਆਇੰਟ ਤੇ ਮੰਤਰਾਲਿਆਂ ਜਿਹੇ ਅੱਸੀ ਫੀਸਦੀ ਇਲਾਕੇ ਪਾਣੀ ਵਿਚ ਹੋਣਗੇ, ਮਤਲਬ ਗਾਇਬ ਹੋਣ ਜਾ ਰਹੇ ਹਨ।' ਨਗਰ ਨਿਗਮ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਮਹਿਜ਼ 25-30 ਸਾਲ ਦੀ ਗੱਲ ਹੈ ਕਿਉਂਕਿ 2050 ਜ਼ਿਆਦਾ ਦੂਰ ਨਹੀਂ ਹੈ। ਚਾਹਲ ਨੇ ਕਿਹਾ ਕਿ ਇਸ ਖਤਰਨਾਕ ਸਥਿਤੀ ਨਾਲ ਨਾ ਕੇਵਲ ਅਗਲੀ ਪੀੜ੍ਹੀ ਪਰ ਮੌਜੂਦਾ ਪੀੜ੍ਹੀ ਵੀ ਪ੍ਰਭਾਵਿਤ ਹੋਵੇਗੀ। ਉਨ੍ਹਾਂ ਕਿਹਾ ਕਿ ਮੁੰਬਈ ਦੱਖਣੀ ਏਸ਼ੀਆ ਦਾ ਪਹਿਲਾ ਸ਼ਹਿਰ ਹੈ ਜੋ ਆਪਣੀ ਜਲਵਾਯੂ ਕਾਰਜ ਯੋਜਨਾ ਤਿਆਰ ਕਰ ਕੇ ਉਸ ਉਤੇ ਕੰਮ ਕਰ ਰਿਹਾ ਹੈ। ਚਾਹਲ ਨੇ ਕਿਹਾ ਕਿ ਪਿਛਲੇ ਸਾਲ 125 ਸਾਲਾਂ ਵਿਚ ਪਹਿਲੀ ਵਾਰ ਕੋਈ ਚੱਕਰਵਾਤ (ਨਿਸਰਗ) ਮੁੰਬਈ ਨਾਲ ਟਕਰਾਇਆ ਹੈ ਤੇ ਉਸ ਤੋਂ ਬਾਅਦ ਪਿਛਲੇ 15 ਮਹੀਨਿਆਂ ਵਿਚ ਤਿੰਨ ਤੂਫਾਨ ਆਏ ਹਨ। ਪੰਜ ਅਗਸਤ, 2020 ਨੂੰ ਨਰੀਮਨ ਪੁਆਇੰਟ 'ਤੇ ਕਰੀਬ ਪੰਜ ਤੋਂ 5.5 ਫੁੱਟ ਪਾਣੀ ਜਮ੍ਹਾਂ ਹੋ ਗਿਆ ਸੀ। ਉਨ੍ਹਾਂ ਕਿਹਾ 'ਉਸ ਦਿਨ ਚੱਕਰਵਾਤ ਦੀ ਕੋਈ ਚਿਤਾਵਨੀ ਨਹੀਂ ਸੀ, ਪਰ ਮਾਪਦੰਡਾਂ ਨੂੰ ਦੇਖਦਿਆਂ ਇਹ ਇਕ ਚੱਕਰਵਾਤ ਹੀ ਸੀ।'

ਪੰਜਾਬ ਟਾਈਮਜ਼

ਸਨਿਚਰਵਾਰ, 4 ਸਤੰਬਰ 2021

# ਕਿਸਾਨ ਅੰਦੋਲਨ ਤੇ ਸਿਆਸੀ ਪਹਿਲਕਦਮੀ

ਜਿਉਂ-ਜਿਉਂ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਇਕ ਸਾਲ ਤੋਂ ਵੱਧ ਸਮੇਂ ਤੋਂ ਚੱਲ ਰਿਹਾ ਕਿਸਾਨ ਅੰਦੋਲਨ ਤਿੱਖਾ ਹੋ ਰਿਹਾ ਹੈ। ਦਿੱਲੀ ਬਾਰਡਰਾਂ 'ਤੇ ਜ਼ਾਹਿਰ ਹੋ ਰਹੇ ਕਿਸਾਨ ਰੋਹ ਨੂੰ ਨੌਂ ਮਹੀਨੇ ਹੋ ਗਏ ਹਨ। ਪੰਜਾਬ ਵਿਧਾਨ ਸਭਾ ਚੋਣਾਂ ਅਗਲੇ ਸਾਲ ਫਰਵਰੀ-ਮਾਰਚ ਨੂੰ ਹੋਣੀਆਂ ਹਨ ਅਤੇ ਸਾਰੀਆਂ ਸਿਆਸੀ ਧਿਰਾਂ ਨੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਜ਼ੋਰ ਲਾਇਆ ਹੋਇਆ ਹੈ। ਐਤਕੀਂ ਚੋਣਾਂ ਇਸ ਕਰਕੇ ਵਿਲੱਖਣ ਬਣ ਗਈਆਂ ਹਨ ਕਿਉਂਕਿ ਕਿਸਾਨ ਅੰਦੋਲਨ ਦੀ ਚੇਤਨਾ ਕਾਰਨ ਲੋਕ, ਖਾਸ ਕਰਕੇ ਪਿੰਡਾਂ ਦੇ ਲੋਕ ਸਿਆਸੀ ਲੀਡਰਾਂ ਨੂੰ ਸਵਾਲ ਕਰ ਰਹੇ ਹਨ ਅਤੇ ਉਨ੍ਹਾਂ ਵੱਲੋਂ ਪਹਿਲਾਂ ਲਾਏ ਲਾਰਿਆਂ ਦਾ ਹਿਸਾਬ ਮੰਗ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਦੇ ਕੁਝ ਲੀਡਰ ਭਾਵੇਂ ਵਾਰ-ਵਾਰ ਕਹਿ ਰਹੇ ਹਨ ਕਿ ਪਿੰਡਾਂ ਵਿਚ ਸਿਰਫ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਜਾਂ ਕਾਰਕੁਨਾਂ ਦਾ ਹੀ ਘਿਰਾਓ ਕੀਤਾ ਜਾਵੇ, ਕਿਉਂਕਿ ਕੇਂਦਰ ਵਿਚ ਸੱਤਾ ਵਿਚ ਕਾਬਜ਼ ਇਸ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਗੱਲ ਹੀ ਨਹੀਂ ਸੁਣ ਰਹੀ ਪਰ ਲੋਕ ਹਰ ਪਾਰਟੀ ਨੂੰ ਸਿਆਸੀ ਸਰਗਰਮੀ ਤੋਂ ਰੋਕ ਰਹੀ ਹੈ। ਕਿਸਾਨਾਂ ਦਾ ਸਿੱਧਾ ਜਿਹਾ ਸਵਾਲ ਹੈ ਕਿ ਜਦੋਂ ਉਨ੍ਹਾਂ ਪਹਿਲਾਂ ਕੀਤੇ ਵਾਅਦੇ ਕਦੀ ਪੂਰੇ ਹੀ ਨਹੀਂ ਕੀਤੇ, ਤਾਂ ਹੁਣ ਫਿਰ ਉਹ ਵੋਟਾਂ ਕਿਸ ਮੂੰਹ ਨਾਲ ਮੰਗਣ ਆ ਰਹੇ ਹਨ। ਉਂਜ, ਪਿੰਡਾਂ ਅੰਦਰ ਇਕ ਹਿੱਸਾ ਉਹ ਵੀ ਹੈ ਜਿਹੜਾ ਇਨ੍ਹਾਂ ਸਿਆਸੀ ਧਿਰਾਂ ਦੀਆਂ ਰੈਲੀਆਂ ਵਿਚ ਸ਼ਿਰਕਤ ਵੀ ਕਰ ਰਿਹਾ ਹੈ।

ਇਸ ਵਕਤ ਚੋਣਾਂ ਦੇ ਹਿਸਾਬ ਨਾਲ ਪੰਜਾਬ ਅੰਦਰ ਚਾਰ ਮੁੱਖ ਧਿਰਾਂ ਹਨ। ਇਨ੍ਹਾਂ ਵਿਚੋਂ ਇਕ ਧਿਰ- ਕਾਂਗਰਸ ਦੀ ਸੂਬੇ ਵਿਚ ਸਰਕਾਰ ਹੈ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਸਰਕਾਰ ਤੋਂ ਪਹਿਲਾਂ ਦਸ ਸਾਲ ਰਾਜਭਾਗ ਚਲਾ ਚੁੱਕਿਆ ਹੈ, ਉਦੋਂ ਇਸ ਦਾ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਸੀ। ਕਿਸਾਨ ਅੰਦੋਲਨ ਦੇ ਦਬਾਅ ਕਾਰਨ ਇਸ ਦਾ ਭਾਰਤੀ ਜਨਤਾ ਪਾਰਟੀ ਨਾਲੋਂ ਗੱਠਜੋੜ ਟੁੱਟ ਗਿਆ ਅਤੇ ਹੁਣ ਇਹ ਬਹੁਜਨ ਸਮਾਜ ਪਾਰਟੀ ਨਾਲ ਰਲ ਕੇ ਚੋਣ ਮੈਦਾਨ ਵਿਚ ਹੈ। ਆਮ ਆਦਮੀ ਪਾਰਟੀ ਨੂੰ ਤਾਂ ਪਿਛਲੀ ਵਾਰ ਵੀ ਆਪਣੀ ਸਰਕਾਰ ਬਣਨ ਦੀ ਆਸ ਸੀ ਤੇ ਇਸ ਵਾਰ ਆਪਣੀਆਂ ਗਿਣਤੀਆਂ ਮਿਣਤੀਆਂ ਦੇ ਹਿਸਾਬ ਨਾਲ ਇਹ ਵੀ ਵਾਹਵਾ ਪਰ ਤੋਲ ਰਹੀ ਹੈ। ਭਾਰਤੀ ਜਨਤਾ ਪਾਰਟੀ ਦੇ ਤਾਂ ਕੀ ਕਹਿਣੇ! ਇਸ ਦੇ ਲੀਡਰਾਂ ਨੂੰ ਤਾਂ ਕਿਸਾਨ ਬਾਹਰ ਹੀ ਨਹੀਂ ਨਿਕਲਣ ਦੇ ਰਹੇ। ਫਿਰ ਵੀ ਕੇਂਦਰੀ ਸੱਤਾ ਦੇ ਜ਼ੋਰ 'ਤੇ ਇਹ ਪੰਜਾਬ ਵਿਚ ਜੋੜ-ਤੋੜ ਰਾਹੀਂ ਆਪਣੀ ਹਾਜ਼ਰੀ ਲੁਆਉਣ ਲਈ ਯਤਨਸ਼ੀਲ ਹੈ। ਇਸ ਤੋਂ ਇਲਾਵਾ ਅਕਾਲੀ ਦਲ ਕੁਝ ਧੜੇ, ਕਮਿਊਨਿਸਟ ਪਾਰਟੀਆਂ ਅਤੇ ਕੁਝ ਹੋਰ ਧਿਰਾਂ ਚੋਣ ਪਿੜ ਦੀ ਤਿਆਰੀ ਮੁਤਾਬਿਕ ਚੱਲ ਰਹੀਆਂ ਹਨ। ਇਨ੍ਹਾਂ ਸਭ ਧਿਰਾਂ ਦੀ ਕੋਸ਼ਿਸ਼ ਹੈ ਕਿ ਕਿਸਾਨਾਂ ਨੂੰ ਕਿਸੇ ਤਰ੍ਹਾਂ ਆਪਣੇ ਹੱਕ ਵਿਚ ਕੀਤਾ ਜਾਵੇ। ਜੇ ਕਿਸਾਨ ਉਨ੍ਹਾਂ ਦੇ ਹੱਕ ਵਿਚ ਨਾ ਵੀ ਹੋਣ ਤਾਂ ਘੱਟੋ-ਘੱਟ ਇਨ੍ਹਾਂ ਦੇ ਵਿਰੋਧ ਨੂੰ ਘੱਟ ਕੀਤਾ ਜਾਵੇ। ਇਹ ਸਾਰਾ ਕੁਝ ਅਸਲ ਵਿਚ ਕਿਸਾਨ ਅੰਦੋਲਨ ਦੀ ਬਦੌਲਤ ਹੋਇਆ ਹੈ।

ਕਿਸਾਨ ਅੰਦੋਲਨ ਅੱਜ ਦੇਸ਼ ਵਿਆਪੀ ਬਣ ਚੁੱਕਿਆ ਹੈ, ਭਾਵੇਂ ਇਸ ਅੰਦਰ ਮੁੱਖ ਭੂਮਿਕਾ ਪੰਜਾਬ ਅਤੇ ਹਰਿਆਣਾ ਦੀ ਹੈ। ਯੂ.ਪੀ. ਦਾ ਪੱਛਮੀ ਹਿੱਸਾ ਵੀ ਪੰਜਾਬ ਤੇ ਹਰਿਆਣਾ ਜਿੰਨਾ ਹੀ ਇਸ ਅੰਦੋਲਨ ਵਿਚ ਸਰਗਰਮ ਹੈ। ਉਂਜ, ਮੋਟੇ ਰੂਪ ਵਿਚ ਅੰਦੋਲਨ ਦੀ ਮੁੱਖ ਤਾਕਤ ਪੰਜਾਬ ਹੀ ਹੈ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਇਸ ਅੰਦੋਲਨ ਦੀ ਅਗਵਾਈ ਕਰ ਰਹੀਆਂ ਹਨ। ਵਿਚਾਰਨ ਵਾਲਾ ਮਸਲਾ ਇਹ ਹੈ ਕਿ ਇਨ੍ਹਾਂ 32 ਜਥੇਬੰਦੀਆਂ ਵਿਚੋਂ ਬਹੁਤੀਆਂ ਦਾ ਕਿਸੇ ਨਾ ਕਿਸੇ ਸਿਆਸੀ ਧਿਰ ਨਾਲ ਰਾਬਤਾ ਵੀ ਹੈ। ਇਸੇ ਕਰਕੇ ਸਿਆਸੀ ਪੱਧਰ 'ਤੇ ਸਰਗਰਮੀ ਲਈ ਇਕ ਰਾਇ ਨਹੀਂ ਬਣ ਰਹੀ। ਇਨ੍ਹਾਂ ਵਿਚੋਂ ਕੁਝ ਧਿਰਾਂ ਦਾ ਆਖਣਾ ਹੈ ਕਿ ਕਿਸਾਨ ਅੰਦੋਲਨ ਨੂੰ ਚੋਣਾਂ ਦੇ ਚੱਕਰ ਵਿਚ ਨਹੀਂ ਪੈਣਾ ਚਾਹੀਦਾ ਅਤੇ ਕਿਸਾਨ ਅੰਦੋਲਨ ਨੂੰ ਤਾਕਤਵਰ ਬਣਾਉਣ ਲਈ ਐਕਸ਼ਨ ਉਲੀਕਣੇ ਚਾਹੀਦੇ ਹਨ। ਇਕ ਧਿਰ ਦਾ ਵਿਚਾਰ ਹੈ ਕਿ ਕਿਸਾਨ ਅੰਦੋਲਨ ਨੂੰ ਕਿਸਾਨ ਪੱਖੀ ਉਮੀਦਵਾਰਾਂ ਲਈ ਵੱਖਰੀ ਨੀਤੀ ਅਪਨਾਉਣੀ ਚਾਹੀਦੀ ਹੈ। ਉਂਜ, ਜ਼ਮੀਨੀ ਪੱਧਰ 'ਤੇ ਹਾਲਾਤ ਬਿਲਕੁਲ ਵੱਖਰੇ ਹਨ। ਲੋਕਾਂ ਅੰਦਰ ਸਿਆਸੀ ਪਾਰਟੀਆਂ ਖਿਲਾਫ ਰੋਹ ਹੈ। ਇਸੇ ਕਰਕੇ ਹੀ ਉਹ ਹਰ ਸਿਆਸੀ ਪਾਰਟੀ ਦੀ ਸਰਗਰਮੀ ਨੂੰ ਡੱਕਣ ਦਾ ਯਤਨ ਕਰ ਰਹੇ ਹਨ।

ਹੁਣ ਕਿਸਾਨ ਲੀਡਰਸ਼ਿਪ ਨੇ ਲੋਕ ਰੋਹ, ਕਿਸਾਨ ਅੰਦੋਲਨ ਅਤੇ ਚੋਣਾਂ ਦੇ ਤਿਕੋਣੇ ਮਸਲੇ ਵਿਚਾਰ ਕੇ ਅੱਗੇ ਵਧਣਾ ਹੈ। ਇਕ ਗੱਲ ਤਾਂ ਬਿਲਕੁਲ ਸਪਸ਼ਟ ਹੈ ਕਿ ਸਿਆਸੀ ਧਿਰਾਂ ਨੇ ਕਦੀ ਲੋਕ ਪੱਖ ਦਾ ਧਿਆਨ ਨਹੀਂ ਰੱਖਿਆ। ਹੁਣ ਤੱਕ ਜਿੰਨੀਆਂ ਵੀ ਨੀਤੀਆਂ ਜਾਂ ਰਣਨੀਤੀਆਂ ਬਣਦੀਆਂ ਰਹੀਆਂ ਹਨ, ਉਨ੍ਹਾਂ ਵਿਚ ਨਾ ਤਾਂ ਕਦੀ ਲੋਕ ਰਾਇ ਵੱਲ ਤਵੱਜੋ ਦਿੱਤੀ ਗਈ ਅਤੇ ਨਾ ਹੀ ਲੋਕਾਂ ਦੇ ਹੱਕਾਂ ਨੂੰ ਗੌਲਿਆ ਗਿਆ। ਸਿਆਸੀ ਪਿੜ ਵਿਚ ਆਮ ਬੰਦੇ ਦੀ ਹੈਸੀਅਤ ਘਟਦੀ-ਘਟਦੀ ਬਹੁਤ ਘਟ ਗਈ ਹੈ ਅਤੇ ਹੁਣ ਜਿਸ ਤਰ੍ਹਾਂ ਦਾ ਚੋਣ ਢਾਂਚਾ ਚੱਲ ਰਿਹਾ ਹੈ, ਉਸ ਵਿਚ ਤਾਂ ਆਮ ਬੰਦੇ ਦੀ ਹੈਸੀਅਤ ਸਿਰਫ ਵੋਟਰ ਤੱਕ ਸੀਮਤ ਹੋ ਗਈ ਹੈ। ਇਹੀ ਉਹ ਨੁਕਤਾ ਹੈ ਜਿਸ ਉਤੇ ਗੰਭੀਰ ਵਿਚਾਰ-ਵਟਾਂਦਰਾ ਕਰਕੇ ਕਿਸਾਨ ਅੰਦੋਲਨ ਨੂੰ ਨਵੀਂ ਦਿਸ਼ਾ ਦੇਣ ਦੀ ਲੋੜ ਹੈ। ਇਸ ਕਿਸਾਨ ਅੰਦੋਲਨ ਦੇ ਆਗੂ ਭਾਵੇਂ ਹੁਣ ਤੱਕ ਇਹੀ ਦਾਅਵੇ ਕਰਦੇ ਆਏ ਹਨ ਕਿ ਇਹ ਅੰਦੋਲਨ ਸਿਆਸੀ ਨਹੀਂ ਹੈ। ਇਸੇ ਆਧਾਰ ਉਤੇ ਕਿਸੇ ਵੀ ਸਿਆਸੀ ਧਿਰ ਨੂੰ ਇਸ ਅੰਦੋਲਨ ਤੋਂ ਲਾਹਾ ਨਹੀਂ ਲੈਣ ਦਿੱਤਾ ਗਿਆ ਪਰ ਸਵਾਲ ਇਹ ਹੈ ਕਿ ਚੋਣਾਂ ਦੀ ਸੂਰਤ ਵਿਚ ਕਿਸਾਨ ਅੰਦੋਲਨ ਰਾਹੀਂ ਪੈਦਾ ਹੋਈ ਚੇਤਨਾ ਨੂੰ ਦਿਸ਼ਾ ਕੀ ਦਿੱਤੀ ਜਾਵੇ? ਕਿਸਾਨ ਲੀਡਰਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੇ ਰੋਹ ਨੂੰ ਹੋਰ ਪ੍ਰਚੰਡ ਕਰਨ ਅਤੇ ਸਿਆਸੀ ਪਾਰਟੀਆਂ ਤੇ ਆਗੂਆਂ ਦੇ ਅਸਲ ਕਿਰਦਾਰ ਲੋਕਾਂ ਅੱਗੇ ਪੂਰੀ ਬੇਫਿਕਰੀ ਨਾਲ ਪੇਸ਼ ਕਰਨ। ਇਸ ਕਵਾਇਦ ਵਿਚੋਂ ਹੀ ਪੰਜਾਬ ਅੰਦਰ ਨਵੀਂ ਸਿਆਸਤ ਦਾ ਜਨਮ ਹੋਵੇਗਾ ਜੋ ਲੋਕ ਪੱਖੀ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਿਸਾਨਾਂ ਦੇ ਸਵਾਲ ਸੁਣ ਕੇ!

ਗੱਲੀਂ ਬਾਤੀਂ ਸੰਘਰਸ਼ ਦੇ ਨਾਲ ਕਹਿ ਕੇ, ਅੰਦਰਖਾਤੇ ਕਈ 'ਬਣਤਾਂ' ਬਣਾਈ ਜਾਂਦੇ।
ਅੱਖ ਸੀਟ 'ਤੇ ਹੁੰਦੀ ਐ 'ਟਿਕਟੂਆਂ' ਦੀ, ਇੱਧਰੋਂ ਉੱਧਰ 'ਟਪੂਸੀਆਂ' ਲਾਈ ਜਾਂਦੇ।
ਆਇਆ ਹੁਕਮ ਜੋ ਸਿੰਘੂ ਤੇ ਟਿੱਕਰੀ ਤੋਂ, ਪਿੰਡਾਂ ਵਾਲੇ ਹਨ 'ਫੂਲ ਚੜ੍ਹਾਈ' ਜਾਂਦੇ।
ਬਈਕਾਟ ਹੈ ਕਮਲ ਦਾ ਦੂਜਿਆਂ ਤੋਂ, ਕਰਕੇ ਸਵਾਲ-ਜਵਾਬ ਮੰਗਾਈ ਜਾਂਦੇ।
ਤਿੱਤਰ ਹੋਣ ਕਿਸਾਨਾਂ ਨੂੰ ਦੇਖ ਕੇ ਹੀ, ਜਿੱਦਾਂ ਕਾਉਂ ਗੁਲੇਲ ਤੋਂ ਭੱਜਦੇ ਨੇ,
ਉਸ ਵੇਲੇ ਨਾ ਅਹੁੜਦੀ ਗੱਲ ਕੋਈ, ਕਿੱਲ੍ਹ ਕਿੱਲ੍ਹ ਜੋ 'ਮਾਈਕਾਂ' 'ਤੇ ਗੱਜਦੇ ਨੇ!

# ਪੰਜਾਬ ਦੀ ਆਰਥਿਕ ਉਡਾਣ

*ਇਸ ਵਕਤ ਪੰਜਾਬ ਦਾ ਅਰਥਚਾਰਾ ਬੁਰੀ ਤਰ੍ਹਾਂ ਹਿੱਲਿਆ ਪਿਆ ਹੈ ਪਰ ਸਿਤਮ ਵਾਲੀ ਗੱਲ ਇਹ ਹੈ ਕਿ ਸੂਬੇ ਦੀ ਕੋਈ ਵੀ ਸਿਆਸੀ ਧਿਰ ਇਸ ਬਾਰੇ ਗੰਭੀਰ ਨਹੀਂ। ਹੁਣ ਜਦੋਂ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ, ਤਾਂ ਵੀ ਇਹ ਧਿਰਾਂ ਸਿਰਫ ਚੋਣਾਂ ਲੜਨ ਅਤੇ ਜਿੱਤਣ ਦੀਆਂ ਰਣਨੀਤੀਆਂ ਹੀ ਘੜ ਰਹੀਆਂ ਹਨ। ਸੂਬੇ ਦੇ ਅਰਥਚਾਰੇ ਨੂੰ ਲੀਹ 'ਤੇ ਕਿਸ ਤਰ੍ਹਾਂ ਪਾਉਣਾ ਹੈ, ਅਜਿਹਾ ਕੋਈ ਏਜੰਡਾ ਦਿੱਤਾ ਨਹੀਂ ਜਾ ਰਿਹਾ। ਇਸ ਬਾਰੇ ਚਰਚਾ ਡਾ. ਕੇਸਰ ਸਿੰਘ ਭੰਗੂ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*

ਪੰਜਾਬ ਵਿਚ 2022 ਵਾਲੀਆਂ ਅਸੈਂਬਲੀ ਚੋਣਾਂ ਦਾ ਬਿਗੁਲ ਵੱਜ ਚੁੱਕਾ ਹੈ। ਸਿਆਸੀ ਪਾਰਟੀਆਂ ਨੇ ਵੋਟਰਾਂ ਨੂੰ ਮੁਫਤ ਬਿਜਲੀ, ਵੱਖ-ਵੱਖ ਤਰ੍ਹਾਂ ਦੀਆਂ ਹੋਰ ਮੁਫਤ ਸਹੂਲਤਾਂ ਦੇ ਵਾਅਦੇ ਅਤੇ ਗਰੰਟੀਆ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ ਪਰ ਕਿਸੇ ਵੀ ਸਿਆਸੀ ਪਾਰਟੀ ਨੇ ਸੂਬੇ ਦੀ ਨਿੱਘਰ ਚੁੱਕੀ ਆਰਥਿਕਤਾ ਨੂੰ ਸੁਰਜੀਤ ਕਰਨ ਲਈ ਨਾ ਤਾਂ ਕੋਈ ਏਜੰਡਾ/ਪ੍ਰੋਗਰਾਮ ਵੋਟਰਾਂ ਸਾਹਮਣੇ ਰੱਖਿਆ ਹੈ, ਨਾ ਹੀ ਇਸ ਕਿਸਮ ਦੀ ਉਮੀਦ ਕੀਤੀ ਜਾ ਸਕਦੀ ਹੈ, ਕਿਉਂਕਿ ਸਾਰੀਆਂ ਸਿਆਸੀ ਪਾਰਟੀਆਂ ਕਿਸੇ ਵੀ ਢੰਗ ਨਾਲ ਸੱਤਾ ਹਥਿਆਉਣਾ ਚਾਹੁੰਦੀਆਂ ਹਨ। ਜੇ ਤਾਜ਼ਾ ਅਤੀਤ, ਭਾਵ ਉਦਾਰੀਕਰਨ ਤੋਂ ਬਾਅਦ ਦੇ ਸਮੇਂ 'ਤੇ ਪੰਛੀ ਝਾਤ ਮਾਰੀ ਜਾਵੇ



ਡਾ. ਕੇਸਰ ਸਿੰਘ ਭੰਗੂ
ਫੋਨ: +91-98154-27127

ਤਾਂ ਸਪਸ਼ਟ ਹੋ ਜਾਂਦਾ ਹੈ ਕਿ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਛੇ ਸਰਕਾਰਾਂ ਦੌਰਾਨ ਸੂਬੇ ਦਾ ਆਰਥਿਕ ਵਿਕਾਸ ਬਹੁਤ ਮੱਠਾ ਰਿਹਾ ਹੈ। ਇਸ ਸਮੇਂ ਦੌਰਾਨ ਪੰਜਾਬ ਨੇ ਕੇਵਲ ਆਰਥਿਕ ਸਰਦਾਰੀ ਹੀ ਨਹੀਂ ਗੁਆਈ ਸਗੋਂ ਪ੍ਰਤੀ ਵਿਅਕਤੀ ਆਮਦਨ ਵਿਚ ਇਹ ਪਹਿਲੇ ਸਥਾਨ ਤੋਂ ਪਛੜ ਕੇ ਸੱਤਵੇਂ/ਅੱਠਵੇਂ ਸਥਾਨ 'ਤੇ ਪੁੱਜ ਗਿਆ ਹੈ।

ਸੂਬੇ ਦੀ ਰਾਜਕੋਸ਼ੀ ਨੀਤੀ ਦੇ ਲੜਖੜਾਉਣ ਕਾਰਨ ਰਾਜ ਵਿਚ ਪੂੰਜੀ ਨਿਵੇਸ਼ ਦਾ ਇਕ ਤਰ੍ਹਾਂ ਨਾਲ ਅਕਾਲ ਪੈ ਗਿਆ ਹੈ। ਆਰਥਿਕ ਸ਼ਾਸਨ ਦੀਆਂ ਸੰਸਥਾਵਾਂ ਜਿਵੇਂ ਸਟੇਟ ਪਲਾਨਿੰਗ ਬੋਰਡ ਚਿੱਟੇ ਹਾਥੀ ਬਣ ਕੇ ਰਹਿ ਗਈਆਂ ਹਨ। ਨਤੀਜੇ ਵਜੋਂ ਪੰਜਾਬ ਸਰਕਾਰ ਕਰਜ਼ਾ ਲੈ ਕੇ ਡੰਗ ਟਪਾ ਰਹੀ ਹੈ ਅਤੇ ਸੂਬੇ ਸਿਰ ਤਿੰਨ ਲੱਖ ਕਰੋੜ ਰੁਪਏ ਦੇ ਨੇੜੇ ਕਰਜ਼ਾ ਚੜ੍ਹ ਗਿਆ ਹੈ।

ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਬੁਨਿਆਦੀ ਢਾਂਚੇ ਵਿਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ ਵਿਚ ਨਿਵੇਸ਼-ਘਰੇਲੂ ਉਤਪਾਦ ਦਾ ਅਨੁਪਾਤ 20 ਫੀਸਦ ਤੋਂ ਘੱਟ ਹੈ ਜੋ ਮੁਲਕ ਦੇ ਮੁੱਖ ਸੂਬਿਆਂ ਮੁਕਾਬਲੇ ਸਭ ਤੋਂ ਘੱਟ ਹੈ ਅਤੇ ਕੌਮੀ ਅਨੁਪਾਤ ਤੋਂ ਲਗਭਗ 15 ਫੀਸਦ ਘੱਟ ਹੈ। ਪੰਜਾਬ ਨੂੰ ਭਾਰਤ ਦੇ ਪੱਧਰ ਦਾ ਪੂੰਜੀ ਨਿਰਮਾਣ ਕਰਨ ਲਈ ਸਾਲਾਨਾ 10,000 ਕਰੋੜ ਰੁਪਏ ਤੋਂ ਵਧੇਰੇ ਦੇ ਵਾਧੂ ਨਿਵੇਸ਼ ਦੀ ਤੁਰੰਤ ਜ਼ਰੂਰਤ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੇ ਖੇਤੀ ਖੇਤਰ ਵਿਚ ਵੀ ਪੂੰਜੀ ਨਿਵੇਸ਼ ਦੀ ਮਾਤਰਾ ਜੋ ਨਿਵੇਸ਼-ਘਰੇਲੂ ਖੇਤੀ ਉਤਪਾਦ ਦੀ ਅਨੁਪਾਤ ਹੈ, ਲਗਾਤਾਰ ਘਟ ਰਹੀ ਹੈ ਜਿਹੜੀ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 8-9 ਫੀਸਦ ਤੇ ਪਹੁੰਚ ਗਈ ਹੈ। ਅਜਿਹਾ ਰਾਜ ਸਰਕਾਰ ਦੀ ਆਰਥਿਕ ਪ੍ਰਸ਼ਾਸਨ ਨੂੰ ਅਣਗੌਲਿਆ ਕਰਨ ਅਤੇ ਰਾਜਕੋਸ਼ੀ ਨੀਤੀ ਦੀ ਅਸਫਲਤਾ ਕਾਰਨ ਹੋਇਆ ਹੈ। ਜੇ ਪੰਜਾਬ ਆਪਣਾ ਆਰਥਿਕ ਮਾਣ-ਸਨਮਾਨ ਦੁਬਾਰਾ ਹਾਸਲ ਕਰਨਾ ਚਾਹੁੰਦਾ ਹੈ ਤਾਂ ਤੁਰੰਤ ਰਾਜਕੋਸ਼ੀ ਨੀਤੀ ਵਿਚ ਲੋੜੀਂਦੇ ਸੁਧਾਰ ਕਰਨੇ ਚਾਹੀਦੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਟੈਕਸ-ਘਰੇਲੂ ਉਤਪਾਦ ਦੇ ਅਨੁਪਾਤ ਨੂੰ ਮੌਜੂਦਾ 7-8 ਫੀਸਦ ਤੋਂ ਵਧਾ ਕੇ 12-13 ਫੀਸਦ ਕਰਨਾ ਚਾਹੀਦਾ ਹੈ। ਅਜਿਹਾ ਕਰਾਂ ਦੀ ਵਸੂਲੀ ਵਧਾ ਕੇ, ਚੋਰੀ ਖਤਮ ਕਰ ਕੇ ਅਤੇ ਨਵੇਂ ਕਰ ਲਗਾ ਕੇ ਸੰਭਵ ਹੈ। ਸਰਕਾਰ ਨੂੰ ਤੁਰੰਤ ਹੀ ਸਾਰੀਆਂ ਸਬਸਿਡੀਆਂ ਨੂੰ ਸਮਾਜਿਕ ਨਿਆਂ ਦੇ ਸਿਧਾਂਤ ਅਨੁਸਾਰ ਤਰਕਸੰਗਤ ਬਣਾਉਣਾ ਚਾਹੀਦਾ ਹੈ ਅਤੇ ਹਰ ਇਕ ਨੂੰ ਸਬਸਿਡੀ ਦੇਣ ਵਾਲੀ ਪਹੁੰਚ ਨੂੰ ਤੁਰੰਤ ਤਿਆਗਣਾ ਚਾਹੀਦਾ ਹੈ। ਸਬਸਿਡੀਆਂ ਨੂੰ ਸੀਮਤ ਸਮੇਂ ਲਈ ਸਮਾਜ ਦੇ ਦੱਬੇ-ਕੁਚਲੇ ਅਤੇ ਕਮਜ਼ੋਰ ਤਬਕਿਆਂ ਦੀ ਸਮਰੱਥਾ ਵਧਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ। ਇਉਂ ਤੇਜ਼ ਆਰਥਿਕ ਤਰੱਕੀ ਲਈ ਲੋੜੀਂਦੇ ਫੰਡ ਵੀ ਮੁਹੱਈਆ ਕਰਵਾਏ ਜਾ ਸਕਦੇ ਹਨ। ਮਨਮਰਜ਼ੀ ਨਾਲ ਫੰਡਾਂ ਨੂੰ ਵੰਡਣ ਦੀਆਂ ਸਕੀਮਾਂ ਬਰਾਬਰੀ ਅਤੇ ਜਵਾਬਦੇਹੀ ਦੇ ਸਿਧਾਂਤ



ਨੂੰ ਖੋਰਾ ਲਾਉਣ ਦੇ ਨਾਲ ਨਾਲ ਅਫਸਰਸ਼ਾਹੀ ਨੂੰ ਨਿਰਉਤਸ਼ਾਹਤ ਅਤੇ ਲੋਕ-ਪੱਖੀ ਸੰਸਥਾਵਾਂ ਨੂੰ ਨਕਾਰਾ ਬਣਾਉਂਦੀਆਂ ਹਨ। ਦੁਨੀਆ ਦੀ ਕਿਸੇ ਵੀ ਆਰਥਿਕਤਾ ਨੇ ਮਜ਼ਬੂਤ, ਯੋਜਨਾਬਧ ਅਤੇ ਅਸਰਦਾਇਕ ਸੰਸਥਾਈ ਢਾਂਚੇ ਤੋਂ ਬਿਨਾ ਆਰਥਿਕ ਵਿਕਾਸ ਨਹੀਂ ਕੀਤਾ।

ਸੂਬੇ ਦੀ ਰਾਜਕੋਸ਼ੀ ਨੀਤੀ ਨੂੰ ਕਾਰਗਰ ਬਣਾਉਣ ਹਿੱਤ, ਸਰਕਾਰ ਨੂੰ ਮਾਲ ਮੰਤਰਾਲਾ, ਜਿਹੜਾ ਸੂਬੇ ਦੀਆਂ ਆਮਦਨ ਸਬੰਧੀ ਲੋੜਾਂ ਨੂੰ ਦੇਖਦਾ ਹੈ, ਨੂੰ ਵਿੱਤ ਮੰਤਰਾਲੇ ਵਿਚ ਮਿਲਾ ਦੇਣਾ ਚਾਹੀਦਾ ਹੈ। ਇਸ ਸਮੇਂ ਪੰਜਾਬ ਸਰਕਾਰ ਦਾ ਵਿੱਤ ਮੰਤਰਾਲਾ ਅਸਲ ਵਿਚ ਕੇਵਲ ਖਰਚ ਸਬੰਧੀ ਫੈਸਲੇ ਕਰ ਰਿਹਾ ਹੈ। ਅਸਰਦਾਇਕਤਾ/ਚੰਗੀ ਕਾਰਜਕੁਸ਼ਲਤਾ ਦੇ ਸਿਧਾਂਤ ਅਨੁਸਾਰ ਆਮਦਨ ਪੈਦਾ ਕਰਨ ਅਤੇ ਖਰਚ ਕਰਨ ਦੇ ਕੰਮ ਇਕ ਹੀ ਵਿਭਾਗ ਕੋਲ ਹੋਣੇ ਚਾਹੀਦੇ ਹਨ ਤਾਂ ਕਿ ਆਮਦਨ ਅਤੇ ਖਰਚ ਵਿਚ ਲੋੜੀਂਦਾ ਤਾਲਮੇਲ ਕਰਕੇ ਰਾਜਕੋਸ਼ੀ ਨੀਤੀ ਨੂੰ ਕਾਰਗਰ ਬਣਾਇਆ ਜਾ ਸਕੇ। ਰਾਜ ਦੇ ਆਰਥਿਕ ਪ੍ਰਸ਼ਾਸਨ ਨੂੰ ਹੋਰ ਚੁਸਤ-ਦਰੁਸਤ ਅਤੇ ਸੰਚਾਰੂ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਸਲਾਹ ਦੇਣ ਲਈ ਆਰਥਿਕ ਸਲਾਹਕਾਰ ਕੌਂਸਲ ਬਣਾਉਣੀ ਚਾਹੀਦੀ ਹੈ, ਜਿਵੇਂ ਤਾਮਿਲਨਾਡੂ ਨੇ ਬਣਾਈ ਹੈ। ਪੰਜਾਬ ਦੇ ਵਿੱਤ ਵਿਭਾਗ ਨੂੰ ਸੂਬੇ ਦੀ ਮਾੜੀ ਆਰਥਿਕਤਾ ਨੂੰ ਦੇਖਦੇ ਹੋਏ ਤੁਰੰਤ ਕੇਂਦਰ ਦੇ ਵਿੱਤ ਵਿਭਾਗ ਨਾਲ ਤਾਲਮੇਲ ਜ਼ਰੀਏ ਨਵੇਂ ਢੰਗਾਂ ਨਾਲ ਕਰਾਂ ਅਤੇ ਗੈਰ-ਕਰਾਂ ਦੇ ਆਮਦਨ ਵਧਾਉਣ ਵਾਲੇ ਵਸੀਲੇ ਲੱਭਣੇ ਚਾਹੀਦੇ ਹਨ। ਇਸ ਕੰਮ ਲਈ ਸਰਕਾਰ ਨੂੰ ਮੌਕੇ ਅਨੁਸਾਰ ਮਾਹਿਰਾਂ ਦੀ ਠੀਕ ਸਲਾਹ ਦੀ ਜ਼ਰੂਰਤ ਹੋਵੇਗੀ, ਇਸ ਲਈ ਪੰਜਾਬ ਸਰਕਾਰ ਵੀ ਕੇਂਦਰ ਦੀ ਤਰ੍ਹਾਂ ਸੂਬੇ ਦੇ ਵਿੱਤ ਮੰਤਰਾਲੇ ਵਿਚ ਆਰਥਿਕ ਨੀਤੀਆਂ ਦੇ ਮਾਹਿਰ ਨੂੰ ਮੁੱਖ ਆਰਥਿਕ ਸਲਾਹਕਾਰ ਨਿਯੁਕਤ ਕਰਨਾ ਚਾਹੀਦਾ ਹੈ।

ਸੂਬੇ ਵਿਚ ਆਰਥਿਕ ਪ੍ਰਸ਼ਾਸਕੀ ਸੁਧਾਰਾਂ ਦੀ ਤੁਰੰਤ ਜ਼ਰੂਰਤ ਹੈ ਕਿਉਂਕਿ ਇਸ ਸਮੇਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦਾ ਕੰਮ ਇਕ ਹੀ ਅਥਾਰਟੀ (ਅਫਸਰਸ਼ਾਹੀ) ਕੋਲ ਹੈ। ਇਹ ਕੰਮ ਦੋ ਅਲੱਗ-ਅਲੱਗ ਮਾਹਿਰਾਂ ਨੇ ਲੋਕ-ਪੱਖੀ ਅਤੇ ਜਵਾਬਦੇਹੀ ਦੇ ਸਿਧਾਂਤ ਨੂੰ ਸਾਹਮਣੇ ਰੱਖ ਕੇ ਕਰਨੇ ਹੁੰਦੇ ਹਨ। ਅਫਸਰਸ਼ਾਹੀ ਦਾ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦੇ ਕੰਮਾਂ ਵਿਚ ਇਜਾਰੇਦਾਰੀ ਹੋਣ ਕਾਰਨ ਭ੍ਰਿਸ਼ਟਾਚਾਰ ਅਤੇ ਵਿਕਾਸ ਵਿਰੋਧੀ ਰੁਝਾਨ ਨੂੰ ਬਲ ਮਿਲ ਰਿਹਾ ਹੈ। ਇਸ ਲਈ ਸੂਬਾ ਸਰਕਾਰ ਨੂੰ ਨੀਤੀ ਬਣਾਉਣ ਅਤੇ ਲਾਗੂ ਕਰਨ ਦੇ ਕੰਮਾਂ ਨੂੰ ਵੱਖ-ਵੱਖ ਕਰਨਾ ਚਾਹੀਦਾ ਅਤੇ ਨੀਤੀਆਂ ਦੀ ਪੜਚੋਲ ਲਈ ਮਾਹਿਰਾਂ ਦੀ ਵੱਖਰੀ ਤੇ ਆਜ਼ਾਦਾਨਾ ਅਥਾਰਟੀ ਬਣਾਉਣੀ ਚਾਹੀਦੀ ਹੈ ਤਾਂ ਕਿ ਨੀਤੀਆਂ ਲਾਗੂ ਕਰਨ ਵਾਲਿਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ। ਅਜਿਹੇ ਆਰਥਿਕ ਸੁਧਾਰ ਸੂਬੇ ਵਿਚ ਆਰਥਿਕ ਨੀਤੀਆਂ ਰਾਹੀਂ ਆਮਦਨ ਸਰੋਤਾਂ ਦੀ ਬਰਾਬਰ ਵੰਡ ਅਤੇ ਬਿਹਤਰ ਆਰਥਿਕ ਅਨੁਸ਼ਾਸਨ ਮੁਹੱਈਆ ਕਰਨਗੇ।

ਖੇਤੀ ਖੇਤਰ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਪਰ ਉਦਾਰੀਕਰਨ ਦੀਆਂ ਨੀਤੀਆਂ ਨੇ ਖੇਤੀ ਖੇਤਰ ਨੂੰ ਬਹੁਪੱਖੀ ਸੰਕਟ ਵਿਚ ਫਸਾ ਦਿੱਤਾ ਹੈ। ਖੇਤੀ ਦੀਆਂ ਲਗਾਤਾਰ ਵਧ ਰਹੀਆਂ ਲਾਗਤਾਂ, ਘਟਦੀ ਆਮਦਨ ਅਤੇ ਛੋਟੀ ਤੇ ਸੀਮਾਂਤ ਕਿਸਾਨੀ ਉਪਰ ਕਰਜ਼ੇ ਦੇ ਮੱਕੜਜਾਲ ਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਹੈ। ਖੇਤੀ ਸੰਕਟ ਦੀ ਬਹੁਤੀ ਮਾਰ ਛੋਟੀ ਤੇ ਸੀਮਾਂਤ ਕਿਸਾਨੀ ਅਤੇ ਖੇਤ ਮਜ਼ਦੂਰਾਂ ਤੇ ਪਈ ਹੈ, ਇਨ੍ਹਾਂ ਤਬਕਿਆਂ ਵਿਚੋਂ ਹੀ ਵਧੇਰੇ ਖੁਦਕੁਸ਼ੀਆਂ ਹੋਈਆਂ ਹਨ। ਖੁਦਕੁਸ਼ੀਆਂ ਵਾਲੇ ਪਰਿਵਾਰਾਂ ਦੇ ਜੀਅ ਸਮਾਜਿਕ ਅਤੇ ਆਰਥਿਕ ਸਦਮੇ ਦਾ ਸ਼ਿਕਾਰ ਹੋ ਜਾਂਦੇ ਹਨ ਜਿਨ੍ਹਾਂ ਨੂੰ ਤੁਰੰਤ ਮੁੜ ਵਸੇਬੇ ਦੀ ਲੋੜ ਹੈ। ਖੇਤੀ ਸੰਕਟ ਦੇ ਲੰਮੇ ਸਮੇਂ ਦਾ ਹੱਲ ਲੱਭਣ ਲਈ ਸਰਕਾਰ ਨੂੰ ਖੇਤੀ ਆਧਾਰਿਤ ਸਨਅਤਾਂ ਲਾ ਕੇ ਪੇਂਡੂ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਨੀਤੀ ਲਾਗੂ ਕਰਨੀ ਚਾਹੀਦੀ ਹੈ। ਕਾਰਪੋਰੇਟ ਸੈਕਟਰ/ਮੈਗਾ ਪ੍ਰੋਜੈਕਟਾਂ ਨੂੰ ਮਿਲਣ ਵਾਲੀਆਂ ਸਬਸਿਡੀਆਂ ਅਤੇ ਟੈਕਸ ਛੋਟਾਂ ਉਨ੍ਹਾਂ ਉਦਮੀਆਂ ਨੂੰ ਵੀ ਦੇਣੀਆਂ ਚਾਹੀਦੀਆ ਹਨ ਜਿਹੜੇ ਖੇਤੀ ਆਧਾਰਿਤ ਸਨਅਤਾਂ ਪਿੰਡਾਂ ਵਿਚ ਲਗਾਉਣ ਅਤੇ ਲੋਕਲ ਕੱਚਾ ਮਾਲ ਵਰਤਣ ਲਈ ਪਹਿਲ ਕਰਨ। ਪੰਜਾਬ ਅਰਥਚਾਰੇ ਵਿਚ ਲੰਮੇ ਸਮੇਂ 'ਚ ਆਰਥਿਕ ਵਿਕਾਸ ਲਈ ਪੇਂਡੂ ਖੇਤਰਾਂ ਵਿਚ ਆਰਥਿਕ ਤਬਦੀਲੀਆਂ ਲਿਆਉਣਾ ਮੁੱਖ ਮਨੋਰਥ ਹੋਣਾ ਚਾਹੀਦਾ ਹੈ। ਅਜਿਹੀ ਤਬਦੀਲੀ ਖੇਤੀ ਦੇ ਮੁਢਲੇ ਉਤਪਾਦਕਾਂ ਨੂੰ ਮੰਡੀਕਰਨ ਅਤੇ ਸਨਅਤੀਕਰਨ ਪ੍ਰਕਿਰਿਆਵਾਂ ਵਿਚ ਆਪਸੀ ਤਾਲਮੇਲ ਬਿਠਾ ਕੇ ਵਧੇਰੇ ਲਾਭ ਲਈ ਪ੍ਰੇਰਨਾ ਚਾਹੀਦਾ ਹੈ।

ਆਰਥਿਕ ਵਿਕਾਸ ਦੀ ਸੁਰਜੀਤੀ ਦੀ ਪ੍ਰਕਿਰਿਆ ਦੀ ਜ਼ਿੰਮੇਵਾਰੀ ਮੁੱਖ ਤੌਰ ਤੇ ਸੂਬਾ ਸਰਕਾਰ ਦੀ ਹੈ ਪਰ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਅਤੇ ਗਤੀਸ਼ੀਲ ਨੀਤੀਗਤ ਸਾਧਨ ਕੇਂਦਰੀ ਸਰਕਾਰ ਦੇ ਕੰਟਰੋਲ ਵਿਚ ਹਨ। ਉਦਾਰਵਾਦੀ ਨੀਤੀਆਂ ਅਧੀਨ ਕੇਂਦਰੀ ਸਰਕਾਰ ਨੇ ਕੌਮਾਂਤਰੀ ਖੇਤਰ, ਕੀਮਤਾਂ 'ਤੇ ਕੰਟਰੋਲ ਹਟਾਉਣਾ, ਟੈਕਸਾਂ ਵਿਚ ਸੋਧਾਂ ਅਤੇ ਕਈ ਹੋਰ ਫੈਸਲਿਆਂ ਨੇ ਸੂਬੇ ਦੇ ਆਰਥਿਕ ਵਿਕਾਸ ਨੂੰ ਢਾਹ ਲਾਈ ਹੈ। ਕੇਂਦਰੀ ਸਰਕਾਰ ਦੇ ਹੱਥਾਂ ਵਿਚ ਅਜਿਹੇ ਨੀਤੀ ਫੈਸਲਿਆਂ ਦੀ ਭਰਮਾਰ ਕਾਰਨ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਵਿੱਤੀ ਪਾੜਾ ਵਧ ਰਿਹਾ ਹੈ। ਇਸ ਲਈ ਮੁਲਕ ਵਿਚ ਫੈਡਰਲ ਢਾਂਚਾ ਜੋ ਦਿਨ-ਬ-ਦਿਨ ਕੇਂਦਰੀਕਰਨ ਵੱਲ ਵਧ ਰਿਹਾ ਹੈ, ਨੂੰ ਤੁਰੰਤ ਰੋਕਣ ਦੀ ਲੋੜ ਹੈ।

ਪੰਜਾਬ ਦੀ ਆਰਥਿਕਤਾ ਦੀ ਬਹਾਲੀ ਅਤੇ ਸੁਰਜੀਤੀ ਸੂਬੇ ਅਤੇ ਕੇਂਦਰ, ਦੋਹਾਂ ਦੇ ਹਿੱਤ 'ਚ ਹੈ ਕਿਉਂਕਿ ਪੰਜਾਬ ਲਗਾਤਾਰ ਕੇਂਦਰੀ ਅੰਨ ਭੰਡਾਰ ਵਿਚ ਅਹਿਮ ਯੋਗਦਾਨ ਪਾ ਕੇ ਮੁਲਕ ਨੂੰ ਅੰਨ ਸੁਰੱਖਿਆ ਦੇ ਰਿਹਾ ਹੈ। ਮੁਲਕ ਦੀ ਸੁਰੱਖਿਆ ਦੇ ਮੱਦੇਨਜ਼ਰ ਪੰਜਾਬ ਦੀ ਖਾਸ ਭੂਮਿਕਾ ਹੈ। ਪੰਜਾਬ ਦਾ ਆਰਥਿਕ ਸੰਕਟ ਡੂੰਘਾ ਹੋਣ ਅਤੇ ਲਗਾਤਾਰ ਰਹਿਣ ਨਾਲ ਇਹ ਦੋਵੇਂ ਸੁਰੱਖਿਆਵਾਂ ਖਤਰੇ ਵਿਚ ਹਨ। ਪੰਜਾਬ ਦੇ ਸੰਭਾਵੀ ਆਰਥਿਕ ਵਿਕਾਸ ਦੀ ਪ੍ਰਾਪਤੀ ਲਈ ਰਾਜ ਅਤੇ ਕੇਂਦਰੀ ਸਰਕਾਰ, ਦੋਹਾਂ ਨੂੰ ਮਿਲ ਕੇ ਇਨ੍ਹਾਂ ਔਕੜਾਂ ਨੂੰ ਦੂਰ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ ਦੀ ਪਹਿਲਕਦਮੀ ਨਾਲ ਹੀ ਆਰਥਿਕ ਵਿਕਾਸ ਦੀ ਪ੍ਰਕਿਰਿਆ ਨੂੰ ਲੀਹ ਤੇ ਪਾਇਆ ਜਾ ਸਕਦਾ ਹੈ।

ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਆਰਥਿਕਤਾ ਦੀ ਸੁਰਜੀਤੀ ਲਈ ਪੰਜਾਬ ਦੇ ਲੋਕਾਂ ਸਾਹਮਣੇ ਆਪੋ-ਆਪਣਾ ਏਜੰਡਾ ਰੱਖਣ। ਇਨ੍ਹਾਂ ਨੂੰ ਨੀਵੇਂ ਦਰਜੇ ਦੀ ਸਿਆਸਤ ਤੋਂ ਬਚਣਾ ਚਾਹੀਦਾ ਹੈ। ਸਿਆਸੀ ਪਾਰਟੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਪੰਜਾਬ ਵਿਚ ਪੂੰਜੀ ਨਿਵੇਸ਼ ਦੀ ਘਾਟ ਕਿਵੇਂ ਪੂਰੀ ਕੀਤੀ ਜਾਵੇਗੀ। ਪੰਜਾਬ ਨੂੰ ਇਸ ਵਕਤ ਵਿਸ਼ੇਸ਼ ਪੂੰਜੀ ਨਿਵੇਸ਼ ਪੈਕੇਜ ਦੀ ਲੋੜ ਹੈ। ਇਹ ਪੈਕੇਜ ਵਿਕਾਸ ਦੇ ਰਾਹ ਵਿਚ ਆਈਆਂ ਔਕੜਾਂ ਦੂਰ ਕਰਨ ਵਿਚ ਸਫਲ ਹੋਵੇਗਾ। ਇਸ ਨਾਲ ਪੰਜਾਬ ਦੀ ਲੰਮੇ ਸਮੇਂ ਤੋਂ ਉਡੀਕੀ ਜਾਂਦੀ ਖੇਤੀਬਾੜੀ ਤੋਂ ਸਨਅਤੀ ਆਰਥਿਕਤਾ ਵੱਲ ਜਾਣ ਲਈ ਲੋੜੀਂਦੀਆਂ ਢਾਂਚਾ ਤਬਦੀਲੀਆਂ ਲਿਆਉਣ ਵਿਚ ਸਹਾਈ ਹੋਵੇਗਾ।

# ਮਹਾਂ ਅੰਦੋਲਨ, ਵੋਟ ਸਿਆਸਤ ਅਤੇ ਬਦਲ ਦਾ ਸਵਾਲ

ਆਰ.ਐਸ.ਐਸ.-ਭਾਜਪਾ ਦੇ ਥੋਪੇ ਖੇਤੀ ਕਾਨੂੰਨਾਂ ਵਿਰੁੱਧ ਮਹਾਂ ਅੰਦੋਲਨ ਦਾ ਜੋਸ਼ ਅਤੇ ਜਜ਼ਬਾ ਬਰਕਰਾਰ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਵੱਖ-ਵੱਖ ਸੱਦਿਆਂ ਉਪਰ ਲਗਾਤਾਰ ਪ੍ਰਭਾਵਸ਼ਾਲੀ ਲਾਮਬੰਦੀ ਹੋ ਰਹੀ ਹੈ। ਹਾਲ ਹੀ ਵਿਚ 28 ਅਗਸਤ ਨੂੰ ਕਰਨਾਲ 'ਚ ਕਿਸਾਨਾਂ ਉਪਰ ਬੇਕਿਰਕੀ ਨਾਲ ਲਾਠੀਚਾਰਜ ਅਤੇ ਇਕ ਕਿਸਾਨ ਦੀ ਮੌਤ ਵਿਰੁੱਧ ਉਸੇ ਦਿਨ ਹਰਿਆਣੇ ਦੇ ਕਿਸਾਨ ਸੜਕਾਂ ਉਪਰ ਆ ਗਏ ਅਤੇ ਅਗਲੇ ਦਿਨ ਸਮੁੱਚੇ ਪੰਜਾਬ ਵਿਚ 2 ਘੰਟੇ ਲਈ ਸੜਕੀ ਆਵਾਜਾਈ ਠੱਪ ਕੀਤੀ ਗਈ। ਦਿੱਲੀ ਦੀਆਂ ਹੱਦਾਂ ਉਪਰ ਮੋਰਚੇ 'ਚ ਕਿਸਾਨਾਂ ਦੀ ਚੋਖੀ ਗਿਣਤੀ ਬਣਾਈ ਰੱਖਣ ਲਈ ਦੋਨਾਂ ਰਾਜਾਂ ਤੋਂ ਕਿਸਾਨਾਂ ਦੇ ਕਾਫਲੇ ਲਗਾਤਾਰ ਸ਼ਾਮਿਲ ਹੋ ਰਹੇ ਹਨ। ਹੋਰ ਰਾਜਾਂ ਤੋਂ ਵੀ ਕਿਸਾਨ ਅੰਦੋਲਨ ਵਿਚ ਲਗਾਤਾਰ ਹਿੱਸਾ ਲੈ ਰਹੇ ਹਨ ਅਤੇ ਇਹ ਸਰਵ ਭਾਰਤੀ ਅੰਦੋਲਨ ਬਣ ਚੁੱਕਾ ਹੈ। ਅੰਦੋਲਨ ਨੂੰ ਲੰਮਾ ਖਿੱਚ ਕੇ ਸੰਘਰਸ਼ ਨੂੰ ਖਦੇੜਨ ਦਾ ਭਰਮ ਪਾਲ ਰਹੇ

**ਬੂਟਾ ਸਿੰਘ**
ਫੋਨ: +91-94634-74342

ਆਰ.ਐਸ.ਐਸ.-ਭਾਜਪਾ ਦੀ ਹਰ ਘਿਨਾਉਣੀ ਚਾਲ ਨਾਕਾਮ ਰਹੀ ਹੈ।

ਕਰੋਨਾ ਦੀ ਦੂਜੀ ਲਹਿਰ ਦੇ ਬਾਵਜੂਦ 26 ਮਈ ਨੂੰ ਦਿੱਲੀ ਮੋਰਚੇ ਦੇ ਛੇ ਮਹੀਨੇ ਪੂਰੇ ਹੋਣ 'ਤੇ 'ਕਾਲੇ ਝੰਡੇ ਲਹਿਰਾਓ' ਦਿਵਸ ਅਤੇ ਮੋਦੀ ਹਕੂਮਤ ਦੇ ਪੁਤਲੇ ਸਾੜਨ ਦੇ ਸੱਦੇ ਨੂੰ ਕਿਸਾਨਾਂ ਨੇ ਹੁੰਗਾਰਾ ਭਰਿਆ। 26 ਜੂਨ ਨੂੰ ਪੂਰੇ ਮੁਲਕ ਵਿਚ 'ਖੇਤੀ ਬਚਾਓ-ਲੋਕਤੰਤਰ ਬਚਾਓ' ਦਿਵਸ 'ਤੇ ਲੋਕਾਂ ਦੇ ਵੱਖ-ਵੱਖ ਹਿੱਸਿਆਂ ਦੀ ਸ਼ਮੂਲੀਅਤ ਨਾਲ ਲੱਗਭੱਗ ਸਾਰੇ ਹੀ ਗਵਰਨਰ ਹਾਊਸਾਂ ਦੇ ਬਾਹਰ ਵਿਸ਼ਾਲ ਮੁਜ਼ਾਹਰੇ ਕਰਕੇ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜੇ ਗਏ। 22 ਜੁਲਾਈ ਤੋਂ 9 ਅਗਸਤ ਤੱਕ ਦਿੱਲੀ 'ਚ ਸਰਕਾਰੀ ਸੰਸਦ ਦੇ ਬਰਾਬਰ ਮੁਤਵਾਜ਼ੀ ਕਿਸਾਨ ਸੰਸਦ ਕਰਕੇ ਕਾਰਪੋਰੇਟ ਸਰਮਾਏਦਾਰੀ ਦੇ ਦਲਾਲ ਆਰ.ਐਸ.ਐਸ.-ਬੀ.ਜੇ.ਪੀ. ਦੀਆਂ ਦੇਸ਼ਧ੍ਰੋਹੀ ਨੀਤੀਆਂ ਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਵਿਰੋਧ ਕੀਤਾ ਗਿਆ ਜਿਸ ਵਿਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੋਜ਼ਾਨਾ ਚੁਣ ਕੇ ਭੇਜੇ ਜਾਂਦੇ 200 ਨੁਮਾਇੰਦਿਆਂ ਨੇ ਜਮਹੂਰੀ ਤਰੀਕੇ ਨਾਲ ਸੰਸਦ ਚਲਾ ਕੇ ਨਵਾਂ ਇਤਿਹਾਸ ਰਚਿਆ। ਕਿਸਾਨਾਂ, ਔਰਤਾਂ ਅਤੇ ਨੌਜਵਾਨਾਂ ਵੱਲੋਂ ਇਸ ਮੁਤਵਾਜ਼ੀ ਸੰਸਦ ਵਿਚ ਬਹੁਤ ਹੀ ਸੁਘੜ ਭੂਮਿਕਾ ਨਿਭਾਈ ਗਈ। ਉਨ੍ਹਾਂ ਨੇ ਖੇਤੀ ਕਾਨੂੰਨਾਂ ਅਤੇ ਜਿਣਸਾਂ ਦੇ ਭਾਅ ਤੈਅ ਕਰਨ ਦੀ ਸਰਕਾਰੀ ਧੋਖਾਧੜੀ ਦਾ ਪਰਦਾਫਾਸ਼ ਕਰਦਿਆਂ ਤੱਥਾਂ ਅਤੇ ਅੰਕੜਿਆਂ 'ਤੇ ਆਧਾਰਿਤ ਠੋਸ ਵਿਚਾਰ ਚਰਚਾ ਕਰਕੇ ਇਹ ਦਿਖਾ ਦਿੱਤਾ ਕਿ ਕਾਲੇ ਕਾਨੂੰਨਾਂ ਅਤੇ ਐਮ.ਐਸ.ਪੀ. ਬਾਰੇ ਕਿਸਾਨ ਕਿੰਨੇ ਜਾਗਰੂਕ ਹਨ।

ਦਿੱਲੀ ਦੀਆਂ ਹੱਦਾਂ ਉਪਰ ਚਟਾਨ ਵਾਂਗ ਡਟੇ ਅੰਦੋਲਨ ਦੇ 9 ਮਹੀਨੇ ਪੂਰੇ ਹੋਣ 'ਤੇ 26-27 ਅਗਸਤ ਨੂੰ ਭਾਰਤ ਦੇ ਅਵਾਮ ਦੇ ਸਮੂਹ ਹਿੱਸਿਆਂ ਦੀ ਸਾਂਝੀ ਕਨਵੈਨਸ਼ਨ ਕੀਤੀ ਗਈ ਜਿਸ ਵਿਚ ਸੈਂਕੜੇ ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ, 18 ਆਲ ਇੰਡੀਆ ਟਰੇਡ ਯੂਨੀਅਨਾਂ, 9 ਔਰਤ ਜਥੇਬੰਦੀਆਂ ਅਤੇ 17 ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਦੇ 2000 ਤੋਂ ਵਧੇਰੇ ਨੁਮਾਇੰਦਿਆਂ ਨੇ ਹਿੱਸਾ ਲਿਆ। ਕਨਵੈਨਸ਼ਨ ਨੇ ਸੱਦਾ ਦਿੱਤਾ ਕਿ ਆਉਣ ਵਾਲੇ ਦਿਨਾਂ 'ਚ ਅੰਦੋਲਨ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ ਅਤੇ 25 ਸਤੰਬਰ ਨੂੰ ਮੁਕੰਮਲ ਭਾਰਤ ਬੰਦ ਰੱਖਿਆ ਜਾਵੇਗਾ। 5 ਸਤੰਬਰ ਨੂੰ ਮੁਜ਼ੱਫਰਨਗਰ (ਉਤਰ ਪ੍ਰਦੇਸ਼) ਵਿਖੇ ਵਿਸ਼ਾਲ ਰੈਲੀ ਕਰਨ ਦਾ ਪ੍ਰੋਗਰਾਮ ਵੀ ਲਿਆ ਗਿਆ ਹੈ। ਉਮੀਦ ਹੈ ਕਿ ਇਹ ਰੈਲੀ ਮਹੰਤ ਆਦਿੱਤਿਆਨਾਥ ਦੀ ਹਕੂਮਤ ਦੀ ਫਾਸ਼ੀਵਾਦੀ ਦਹਿਸ਼ਤ ਨੂੰ ਤੋੜਨ 'ਚ ਕਾਮਯਾਬ ਹੋਵੇਗੀ ਅਤੇ ਇੱਥੇ ਵੀ ਬੜੀ ਤਾਦਾਦ 'ਚ ਮਜ਼ਦੂਰ ਕਿਸਾਨ ਰਾਮ ਰਾਜ ਦੇ ਨਾਂ 'ਤੇ ਖੇਡੀ ਜਾ ਰਹੀ ਭਗਵੀਂ ਫਿਰਕੂ ਸਿਆਸਤ ਦੀ ਕੀਲ ਤੋਂ ਬਾਹਰ ਆਉਣਗੇ।



ਪੰਜਾਬ ਵਿਚ ਮੋਰਚੇ ਵੱਲੋਂ ਨੈਸ਼ਨਲ ਹਾਈਵੇ ਦੇ ਜਲੰਧਰ-ਫਗਵਾੜਾ ਸੈਕਸ਼ਨ ਉਪਰ ਸੜਕੀ ਆਵਾਜਾਈ ਰੇਲਵੇ ਆਵਾਜਾਈ ਠੱਪ ਕਰ ਦਿੱਤੀ ਗਈ। ਕੈਪਟਨ ਸਰਕਾਰ ਨੂੰ ਗੰਨੇ ਦਾ ਭਾਅ 50 ਰੁਪਏ ਵਧਾਉਣਾ ਪਿਆ ਅਤੇ ਖੰਡ ਮਿੱਲਾਂ ਵੱਲੋਂ ਕਿਸਾਨਾਂ ਦੇ ਦੱਬੇ 200 ਕਰੋੜ ਰੁਪਏ ਜਾਰੀ ਕਰਵਾਉਣ ਬਾਰੇ ਚੁੱਪ ਤੋੜਨੀ ਪਈ। ਨਵਾਂਸ਼ਹਿਰ ਵਿਚ ਕਿਰਤੀ ਕਿਸਾਨ ਯੂਨੀਅਨ ਨੇ ਸ਼ੂਗਰ ਮਿੱਲ ਦੀਆਂ ਚੋਣਾਂ ਕਾਂਗਰਸ ਅਤੇ ਅਕਾਲੀ ਦਲ ਦੇ ਆਗੂਆਂ ਉਪਰ ਦਬਾਓ ਪਾ ਕੇ ਅਣਮਿੱਥੇ ਸਮੇਂ ਲਈ ਮੁਲਤਵੀ ਕਰਵਾ ਦਿੱਤੀਆਂ।

ਅੰਦੋਲਨ ਨੇ ਸਿਰਫ ਕਾਰਪੋਰੇਟ ਹਿਤੈਸ਼ੀ ਧਾੜਵੀ ਰਾਜ ਵਿਰੁੱਧ ਸੰਘਰਸ਼ ਦਾ ਇਤਿਹਾਸ ਹੀ ਨਹੀਂ ਰਚਿਆ, ਇਸ ਨੇ ਨਵੀਆਂ ਲੀਹਾਂ ਪਾ ਕੇ ਰਵਾਇਤੀ ਵੋਟ ਸਿਆਸਤ ਨੂੰ ਵੀ ਤਕੜੀ ਚੁਣੌਤੀ ਦਿੱਤੀ ਹੈ। ਬੀ.ਜੇ.ਪੀ. ਨੂੰ ਲਗਾਤਾਰ ਕਿਸਾਨ ਜਥੇਬੰਦੀਆਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਜਿੱਥੇ ਵੀ ਬੀ.ਜੇ.ਪੀ. ਆਗੂ ਕੋਈ ਇਕੱਠ ਕਰਨ ਦੀ ਕੋਸ਼ਿਸ਼ ਕਰਦੇ ਹਨ, ਉੱਥੇ ਕਿਸਾਨ ਇਕੱਠੇ ਹੋ ਕੇ ਭਗਵੇਂ ਟੋਲੇ ਨੂੰ ਖਦੇੜ ਦਿੰਦੇ ਹਨ। ਹਰਿਆਣੇ ਵਿਚ ਬੀ.ਜੇ.ਪੀ. ਅਤੇ ਇਸ ਦੇ ਭਾਈਵਾਲ ਦੁਸ਼ਿਅੰਤ ਚੌਟਾਲਾ ਗੈਂਗ (ਜੇ.ਜੇ.ਪੀ.) ਨੂੰ ਕਿਸਾਨਾਂ ਦੇ ਵਿਰੋਧ ਕਾਰਨ ਇਕੱਠਾਂ ਦੇ ਸਥਾਨ ਬਦਲਣੇ ਪੈ ਰਹੇ ਹਨ। ਅੱਜ ਤੋਂ ਇਕ ਸਾਲ ਪਹਿਲਾਂ ਆਰ.ਐਸ.ਐਸ.-ਬੀ.ਜੇ.ਪੀ. ਦੇ ਛੋਟੇ ਵੱਡੇ ਆਗੂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੁਪਨੇ ਲੈ ਰਹੇ ਸਨ। ਹੁਣ ਅੰਦੋਲਨ ਦਾ ਦਬਾਓ ਇਸ ਕਦਰ ਹੈ ਕਿ ਉਨ੍ਹਾਂ ਨੂੰ ਮੀਟਿੰਗਾਂ ਵੀ ਲੁਕ-ਛਿਪ ਕੇ ਮੀਟਿੰਗਾਂ ਕਰਨੀਆਂ ਪੈ ਰਹੀਆਂ ਹਨ।

2022 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹਾਕਮ ਜਮਾਤੀ ਪਾਰਟੀਆਂ ਪੰਜਾਬ ਨੂੰ ਚੋਣ ਅਖਾੜਾ ਬਣਾਉਣ ਲਈ ਬੁਰੀ ਤਰ੍ਹਾਂ ਤਰਲੋਮੱਛੀ ਹੋ ਰਹੀਆਂ ਹਨ, ਲੇਕਿਨ ਅੰਦੋਲਨ ਨਾਲ ਬਣਿਆ ਮਾਹੌਲ ਉਨ੍ਹਾਂ ਨੂੰ ਪੂਰੀ ਤਰ੍ਹਾਂ ਖੁੱਲ੍ਹ ਕੇ ਸਰਗਰਮੀ ਕਰਨ ਦੀ ਇਜਾਜ਼ਤ ਨਹੀਂ ਦੇ ਰਿਹਾ। ਪਿੰਡਾਂ ਵਿਚ ਬੈਠੇ ਸਿਆਸੀ ਘੜੰਮ ਚੌਧਰੀ ਬੇਸ਼ਰਮੀ ਨਾਲ ਆਪਣੇ ਆਗੂਆਂ ਨੂੰ ਪਿੰਡਾਂ 'ਚ ਸੱਦ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਦੇ ਬਲਵੀਰ ਸਿੰਘ ਰਾਜੇਵਾਲ ਅਤੇ ਹੋਰ ਮੁੱਖ ਆਗੂ ਭਾਵੇਂ ਵਾਰ-ਵਾਰ ਵਰਜ ਰਹੇ ਹਨ ਕਿ ਮੋਰਚੇ ਵੱਲੋਂ ਭਾਜਪਾ ਤੋਂ ਬਿਨਾ ਬਾਕੀ ਪਾਰਟੀਆਂ ਨੂੰ ਘੇਰਨ ਦਾ ਕੋਈ ਸੱਦਾ ਨਹੀਂ ਹੈ ਲੇਕਿਨ ਪਿਛਲੇ ਦਿਨਾਂ ਤੋਂ ਮਾਲਵੇ 'ਚ ਕਿਸਾਨਾਂ ਵੱਲੋਂ ਸੁਖਬੀਰ ਬਾਦਲ ਅਤੇ ਹੋਰ ਆਗੂਆਂ ਨੂੰ ਘੇਰਨ ਅਤੇ ਸਵਾਲ ਕਰਕੇ ਲਾਜਵਾਬ ਕਰਨ ਦੀਆਂ ਲਗਾਤਾਰ ਵਾਪਰ ਰਹੀਆਂ ਘਟਨਾਵਾਂ ਲੋਕ ਵਿਰੋਧੀ ਸਿਆਸੀ ਕੋੜਮੇ ਵਿਰੁੱਧ ਆਮ ਲੋਕਾਂ ਅੰਦਰ ਖੌਲ ਰਹੇ ਵਿਆਪਕ ਰੋਹ ਦੀ ਝਲਕ ਪੇਸ਼ ਕਰਦੀਆਂ ਹਨ। ਮੱਕਾਰ ਸਿਆਸਤਦਾਨ ਮਹਾਂ ਅੰਦੋਲਨ ਦੀ ਹਮਾਇਤ 'ਚ ਖੜ੍ਹੇ ਹੋਣ ਦਾ ਪੱਤਾ ਖੇਡ ਕੇ ਹਮਦਰਦੀ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਨ। ਆਮ ਲੋਕ ਉਨ੍ਹਾਂ ਦੇ ਲੋਕ ਵਿਰੋਧੀ ਕਿਰਦਾਰ ਨੂੰ ਤਾਂ ਬਾਖੂਬੀ ਸਮਝਦੇ ਹਨ ਲੇਕਿਨ ਉਹ ਅਜੇ ਆਪਣੇ ਮਸਲਿਆਂ ਦਾ ਹੱਲ ਚੋਣਾਂ ਰਾਹੀਂ ਸਰਕਾਰ ਬਦਲਣ 'ਚ ਦੇਖ ਰਹੇ ਹਨ। ਉਹ 'ਆਪ' ਸਮੇਤ ਇਨ੍ਹਾਂ ਪਾਰਟੀਆਂ ਦੇ ਮੁਫਤ ਬਿਜਲੀ ਅਤੇ ਹੋਰ ਖੈਰਾਤਾਂ ਦੇ ਵਾਅਦਿਆਂ ਨੂੰ ਲੋਕ ਹਿਤੈਸ਼ੀ ਸਮਝਣ ਦੇ ਭਰਮ ਦਾ ਸ਼ਿਕਾਰ ਹਨ ਜਿਨ੍ਹਾਂ ਦਾ ਮਨੋਰਥ ਬੁਨਿਆਦੀ ਮਸਲਿਆਂ ਤੋਂ ਧਿਆਨ ਹਟਾ ਕੇ ਲੁਭਾਉਣੇ ਨਾਅਰਿਆਂ ਰਾਹੀਂ ਸੱਤਾ ਉਪਰ ਕਾਬਜ਼ ਹੋਣਾ ਹੈ। ਉਹ ਕਾਰਪੋਰੇਟ ਗ਼ਲਬੇ ਵਾਲੇ ਆਰਥਕ ਮਾਡਲ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਲਈ ਸਮੁੱਚੇ ਹਾਕਮ ਜਮਾਤੀ ਕੋੜਮੇ ਨਾਲ ਗਹਿਗੱਚ ਲੰਮੇ ਸੰਘਰਸ਼ ਦੇ ਮਹੱਤਵ ਨੂੰ ਅਜੇ ਸਮਝ ਨਹੀਂ ਰਹੇ। ਪੰਜਾਬ ਦੀ ਜਵਾਨੀ ਧੜਾਧੜ ਵਿਦੇਸ਼ਾਂ ਨੂੰ ਭੱਜ ਰਹੀ ਹੈ ਪਰ ਇਨ੍ਹਾਂ ਪਾਰਟੀਆਂ ਕੋਲ ਨੌਜਵਾਨੀ ਨੂੰ ਪ੍ਰੇਰਿਤ ਕਰਕੇ ਪੰਜਾਬ ਦੀ ਤਰੱਕੀ, ਖ਼ੁਸ਼ਹਾਲੀ ਅਤੇ ਬਿਹਤਰੀ 'ਚ ਲਾਉਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਸਾਰੇ ਹਾਕਮ ਜਮਾਤੀ ਧੜੇ ਲੋਕ ਵਿਰੋਧੀ ਆਰਥਕ ਮਾਡਲ ਨੂੰ ਲਾਗੂ ਕਰਨ ਲਈ ਇਕਮੱਤ ਹਨ ਅਤੇ ਇਨ੍ਹਾਂ ਸਭ ਦੀਆਂ ਨੀਤੀਆਂ ਇਸੇ ਮਾਡਲ ਉਪਰ ਆਧਾਰਿਤ ਹਨ। ਇਸ ਮਾਡਲ ਨੂੰ ਮੁਕੰਮਲ ਰੂਪ 'ਚ ਰੱਦ ਕੀਤੇ ਬਗੈਰ ਖੇਤੀ ਸੰਕਟ, ਬੇਰੁਜ਼ਗਾਰੀ, ਛੋਟੇ ਕਾਰੋਬਾਰਾਂ ਦੀ ਸਲਾਮਤੀ, ਸਰਕਾਰੀ ਹਸਪਤਾਲਾਂ 'ਚ ਮੁਫਤ ਇਲਾਜ ਤੇ ਮੁਫਤ ਪੜ੍ਹਾਈ ਅਤੇ ਕੁਦਰਤ ਹਿਤੈਸ਼ੀ ਆਰਥਕ ਮਾਡਲ ਵਰਗੇ ਸਭ ਤੋਂ ਮਹੱਤਵਪੂਰਨ ਮੁੱਦੇ ਸਟੇਟ ਦੀਆਂ ਨੀਤੀਆਂ ਦਾ ਆਧਾਰ ਕਦੇ ਵੀ ਨਹੀਂ ਬਣਾਏ ਜਾਣਗੇ।

ਫਿਰ ਵੀ ਇਹ ਰੁਝਾਨ ਬਹੁਤ ਹੀ ਸਾਰਥਕ ਹੈ ਕਿ ਕਿਸਾਨਾਂ ਦੀਆਂ ਟੋਲੀਆਂ ਕਾਂਗਰਸੀਆਂ ਅਤੇ ਅਕਾਲੀ ਦਲੀਆਂ ਨੂੰ ਘੇਰ ਕੇ ਤਿੱਖੇ ਸਵਾਲ ਕਰ ਰਹੀਆਂ ਹਨ। ਇਹ ਬਦਲ-ਬਦਲ ਕੇ ਸਰਕਾਰਾਂ ਬਣਾਉਣ ਦਾ ਦੋਸਤਾਨਾ ਮੈਚ ਖੇਡਣ ਵਾਲਿਆਂ ਨੂੰ ਜਵਾਬਦੇਹ ਬਣਾਉਣ ਦੇ ਸੱਚੇ ਜਮਹੂਰੀ ਅਮਲ ਦਾ ਆਗਾਜ਼ ਹੈ; ਲੇਕਿਨ ਸਮੱਸਿਆ ਇਹ ਹੈ ਕਿ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਦੀ ਇਸ ਮੁੱਦੇ ਉਪਰ ਇਕਜੁੱਟ ਸਮਝ ਨਾ ਹੋਣ ਕਾਰਨ ਇਹ ਵਿਰੋਧ ਬੱਝਵੀਂ ਮੁਹਿੰਮ ਨਹੀਂ ਬਣ ਰਿਹਾ। ਜਥੇਬੰਦੀਆਂ ਦਾ ਇਕ ਹਿੱਸਾ ਇਸ ਸਵਾਲ ਉਪਰ ਦ੍ਰਿੜ ਸਟੈਂਡ ਨਹੀਂ ਲੈਣਾ ਚਾਹੁੰਦਾ ਕਿ ਜਦ ਤੱਕ ਅੰਦੋਲਨ ਦੀ ਜਿੱਤ ਨਹੀਂ ਹੁੰਦੀ, ਉਦੋਂ ਤੱਕ ਇਨ੍ਹਾਂ ਪਾਰਟੀਆਂ ਨੂੰ ਵਿਆਪਕ ਲੋਕ ਲਾਮਬੰਦੀ ਦੇ ਜ਼ੋਰ ਪੰਜਾਬ ਨੂੰ ਚੋਣ ਅਖਾੜਾ ਬਣਾਉਣ ਤੋਂ ਰੋਕਣਾ ਜ਼ਰੂਰੀ ਹੈ ਅਤੇ ਵਿਧਾਨ ਸਭਾ ਦੀਆਂ ਚੋਣਾਂ ਲਈ ਚੋਣ ਪ੍ਰਚਾਰ ਨਹੀਂ ਕਰਨ ਦਿੱਤਾ ਜਾਵੇਗਾ; ਕਿਉਂਕਿ ਜੇ ਚੋਣ ਰੈਲੀਆਂ ਬੇਰੋਕ-ਟੋਕ ਹੋਣੀਆਂ ਸ਼ੁਰੂ ਹੋ ਗਈਆਂ ਅਤੇ ਸੱਤਾ ਲਈ ਲਾਲ੍ਹਾਂ ਸੁੱਟ ਰਹੇ ਹਾਕਮ ਜਮਾਤੀ ਸਿਆਸੀ ਧੜਿਆਂ ਉਪਰ ਕਿਸਾਨ ਅੰਦੋਲਨ ਦਾ ਦਬਾਓ ਢਿੱਲਾ ਪੈ ਗਿਆ ਤਾਂ ਛੇਤੀ ਹੀ ਇਹ ਪਾਰਟੀਆਂ ਧਰਮ, ਜਾਤ ਅਤੇ ਪਾਰਟੀ ਸਿਆਸਤ ਦੇ ਆਧਾਰ 'ਤੇ ਸਿਆਸੀ ਧੜੇਬੰਦੀਆਂ ਖੜ੍ਹੀਆਂ ਕਰਕੇ ਲੋਕ ਤਾਕਤ ਨੂੰ ਵੰਡ ਦੇਣਗੀਆਂ, ਨਸ਼ਿਆਂ ਦੇ ਲੰਗਰ ਲਾ ਕੇ ਲੋਕਾਂ, ਖਾਸ ਕਰਕੇ ਨੌਜਵਾਨਾਂ ਨੂੰ ਪੁੱਠੇ ਰਾਹ ਪਾਉਣਗੀਆਂ ਅਤੇ ਸ਼ਾਨਦਾਰ ਪ੍ਰਾਪਤੀਆਂ ਨੂੰ ਤਹਿਸ-ਨਹਿਸ ਕਰਕੇ ਅੰਦੋਲਨ ਨੂੰ ਘਾਤਕ ਸੱਟ ਮਾਰਨ 'ਚ ਕਾਮਯਾਬ ਹੋ ਜਾਣਗੀਆਂ।

ਕੁਝ ਕਿਸਾਨ ਜਥੇਬੰਦੀਆਂ ਐਸੀਆਂ ਵੀ ਹਨ ਜਿਨ੍ਹਾਂ ਦੇ ਆਗੂਆਂ ਦੀ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨਾਲ ਅੰਦਰੂਨੀ ਸਾਂਝ ਹੈ, ਲੇਕਿਨ ਅੰਦੋਲਨ ਦੇ ਦਬਾਓ ਕਾਰਨ ਉਹ ਇਨ੍ਹਾਂ ਪਾਰਟੀਆਂ ਨਾਲ ਆਪਣੀ ਹਮਦਰਦੀ ਖੁੱਲ੍ਹ ਕੇ ਜ਼ਾਹਿਰ ਨਹੀਂ ਕਰਦੇ। ਪਿੰਡਾਂ ਵਿਚ ਵੀ ਕਿਸਾਨਾਂ ਦਾ ਇਕ ਹਿੱਸਾ ਐਸਾ ਹੈ ਜਿਨ੍ਹਾਂ ਦਾ ਇਕ ਪੈਰ ਕਿਸਾਨ ਅੰਦੋਲਨ 'ਚ ਹੈ ਅਤੇ ਦੂਜਾ ਪੈਰ ਕਾਂਗਰਸ ਜਾਂ ਅਕਾਲੀ ਦਲ ਵਿਚ ਹੈ। ਇਕ ਹਿੱਸਾ ਦੋਨਾਂ ਰਵਾਇਤੀ ਪਾਰਟੀਆਂ ਦਾ ਬਦਲ ਆਮ ਆਦਮੀ ਪਾਰਟੀ 'ਚ ਦੇਖਦਾ ਹੈ। ਕੁਝ ਕਿਸਾਨ ਜਥੇਬੰਦੀਆਂ ਇਨ੍ਹਾਂ ਹਿੱਸਿਆਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀਆਂ। ਲਿਹਾਜ਼ਾ, ਬੀ.ਜੇ.ਪੀ. ਦਾ ਵਿਰੋਧ ਕਰਨ ਲਈ ਤਾਂ ਸਾਰੇ ਤਿਆਰ ਹਨ ਲੇਕਿਨ ਵੋਟ ਸਿਆਸਤ ਰਾਹੀਂ ਅੰਦੋਲਨ ਦੀ ਏਕਤਾ ਨੂੰ ਸੱਟ ਮਾਰਨ ਦੇ ਇਨ੍ਹਾਂ ਪਾਰਟੀਆਂ ਦੇ ਲੋਕ ਵਿਰੋਧੀ ਮਨਸੂਬਿਆਂ ਨੂੰ ਰੋਕਣ ਤੋਂ ਇਹ ਹਿੱਸੇ ਪੈਰ ਪਿੱਛੇ ਖਿੱਚਦੇ ਹਨ। ਜ਼ਮੀਨੀ ਹਕੀਕਤ ਇਹ ਹੈ ਕਿ ਕੁਝ ਸ਼ਹਿਰਾਂ ਅਤੇ ਥੋੜ੍ਹੇ ਜਹੇ ਪੇਂਡੂ ਖੇਤਰ ਨੂੰ ਛੱਡ ਕੇ ਪੰਜਾਬ ਵਿਚ ਬੀ.ਜੇ.ਪੀ. ਦਾ ਕੋਈ ਗਿਣਨਯੋਗ ਜਨਤਕ ਆਧਾਰ ਨਹੀਂ ਹੈ। ਇੱਥੇ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਮੁੱਖ ਹੁਕਮਰਾਨ ਜਮਾਤ ਹੈ। ਅੰਦੋਲਨ ਦੀ ਹਮਾਇਤ ਦੇ ਨਾਂ 'ਤੇ ਇਨ੍ਹਾਂ ਨੂੰ ਆਪਣੇ ਪਿਛਲੇ ਕੁਕਰਮਾਂ ਨੂੰ ਲੁਕੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਪੰਜਾਬ ਅਤੇ ਲੋਕਾਂ ਦੀ ਦੁਰਦਸ਼ਾ ਲਈ ਇਹ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਇਨ੍ਹਾਂ ਦਾ ਖੇਤੀ ਕਾਨੂੰਨਾਂ ਨੂੰ ਰੱਦ ਕਰਵਾ ਕੇ ਅੰਦੋਲਨ ਨੂੰ ਕਾਮਯਾਬ ਕਰਨ ਅਤੇ ਕਿਸਾਨਾਂ ਅਤੇ ਹੋਰ ਲੋਕਾਂ ਦੀ ਲੁੱਟ ਨੂੰ ਰੋਕਣ ਨਾਲ ਕੋਈ ਸਰੋਕਾਰ ਨਹੀਂ ਹੈ। ਇਨ੍ਹਾਂ ਦਾ ਇੱਕੋ-ਇਕ ਨਿਸ਼ਾਨਾ ਮਿਸ਼ਨ-2022 ਹੈ ਅਤੇ ਇਹ ਸਭ ਅਗਲੀਆਂ ਚੋਣਾਂ 'ਚ ਆਪਣੀ ਸਰਕਾਰ ਬਣਾਉਣ ਦੇ ਸੁਪਨੇ ਦੇਖ ਰਹੇ ਹਨ।

ਇਨ੍ਹਾਂ ਹਾਲਾਤ 'ਚ ਖਰੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਅਤੇ ਸੱਚੇ ਮਾਇਨਿਆਂ 'ਚ ਇਨਕਲਾਬੀ ਬਦਲਾਓ ਲਈ ਯਤਨਸ਼ੀਲ ਤਾਕਤਾਂ ਨੂੰ ਧੜੱਲੇਦਾਰ ਭੂਮਿਕਾ ਨਿਭਾਉਣੀ ਚਾਹੀਦੀ ਹੈ। ਕਿਸਾਨ ਜਥੇਬੰਦੀਆਂ ਨੂੰ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਸਵਾਲਾਂ ਦੀ ਸਰਗਰਮ ਮੁਹਿੰਮ ਰਾਹੀਂ ਹਾਕਮ ਜਮਾਤੀ ਸਿਆਸਤ ਤੋਂ ਉਨ੍ਹਾਂ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਦੇ ਜਵਾਬ ਮੰਗਣ ਅਤੇ ਉਨ੍ਹਾਂ ਦਾ ਪਰਦਾਫਾਸ਼ ਕਰਨ ਉਪਰ ਕੇਂਦਰਤ ਕਰਨਾ ਚਾਹੀਦਾ ਹੈ। ਦੂਜੇ ਪਾਸੇ, ਇਨਕਲਾਬੀ ਤਾਕਤਾਂ ਨੂੰ ਸਰਗਰਮ ਸਿਆਸੀ ਭੂਮਿਕਾ ਨਿਭਾਉਣ ਦੀ ਪਹਿਲਕਦਮੀ ਲੈਣੀ ਚਾਹੀਦੀ ਹੈ ਅਤੇ ਲੋਕਾਂ ਅੱਗੇ ਇਸ ਲੋਟੂ ਪ੍ਰਬੰਧ ਤੋਂ ਨਿਜਾਤ ਪਾਉਣ ਦਾ ਸਿਆਸੀ ਬਦਲ ਪੇਸ਼ ਕਰਨ ਲਈ ਠੋਸ ਪ੍ਰੋਗਰਾਮ ਤੈਅ ਕਰਕੇ ਸਰਗਰਮੀ 'ਚ ਜੁਟਣਾ ਚਾਹੀਦਾ ਹੈ।

# ਸਰਮਾਏਦਾਰਾਂ ਦੀ ਪੁਲਾੜ ਵੱਲ ਦੌੜ

ਮਨੁੱਖ ਨੇ ਕਿਰਤ ਦੇ ਅਮਲ ਰਾਹੀਂ ਕੁਦਰਤ ਉਤੇ ਜਿੱਤ ਪ੍ਰਾਪਤ ਕੀਤੀ ਤੇ ਇਸ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਿਆ। ਕਿਰਤ ਦੀ ਇਸ ਲੰਮੀ ਪ੍ਰਕਿਰਿਆ ਵਿਚ ਮਨੁੱਖ ਨੇ ਪੱਥਰ ਦੇ ਸੰਦਾਂ ਤੋਂ ਲੈ ਕੇ ਆਧੁਨਿਕ ਮਸ਼ੀਨਾਂ ਤੱਕ ਦਾ ਸਫਰ ਤੈਅ ਕੀਤਾ ਹੈ। ਪੀੜ੍ਹੀ-ਦਰ-ਪੀੜ੍ਹੀ ਕੁਦਰਤੀ ਤਾਕਤ ਨਾਲ ਸੰਘਰਸ਼ ਦੇ ਰੂਪ 'ਚ ਕੀਤੀ ਗਈ ਸਮੂਹਿਕ ਕਿਰਤ ਨੇ ਹੀ ਅਧੁਨਿਕ ਵਿਗਿਆਨ ਦੀ ਨੀਂਹ ਰੱਖੀ ਤੇ ਮਨੁੱਖੀ ਸਮਾਜ ਨੇ ਮੁੱਢ-ਕਦੀਮੀ ਸਮਾਜ

**ਤਜਿੰਦਰ**
ਫੋਨ: +91-98155-87807

ਤੋਂ ਸਰਮਾਏਦਾਰੀ ਸਮਾਜ ਤੱਕ ਦਾ ਸਫਰ ਤੈਅ ਕੀਤਾ। ਬਿਨਾ ਸ਼ੱਕ ਸਰਮਾਏਦਾਰੀ ਯੁੱਗ 'ਚ ਵਿਗਿਆਨ ਨੇ ਲੰਮੀਆਂ ਪੁਲਾਂਘਾ ਪੁੱਟੀਆਂ ਪਰ ਇਸ ਵਿਕਾਸ ਦਾ ਦੂਜਾ ਪੱਖ ਇਹ ਸੀ ਕਿ ਇਸ ਦੇ ਕੇਂਦਰ 'ਚ ਮਨੁੱਖ ਨਹੀਂ ਸਗੋਂ ਮੁਨਾਫਾ ਰਿਹਾ। ਮੁਨਾਫੇ ਦੀ ਇਹ ਦੌੜ ਹੁਣ ਸਿਰਫ ਧਰਤੀ ਤੱਕ ਸੀਮਤ ਨਹੀਂ ਰਹੀ ਸਗੋਂ ਧਰਤੀ ਦੇ ਕੁਦਰਤੀ ਸ੍ਰੋਤਾਂ ਦੀ ਲੁੱਟ ਤੋਂ ਬਾਅਦ ਹੁਣ ਇਹ ਦੌੜ ਪੁਲਾੜ ਤੱਕ ਪਹੁੰਚ ਗਈ ਹੈ।

ਪੁਲਾੜ ਲਈ ਦੌੜ ਦਾ ਪਹਿਲਾ ਦੌਰ ਅਮਰੀਕੀ ਸਾਮਰਾਜ ਤੇ 1956 ਵਿਚ ਸਮਾਜਵਾਦ ਨੂੰ ਪਛਾੜ ਲੱਗਣ ਮਗਰੋਂ ਸਾਮਰਾਜੀ ਬਣੇ ਸੋਵੀਅਤ ਯੂਨੀਅਨ ਵਿਚਕਾਰ ਠੰਢੀ ਜੰਗ ਦਾ ਦੌਰ ਹੈ। ਸੰਸਾਰ ਦੀਆਂ ਦੋ ਤਾਕਤਾਂ ਵਿਚਕਾਰ ਲਗਭਗ 20 ਸਾਲ ਤੱਕ ਇਹ ਮੁਕਾਬਲਾ ਚੱਲਦਾ ਰਿਹਾ ਹੈ। ਇਸੇ ਦੌਰਾਨ ਮਨੁੱਖ ਨੇ ਚੰਦ ਉਪਰ ਆਪਣਾ ਪਹਿਲਾ ਕਦਮ ਵੀ ਰੱਖਿਆ। ਇਸ ਨੇ ਸੰਚਾਰ ਸਾਧਨਾਂ ਤੋਂ ਲੈ ਕੇ ਮੈਡੀਕਲ ਖੇਤਰ ਦੇ ਵਿਕਾਸ ਵਿਚ ਵੀ ਅਹਿਮ ਭੂਮਿਕਾ ਨਿਭਾਈ ਪਰ ਇਹ ਮੁਕਾਬਲੇਬਾਜ਼ੀ ਵਧੇਰੇ ਉਪ-ਗ੍ਰਹਿਆਂ ਦੀ ਫੌਜੀ ਤਕਨੀਕ ਨੂੰ ਵਿਕਸਤ ਕਰਨ ਲਈ ਵਰਤੀ ਗਈ। ਇਸ ਤੋਂ ਬਾਅਦ ਕਈ ਹੋਰ ਦੇਸ਼ ਵੀ ਇਸ ਦੌੜ ਵਿਚ ਸ਼ਾਮਲ ਹੁੰਦੇ ਗਏ। ਭੂ-ਸਿਆਸੀ ਹਿੱਤਾਂ ਤੋਂ ਇਲਾਵਾ ਪੁਲਾੜ ਬਾਰੇ ਜਾਨਣ, ਬ੍ਰਹਿਮੰਡ ਦੀ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਨ ਅਤੇ ਤਕਨੀਕੀ ਸਾਧਨਾਂ ਜਿਵੇਂ ਟੀ.ਵੀ., ਇੰਟਰਨੈੱਟ, ਐਕਸਰੇਅ ਆਦਿ ਇਸੇ ਦੀ ਦੇਣ ਹੈ) ਦਾ ਵਿਕਾਸ ਜਿਹੇ ਵਿਗਿਆਨਕ ਕਾਰਕ ਵੀ ਸਨ ਜਿਸ ਲਈ ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ ਵਿਗਿਆਨੀ, ਤਕਨੀਸ਼ੀਅਨ ਤੇ ਇੰਜੀਨੀਅਰ ਮੋਢੇ ਨਾਲ ਮੋਢਾ ਜੋੜ ਕੰਮ ਕਰਦੇ ਰਹੇ ਤੇ ਮਨੁੱਖ ਨੇ ਪੁਲਾੜ 'ਚ ਵੱਡੀਆਂ ਮੱਲਾਂ ਮਾਰੀਆਂ।

ਪਿਛਲੇ ਕੁਝ ਸਾਲਾਂ ਤੋਂ ਵੱਖ-ਵੱਖ ਦੇਸ਼ਾਂ ਵਿਚਕਾਰ ਪੁਲਾੜ ਲਈ ਮੁਕਾਬਲਾ ਫਿਰ ਤੋਂ ਤਿੱਖਾ ਹੋ ਰਿਹਾ ਹੈ; ਖਾਸ ਤੌਰ 'ਤੇ ਤਿੰਨ ਸਾਮਰਾਜੀ ਤਾਕਤਾਂ ਅਮਰੀਕਾ, ਚੀਨ ਤੇ ਰੂਸ ਵਿਚਕਾਰ। ਇਸ ਦੇ ਨਾਲ ਹੀ ਸੰਸਾਰ ਦੇ ਅਰਬਪਤੀ ਵੀ ਪੁਲਾੜ ਵਿਚ ਜਾਣ ਲਈ ਤਰਲੋਮੱਛੀ ਹੋ ਰਹੇ ਹਨ। ਸੰਸਾਰ ਦੀਆਂ ਦਰਜਨਾਂ ਅਜਿਹੀਆਂ ਕੰਪਨੀਆਂ ਹਨ ਜੋ ਇੱਕ ਦੂਜੇ ਨਾਲ ਮੁਕਾਬਲਾ ਕਰ ਰਹੀਆਂ ਹਨ। ਇਨ੍ਹਾਂ ਕੰਪਨੀਆਂ ਵਿਚ ਸਭ ਤੋਂ ਵੱਡੇ ਖਿਡਾਰੀ ਜੋ ਉਭਰ ਕੇ ਸਾਹਮਣੇ ਆਏ ਹਨ, ਉਹ ਹਨ: ਇਲੋਨ ਮਸਕ ਦੀ ਕੰਪਨੀ 'ਸਪੇਸ ਐਕਸ', ਜੈਫ ਬੇਜ਼ੋਸ ਦੀ ਕੰਪਨੀ 'ਬਲੂ ਉਰਿਜਨ' ਅਤੇ ਰਿਚਰਡ ਬਰੈਨਸਨ ਦੀ ਕੰਪਨੀ 'ਵਰਜਨ ਗਲੈਕਟਿਕ'। ਕੀ ਇਹ ਸਰਮਾਏਦਾਰ ਮਨੁੱਖਤਾ ਦੀ ਬਿਹਤਰੀ ਲਈ ਇੱਕ ਦੂਜੇ ਨਾਲ ਮੁਕਾਬਲੇ ਕਰ ਰਹੇ ਹਨ? ਬਿਲਕੁਲ ਨਹੀਂ, ਭਾਵੇਂ ਇਹ ਸਰਮਾਏਦਾਰ ਬਿਹਤਰ ਭਵਿੱਖ ਦੇ ਸਬਜ਼ਬਾਗ ਦਿਖਾ ਰਹੇ ਹਨ ਪਰ ਇਥੇ ਵੀ ਇਨ੍ਹਾਂ ਦਾ ਮੁੱਖ ਮਕਸਦ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੀ ਹੈ।

ਪਿਛਲੇ ਸਾਲ 30 ਮਈ ਨੂੰ ਇਲੋਨ ਮਸਕ ਦੀ ਕੰਪਨੀ 'ਸਪੇਸ ਐਕਸ' ਦੁਆਰਾ 'ਨਾਸਾ' ਦੇ ਪੁਲਾੜ ਯਾਤਰੀਆਂ ਨਾਲ ਪਹਿਲੀ ਸਫਲ ਉਡਾਣ ਨੂੰ ਅੰਜਾਮ ਦਿੱਤਾ ਗਿਆ। 2011 ਤੋਂ 'ਨਾਸਾ' ਦੇ 'ਸਪੇਸ ਸ਼ਟਲ' ਨੂੰ ਬੰਦ ਕਰਨ ਤੋਂ ਬਾਅਦ ਇਹ ਇਨਸਾਨ ਨਾਲ ਇਹ ਪਹਿਲੀ ਉਡਾਣ ਸੀ ਤੇ ਇਹ ਪਹਿਲੀ ਵਾਰ ਸੀ ਕਿ ਕਿਸੇ ਨਿੱਜੀ ਕੰਪਨੀ ਦੁਆਰਾ ਮਨੁੱਖ ਨਾਲ ਪੁਲਾੜ ਦਾ ਸਫਰ ਤੈਅ ਕੀਤਾ ਹੋਵੇ। ਵੱਡੇ ਪੱਧਰ 'ਤੇ ਅਮਰੀਕੀ ਮੀਡੀਆ ਤੇ ਡੋਨਲਡ ਟਰੰਪ ਦੁਆਰਾ ਜਸ਼ਨ ਮਨਾਇਆ ਗਿਆ। ਇਸ ਨੂੰ ਇੰਝ ਪੇਸ਼ ਕੀਤਾ ਗਿਆ ਜਿਵੇਂ ਅਮਰੀਕਾ ਨੇ ਪੁਲਾੜ-ਖੋਜ ਵਿਚ ਕੋਈ ਨਵਾਂ ਇਤਿਹਾਸਕ ਕਦਮ ਪੁੱਟਿਆ ਹੋਵੇ ਪਰ ਅਸਲ 'ਚ ਇਹ 60ਵਿਆਂ ਦੀਆਂ ਪੁਲਾੜ ਯਾਤਰਾਵਾਂ ਦਾ ਦੁਹਰਾਅ ਹੀ ਸੀ।

ਅੱਗੇ 'ਸਪੇਸ ਐਕਸ' ਦੀ 2021 ਦੇ ਅੰਤ ਤੱਕ 'ਆਮ ਨਾਗਰਿਕਾਂ' ਨੂੰ ਪੁਲਾੜ ਦੀ ਯਾਤਰਾ ਕਰਾਉਣ ਦੀ ਯੋਜਨਾ ਹੈ। ਇਲੋਨ ਮਸਕ ਦਾ ਦਾਅਵਾ ਹੈ ਕਿ 2026 ਤੱਕ ਮੰਗਲ ਗ੍ਰਹਿ 'ਤੇ ਪੈਰ ਧਰਿਆ ਜਾਵੇਗਾ। ਇਸ ਤੋਂ ਬਾਅਦ ਇਸ ਖਰਬਪਤੀ ਦਾ ਕਹਿਣਾ ਹੈ ਕਿ ਉਸ ਦੁਆਰਾ ਮੰਗਲ ਗ੍ਰਹਿ 'ਤੇ ਆਉਣ ਵਾਲੇ ਦਹਾਕਿਆਂ 'ਚ ਕਲੋਨੀ ਵੀ ਵਸਾਈ ਜਾਵੇਗੀ। ਲਗਾਤਾਰ ਮੀਡੀਆ ਵਿਚ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਭਵਿੱਖ ਵਿਚ ਮਨੁੱਖ ਬਹੁ-ਗ੍ਰਹਿਆਂ 'ਤੇ ਵਸਣ ਵਾਲੀ ਪ੍ਰਜਾਤੀ ਹੋਵੇਗੀ। ਜਿੱਥੇ ਇਲੋਨ ਮਸਕ ਦੁਆਰਾ ਆਪਣੀਆਂ ਯੋਜਨਾਵਾਂ ਨੂੰ ਮਨੁੱਖਤਾ ਦੀ ਤਰੱਕੀ ਦੀ ਚਾਸ਼ਣੀ 'ਚ ਡਬੋ ਕੇ ਪੇਸ਼ ਕੀਤਾ ਜਾ ਰਿਹਾ, ਉਥੇ ਜੈਫ ਬੇਜ਼ੋਸ ਅਤੇ ਰਿਚਰਡ ਬਰੈਨਸਨ ਦੁਆਰਾ ਆਪਣੇ ਅਸਲ ਮਨਸੂਬਿਆਂ ਨੂੰ ਨੰਗੇ ਚਿੱਟੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਪਿਛਲੇ ਮਹੀਨੇ ਜੈਫ ਬੇਜ਼ੋਸ ਦੁਆਰਾ ਐਲਾਨ ਕੀਤਾ ਗਿਆ ਸੀ ਕਿ ਉਸ ਦੀ ਕੰਪਨੀ ਇਸ ਸਾਲ ਜੁਲਾਈ ਦੇ ਅੰਤ 'ਚ ਉਸ ਨੂੰ ਪੁਲਾੜ ਦੀ ਸੈਰ ਕਰਵਾਏਗੀ। ਇਹ ਐਲਾਨ ਹੋਣ ਤੋਂ ਬਾਅਦ 'ਵਰਜਨ ਬਲੂ' ਕੰਪਨੀ ਦੇ ਮਾਲਕ ਰਿਚਰਡ ਬਰੈਨਸਨ ਦੁਆਰਾ ਐਲਾਨ ਕੀਤਾ ਗਿਆ ਕਿ ਉਹ ਜੈਫ ਬੇਜ਼ੋਸ ਤੋਂ ਕੁਝ ਹਫਤੇ ਪਹਿਲਾਂ ਪੁਲਾੜ ਦੀ ਸੈਰ ਕਰਨ ਜਾ ਰਿਹਾ ਹੈ ਤੇ ਇਸ ਅਰਬਪਤੀ ਨੇ ਪੁਲਾੜ ਦੀ ਕੁੱਤਾ ਦੌੜ 'ਚ ਅੱਗੇ ਨਿੱਕਲਦਿਆਂ ਹੋਇਆ 11 ਜੁਲਾਈ ਨੂੰ ਪੁਲਾੜ ਲਈ ਉਡਾਣ ਵੀ ਭਰੀ।

ਸੈਰ-ਸਪਾਟਾ ਤਾਂ ਇਸ ਪੁਲਾੜ ਸਨਅਤ ਦੀ ਤਸਵੀਰ ਦਾ ਛੋਟਾ ਜਿਹਾ ਹਿੱਸਾ ਹੈ। ਸਾਲ 2000 ਤੋਂ ਹੀ ਅਮਰੀਕੀ ਸਰਕਾਰ ਦੁਆਰਾ ਵੱਡੇ ਪੱਧਰ 'ਤੇ ਰਾਕਟ ਤੇ ਪੁਲਾੜ ਯੋਜਨਾਵਾਂ ਸਬੰਧੀ ਠੇਕੇ ਤੇ ਸਬਸਿਡੀਆਂ ਨਿੱਜੀ ਕੰਪਨੀਆਂ ਨੂੰ ਦਿੱਤੇ ਗਏ ਜਿਨ੍ਹਾਂ 'ਚ ਇਲੋਨ ਮਸਕ ਦੀ ਕੰਪਨੀ 'ਸਪੇਸ ਐਕਸ' ਬਰਾਕ ਓਬਾਮਾ ਤੇ ਡੋਨਲਡ ਟਰੰਪ ਦੀ ਮਨਪਸੰਦ ਕੰਪਨੀ ਰਹੀ ਹੈ।

ਹੁਣ ਪੁਲਾੜ ਨੂੰ ਲੁੱਟਣ ਲਈ ਸਾਮਰਾਜੀ ਦੇਸ਼ ਤੇ ਵੱਡੇ ਸਰਮਾਏਦਾਰ ਆਪਸ ਵਿਚ ਲਗਾ ਰਹੇ ਹਨ ਤੇ ਇਸ ਮੁਨਾਫੇ ਦੀ ਭੁੱਖ ਲਈ ਮਨੁੱਖਤਾ ਦੇ ਭਵਿੱਖ ਨੂੰ ਦਾਅ 'ਤੇ ਲਾਇਆ ਜਾ ਰਿਹਾ ਹੈ। ਬਿਨਾ ਸ਼ੱਕ ਪੁਲਾੜ ਨੂੰ ਵੱਧ ਤੋਂ ਵੱਧ ਜਾਣਨ ਸਮਝਣ ਦਾ ਮਨੁੱਖ ਦਾ ਸਫਰ ਅੱਗੇ ਵਧਣਾ ਚਾਹੀਦਾ ਹੈ ਪਰ ਇਸ ਦਾ ਮਕਸਦ ਕੁੱਲ ਮਨੁੱਖਤਾ ਲਈ ਬਿਹਤਰ ਭਵਿੱਖ ਦੀ ਸਿਰਜਣਾ ਹੋਣਾ ਚਾਹੀਦਾ ਹੈ ਨਾ ਕਿ ਮੁੱਠੀ ਭਰ ਸਰਮਾਏਦਾਰਾਂ ਦਾ ਮੁਨਾਫਾ।

# ਮਿਸ਼ਨ 2022: ਕੈਪਟਨ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਖੁੱਲ੍ਹੇ ਗੱਫੇ

## ਕੈਬਨਿਟ ਵੱਲੋਂ ਹੜਤਾਲੀ ਮੁਲਾਜ਼ਮਾਂ ਦੇ ਸ਼ਿਕਵੇ ਦੂਰ ਕਰਨ ਲਈ ਫੈਸਲੇ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 1500 ਕਰੋੜ ਦਾ ਹੋਰ ਵਾਧੂ ਗੱਫਾ ਦਿੱਤਾ ਹੈ। ਕੈਬਨਿਟ ਨੇ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ 104 ਵਾਰਸਾਂ ਨੂੰ ਸਰਕਾਰੀ ਨੌਕਰੀ ਦੇਣ ਦੇ ਨਾਲ ਹੀ ਨਵੀਂ ਭਰਤੀ ਅਤੇ ਰੁਜ਼ਗਾਰ ਬਾਰੇ ਵੀ ਫੈਸਲਿਆਂ ਨੂੰ ਹਰੀ ਝੰਡੀ ਦਿੱਤੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੋਈ ਪੰਜਾਬ ਕੈਬਨਿਟ ਦੀ ਵਰਚੁਅਲ ਮੀਟਿੰਗ ਵਿਚ ਅਗਲੀਆਂ ਚੋਣਾਂ ਦੇ ਮੱਦੇਨਜ਼ਰ ਹੜਤਾਲੀ ਮੁਲਾਜ਼ਮਾਂ ਦੇ ਸ਼ਿਕਵੇ ਦੂਰ ਕਰਨ ਲਈ ਅਹਿਮ ਫੈਸਲੇ ਲਏ ਗਏ। ਪੰਜਾਬ ਸਰਕਾਰ ਨੇ 31 ਦਸੰਬਰ, 2015 ਦੀ ਬੇਸਿਕ ਪੇਅ ਵਿਚ ਘੱਟੋ-ਘੱਟ 15 ਫੀਸਦੀ ਵਾਧਾ ਕਰਨ ਦੇ ਨਾਲ ਨਾਲ ਕੁਝ ਭੱਤਿਆਂ ਨੂੰ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਹੁਣ ਕਰਮਚਾਰੀਆਂ ਦੀ ਤਨਖਾਹ/ਪੈਨਸ਼ਨ ਵਿਚ ਸਾਲਾਨਾ ਕੁੱਲ ਔਸਤਨ ਵਾਧਾ 1.05 ਲੱਖ ਰੁਪਏ ਤੱਕ ਹੋ ਜਾਵੇਗਾ। ਮੁੱਖ ਮੰਤਰੀ ਨੇ ਸਾਰੇ ਮੰਤਰੀਆਂ, ਪ੍ਰਬੰਧਕੀ ਸਕੱਤਰਾਂ ਅਤੇ ਵਿਭਾਗਾਂ ਦੇ ਮੁਖੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪੋ-ਆਪਣੇ ਵਿਭਾਗਾਂ ਨਾਲ ਸਬੰਧਤ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦਾ ਜਲਦੀ ਹੱਲ ਕਰਨ। ਉਨ੍ਹਾਂ ਤਾੜਨਾ ਵੀ ਕੀਤੀ ਕਿ ਤਾਜ਼ਾ ਫੈਸਲੇ ਨਾਲ ਮੁਲਾਜ਼ਮਾਂ ਦੀਆਂ ਸਾਰੀਆਂ ਵਾਜਬ ਮੰਗਾਂ ਹੱਲ ਹੋ ਜਾਣਗੀਆਂ ਪਰ ਜੇ ਮੁਲਾਜ਼ਮ ਆਪਣਾ ਰੋਸ ਪ੍ਰਦਰਸ਼ਨ ਨਿਰੰਤਰ ਜਾਰੀ ਰੱਖਦੇ ਹਨ ਤਾਂ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਤਕਰੀਬਨ 2.85 ਲੱਖ ਮੁਲਾਜ਼ਮਾਂ ਅਤੇ 3.07 ਲੱਖ ਪੈਨਸ਼ਨਰਾਂ ਨੂੰ ਲਾਭ ਮਿਲਣ ਨਾਲ ਸਰਕਾਰੀ ਖ਼ਜ਼ਾਨੇ ਉਤੇ 42,673 ਕਰੋੜ ਰੁਪਏ ਸਾਲਾਨਾ ਦਾ ਬੋਝ ਪਵੇਗਾ। ਇਸੇ ਤਰ੍ਹਾਂ ਮੈਡੀਕਲ ਭੱਤਾ, ਮੋਬਾਈਲ ਭੱਤਾ, ਆਵਾਜਾਈ ਭੱਤਾ ਅਤੇ ਸਿਟੀ ਕੰਪਨਸੇਟਰੀ ਭੱਤਾ (ਸੀ.ਸੀ.ਏ.) ਵਰਗੇ ਆਮ ਭੱਤੇ ਪਹਿਲੀ ਜੁਲਾਈ, 2021 ਤੋਂ ਸੋਧੀਆਂ ਦਰਾਂ (2.59 ਗੁਣਾ 0.8) ਦੇ ਹਿਸਾਬ ਨਾਲ ਬਹਾਲ ਕਰਨ ਦੇ ਨਾਲ ਹੀ ਕੈਬਨਿਟ ਦੇ ਫੈਸਲੇ ਅਨੁਸਾਰ ਸਾਰੇ ਜਾਰੀ ਭੱਤੇ ਨਾ ਸਿਰਫ ਬਰਕਰਾਰ ਰੱਖੇ ਗਏ ਹਨ, ਬਲਕਿ ਪਹਿਲਾਂ ਨਾਲੋਂ ਦੁੱਗਣੇ ਕਰ ਦਿੱਤੇ ਗਏ ਹਨ। ਡਾਕਟਰਾਂ ਨੂੰ ਸੋਧੀ ਬੇਸਿਕ ਪੇਅ ਦੇ 20 ਫੀਸਦੀ ਦੇ ਹਿਸਾਬ ਨਾਲ ਮਿਲਣਯੋਗ ਗੈਰ-ਪ੍ਰੈਕਟਿਸ ਭੱਤੇ (ਐਨ.ਪੀ.ਏ.) ਨੂੰ ਤਨਖਾਹ ਦਾ ਹਿੱਸਾ ਮੰਨਣ ਅਤੇ ਕਰਮਚਾਰੀਆਂ ਲਈ ਸਕੱਤਰੇਤ ਤਨਖਾਹ ਨੂੰ ਪਹਿਲੀ ਜੁਲਾਈ, 2021 ਤੋਂ ਦੁੱਗਣਾ ਕਰਨ ਅਤੇ ਤਨਖਾਹ ਦਾ ਹਿੱਸਾ ਮੰਨਣ ਦੀ ਪ੍ਰਵਾਨਗੀ ਦੇ ਦਿੱਤੀ ਹੈ।



ਨੈਸ਼ਨਲ ਪੈਨਸ਼ਨ ਸਕੀਮ ਅਧੀਨ ਆਉਣ ਵਾਲੇ ਕਰਮਚਾਰੀਆਂ ਨੂੰ ਹੁਣ ਮੌਤ ਹੋਣ ਦੀ ਸੂਰਤ ਵਿਚ ਪਰਿਵਾਰਕ ਪੈਨਸ਼ਨ ਦੇ ਅਧੀਨ ਕਵਰ ਕੀਤਾ ਗਿਆ ਹੈ। ਇਵੇਂ ਕਰਮਚਾਰੀਆਂ ਦੀ ਪਰਖ ਕਾਲ ਸਮੇਂ ਦੀ ਸੇਵਾ ਨੂੰ ਏ.ਸੀ.ਪੀ. ਦੇ ਮੰਤਵ ਲਈ ਗਿਣਿਆ ਜਾਵੇਗਾ। ਕੈਬਨਿਟ ਦਾ ਇਹ ਫੈਸਲਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਦੀ ਅਗਵਾਈ ਹੇਠ ਬਣੀ ਮੰਤਰੀਆਂ ਦੇ ਸਮੂਹ ਦੀ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਉਤੇ ਆਧਾਰਿਤ ਹੈ।

ਪੰਜਾਬ ਕੈਬਨਿਟ ਨੇ ਮਜ਼ਦੂਰਾਂ ਨੂੰ ਰਾਹਤ ਦਿੰਦਿਆਂ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿਨਕੋ) ਤੋਂ ਕਰਜ਼ਾ ਲੈਣ ਵਾਲੇ ਕਰਜ਼ਦਾਰਾਂ ਨੂੰ 50,000 ਰੁਪਏ ਪ੍ਰਤੀ ਕਰਜ਼ਾ ਰਾਹਤ ਦੇਣ ਨੂੰ ਮਨਜ਼ੂਰੀ ਦੇ ਦਿੱਤੀ। ਇਸ ਫੈਸਲੇ ਨਾਲ 62.46 ਕਰੋੜ ਰੁਪਏ ਰਕਮ ਦੀ ਕਰਜ਼ਾ ਰਾਹਤ ਮਿਲੇਗੀ ਜੋ 31 ਮਾਰਚ, 2021 ਤੱਕ ਦਿੱਤੇ ਗਏ ਕਰਜ਼ਿਆਂ 'ਤੇ ਲਾਗੂ ਹੋਵੇਗੀ ਅਤੇ ਮੁਆਫ਼ ਕੀਤੀ ਗਈ ਕਰਜ਼ਾ ਰਕਮ 30 ਜੂਨ, 2021 ਨੂੰ ਨਿਰਧਾਰਤ ਕੀਤੀ ਜਾਵੇਗੀ। ਕੈਬਨਿਟ ਨੇ ਪੰਜਾਬ ਖਿਡਾਰੀ ਭਰਤੀ ਨਿਯਮ, 1988 ਦੇ ਨਿਯਮਾਂ 'ਚ ਸੋਧ ਕਰਦਿਆਂ ਉਲੰਪਿਕ ਖੇਡਾਂ, ਏਸ਼ਿਆਈ ਅਤੇ ਰਾਸ਼ਟਰ ਮੰਡਲ ਖੇਡਾਂ ਦੇ ਨਾਲ ਵਿਸ਼ਵ ਕੱਪ ਟੂਰਨਾਮੈਂਟਾਂ ਵਿਚ ਬਿਹਤਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਖੇਡ ਕੋਟੇ ਤਹਿਤ ਵੱਖ-ਵੱਖ ਵਿਭਾਗਾਂ ਵਿਚ ਭਰਤੀ ਕੀਤੇ ਜਾਣ ਦਾ ਫੈਸਲਾ ਲਿਆ ਹੈ। ਕੈਬਨਿਟ ਵੱਲੋਂ ਗ੍ਰਾਮ ਸੇਵਕਾਂ ਦੀ ਘੱਟੋ-ਘੱਟ ਵਿਦਿਅਕ ਯੋਗਤਾ ਮੈਟ੍ਰਿਕ ਤੋਂ ਵਧਾ ਕੇ ਗਰੈਜੂਏਸ਼ਨ ਕਰਨ ਦਾ ਫੈਸਲਾ ਵੀ ਲਿਆ ਗਿਆ। ਨਵੀਂ ਸੋਧ ਕਰਕੇ 792 ਗ੍ਰਾਮ ਸੇਵਕਾਂ ਦੀ ਭਰਤੀ ਲਈ ਰਾਹ ਪੱਧਰਾ ਕੀਤਾ ਜਾਵੇਗਾ ਅਤੇ ਇਹ ਭਰਤੀ ਐਸ.ਐਸ.ਐਸ. ਬੋਰਡ ਵੱਲੋਂ ਕੀਤੀ ਜਾਵੇਗੀ। ਇਸੇ ਤਰ੍ਹਾਂ 582 ਵੈਟਰਨਰੀ ਹਸਪਤਾਲਾਂ ਵਿਚ ਪਹਿਲਾਂ ਹੀ ਠੇਕੇ ਦੇ ਆਧਾਰ 'ਤੇ ਕੰਮ ਕਰ ਰਹੇ ਸਰਵਿਸ ਪ੍ਰੋਵਾਈਡਰਾਂ (497 ਵੈਟਰਨਰੀ ਫਾਰਮਾਸਿਸਟ ਅਤੇ 498 ਦਰਜਾ-4/ਸਫਾਈ ਸੇਵਕਾਂ) ਦੀਆਂ ਸੇਵਾਵਾਂ ਨੂੰ ਦੋ ਸਾਲਾਂ ਦੇ ਸਮੇਂ ਭਾਵ 1 ਅਪਰੈਲ, 2020 ਤੋਂ 31 ਮਾਰਚ, 2022 ਲਈ ਆਰਜ਼ੀ ਪ੍ਰਬੰਧਨ ਦੇ ਰੂਪ ਵਿਚ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਪੰਜਾਬ ਕੈਬਨਿਟ ਨੇ ਉਸਾਰੀ ਕਾਮਿਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਹੁਨਰ ਸਿਖਲਾਈ ਲਈ 'ਮੇਰਾ ਕੰਮ ਮੇਰਾ ਮਾਣ' ਸਕੀਮ ਸ਼ੁਰੂ ਕਰਨ ਨੂੰ ਵੀ ਹਰੀ ਝੰਡੀ ਦਿੱਤੀ ਹੈ। ਪਾਇਲਟ ਪ੍ਰੋਜੈਕਟ ਤਹਿਤ 30,000 ਲਾਭਪਾਤਰੀਆਂ ਨੂੰ ਮਦਦ ਦੇਣ ਦਾ ਟੀਚਾ ਮਿਥਿਆ ਗਿਆ ਹੈ ਜਿਸ ਉਤੇ 90 ਕਰੋੜ ਰੁਪਏ ਦੀ ਲਾਗਤ ਆਵੇਗੀ। ਟ੍ਰੇਨਿੰਗ ਕੋਰਸ ਦੀ ਸ਼ੁਰੂਆਤ ਤੋਂ ਲਾਭਪਾਤਰੀ ਨੂੰ 12 ਮਹੀਨਿਆਂ ਲਈ 2500 ਰੁਪਏ ਪ੍ਰਤੀ ਮਹੀਨਾ ਰੁਜ਼ਗਾਰ ਸਹਾਇਕ ਭੱਤਾ ਮੁਹੱਈਆ ਕਰਵਾਇਆ ਜਾਵੇਗਾ।

ਕੈਬਨਿਟ ਨੇ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਨੂੰ ਰੋਕਣ ਲਈ ਵਿੱਤੀ ਰਿਆਇਤਾਂ ਵਸੂਲਣ ਵਾਸਤੇ ਉਦਯੋਗਾਂ ਦੀਆਂ ਕੁਝ ਸ਼੍ਰੇਣੀਆਂ ਨੂੰ ਪਰਾਲੀ ਦਾ ਨਿਪਟਾਰਾ ਕਰਨ ਲਈ ਬੁਆਇਲਰ ਲਗਾਉਣ ਦੀ ਪ੍ਰਵਾਨਗੀ ਦੇਣ ਦਾ ਫੈਸਲਾ ਕੀਤਾ ਹੈ। ਪਰਾਲੀ ਨੂੰ ਬਾਲਣ ਵਜੋਂ ਵਰਤਣ ਲਈ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ 'ਤੇ ਪਹਿਲੇ 50 ਮੌਜੂਦਾ ਉਦਯੋਗਾਂ ਨੂੰ 25 ਕਰੋੜ ਰੁਪਏ ਦੀਆਂ ਵਿੱਤੀ ਰਿਆਇਤਾਂ ਦੇਣ ਦਾ ਵੀ ਫੈਸਲਾ ਕੀਤਾ ਹੈ।

### ਖਿਡਾਰੀਆਂ ਨੂੰ ਰੁਜ਼ਗਾਰ ਲਈ ਨਿਯਮਾਂ ਵਿਚ ਸੋਧ ਹੋਵੇਗੀ

**ਚੰਡੀਗੜ੍ਹ:** ਪੰਜਾਬ ਦੇ ਜਿਨ੍ਹਾਂ ਖਿਡਾਰੀਆਂ ਨੇ ਟੋਕੀਓ ਉਲੰਪਿਕ ਖੇਡਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤੇ ਹਨ, ਉਨ੍ਹਾਂ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੇ ਵਾਅਦੇ ਨਿਭਾਉਣ ਲਈ ਇਨ੍ਹਾਂ ਖਿਡਾਰੀਆਂ ਨੂੰ ਵਿਸ਼ੇਸ਼ ਰੁਜ਼ਗਾਰ ਦੇਣ ਵਾਸਤੇ ਪੰਜਾਬ ਦੀ ਕੈਬਨਿਟ ਨੇ ਸਬੰਧਤ ਨਿਯਮਾਂ ਵਿਚ ਸੋਧਾਂ ਕਰਨ ਦਾ ਫੈਸਲਾ ਕੀਤਾ ਹੈ। ਜਿਨ੍ਹਾਂ ਖਿਡਾਰੀਆਂ ਨੇ ਉਲੰਪਿਕਸ, ਏਸ਼ੀਅਨ ਖੇਡਾਂ ਤੇ ਰਾਸ਼ਟਰਮੰਡਲ ਖੇਡਾਂ ਸਣੇ ਵਿਸ਼ਵ ਕੱਪ ਟੂਰਨਾਮੈਂਟਾਂ ਵਿਚ ਵਧੀਆ ਪ੍ਰਦਰਸ਼ਨ ਕੀਤੇ ਹਨ, ਉਨ੍ਹਾਂ ਨੂੰ ਖੇਡਾਂ ਦੇ ਕੋਟੇ ਤਹਿਤ ਵੱਖ ਵੱਖ ਵਿਭਾਗਾਂ ਵਿਚ ਨਿਯੁਕਤ ਕੀਤਾ ਜਾਵੇਗਾ। ਇਸ ਸਬੰਧੀ ਪੰਜਾਬ ਰਿਕਰੂਟਮੈਂਟ ਆਫ ਸਪੋਰਟਸਮੈੱਨ ਰੂਲਜ, 1988, ਦੇ ਰੂਲ ਨੰਬਰ 3 ਵਿਚ ਸੋਧ ਕਰ ਕੇ ਇਸ ਵਿਚ ਰੂਲ 3-ਏ ਜੋੜਿਆ ਜਾਵੇਗਾ।

# ਪੰਜਾਬ ਸਰਕਾਰ ਨੇ ਬੇਰੁਜ਼ਗਾਰ ਨੌਜਵਾਨਾਂ ਦੀਆਂ ਆਸਾਂ 'ਤੇ ਪਾਣੀ ਫੇਰਿਆ

## ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਵਾਲਾ ਇਸ਼ਤਿਹਾਰ ਰੱਦ

**ਮੁਹਾਲੀ:** ਸਿੱਖਿਆ ਵਿਭਾਗ ਪੰਜਾਬ ਨੇ 8393 ਪ੍ਰੀ-ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਵਾਲਾ ਇਸ਼ਤਿਹਾਰ ਮੁੱਢੋਂ ਰੱਦ ਕਰ ਦਿੱਤਾ ਹੈ। ਜ਼ਿਲ੍ਹਾ ਸਿੱਖਿਆ ਅਫਸਰ-ਕਮ-ਸਿੱਖਿਆ ਵਿਭਾਗ ਦੇ ਭਰਤੀ ਸੈੱਲ ਦੇ ਇੰਚਾਰਜ ਜਰਨੈਲ ਸਿੰਘ ਕਾਲਕੇ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਰਾਹੀਂ 23 ਨਵੰਬਰ, 2020 ਨੂੰ 8393 ਪ੍ਰੀ-ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਸਬੰਧੀ ਇਸ਼ਤਿਹਾਰ ਦਿੱਤਾ ਗਿਆ ਸੀ, ਹੁਣ ਡਾਇਰੈਕਟਰ ਸਿੱਖਿਆ ਵਿਭਾਗ (ਐਲੀਮੈਂਟਰੀ) ਨੇ ਅਚਾਨਕ ਪ੍ਰੀ-ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਰੋਕ ਕੇ ਇਸ਼ਤਿਹਾਰ ਰੱਦ ਕਰ ਦਿੱਤਾ ਹੈ।



ਸਿੱਖਿਆ ਵਿਭਾਗ ਦੇ ਅਧਿਕਾਰੀ ਨੇ ਕਿਹਾ ਕਿ ਉਮੀਦਵਾਰਾਂ ਨੇ ਅਧਿਆਪਕਾਂ ਦੀ ਭਰਤੀ ਲਈ ਅਪਲਾਈ ਕਰਨ ਵੇਲੇ ਜਿਸ ਖਾਤੇ ਵਿਚੋਂ ਫੀਸ ਭਰੀ ਹੈ, ਉਸੇ ਖਾਤੇ ਵਿਚ ਫੀਸ ਦੇ ਸਾਰੇ ਪੈਸੇ ਵਾਪਸ ਭੇਜ ਦਿੱਤੇ ਜਾਣਗੇ। ਉਧਰ, ਸਿੱਖਿਆ ਭਵਨ ਅੱਗੇ ਪੱਕਾ ਧਰਨਾ ਲਗਾ ਕੇ ਬੈਠੇ ਕੱਚੇ ਅਧਿਆਪਕ ਯੂਨੀਅਨ ਦੇ ਨੁਮਾਇੰਦੇ ਇਸ ਪੱਤਰ ਨੂੰ ਆਪਣੇ ਸੰਘਰਸ਼ ਦੀ ਵੱਡੀ ਜਿੱਤ ਦੱਸ ਰਹੇ ਹਨ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਹੁਣ ਨਵੇਂ ਸਿਰੇ ਤੋਂ ਅਧਿਆਪਕਾਂ ਦੀ ਭਰਤੀ ਸਬੰਧੀ ਪੰਜਾਬ ਕੈਬਨਿਟ ਦੀ ਹਰੀ ਝੰਡੀ ਮਿਲਣ ਮਗਰੋਂ ਨਵੇਂ ਨਿਯਮਾਂ ਅਨੁਸਾਰ ਇਸ਼ਤਿਹਾਰ ਜਾਰੀ ਹੋਵੇਗਾ। ਆਗੂਆਂ ਨੇ ਕਿਹਾ ਕਿ ਉਹ ਸ਼ੁਰੂ ਤੋਂ ਕਹਿੰਦੇ ਆ ਰਹੇ ਹਨ ਕਿ 8393 ਅਸਾਮੀਆਂ ਦੀ ਭਰਤੀ ਰੋਕ ਕੇ ਮੌਜੂਦਾ ਹਾਲਾਤ ਮੁਤਾਬਕ ਘੱਟੋ-ਘੱਟ 13 ਹਜ਼ਾਰ ਅਸਾਮੀਆਂ ਦੀ ਰਚਨਾ ਕੀਤੀ ਜਾਵੇ ਤਾਂ ਜੋ ਸਾਰੇ ਕੱਚੇ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦਾ ਰਾਹ ਪੱਧਰਾ ਹੋ ਸਕੇ।

ਦੱਸ ਦਈਏ ਕਿ ਇਥੋਂ ਦੇ ਫੇਜ਼-3ਬੀ-1 ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਪਲੈਕਸ ਅੰਦਰ ਸਥਾਪਤ ਸਿੱਖਿਆ ਵਿਭਾਗ ਦੇ ਭਰਤੀ ਸੈੱਲ ਵਿਚ 8393 ਅਸਾਮੀਆਂ ਦੀ ਭਰਤੀ ਪ੍ਰਕਿਰਿਆ ਚੱਲ ਰਹੀ ਸੀ, ਜਿਸ ਕਾਰਨ ਬੇਰੁਜ਼ਗਾਰ ਅਧਿਆਪਕਾਂ ਅਤੇ ਨੌਜਵਾਨ ਲੜਕੇ-ਲੜਕੀਆਂ ਨੂੰ ਸਿੱਖਿਆ ਵਿਭਾਗ ਵਿਚ ਨੌਕਰੀ ਮਿਲਣ ਦੀ ਆਸ ਬੱਝੀ ਸੀ ਪਰ ਹੁਣ ਤਾਜ਼ਾ ਫੈਸਲੇ ਨੇ ਨੌਜਵਾਨਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ।


ਪਿਛਲੇ ਦਿਨੀਂ ਕੱਚੇ ਅਧਿਆਪਕਾਂ ਦੀ ਵੱਖਰੀ ਤਾਲਮੇਲ ਸੂਬਾਈ ਕਮੇਟੀ ਦੇ ਪੰਜ ਨੁਮਾਇੰਦੇ ਹੱਕਾਂ ਲਈ ਪਿੰਡ ਕੁੰਭੜਾ ਦੀ ਪਾਣੀ ਦੀ ਟੈਂਕੀ 'ਤੇ ਚੜ੍ਹ ਗਏ ਸਨ ਅਤੇ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਹਮਦਰਦੀ ਨਾਲ ਵਿਚਾਰਨ ਅਤੇ ਭਰਤੀ ਪ੍ਰਕਿਰਿਆ ਦੌਰਾਨ ਉਨ੍ਹਾਂ ਦਾ ਖਿਆਲ ਰੱਖਣ ਦਾ ਭਰੋਸਾ ਦੇ ਕੇ ਥੱਲੇ ਲਾਹਿਆ ਸੀ। ਬੇਰੁਜ਼ਗਾਰ ਨੌਜਵਾਨਾਂ ਨੇ ਕਿਹਾ ਕਿ ਪੰਜਾਬ ਸਰਕਾਰ, ਮੁੱਖ ਮੰਤਰੀ, ਸਿੱਖਿਆ ਮੰਤਰੀ ਅਤੇ ਸਿੱਖਿਆ ਅਧਿਕਾਰੀਆਂ ਵਿਚ ਆਪਸੀ ਤਾਲਮੇਲ ਨਾ ਹੋਣ ਦਾ ਖ਼ਮਿਆਜ਼ਾ ਬੇਰੁਜ਼ਗਾਰਾਂ ਨੂੰ ਭੁਗਤਣਾ ਪੈ ਰਿਹਾ ਹੈ। ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਜ਼ਮੀਨੀ ਹਕੀਕਤ ਤੋਂ ਵਾਕਿਫ ਨਹੀਂ ਹਨ ਅਤੇ ਸਿੱਖਿਆ ਅਧਿਕਾਰੀ ਇਸ ਦਾ ਲਾਹਾ ਲੈਂਦਿਆਂ ਸਰਕਾਰ ਨੂੰ ਗਲਤ ਤੱਥ ਪੇਸ਼ ਕਰ ਕੇ ਗੁੰਮਰਾਹ ਕਰ ਰਹੇ ਹਨ।

### ਤਿੰਨ ਅਧਿਆਪਕਾਂ ਨੇ ਨਹਿਰ 'ਚ ਛਾਲ ਮਾਰੀ

**ਪਟਿਆਲਾ:** ਸਾਰੀਆਂ ਨਿਰਧਾਰਤ ਸ਼ਰਤਾਂ ਅਤੇ ਨਿਯਮਾਂ ਨੂੰ ਪੂਰਾ ਕਰਦਿਆਂ ਪਿਛਲੇ ਸਮੇਂ ਦੌਰਾਨ ਸਿਲੈਕਟ ਹੋਏ 2364 ਈ.ਟੀ.ਟੀ. ਅਧਿਆਪਕਾਂ ਨੂੰ ਸਰਕਾਰ ਵੱਲੋਂ ਨਿਯੁਕਤੀ ਪੱਤਰ ਨਾ ਦਿੱਤੇ ਜਾਣ ਖਿਲਾਫ ਇਨ੍ਹਾਂ ਅਧਿਆਪਕਾਂ ਨੇ ਇਥੋਂ ਨੇੜੇ ਸਥਿਤ ਭਾਖੜਾ ਦੇ ਪਸਿਆਣਾ ਵਾਲੇ ਪੁਲਾਂ 'ਤੇ ਧਰਨਾ ਦਿੱਤਾ। ਇਸ ਦੌਰਾਨ ਯੂਨੀਅਨ ਦੇ ਤਿੰਨ ਆਗੂਆਂ ਨੇ ਰੋਸ ਵਜੋਂ ਭਾਖੜਾ ਨਹਿਰ 'ਚ ਛਾਲ ਮਾਰ ਦਿੱਤੀ ਪਰ ਪੁਲਿਸ ਵੱਲੋਂ ਕੀਤੇ ਗਏ ਪ੍ਰਬੰਧਾਂ ਦੌਰਾਨ ਤਿੰਨੋਂ ਜਣਿਆਂ ਨੂੰ ਗੋਤਾਖੋਰਾਂ ਨੇ ਬਚਾਅ ਲਿਆ। ਪ੍ਰਦਰਸ਼ਨਕਾਰੀਆਂ ਨੇ ਵਾਟਰ ਕੰਟਰੋਲ ਗੇਟ ਹੇਠਾਂ ਸੁੱਟ ਕੇ ਰੋਸ ਵਜੋਂ ਭਾਖੜਾ ਦਾ ਪਾਣੀ ਰੋਕਣ ਦੀ ਕੋਸ਼ਿਸ਼ ਵੀ ਕੀਤੀ।

# ਗੁਰਦਾਸ ਮਾਨ ਦੀਆਂ ਮੁਸ਼ਕਿਲਾਂ ਵਧੀਆਂ

**ਜਲੰਧਰ:** ਪੰਜਾਬੀ ਗਾਇਕ ਗੁਰਦਾਸ ਮਾਨ ਦੀਆਂ ਮੁਸੀਬਤਾਂ ਘੱਟ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ ਹਨ। ਉਸ ਵੱਲੋਂ ਲਾਡੀ ਸ਼ਾਹ ਨੂੰ ਗੁਰੂ ਅਮਰਦਾਸ ਦੇ ਅੰਸ਼-ਵੰਸ਼ ਵਿਚੋਂ ਦੱਸੇ ਜਾਣ ਦਾ ਸਿੱਖ ਜਥੇਬੰਦੀਆਂ ਨੇ ਸਖਤ ਨੋਟਿਸ ਲੈਂਦਿਆਂ ਉਸ ਦਾ ਤਿੱਖਾ ਵਿਰੋਧ ਕੀਤਾ ਹੈ।



ਸਿੱਖ ਜਥੇਬੰਦੀਆਂ ਦੇ ਇਸ ਤਿੱਖੇ ਵਿਰੋਧ ਦੇ ਮੱਦੇਨਜਰ ਪੰਜਾਬ ਪੁਲਿਸ ਨੇ ਗਾਇਕ ਗੁਰਦਾਸ ਮਾਨ ਵਿਰੁੱਧ ਧਾਰਮਿਕ ਭਾਵਨਾਵਾਂ ਭੜਕਾਉਣ ਸਬੰਧੀ ਧਾਰਾਵਾਂ ਤਹਿਤ ਨਕੋਦਰ ਥਾਣੇ ਵਿਚ ਐਫ. ਆਈ. ਆਰ. ਦਰਜ ਕੀਤੀ ਹੈ।

ਗੁਰਦਾਸ ਮਾਨ ਬਾਬਾ ਮੁਰਾਦ ਸ਼ਾਹ ਡੇਰੇ ਵੱਲੋਂ ਬਣਾਏ ਗਏ ਟਰੱਸਟ ਦਾ ਚੇਅਰਮੈਨ ਵੀ ਹੈ। ਗੁਰਦਾਸ ਮਾਨ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਸਬੰਧੀ ਸਿੱਖ ਜਥੇਬੰਦੀਆਂ ਨੇ ਸਥਾਨਕ ਰਾਮਾਮੰਡੀ ਚੌਕ ਨੇੜੇ ਕੌਮੀ ਸ਼ਾਹਰਾਹ 'ਤੇ ਜਾਮ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ। ਜਥੇਬੰਦੀਆਂ ਦੇ ਕਾਰਕੁਨ ਐਸ.ਐਸ.ਪੀ. ਦਿਹਾਤੀ ਦੇ ਦਫਤਰ ਅੱਗੇ ਧਰਨੇ 'ਤੇ ਬੈਠ ਗਏ। ਮਾਨ ਵਿਰੁੱਧ ਉਕਤ ਜਥੇਬੰਦੀਆਂ ਪਿਛਲੇ ਚਾਰ ਦਿਨਾਂ ਤੋਂ ਸੰਘਰਸ਼ ਕਰ ਰਹੀਆਂ ਹਨ। ਧਰਨਾਕਾਰੀਆਂ ਨੇ ਕਿਹਾ ਕਿ ਗੁਰਦਾਸ ਮਾਨ ਹਰ ਵਾਰ ਗਲਤੀ ਕਰ ਕੇ ਮੁਆਫੀ ਮੰਗ ਲੈਂਦਾ ਹੈ, ਪਰ ਇਸ ਵਾਰ ਉਸ ਦੀ ਗਲਤੀ ਮੁਆਫੀਯੋਗ ਨਹੀਂ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਗੁਰਦਾਸ ਮਾਨ ਦੀ ਇਕ ਵੀਡੀਓ ਵਾਇਰਲ ਹੋਈ ਸੀ, ਜਿਸ ਦੇ ਆਧਾਰ 'ਤੇ ਸਿੱਖ ਜਥੇਬੰਦੀਆਂ ਨੇ ਗੁਰਦਾਸ ਮਾਨ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਚੁੱਕੀ ਸੀ। ਹਾਲਾਂਕਿ, ਗੁਰਦਾਸ ਮਾਨ ਨੇ ਇਸ ਸਬੰਧੀ ਮੁਆਫੀ ਵੀ ਮੰਗ ਲਈ ਸੀ ਪਰ ਇਸ ਦੇ ਬਾਵਜੂਦ ਸਿੱਖ ਜਥੇਬੰਦੀਆਂ ਦਾ ਗੁੱਸਾ ਠੰਢਾ ਨਹੀਂ ਹੋਇਆ। ਹੁਣ ਨਕੋਦਰ ਥਾਣੇ 'ਚ ਅਕਾਲੀ ਆਗੂ ਪਰਮਜੀਤ ਸਿੰਘ ਤੇ ਹੋਰਨਾਂ ਦੇ ਬਿਆਨਾਂ ਦੇ ਆਧਾਰ 'ਤੇ ਐਫ.ਆਈ.ਆਰ. ਦਰਜ ਕੀਤੀ ਗਈ ਹੈ।

# ਵਿਦੇਸ਼ਾਂ 'ਚ ਪਾਵਨ ਸਰੂਪਾਂ ਦੀ ਛਪਾਈ ਦਾ ਫੈਸਲਾ ਮੁੜ ਵਿਚਾਰਨ ਦੀ ਮੰਗ

**ਅੰਮ੍ਰਿਤਸਰ:** ਸਿੱਖ ਯੂਥ ਫੈਡਰੇਸ਼ਨ (ਭਿੰਡਰਾਂਵਾਲੇ) ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਤੇ ਭਾਈ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਪੰਥਕ ਜਥੇਬੰਦੀਆਂ ਦੇ ਇਕ ਵਫਦ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਇਕ ਪੱਤਰ ਸੌਂਪ ਕੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਵਿਦੇਸ਼ ਵਿਚ ਪ੍ਰਿੰਟਿੰਗ ਪ੍ਰੈੱਸਾਂ ਲਾਉਣ ਦੇ ਫੈਸਲੇ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਇਸ ਮੌਕੇ ਅਕਾਲ ਤਖਤ ਵੱਲੋਂ ਕੌਮੀ ਸ਼ਹੀਦ ਐਲਾਨੇ ਗਏ ਭਾਈ ਦਿਲਾਵਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦੀ ਮੰਗ ਵੀ ਰੱਖੀ। ਪੱਤਰ ਵਿਚ ਕਿਹਾ ਗਿਆ ਹੈ ਕਿ ਵਿਦੇਸ਼ਾਂ 'ਚ ਸੰਗਤ ਵੱਲੋਂ ਪਾਵਨ ਸਰੂਪਾਂ ਨੂੰ ਘਰ ਵਿਚ ਸੁਸ਼ੋਭਿਤ ਕਰਨ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਸ਼੍ਰੋਮਣੀ ਕਮੇਟੀ ਬਾਹਰਲੇ ਦੇਸ਼ਾਂ ਵਿਚ ਛਪਾਈ ਕਰਾਉਣ ਸਬੰਧੀ ਲਏ ਗਏ ਫੈਸਲੇ 'ਤੇ ਮੁੜ ਵਿਚਾਰ ਕਰੇ।

# ਪੁਲਿਸ ਫਿਰਕੂ ਸਦਭਾਵਨਾ ਯਕੀਨੀ ਬਣਾਏ: ਡੀ.ਜੀ.ਪੀ.

**ਜਲੰਧਰ:** ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਸੂਬੇ ਦੇ ਸਾਰੇ ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼. ਨੂੰ ਸਖਤ ਹਦਾਇਤਾਂ ਕੀਤੀਆਂ ਹਨ ਕਿ ਪੰਜਾਬ ਵਿਚ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਯਕੀਨੀ ਬਣਾਉਣ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਜਾਣ। ਉਹ ਇਥੇ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) ਕੈਂਪਸ ਵਿਚ ਸੂਬਾ ਪੱਧਰੀ ਅਪਰਾਧ ਸਮੀਖਿਆ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਡੀ.ਜੀ.ਪੀ. ਨੇ ਕਿਹਾ ਕਿ ਇੰਟੈਲੀਜੈਂਟ ਤੇ ਸਮਾਰਟ ਪੁਲੀਸਿੰਗ ਜਿਸ ਵਿਚ ਤਕਨਾਲੋਜੀ ਅਤੇ ਟਰੇਡ ਕ੍ਰਾਫਟ ਦੀ ਵਰਤੋਂ ਸ਼ਾਮਲ ਹੈ, ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਲੋੜ ਹੈ। ਇਹ ਮੀਟਿੰਗ ਹਾਲ ਹੀ ਵਿਚ ਸੂਬੇ 'ਚ ਗ੍ਰੇਨੇਡ ਤੇ ਆਰ.ਡੀ.ਐਕਸ. ਨਾਲ ਲੈਸ ਟਿਫਿਨ ਬਾਕਸ ਮਿਲਣ ਤੋਂ ਇਲਾਵਾ ਹੋਰ ਹਥਿਆਰਾਂ ਤੇ ਗੋਲਾ-ਬਾਰੂਦ ਦੀ ਬਰਾਮਦਗੀ ਦੇ ਮੱਦੇਨਜ਼ਰ ਕੀਤੀ ਗਈ। ਰੇਲਵੇ ਦੇ ਵਿਸ਼ੇਸ਼ ਡੀ.ਜੀ.ਪੀ. ਸੰਜੀਵ ਕਾਲੜਾ, ਏ.ਡੀ.ਜੀ.ਪੀ. (ਅੰਦਰੂਨੀ ਸੁਰੱਖਿਆ) ਆਰ.ਐਨ. ਢੋਕੇ ਅਤੇ ਏ.ਡੀ.ਜੀ.ਪੀ. ਇੰਟੈਲੀਜੈਂਸ ਵਰਿੰਦਰ ਕੁਮਾਰ ਅਤੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਸਨ। ਡੀ.ਜੀ.ਪੀ. ਨੇ ਅਧਿਕਾਰੀਆਂ ਨੂੰ ਸਪਸ਼ਟ ਨਿਰਦੇਸ਼ ਦਿੱਤੇ ਕਿ ਕਿਸੇ ਨੂੰ ਵੀ ਕਾਨੂੰਨ ਹੱਥ ਵਿਚ ਲੈਣ ਦੀ ਆਗਿਆ ਨਾ ਦਿੱਤੀ ਜਾਵੇ ਅਤੇ ਜੇਕਰ ਕੋਈ ਵੀ ਵਿਅਕਤੀ ਹਿੰਸਕ ਗਤੀਵਿਧੀਆਂ ਵਿਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਸਖਤ ਕਾਰਵਾਈ ਕਰਦਿਆਂ ਤੁਰਤ ਫੌਜਦਾਰੀ ਕੇਸ ਦਰਜ ਕੀਤੇ ਜਾਣ।

# ਸਿੱਧੂ-ਮਾਲੀ ਮਾਮਲੇ ਨੇ ਬੇਅਸੂਲੀ ਸਿਆਸਤ ਦਾ ਭਾਂਡਾ ਚੁਰਾਹੇ ਭੰਨਿਆ

***ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰਾਂ ਦਾ ਮਾਮਲਾ ਵਾਹਵਾ ਹੀ ਤੂਲ ਫੜ ਗਿਆ ਹੈ। ਉਂਝ ਇਸ ਮਾਮਲੇ ਦੇ ਤੂਲ ਫੜਨ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਮੁੱਦਿਆਂ ਦੇ ਆਧਾਰ 'ਤੇ ਸਿਆਸਤ ਕਰਨ ਵਾਲਿਆਂ ਨੂੰ ਰਵਾਇਤੀ ਪਾਰਟੀਆਂ ਅਤੇ ਇਨ੍ਹਾਂ ਦੇ ਆਗੂ ਕਿਸ ਤਰ੍ਹਾਂ ਅਤੇ ਕਿਉਂ ਟੁੱਟ ਕੇ ਪਏ ਹਨ। ਇਸ ਲੇਖ ਵਿਚ ਹਜ਼ਾਰਾ ਸਿੰਘ ਨੇ ਇਸੇ ਪੱਖ ਤੋਂ ਇਸ ਮਸਲੇ ਦੀ ਚੀਰ-ਫਾੜ ਕੀਤੀ ਹੈ ਅਤੇ ਰਵਾਇਤੀ ਆਗੂਆਂ ਦੀ ਗੈਰ-ਦਿਆਨਤਦਾਰੀ ਉਤੇ ਚੋਟ ਕੀਤੀ ਹੈ।***



**ਹਜ਼ਾਰਾ ਸਿੰਘ**
**ਮਿਸੀਸਾਗਾ (ਕੈਨੇਡਾ)**
**ਫੋਨ: 905-795-3428**

ਮੌਜੂਦਾ ਕਿਸਾਨੀ ਸੰਘਰਸ਼ ਦੇ ਪ੍ਰਵਚਨ (ਬਿਰਤਾਂਤ) ਅਤੇ ਜੁੱਸੇ ਉਤੇ ਹੋ ਰਹੇ ਗੰਭੀਰ ਹਮਲਿਆਂ ਨੂੰ ਪਛਾੜਨ ਲਈ ਬਿਨ ਤਨਖਾਹ ਪਾਏ ਇਤਿਹਾਸਕ ਯੋਗਦਾਨ ਤੋਂ ਬਾਅਦ ਮਾਲਵਿੰਦਰ ਸਿੰਘ ਮਾਲੀ ਫਿਰ ਚਰਚਾ ਵਿਚ ਹੈ। ਮੌਜੂਦਾ ਚਰਚਾ ਦਾ ਆਧਾਰ ਸਿਧਾਂਤਕ ਨਹੀਂ ਸਗੋਂ ਮੁੱਦਾ ਰਹਿਤ ਅਤੇ ਸਿਧਾਂਤਹੀਣ ਸਿਆਸਤ ਕਰਨ ਵਾਲੇ ਬੇਅਸੂਲੇ ਸਿਆਸਤਦਾਨਾਂ ਦੇ ਮਨ ਅੰਦਰ ਏਜੰਡਾ ਆਧਾਰਿਤ ਰਾਜਨੀਤੀ ਦੀ ਗੱਲ ਦਾ ਪੈਦਾ ਹੋਇਆ ਡਰ ਹੈ। ਸਿਆਸਤਦਾਨਾਂ ਦਾ ਇਹ ਵਰਗ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਰੋਲਣ ਦਾ ਮਾਹਿਰ ਹੈ। ਮਾਲੀ ਦੀ ਚਰਚਾ ਨਾਲ ਜੁੜਿਆ ਘਟਨਾਕ੍ਰਮ ਵੀ ਅਸਲ ਵਿਚ ਮੁੱਦਿਆਂ ਦੀ ਸਿਆਸਤ ਤੋਂ ਧਿਆਨ ਭਟਕਾਉਣ ਦੀ ਹੀ ਖੇਡ ਹੈ। ਪੰਜਾਬ ਕਾਂਗਰਸ ਦਾ ਨਵਾਂ ਬਣਿਆ ਪ੍ਰਧਾਨ ਨਵਜੋਤ ਸਿੱਧੂ ਲੰਮੇ ਸਮੇ ਤੋਂ ਪੰਜਾਬ ਦੀ ਸਿਆਸਤ ਨੂੰ ਲੋਕ ਲਭਾਊ ਨਾਅਰਿਆਂ ਦੀ ਥਾਂ ਪੰਜਾਬ ਪੱਖੀ ਏਜੰਡੇ ਦੇ ਰਾਹ ਪਾਉਣ ਦੀ ਗੱਲ ਕਰ ਰਿਹਾ ਹੈ। ਮਾਲੀ ਏਜੰਡਾ ਆਧਾਰਿਤ ਸਿਆਸਤ ਦਾ ਹਾਮੀ ਹੋਣ ਕਾਰਨ ਸਿੱਧੂ ਵੱਲੋਂ ਉਠਾਏ ਸ਼ਰਾਬ ਮਾਫੀਆ, ਰੇਤ ਮਾਫੀਆ, ਕੇਬਲ ਮਾਫੀਆ, ਲੈਂਡ ਮਾਫੀਆ ਨੂੰ ਕਾਬੂ ਕਰਨ, ਪਾਕਿਸਤਾਨ ਨਾਲ ਵਪਾਰ ਖੋਲ੍ਹਣ ਆਦਿ ਵਰਗੇ ਮੁੱਦਿਆਂ ਦੀ ਧੜੱਲੇ ਨਾਲ ਹਮਾਇਤ ਕਰ ਰਿਹਾ ਹੈ।

ਪੰਜਾਬ ਦੇ ਸਿਆਸਤਦਾਨ ਸਿੱਧੂ ਦੇ ਏਜੰਡੇ ਬਾਰੇ ਚੁੱਪ ਰਹਿੰਦੇ ਹਨ ਪਰ ਉਸ ਦੇ ਕਿਸੇ ਡੇਰੇ 'ਤੇ ਜਾਣ, ਮੌਲੀਆਂ ਬੰਨ੍ਹਣ ਆਦਿ ਦਾ ਰੌਲਾ ਜ਼ਰੂਰ ਪਾਉਂਦੇ ਹਨ। ਆਪਣੇ ਏਜੰਡੇ ਅਤੇ ਮਕਬੂਲੀਅਤ ਕਾਰਨ ਸਿੱਧੂ ਰਾਜਸੀ ਵਿਰੋਧੀਆਂ ਦੇ ਨਿਸ਼ਾਨੇ 'ਤੇ ਹੈ। ਸਿੱਧੂ ਵੱਲੋਂ ਮਾਲੀ ਨੂੰ ਬੁੱਧੀਜੀਵੀ ਦੇ ਤੌਰ 'ਤੇ ਸਲਾਹਕਾਰ ਐਲਾਨਣ ਨਾਲ ਮਾਲੀ ਦਾ ਗੈਰ ਰਸਮੀ ਸਬੰਧ ਸਿੱਧੂ ਨਾਲ ਜੁੜ ਗਿਆ ਜਿਸ ਨੂੰ ਰਾਜਸੀ ਵਿਰੋਧੀਆਂ ਨੇ ਸਿੱਧੂ 'ਤੇ ਨਿਸ਼ਾਨਾ ਲਾਉਣ ਲਈ ਬਹਾਨੇ ਵਜੋਂ ਵਰਤਿਆ। ਅਸਲ ਨਿਸ਼ਾਨਾ ਮਾਲੀ ਨਹੀਂ ਸਗੋਂ ਸਿੱਧੂ ਅਤੇ ਉਸ ਵੱਲੋਂ ਉਭਾਰਿਆ ਜਾ ਰਿਹਾ ਰਾਜਨੀਤਕ ਪ੍ਰਵਚਨ ਸੀ। ਸਿੱਧੂ ਦੀ ਇਹ ਸਾਦਗੀ ਹੀ ਕਹੀ ਜਾ ਸਕਦੀ ਹੈ ਕਿ ਮਾਲੀ ਦੇ ਰਾਜਸੀ ਪਿਛੋਕੜ ਨੂੰ ਨਜ਼ਰ-ਅੰਦਾਜ਼ ਕਰਦਿਆਂ, ਉਸ ਦੀ ਪੰਜਾਬ ਦੀ ਅਜੋਕੀ ਸਿਆਸਤ ਪ੍ਰਤੀ ਉਸਾਰੂ ਪਹੁੰਚ 'ਤੇ ਟੇਕ ਰੱਖਦਿਆਂ ਸਲਾਹਕਾਰ ਬਣਾਇਆ। ਮਾਲੀ ਨੇ ਆਪਣੇ ਨਕਸਲੀ ਪਿਛੋਕੜ ਤੋਂ ਕਦੇ ਇਨਕਾਰ ਨਹੀਂ ਕੀਤਾ, ਫਿਰ ਵੀ ਉਸ ਦੀ ਪੰਜਾਬ ਪ੍ਰਤੀ ਸੁਹਿਰਦ ਤੇ ਨਿਰਪੱਖ ਸੋਚ ਕਾਰਨ ਹੀ ਕਿਸੇ ਸਮੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਸੁਘੜ ਸਿਆਸਤਦਾਨ ਨੇ, ਫਿਰ 2002 ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ, ਕਦੇ ਖੁਦ ਸੁਖਬੀਰ ਸਿੰਘ ਬਾਦਲ ਨੇ ਵੀ ਆਪਣੀ ਸਲਾਹਕਾਰ ਜੁੰਡਲੀ ਵਿਚ ਅਹਿਮ ਰੁਕਨ ਵਜੋਂ ਜੋੜੀ ਰੱਖਿਆ।

ਮਾਲੀ ਦੀ ਕਸ਼ਮੀਰ ਬਾਰੇ ਸੰਖੇਪ ਪੋਸਟ ਨੂੰ ਸਿੱਧੂ 'ਤੇ ਹਮਲਾ ਕਰਨ ਲਈ ਜਿਵੇਂ ਵਰਤਿਆ ਗਿਆ, ਉਹ ਬੇਅਸੂਲੀ ਅਤੇ ਹੌਲੀ ਸਿਆਸਤ ਦਾ ਹੀ ਮੁਜ਼ਾਹਰਾ ਸੀ। ਮਾਲੀ ਦੀ ਕਹੀ ਗੱਲ ਕੋਈ ਅੱਲੋਕਾਰੀ ਨਹੀਂ ਸੀ ਪਰ ਹੋਛੇ ਸਿਆਸਤਦਾਨ ਇਸ ਨੂੰ ਲੈ ਕੇ ਚਾਂਭਲ ਗਏ। 'ਜਿਵੇਂ ਸੁਬ੍ਹਾ ਦੀ ਕਜ਼ਾ ਨਮਾਜ਼ ਹੁੰਦੀ, ਰਾਜ਼ੀ ਹੋਇ ਇਬਲੀਸ ਫਿਰ ਨੱਚਦਾ ਹੈ', ਅਨੁਸਾਰ ਇਹ ਅਸੂਲੋਂ ਬੌਣੇ ਲੋਕ ਮਾਮੂਲੀ ਗੱਲ 'ਤੇ ਹੀ ਵਿਤੋਂ ਬਾਹਰਾ ਜ਼ੋਰ ਲਾ ਕੇ ਨੱਚਣ ਲੱਗ ਪਏ।

ਕਿਸੇ ਸਮੇਂ ਸਿਰਦਾਰ ਗੁਰਤੇਜ ਸਿੰਘ ਨੇ ਪੰਜਾਬ ਅੰਦਰ ਪਸਰ ਰਹੇ ਬੌਧਿਕ ਮਾਰੂਥਲ ਦੀ ਗੱਲ ਕੀਤੀ ਸੀ। ਸੋਚ ਵਿਚਾਰ ਅਤੇ ਸੰਵਾਦ ਤੋਂ ਵਿਰਵੇ ਕੀਤੇ ਜਾ ਰਹੇ ਪੰਜਾਬ ਦੇ ਮਾਹੌਲ ਨੂੰ ਮਾਲੀ ਬੌਧਿਕ ਕੰਗਾਲੀ ਆਖਦਾ ਹੈ। ਇਸੇ ਮਹੌਲ ਵਿਚ ਹੀ ਬੇਅਸੂਲੀ ਸਿਆਸਤ ਵਧ ਫੁੱਲ ਰਹੀ ਹੈ। ਜੇ ਅਸੂਲੀ ਸਿਆਸਤ ਦਾ ਕੋਈ ਕਣ ਬਚਿਆ ਹੁੰਦਾ ਤਾਂ ਸਿੱਧੂ ਨੂੰ ਨਿਸ਼ਾਨਾ ਬਣਾਉਣ ਲਈ ਮਾਲੀ ਦੇ ਕਥਨ ਦੀ ਗੈਰ ਸਦਾਚਾਰਕ ਢੰਗ ਨਾਲ ਬੇਸ਼ਰਮੀ ਭਰੀ ਵਰਤੋਂ ਨਾ ਹੁੰਦੀ, ਸਿੱਧੂ ਨੂੰ ਘੇਰਨ ਲਈ ਹੱਲਾ ਉਸ ਦੇ ਏਜੰਡੇ ਨੂੰ ਦਲੀਲਾਂ ਨਾਲ ਰੱਦ ਕਰਨ ਵਾਲਾ ਹੁੰਦਾ, ਉਸ ਦੇ ਏਜੰਡੇ ਦਾ ਬਦਲ ਪੇਸ਼ ਕਰਨ 'ਤੇ ਜ਼ੋਰ ਹੁੰਦਾ ਪਰ ਐਸਾ ਨਾ ਹੋਣਾ ਦੱਸਦਾ ਹੈ ਕਿ ਸਿਆਸਤ ਮੁੱਦਿਆਂ ਦੀ ਨਹੀਂ, ਮੁੱਦਿਆਂ ਨੂੰ ਰੋਲਣ ਵਾਲੇ ਰੌਲੇ 'ਤੇ ਹੋ ਰਹੀ ਹੈ।

ਕਸ਼ਮੀਰ ਬਾਰੇ ਧਾਰਾ 370 ਤੋੜੇ ਜਾਣ ਦੇ ਸਿਆਸੀ ਫੈਸਲੇ ਨੂੰ ਬਹੁਤ ਸਾਰੇ ਲੋਕ ਠੀਕ ਨਹੀਂ ਸਮਝਦੇ ਪਰ ਮਾਲੀ ਦੇ ਐਸੇ ਵਿਚਾਰਾਂ ਨੂੰ ਦੇਸ਼ ਵਿਰੋਧੀ ਆਖ ਕੇ ਸਿੱਧੂ 'ਤੇ ਹਮਲਾ ਵਿੱਢਣ ਵਾਲੇ ਅਕਾਲੀ ਆਪ ਸੰਵਿਧਾਨ ਪਾੜਦੇ ਵੀ ਰਹੇ ਹਨ, ਅੰਮ੍ਰਿਤਸਰ ਐਲਾਨਨਾਮੇ 'ਤੇ ਦਸਤਖਤ ਵੀ ਕਰਦੇ ਰਹੇ ਹਨ। ਮਾਲੀ ਨੇ ਬੇਸ਼ੱਕ ਆਪਣੇ ਆਪ ਨੂੰ ਸਲਾਹਕਾਰੀ ਤੋਂ ਵੱਖ ਕਰ ਲਿਆ ਹੈ ਪਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਮਾਲੀ 'ਤੇ ਦੇਸ਼ ਧ੍ਰੋਹ ਦਾ ਕੇਸ ਦਰਜ ਕਰਨ ਦੇ ਬਿਆਨ ਦੇ ਕੇ 'ਵਾਰਿਸ ਸ਼ਾਹ ਕੇਤੀ ਗੱਲ ਹੋਇ ਚੁੱਕੀ, ਮੂਤ ਵਿਚ ਨਾਂ ਮੱਛੀਆਂ ਟੋਲੀਏ ਜੀ' ਅਨੁਸਾਰ ਸਿਆਸੀ ਪਾਣੀ ਨੂੰ ਗੰਧਲਾ ਕੇ ਵਿਚੋਂ ਰਾਜਨੀਤੀ ਦੀ ਮੱਛੀ ਫੜਨ ਦੇ ਆਹਰ ਵਿਚ ਅਜੇ ਵੀ ਮਗਨ ਹੈ।

ਮਾਲੀ 'ਤੇ ਹਮਲਾ ਕਰਨ ਵਾਲੇ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੂੰ ਮਾਲੀ ਨੇ ਅਕਾਲੀ ਦਲ ਵੱਲੋਂ ਅਨੰਦਪੁਰ ਮਤੇ ਦੀ ਮੰਗ ਦਾ ਚੇਤਾ ਕਰਵਾ ਕੇ ਸਿਧਾਂਤਕ ਸਵਾਲਾਂ ਦੇ ਘੇਰੇ ਵਿਚ ਲੈ ਆਂਦਾ ਜਿਸ ਦਾ ਅਕਾਲੀ ਆਗੂਆਂ ਕੋਲ ਕੋਈ ਜਵਾਬ ਨਹੀਂ। ਮਾਲੀ ਦੇ ਮੋੜਵੇਂ ਸਵਾਲਾਂ ਨੇ ਅਕਾਲੀਆਂ ਵਾਸਤੇ ਹਾਲਾਤ 'ਅਸੀਂ ਸ਼ਹਿਦ ਦੇ ਵਾਸਤੇ ਹੱਥ ਪਾਇਆ, ਅੱਗੋਂ ਡੂਮਣਾ ਛਿੜੇ ਮਖੀਰ ਮੀਆਂ' ਵਰਗੇ ਬਣਾ ਦਿੱਤੇ ਹਨ। ਮਾਲੀ ਦੇ ਕਸ਼ਮੀਰ ਵਾਲੇ ਵਿਚਾਰ ਨੂੰ ਦੇਸ਼ ਲਈ ਲੜਨ ਵਾਲੇ ਫੌਜੀਆਂ ਦਾ ਅਪਮਾਨ ਕਹਿਣ ਵਾਲਾ ਮਜੀਠੀਆ ਦੇਸ਼ ਦੀ ਏਕਤਾ ਬਚਾਉਣ ਦੇ ਨਾਮ 'ਤੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਫੌਜੀਆਂ ਬਾਰੇ ਕੀ ਆਖੇਗਾ? ਇਹੋ ਜਿਹੇ ਸਵਾਲਾਂ ਦਾ ਸਾਹਮਣਾ ਅਕਾਲੀਆਂ ਦੇ ਨਾਲ ਨਾਲ ਕੈਪਟਨ ਨੂੰ ਵੀ ਕਰਨਾ ਪਵੇਗਾ ਜੋ ਪਾਕਿਸਤਾਨ ਦਾ ਹਊਆ ਖੜ੍ਹਾ ਕਰਕੇ ਕਿਸਾਨ ਅੰਦੋਲਨ ਦੇ ਉਭਾਰੇ ਭਾਈਚਾਰਕ ਸਾਂਝ ਦੇ ਪ੍ਰਵਚਨ ਨੂੰ ਗੁਮਰਾਹ ਕਰਨ ਦੇ ਯਤਨ ਕਰ ਰਿਹਾ ਹੈ। ਕੈਪਟਨ ਦੇ ਸਲਾਹਕਾਰਾਂ ਨੂੰ ਚਾਹੀਦਾ ਸੀ ਕਿ ਉਹ ਕੈਪਟਨ ਨੂੰ ਮਾਲੀ ਨਾਲ ਉਲਝਣ ਤੋਂ ਰੋਕਦੇ ਪਰ ਉਹ ਐਸਾ ਕਰ ਨਾ ਸਕੇ। ਨਤੀਜੇ ਵਜੋਂ ਗੱਲ 'ਨਾਲ ਕਾਮਿਆਂ ਖੱਤਰੀ ਘੁਲਣ ਲੱਗੇ, ਵਾਰਿਸ ਸ਼ਾਹ ਫਿਰ ਲੋਕਾਂ ਨੇ ਹੱਸਣਾ ਈ' ਵਾਲੀ ਹੋਈ। ਕੈਪਟਨ ਦੇ ਬਿਆਨ ਨਾਲ ਮਾਲੀ ਦੀ ਅਹਿਮੀਅਤ ਹੋਰ ਵਧ ਗਈ ਅਤੇ ਮਾਲੀ ਵੱਲੋਂ ਮੋੜਵੇਂ ਸਵਾਲਾਂ ਦਾ ਵੀ ਸਾਹਮਣਾ ਕਰਨਾ ਪਿਆ। ਜਦ ਮਾਲੀ ਨੇ ਕੈਪਟਨ ਨੂੰ ਉਸ ਦੇ ਖਾੜਕੂਆਂ ਨਾਲ ਸਬੰਧਾਂ, ਅੰਮ੍ਰਿਤਸਰ ਐਲਾਨਨਾਮੇ 'ਤੇ ਦਸਤਖਤ ਕਰਨ, ਸਲਾਹਕਾਰ ਭਰਤ ਇੰਦਰ ਸਿੰਘ ਚਾਹਿਲ ਦੇ ਕਾਰਨਾਮੇ ਫਰੋਲਣ ਅਤੇ ਪਾਕਿਸਤਾਨੀ ਲਿੰਕ ਬੀਬੀ ਅਰੂਸਾ ਆਲਮ ਦੇ ਮੁੱਦੇ ਤੇ ਸਵਾਲਾਂ ਦੀ ਵਾਛੜ ਕੀਤੀ ਤਾਂ ਗੱਲ ਇੱਕ ਵਾਰ ਤਾਂ 'ਜੱਟੀ ਬੋਲ ਕੇ ਦੁੱਧ ਦੀ ਕਸਰ ਕੱਢੀ, ਸੱਭੇ ਅੜਤਨੇ ਪੜਤਨੇ ਪਾੜ ਛੱਡੇ। ਪੁਣੇ ਦਾਦ ਪਰਦਾਦੜੇ ਜੋਗੀ ਦੇ, ਸਾਕ ਟੰਗਣੇ ਤੇ ਸਭ ਚਾੜ੍ਹ ਛੱਡੇ' ਵਰਗੀ ਬਣ ਗਈ। ਮਾਲੀ ਦੇ ਇਸ ਹਮਲਾਵਰ ਰੁਖ ਕਾਰਨ ਕੈਪਟਨ ਦੇ ਸਲਾਹਕਾਰਾਂ ਵਾਸਤੇ ਔਖ ਪੈਦਾ ਹੋਣੀ ਲਾਜ਼ਮੀ ਸੀ।

ਸਮੇਂ ਦਾ ਮਜ਼ਾਕ ਦੇਖੋ, ਜਿਹੜਾ ਸੁਖਬੀਰ ਸਿੰਘ ਬਾਦਲ ਸਿੱਧੂ 'ਤੇ ਨਿਸ਼ਾਨਾ ਲਾਉਣ ਲਈ ਮਾਲੀ ਨੂੰ ਦੇਸ਼ ਧ੍ਰੋਹੀ ਆਖ ਰਿਹਾ ਹੈ, ਉਸ ਖਿਲਾਫ ਦੋ ਸੰਵਿਧਾਨ ਵਰਤ ਕੇ ਚੋਣ ਕਮਿਸ਼ਨ ਨਾਲ ਧੋਖਾ ਕਰਨ ਦਾ ਮੁਕੱਦਮਾ ਚੱਲ ਰਿਹਾ ਹੈ। ਯਾਦ ਰਹੇ, ਅਕਾਲੀ ਦਲ ਰਾਜਸੀ ਚੋਣਾਂ ਲੜਨ ਵਾਸਤੇ ਚੋਣ ਕਮਿਸ਼ਨ ਕੋਲ ਸੈਕੂਲਰ ਪਾਰਟੀ ਦਾ ਦਾਅਵਾ ਕਰਦਾ ਹੈ ਅਤੇ ਗੁਰਦੁਆਰਾ ਚੋਣਾਂ ਲੜਨ ਲਈ ਧਾਰਮਿਕ ਪਾਰਟੀ ਹੋਣ ਦਾ ਦਿਖਾਵਾ ਕਰਦਾ ਹੈ। ਚੋਣ ਕਮਿਸ਼ਨ ਕੋਲ ਹੋਰ ਸੰਵਿਧਾਨ ਪੇਸ਼ ਕਰਦਾ ਹੈ ਅਤੇ ਗੁਰਦੁਆਰਾ ਚੋਣ ਕਮਿਸ਼ਨ ਕੋਲ ਕੋਈ ਹੋਰ। ਚਿਰਾਂ ਤੋਂ ਚੱਲ ਰਹੀ ਧੋਖੇਬਾਜ਼ੀ ਦੀ ਖੇਡ ਨੂੰ ਨੰਗਾ ਹੋਣ ਤੋਂ ਬਚਾਉਣ ਲਈ ਕਾਨੂੰਨੀ ਦਾਅ ਪੇਚਾਂ ਨਾਲ ਲਟਕਾਇਆ ਜਾ ਰਿਹਾ ਹੈ।

ਮਾਲੀ ਹੁਣ ਸਲਾਹਕਾਰੀ ਤੋਂ ਆਜ਼ਾਦ ਹੋ ਚੁੱਕਾ ਹੈ। ਹੁਣ ਉਹ ਪਹਿਲਾਂ ਨਾਲੋਂ ਵੱਧ ਮਸ਼ਹੂਰ, ਮਜ਼ਬੂਤ ਅਤੇ ਚਰਚਿਤ ਹੋ ਚੁੱਕਾ ਹੈ ਜਿਸ ਦਾ ਸਿਹਰਾ ਸਿੱਧੂ ਵਿਰੋਧੀ ਕਾਂਗਰਸੀਆਂ, ਆਮ ਆਦਮੀ ਪਾਰਟੀ ਵਾਲਿਆਂ ਅਤੇ ਅਕਾਲੀਆਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਸਿੱਧੂ 'ਤੇ ਹਮਲਾ ਕਰਨ ਲਈ ਮਾਲੀ ਦਾ ਨਾਂ ਵਰਤਿਆ ਅਤੇ ਮਾਲੀ ਦੇਸ਼ ਭਰ ਦੀਆਂ ਅਖਬਾਰਾਂ ਅਤੇ ਮੀਡੀਆ ਦੀਆਂ ਸੁਰਖੀਆਂ ਵਿਚ ਆ ਗਿਆ। ਸੋ, ਹੁਣ ਮਾਲੀ ਦੀ ਗੱਲ ਪਹਿਲਾਂ ਨਾਲੋਂ ਵੀ ਦੂਰ ਜਾਏਗੀ ਅਤੇ ਵੱਧ ਅਸਰ ਕਰੇਗੀ। ਵਿਰੋਧੀਆਂ ਦੇ ਹੋਛੇ ਹਮਲਿਆਂ ਤੋਂ ਮਾਲੀ ਦੀ ਆਵਾਜ਼ ਨੂੰ ਹੋਰ ਤਾਕਤ ਮਿਲੀ ਹੈ ਅਤੇ ਉਹ ਅੱਗੇ ਤੋਂ ਵੀ ਹੋਰ ਵੱਧ ਬੁਲੰਦ ਹੋਈ ਹੈ। ਇਸ ਨੂੰ ਕਾਇਮ ਰੱਖਣ ਲਈ ਮਾਲੀ ਨੂੰ ਵੀ ਅੱਗੇ ਨਾਲੋਂ ਵੱਧ ਚੌਕਸ ਰਹਿਣਾ ਹੋਏਗਾ। 'ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਿਰ, ਸਦਾ ਰੱਖੀਏ ਵਿਚ ਧਿਆਨ ਦੇ ਜੀ'।

ਮਾਲੀ ਆਪਣੀਆਂ ਲਿਖਤਾਂ ਰਾਹੀਂ ਸਪੱਸ਼ਟ ਕਰ ਚੁੱਕਾ ਹੈ ਕਿ ਉਹ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਮੁਦਈ ਹੈ, ਬੰਦਿਆਂ ਦੀ ਸਿਆਸਤ ਦੀ ਥਾਂ ਮੁੱਦਿਆਂ ਦੀ ਸਿਆਸਤ ਦਾ ਹਮਾਇਤੀ ਹੈ ਅਤੇ ਲੋਕਾਂ ਦੇ ਅਸਲ ਮੁੱਦਿਆਂ ਨੂੰ ਘੱਟੇ ਰੋਲਣ ਵਾਲੇ ਸਿਆਸੀ ਖਿਡਾਰੀਆਂ ਦੇ ਖਿਲਾਫ ਹੈ। ਜਦ ਸਿੱਧੂ ਨੇ ਕਰਤਾਰਪੁਰ ਲਾਂਘਾ ਖੋਲ੍ਹਣ, ਪਾਕਿਸਤਾਨ ਨਾਲ ਦੋਸਤੀ ਅਤੇ ਵਪਾਰ ਲਈ ਬਾਰਡਰ ਖੋਲ੍ਹਣ ਦਾ ਪ੍ਰਵਚਨ ਉਭਾਰਿਆ ਤਾਂ ਮਾਲੀ ਨੇ ਉਸ ਦੀ ਪੁਰਜ਼ੋਰ ਹਮਾਇਤ ਕੀਤੀ। ਜਦ ਸਿੱਧੂ ਨੇ ਸ਼ਰਾਬ ਮਾਫੀਆ, ਰੇਤ ਮਾਫੀਆ ਆਦਿ ਨਾਲ ਨਜਿੱਠਣ ਲਈ ਸਰਕਾਰੀ ਕਾਰਪੋਰੇਸ਼ਨ ਬਣਾਉਣ ਦਾ ਵਿਚਾਰ ਅੱਗੇ ਲਿਆਂਦਾ ਤਾਂ ਮਾਲੀ ਨੇ ਹਮਾਇਤ ਕੀਤੀ ਅਤੇ ਨਾਲ ਦੀ ਨਾਲ ਬਾਕੀਆਂ ਨੂੰ ਵੀ ਇਨ੍ਹਾਂ ਮੁੱਦਿਆਂ ਬਾਰੇ ਬੋਲਣ ਲਈ ਲਲਕਾਰਿਆ ਪਰ ਸਭ ਸਿਆਸੀ ਧਿਰਾਂ ਸਿੱਧੂ ਦਾ ਨਿੱਜ ਨੌਲਣ ਤੋਂ ਉਪਰ ਉਠ ਕੇ ਮੁੱਦਿਆਂ ਬਾਰੇ ਬੋਲਣ ਤੋਂ ਕੰਨੀ ਕਤਰਾ ਗਈਆਂ। ਕਾਰਨ ਸਪਸ਼ਟ ਹੈ ਕਿ ਇਹ ਸਿਆਸੀ ਧਿਰਾਂ ਸ਼ਰਾਬ ਮਾਫੀਏ, ਰੇਤ ਮਾਫੀਏ, ਕੇਬਲ ਮਾਫੀਏ ਦੀਆਂ ਹਿੱਸੇਦਾਰ ਹਨ ਅਤੇ ਮੋਟਾ ਪੈਸਾ ਕਮਾ ਰਹੀਆਂ ਹਨ। ਇਸ ਲਈ ਐਸੇ ਏਜੰਡੇ ਦੀ ਗੱਲ ਕਰਨ ਵਾਲੇ ਇਨ੍ਹਾਂ ਰਵਾਇਤੀ ਧਿਰਾਂ ਨੂੰ ਪ੍ਰਵਾਨ ਨਹੀਂ। ਰਾਜਸੀ ਪ੍ਰਵਚਨ ਨੂੰ ਮੁੱਦਿਆਂ ਤੋਂ ਭਟਕਾਉਣ ਲਈ ਹੀ ਨਿਗੂਣੇ ਵਿਸ਼ਿਆਂ ਨੂੰ ਤੂਲ ਦੇਈ ਰੱਖਣ ਦੀ ਖੇਡ ਚਲਾਈ ਹੋਈ ਹੈ ਜਿਸ ਕਾਰਨ ਪੰਜਾਬ ਵਲੂੰਧਰਿਆ ਪਿਆ ਹੈ। ਡਾ. ਮੀਸ਼ਾ ਨੇ ਕਦੇ ਕਿਹਾ ਸੀ, 'ਸਤਲੁਜ, ਬਿਆਸ, ਜਿਹਲਮ, ਛਿੜਦੀ ਜਦ ਚਨਾਬ ਦੀ ਗੱਲ, ਰਾਵੀ ਕਰੇ ਕਿਹੜੇ ਪੰਜਾਬ ਦੀ ਗੱਲ। ਪੱਤੀ ਪੱਤੀ ਵਲੂੰਧਰੀ ਗਈ ਜਿਸ ਦੀ, ਸ਼ਰਫ ਕਰੇ ਕਿਹੜੇ ਪੰਜਾਬ ਦੀ ਗੱਲ। ਘਪਲੇ ਨੰਗੇ ਹੋ ਜਾਣ ਸਾਰੇ, ਜੇ ਲੋਕੀ ਬੈਠ ਕੇ ਕਰਨ ਹਿਸਾਬ ਦੀ ਗੱਲ।'

ਹੁਣ ਅਸਲ ਭੇੜ ਹੀ ਹਿਸਾਬ ਦੀ ਗੱਲ ਦੇ ਬਿਰਤਾਂਤ ਨੂੰ ਉਭਾਰਨ ਵਾਲਿਆਂ ਅਤੇ ਉਖਾੜਨ ਵਿਚਕਾਰ ਹੈ। ਮਾਲੀ ਦੇ ਸਲਾਹਕਾਰ ਬਣਨ ਅਤੇ ਹਟਣ ਦੇ ਘਟਨਾਕ੍ਰਮ ਨੇ ਸਪਸ਼ਟ ਕਰ ਦਿੱਤਾ ਹੈ ਕਿ ਬੇਅਸੂਲੀ ਰਾਜਨੀਤੀ ਹਿਸਾਬ ਦੀ ਗੱਲ ਦੇ ਰਾਜਸੀ ਬਿਰਤਾਂਤ ਨੂੰ ਉਖਾੜਨ ਲਈ ਕਿਵੇਂ ਸਰਗਰਮ ਅਤੇ ਇੱਕਜੁੱਟ ਹੈ।

ਪੰਜਾਬ ਪ੍ਰਤੀ ਸੁਹਿਰਦ ਲੋਕਾਂ ਦੀ ਇੱਛਾ ਹੈ ਕਿ ਪੰਜਾਬ ਦੇ ਮੁੱਦੇ ਸਿਆਸੀ ਏਜੰਡੇ ਦੇ ਕੇਂਦਰ ਵਿਚ ਬਹਿਸ ਦਾ ਮੁੱਦਾ ਬਣਨ ਪਰ ਰਵਾਇਤੀ ਅਕਾਲੀ, ਕਾਂਗਰਸੀ ਅਤੇ ਹੁਣ ਆਮ ਆਦਮੀ ਪਾਰਟੀ ਵਾਲੇ ਵੀ ਮੁੱਦਿਆਂ ਦੀ ਥਾਂ ਸੱਤਾ ਹਥਿਆਊ ਜੁਮਲਿਆਂ ਅਤੇ 'ਮੁੱਖ ਮੰਤਰੀ ਦਾ ਚਿਹਰਾ ਕੌਣ ਹੋਊ' ਵਰਗੇ ਪ੍ਰਵਚਨਾਂ ਤੱਕ ਹੀ ਸੀਮਤ ਰਹਿਣਾ ਚਾਹੁੰਦੇ ਹਨ। ਬੱਸ ਇੱਥੇ ਆ ਕੇ ਹੀ ਇਨ੍ਹਾਂ ਦਾ ਸਿੱਧੂ ਅਤੇ ਮਾਲੀ ਨਾਲ ਟਕਰਾ ਹੁੰਦਾ ਹੈ। ਮਾਲੀ ਜਿੱਥੇ ਸਿੱਧੂ ਦੀ ਏਜੰਡਾ ਆਧਾਰਿਤ, ਜਵਾਬਦੇਹੀ ਵਾਲੀ ਪਾਰਦਰਸ਼ੀ ਸਿਆਸਤ ਦੇ ਬਿਰਤਾਂਤ ਦੀ ਪ੍ਰੋੜਤਾ ਕਰਦਾ ਹੈ, ਉਥੇ ਉਹ ਬਾਕੀ ਪਾਰਟੀਆਂ ਨੂੰ ਵੀ ਘੇਰ ਘੇਰ ਕੇ ਮੁੱਦਿਆਂ 'ਤੇ ਲਿਆਉਣ ਦੇ ਯਤਨ ਕਰਦਾ ਹੈ, ਚਿਹਰਿਆਂ ਦੀ ਥਾਂ ਮੁੱਦਿਆਂ ਤੇ ਰਾਜਸੀ ਬਿਰਤਾਂਤ ਸਿਰਜਣ ਦੀ ਚੁਣੌਤੀ ਦਿੰਦਾ ਹੈ। ਮਾਲੀ ਜਿੱਥੇ ਸੂਬਿਆਂ ਦੀ ਅਧਿਕਾਰਾਂ ਦੇ ਉਭਰੇ ਪ੍ਰਵਚਨ ਦੀ ਗੱਲ ਕਰਦਾ ਹੈ, ਉਥੇ ਉਹ ਪੰਜਾਬ ਵਿਚਲੀਆਂ ਧਿਰਾਂ ਨੂੰ ਪਾਰਟੀਆਂ ਦੀ ਹਾਈ ਕਮਾਂਡ ਦੇ ਗਲਬੇ ਤੋਂ ਮੁਕਤ ਹੋਣ ਦੀ ਗੱਲ ਵੀ ਠੋਕ ਵਜਾ ਕੇ ਕਰਦਾ ਹੈ।

ਮਾਲਵਿੰਦਰ ਸਿੰਘ ਮਾਲੀ ਨੇ ਕਿਸਾਨੀ ਸੰਘਰਸ਼ 'ਤੇ ਹੋ ਰਹੇ ਹਮਲਿਆਂ ਬਾਰੇ ਜਿਸ ਸਪਸ਼ਟਤਾ, ਬੇਬਾਕੀ, ਦਲੇਰੀ, ਡੂੰਘੀ ਘੋਖ ਅਤੇ ਨਿਰਪੱਖਤਾ ਨਾਲ ਬੋਲਿਆ ਤੇ ਲਿਖਿਆ ਹੈ, ਉਵੇਂ ਹੀ ਉਹ ਪੰਜਾਬ ਦੇ ਰਾਜਸੀ ਬਿਰਤਾਂਤ ਨੂੰ ਮੁੱਦਿਆਂ 'ਤੇ ਆਧਾਰਿਤ ਬਣਾਉਣ ਲਈ ਯੋਗਦਾਨ ਪਾ ਰਿਹਾ ਹੈ ਅਤੇ ਬਾਗ ਦੇ ਮਾਲੀ ਵਾਂਗ ਇਸ ਬਿਰਤਾਂਤਕ ਬਾਗ ਨੂੰ ਹਮਲਿਆਂ ਤੋਂ ਬਚਾਉਣ ਲਈ ਸ਼ਲਾਘਾ ਯੋਗ ਯਤਨ ਕਰ ਰਿਹਾ ਹੈ। ਮੁੱਦਾ ਰਹਿਤ ਹੋ ਰਹੀ ਸਿਆਸਤ ਦੇ ਇਤਹਾਸ ਵਿਚ ਇਹ ਯੋਗਦਾਨ ਵੀ ਇਤਹਾਸਕ ਹੈ। ਅੰਤ ਵਿਚ ਮਾਲੀ ਨੂੰ ਵੀ ਬੇਨਤੀ ਹੈ ਕਿ ਉਹ ਅਫਗਾਨਿਸਤਾਨ ਵਿਚ ਤਾਲਿਬਾਨ ਜਾਂ ਕਸ਼ਮੀਰ ਵਰਗੇ ਮੁੱਦਿਆਂ ਵਿਚ ਨਾ ਉਲਝਣ। ਕਸ਼ਮੀਰ ਮੁੱਦੇ 'ਤੇ ਪਾਕਿਸਤਾਨ-ਭਾਰਤ ਦੀ ਠੰਢੀ ਜੰਗ ਦੇ ਸ਼ੁਰੂਆਤੀ ਦੌਰ ਵਿਚ ਉਨ੍ਹਾਂ ਸਮਿਆਂ ਦੀ ਪੱਛਮੀ ਸਾਮਰਾਜੀ ਗਲਬੇ ਹੇਠਲੀ ਯੂ.ਐਨ., ਮਹਾਰਾਜਾ ਹਰੀ ਸਿੰਘ, ਦੀ ਬੇਵਕੂਫੀ, ਸ਼ੇਖ ਅਬਦੁੱਲੇ ਦੀ ਤਿਕੜਮਬਾਜ਼ ਰਾਜਨੀਤੀ, ਸ਼ਿਆਮਾ ਪ੍ਰਸ਼ਾਦ ਮੁਕਰਜੀ ਦੀ ਹਿੰਦੂ ਮਹਾਂ ਸਭਾ, ਪੰਡਤ ਜਵਾਹਰ ਲਾਲ ਨਹਿਰੂ ਦਾ ਕਸ਼ਮੀਰ ਪ੍ਰਤੀ ਹੇਰਵਾ ਜਾਂ ਆਜਾਦੀ ਤੋਂ ਤੁਰੰਤ ਬਾਅਦ ਤੱਤੇ ਘਾਹ ਜਾਂਗਲੀ ਧਾੜਵੀਆਂ ਨੂੰ ਕਸ਼ਮੀਰ ਵਿਚ ਧੱਕਣ ਲਈ ਕੀਤੀ ਪਾਕਿਸਤਾਨ ਸਰਕਾਰ ਦੀ ਮੂਰਖਤਾ ਵਿਚੋਂ ਕੇਂਦਰੀ ਦੋਸ਼ੀ ਕੌਣ ਸੀ, ਇਹ ਪਹੇਲੀ ਕੁੱਕੜ ਪਹਿਲਾਂ ਕਿ ਆਂਡਾ ਤੋਂ ਵੀ ਵੱਧ ਗੁੰਝਲਦਾਰ ਹੈ। ਮਾਲੀ ਵਰਗੀ ਸ਼ਖਸੀਅਤ ਦੀ ਪੰਜਾਬ ਨੂੰ ਕਿਤੇ ਵੱਧ ਲੋੜ ਹੈ, ਉਨ੍ਹਾਂ ਨੂੰ ਪੰਜਾਬ ਦੇ ਮੁੱਦਿਆਂ ਤੱਕ ਹੀ ਕੇਂਦਰਤ ਰਹਿਣਾ ਚਾਹੀਦਾ ਹੈ।

***ਕਸ਼ਮੀਰ ਮੁੱਦੇ 'ਤੇ ਪਾਕਿਸਤਾਨ-ਭਾਰਤ ਦੀ ਠੰਢੀ ਜੰਗ ਦੇ ਸ਼ੁਰੂਆਤੀ ਦੌਰ ਵਿਚ ਉਨ੍ਹਾਂ ਸਮਿਆਂ ਦੀ ਪੱਛਮੀ ਸਾਮਰਾਜੀ ਗਲਬੇ ਹੇਠਲੀ ਯੂ.ਐਨ., ਮਹਾਰਾਜਾ ਹਰੀ ਸਿੰਘ, ਦੀ ਬੇਵਕੂਫੀ, ਸ਼ੇਖ ਅਬਦੁੱਲੇ ਦੀ ਤਿਕੜਮਬਾਜ਼ ਰਾਜਨੀਤੀ, ਸ਼ਿਆਮਾ ਪ੍ਰਸ਼ਾਦ ਮੁਕਰਜੀ ਦੀ ਹਿੰਦੂ ਮਹਾਂ ਸਭਾ, ਪੰਡਤ ਜਵਾਹਰ ਲਾਲ ਨਹਿਰੂ ਦਾ ਕਸ਼ਮੀਰ ਪ੍ਰਤੀ ਹੇਰਵਾ ਜਾਂ ਆਜਾਦੀ ਤੋਂ ਤੁਰੰਤ ਬਾਅਦ ਤੱਤੇ ਘਾਹ ਜਾਂਗਲੀ ਧਾੜਵੀਆਂ ਨੂੰ ਕਸ਼ਮੀਰ ਵਿਚ ਧੱਕਣ ਲਈ ਕੀਤੀ ਪਾਕਿਸਤਾਨ ਸਰਕਾਰ ਦੀ ਮੂਰਖਤਾ ਵਿਚੋਂ ਕੇਂਦਰੀ ਦੋਸ਼ੀ ਕੌਣ ਸੀ, ਇਹ ਪਹੇਲੀ ਕੁੱਕੜ ਪਹਿਲਾਂ ਕਿ ਆਂਡਾ ਤੋਂ ਵੀ ਵੱਧ ਗੁੰਝਲਦਾਰ ਹੈ।***

## ਧੋਖਾਧੜੀ ਕੇਸ: ਬਾਦਲ, ਸੁਖਬੀਰ ਅਤੇ ਚੀਮਾ ਨੂੰ ਝਟਕਾ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਅਕਾਲੀ ਆਗੂ ਦਲਜੀਤ ਚੀਮਾ ਵਿਰੁੱਧ ਧੋਖਾਧੜੀ ਦੇ ਮਾਮਲੇ ਵਿਚ ਹੁਸ਼ਿਆਰਪੁਰ ਦੀ ਅਦਾਲਤ ਵਿਚ ਚੱਲ ਰਹੀ ਕਾਰਵਾਈ 'ਤੇ ਰੋਕ ਲਾਉਣ ਦੀ ਮੰਗ ਕਰਦੀ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ।

ਇਹ ਮਾਮਲਾ ਭਾਰਤੀ ਚੋਣ ਕਮਿਸ਼ਨ ਕੋਲ ਕਥਿਤ ਗਲਤ ਹਲਫਨਾਮਾ ਦਾਇਰ ਕਰਨ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਇਨ੍ਹਾਂ ਅਕਾਲੀ ਆਗੂਆਂ ਨੂੰ ਹੁਣ ਹੁਸ਼ਿਆਰਪੁਰ ਦੀ ਅਦਾਲਤ ਵਿਚ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਹਾਈ ਕੋਰਟ ਦੇ ਜਸਟਿਸ ਜੀ.ਐਸ. ਸੰਧਾਵਾਲੀਆ ਨੇ ਦਲਜੀਤ ਚੀਮਾ ਅਤੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪਾਈ ਪਟੀਸ਼ਨ ਰੱਦ ਕਰਦਿਆਂ ਇਹ ਆਦੇਸ਼ ਦਿੱਤਾ।

ਇਥੇ ਜ਼ਿਕਰਯੋਗ ਹੈ ਕਿ ਸੋਸ਼ਲਿਸਟ ਪਾਰਟੀ ਆਫ ਇੰਡੀਆ ਦੇ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਦੀ ਸ਼ਿਕਾਇਤ 'ਤੇ ਸਾਲ 2010 ਵਿਚ ਅਕਾਲੀ ਆਗੂਆਂ ਖਿਲਾਫ ਧੋਖਾਧੜੀ, ਜਾਅਲਸਾਜੀ ਅਤੇ ਸਾਜ਼ਿਸ਼ ਦਾ ਕੇਸ ਦਰਜ ਕੀਤਾ ਗਿਆ ਸੀ।

## ਲਾਅ 'ਵਰਸਿਟੀ ਦਾ ਨੀਂਹ ਪੱਥਰ ਰੱਖਿਆ

**ਪੱਟੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਿਜ਼ੀਟਲ ਵਿਧੀ ਰਾਹੀਂ ਪਿੰਡ ਕੈਰੋਂ ਵਿਚ ਗੁਰੂ ਤੇਗ ਬਹਾਦਰ ਲਾਅ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ। ਮੁੱਖ ਮੰਤਰੀ ਨੇ ਕਿਹਾ ਕਿ ਇਹ ਯੂਨੀਵਰਸਿਟੀ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਉਨ੍ਹਾਂ ਦੱਸਿਆ ਕਿ ਇਸ ਯੂਨੀਵਰਸਿਟੀ ਲਈ 280 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ ਤੇ ਭਵਿੱਖ ਵਿਚ ਵੀ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਿੱਖਿਆ ਦੇ ਖੇਤਰ ਵਿਚ ਮੋਹਰੀ ਸੂਬਾ ਬਣ ਗਿਆ ਹੈ ਤੇ ਉਨ੍ਹਾਂ ਦੀ ਸਰਕਾਰ ਵੱਲੋਂ ਸੂਬੇ ਅੰਦਰ 18 ਡਿਗਰੀ ਕਾਲਜ ਖੋਲ੍ਹੇ ਗਏ ਹਨ, ਜਿਨ੍ਹਾਂ ਵਿਚੋਂ 6 ਕਾਲਜਾਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਕੈਪਟਨ ਨੇ ਕਿਹਾ ਕਿ ਪਿੰਡ ਕੈਰੋਂ ਅਤੇ ਯੂਨੀਵਰਸਿਟੀ ਨੂੰ ਜੁੜਨ ਵਾਲੀਆਂ ਸੜਕਾਂ ਦਾ ਪਹਿਲ ਦੇ ਆਧਾਰ 'ਤੇ ਨਵੀਨੀਕਰਨ ਕੀਤਾ ਜਾਵੇਗਾ। ਯੂਨੀਵਰਸਿਟੀ ਲਈ ਸਥਾਈ ਉਪ ਕੁਲਪਤੀ ਦੀ ਨਿਯੁਕਤੀ ਲਈ ਪ੍ਰਕਿਰਿਆ ਛੇਤੀ ਸ਼ੁਰੂ ਕੀਤੀ ਜਾਵੇਗੀ। ਇਸ ਉਦਘਾਟਨ ਮੌਕੇ ਡਿਜ਼ੀਟਲ ਕਾਨਫਰੰਸ ਕੈਪਟਨ ਅਮਰਿੰਦਰ ਸਿੰਘ ਨੇ ਸਾਂਝੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਤਾਪ ਸਿੰਘ ਕੈਰੋਂ ਨੂੰ ਹੁਣ ਤੱਕ ਦਾ ਸਭ ਤੋਂ ਪ੍ਰਭਾਵਸ਼ਾਲੀ ਤੇ ਚੰਗਾ ਮੁੱਖ ਮੰਤਰੀ ਦੱਸਿਆ।

# ਤਾਲਿਬਾਨ ਦੇ ਅਫਗਾਨਿਸਤਾਨ 'ਤੇ ਕਬਜ਼ੇ ਦੇ ਮਾਇਨੇ

## ਤਾਲਿਬਾਨ ਦੀ ਜਿੱਤ ਤੋਂ ਬਾਗੋ-ਬਾਗ ਹੋ ਰਹੇ ਸਿੱਖ ਸਮੁੱਚੇ ਹਾਲਾਤ ਨੂੰ ਘੋਖਣ

***ਕਾਬੁਲ ਉਤੇ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਅਫਗਾਨਿਸਤਾਨ ਦੇ ਇਨ੍ਹਾਂ ਨਵੇਂ ਸ਼ਾਸਕਾਂ ਅਤੇ ਅਫਗਾਨਿਸਤਾਨ ਦੀ ਹੋਣੀ ਬਾਰੇ ਮੀਡੀਆ ਅਤੇ ਹੋਰ ਮੰਚਾਂ 'ਤੇ ਵਾਹਵਾ ਚਰਚਾ ਛਿੜੀ ਹੋਈ ਹੈ। ਕੁਝ ਸਿੱਖ ਵਿਦਵਾਨ ਤਾਂ ਤਾਲਿਬਾਨ ਦੀ ਇਸ 'ਜਿੱਤ' ਨੂੰ ਮਿਸਾਲ ਮੰਨ ਕੇ ਆਪਣੇ ਏਜੰਡੇ ਉਭਾਰਨ ਲੱਗੇ ਹੋਏ ਹਨ। ਸ. ਹਰਚਰਨ ਸਿੰਘ ਪਰਹਾਰ ਨੇ ਇਸ ਲੇਖ ਵਿਚ ਅਫਗਾਨਿਸਤਾਨ ਦਾ ਪਿਛੋਕੜ ਫਰੋਲਦਿਆਂ ਉਸ ਮੁਲਕ ਨਾਲ ਜੁੜੇ ਮਸਲੇ ਬਹੁਤ ਬਾਰੀਕੀ ਨਾਲ ਵਿਚਾਰੇ ਹਨ ਅਤੇ ਨਾਲ ਹੀ ਰੂਸ ਅਤੇ ਅਮਰੀਕਾ ਦੇ ਦਖਲ ਬਾਰੇ ਸੰਤੁਲਿਤ ਤੱਥ ਪੇਸ਼ ਕੀਤੇ ਹਨ।***

ਕੀ ਅਮਰੀਕਾ ਦਾ ਮੁਜਾਹਿਦੀਨ ਨੂੰ ਆਰਥਿਕ ਤੇ ਹਥਿਆਰਾਂ ਰਾਹੀਂ ਮਦਦ ਕਰਨਾ ਜਾਇਜ਼ ਸੀ? ਕੀ ਤੁਹਾਨੂੰ ਪਛਤਾਵਾ ਹੈ ਕਿ ਮੁਜਾਹਿਦੀਨ ਦੀ ਮਦਦ ਕਰਕੇ ਤਾਲਿਬਾਨ, ਅਲ-ਕਾਇਦਾ ਵਰਗੇ ਇਸਲਾਮਿਕ ਅਤਿਵਾਦੀ ਗਰੁੱਪਾਂ ਨਾਲ ਅਮਰੀਕਾ ਸਮੇਤ ਸਾਰੀ ਦੁਨੀਆ ਵਿਚ ਅਤਿਵਾਦ ਦਾ ਖਤਰਾ ਵਧਿਆ? ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਜ਼ਬਿਗਨਿਊ ਬਰਜ਼ਿਨਸਕੀ ਨੇ ਕਿਹਾ: "ਕਾਹਦਾ ਪਛਤਾਵਾ? ਇਹ ਗੁਪਤ ਕਾਰਵਾਈ ਉਸ ਸ਼ਾਨਦਾਰ ਪਲੈਨ ਦਾ ਹਿੱਸਾ ਸੀ ਜਿਸ ਰਾਹੀਂ ਰੂਸੀਆਂ ਨੂੰ ਅਫਗਾਨ ਜਾਲ ਵਿਚ ਫਸਾਇਆ ਗਿਆ ਸੀ। ਤੁਸੀਂ ਸੋਚਦੇ ਹੋ ਕਿ 'ਸਾਨੂੰ' ਪਛਤਾਵਾ ਹੋਵੇਗਾ? ਜਿਸ ਦਿਨ ਸੋਵੀਅਤ ਫੌਜਾਂ ਨੇ ਅਫਗਾਨਿਸਤਾਨ ਦੀ ਸਰਹੱਦ ਪਾਰ ਕੀਤੀ ਸੀ, ਮੈਂ ਰਾਸ਼ਟਰਪਤੀ ਕਾਰਟਰ ਨੂੰ ਲਿਖਿਆ ਸੀ: 'ਸਾਨੂੰ ਸੋਵੀਅਤ ਯੂਨੀਅਨ ਨੂੰ 'ਵੀਅਤਨਾਮ ਯੁੱਧ' ਵਿਚ ਸਾਡੀ ਹਾਰ ਲਈ ਇੱਕੀ ਦੇ ਇਕੱਤੀ ਮੋੜਨ ਦਾ ਮੌਕਾ ਮਸਾਂ ਤਾਂ ਰੱਬ ਨੇ ਦਿੱਤਾ ਹੈ, ਇਸ ਨੂੰ ਗੁਆਈਏ ਨਾ? (ਭਾਵ ਜਿਸ ਤਰ੍ਹਾਂ ਅਮਰੀਕਨ ਵੀਅਤਨਾਮ ਯੁੱਧ ਵਿਚ ਫਸ ਗਏ ਸਨ ਤੇ ਨਾਮੋਸ਼ੀ ਭਰੀ ਹਾਰ ਰਾਹੀਂ 1975 ਵਿਚ ਅਮਰੀਕਨ



**ਹਰਚਰਨ ਸਿੰਘ ਪਰਹਾਰ**
**ਮੁੱਖ ਸੰਪਾਦਕ 'ਸਿੱਖ ਵਿਰਸਾ'**
**ਫੋਨ: 403-681-8689**
**ਈਮੇਲ:** hp8689@gmail.com

ਫੌਜਾਂ ਨੂੰ ਆਪਣੇ ਹਜ਼ਾਰਾਂ ਫੌਜੀ ਮਰਵਾ ਕੇ ਨਿਕਲਣਾ ਪਿਆ ਸੀ, ਅਮਰੀਕਨ ਵੀ ਸੋਵੀਅਤ ਸੰਘ ਨੂੰ ਅਫਗਾਨਿਸਤਾਨ ਵਿਚ ਇਵੇਂ ਹੀ ਫਸਾਉਣਾ ਚਾਹੁੰਦੇ ਸਨ)। ਦਰਅਸਲ 10 ਸਾਲ ਮਾਸਕੋ ਨੂੰ ਅਸੀਂ ਮੁਸਲਿਮ ਮੁਜਾਹਿਦੀਨ ਰਾਹੀਂ ਲੁਕਵੇਂ ਯੁੱਧ ਵਿਚ ਅਜਿਹੇ ਸੰਘਰਸ਼ ਵੱਲ ਧੱਕ ਦਿੱਤਾ ਸੀ ਜਿਸ ਨੇ ਸੋਵੀਅਤ ਫੌਜਾਂ ਵਿਚ ਨਿਰਾਸ਼ਤਾ ਫੈਲਾਈ ਅਤੇ ਅੰਤ ਇਹ ਸੋਵੀਅਤ ਸੰਘ ਟੁੱਟਣ ਦਾ ਕਾਰਨ ਬਣਿਆ।" ਇਹ ਪੁੱਛਣ 'ਤੇ ਕਿ ਦੁਨੀਆ ਨੂੰ ਖਤਰਾ 'ਅਤਿਵਾਦੀ ਤਾਲਿਬਾਨ' ਤੋਂ ਹੈ ਜਾਂ 'ਸੋਵੀਅਤ ਸੰਘ' ਤੋਂ ਸੀ, ਦੇ ਜਵਾਬ ਵਿਚ ਬਰਜ਼ਿਨਸਕੀ ਨੇ ਕਿਹਾ: 'ਸੰਸਾਰ ਦੇ ਇਤਿਹਾਸ ਲਈ ਭਲਾ ਅਹਿਮ ਖਤਰੇ ਦਾ ਮਹੱਤਵ ਕੀ ਸੀ? ਇੱਕ ਖਿੱਤੇ ਵਿਚ ਮੁੱਠੀ ਭਰ ਤਾਲਿਬਾਨਾਂ ਦਾ ਉਭਾਰ ਜਾਂ ਸੋਵੀਅਤ ਕਮਿਊਨਿਸਟ ਸਾਮਰਾਜ ਦਾ ਅੰਤ? ਦੁਨੀਆ ਦੇ ਦੋ ਚਾਰ ਖਿੱਤਿਆਂ ਵਿਚ ਕੁਝ ਧਾਰਮਿਕ ਜਨੂਨੀ ਮੁਸਲਮਾਨਾਂ ਦਾ ਉਭਾਰ ਜਾਂ ਯੂਰਪ ਦੇ ਦੇਸ਼ਾਂ ਪੂਰਬੀ ਜਰਮਨੀ, ਪੋਲੈਂਡ, ਚੈਕੋਸਲਵਾਕੀਆ, ਹੰਗਰੀ, ਰੋਮਾਨੀਆ, ਬਲਗਾਰੀਆ, ਅਲਬਾਨੀਆ ਆਦਿ ਵਿਚ ਲੋਕਾਂ ਦੀ ਕਮਿਊਨਿਸਟਾਂ ਦੀ ਮਨਹੂਸ ਜਕੜ ਤੋਂ ਮੁਕਤੀ ਅਤੇ ਸ਼ੀਤ ਯੁੱਧ ਦਾ ਅੰਤ?"

ਉਪਰਲੇ ਵਿਚਾਰ ਜ਼ਬਿਗਨਿਊ ਬਰਜ਼ਿਨਸਕੀ ਨੇ ਫਰਾਂਸ ਦੇ ਮਸ਼ਹੂਰ ਹਫਤਾਵਾਰੀ ਨਿਊਜ਼ ਮੈਗਜ਼ੀਨ 'Le Nouvel Observateur' ਨੂੰ ਦਿੱਤੀ ਇੰਟਰਵਿਊ ਵਿਚ ਪ੍ਰਗਟ ਕੀਤੇ ਸਨ ਜਿਸ ਦਾ ਜ਼ਿਕਰ ਰੌਬਰਟ ਐਮ. ਗੇਟਸ ਨੇ ਵੀ ਆਪਣੀ ਕਿਤਾਬ 'From the Shadows: The Ultimate Insider's Story of Five Presidents and How They Won the Cold War' ਵਿਚ ਵੀ ਕੀਤਾ ਹੈ। ਵਰਨਣਯੋਗ ਹੈ ਕਿ ਰੌਬਰਟ ਐਮ. ਗੇਟਸ ਸੀ.ਆਈ.ਏ. ਦਾ ਮੁਖੀ ਸੀ ਜਿਸ ਨੇ ਅਮਰੀਕਾ ਦੇ ਚਾਰ ਰਾਸ਼ਟਰਪਤੀਆਂ ਨਾਲ ਕੰਮ ਕੀਤਾ ਸੀ। ਯਾਦ ਰਹੇ, ਜ਼ਬਿਗਨਿਊ ਬਰਜ਼ਿਨਸਕੀ ਪੋਲਿਸ਼ ਮੂਲ ਦਾ ਰਾਜਨੀਤਕ ਮਾਹਰ ਅਤੇ ਡਿਪਲੋਮੈਟ ਸੀ ਜੋ ਕੱਟੜ ਕਮਿਊਨਿਸਟ ਵਿਰੋਧੀ ਸੀ। ਉਹ 1977 ਤੋਂ 1981 ਤੱਕ ਅਮਰੀਕਨ ਰਾਸ਼ਟਰਪਤੀ ਜਿਮੀ ਕਾਰਟਰ ਦਾ ਨੈਸ਼ਨਲ ਸੁਰੱਖਿਆ ਸਲਾਹਕਾਰ ਵੀ ਰਿਹਾ ਜਿਸ ਦੀ ਦੇਖ-ਰੇਖ ਹੇਠ ਅਮਰੀਕਨ ਖੁਫੀਆ ਏਜੰਸੀ ਸੀ.ਆਈ.ਏ. ਨੇ ਅਫਗਾਨਿਸਤਾਨ ਵਿਚ ਕੱਟੜ ਮੁਸਲਿਮ ਗਰੁੱਪਾਂ ਨੂੰ 'ਮੁਜਾਹਿਦੀਨ' ਬਣਾ ਕੇ ਅਫਗਾਨਿਸਤਾਨ ਦੀ ਕਮਿਊਨਿਸਟ ਸਰਕਾਰ ਅਤੇ ਅਫਗਾਨਿਸਤਾਨ ਵਿਚ ਸੋਵੀਅਤ ਫੌਜਾਂ ਖਿਲਾਫ ਲੜਨ ਲਈ ਤਿਆਰ ਕੀਤਾ ਸੀ। ਜਿਮੀ ਕਾਰਟਰ ਸਰਕਾਰ ਵਿਚ ਅਮਰੀਕਾ ਦੇ ਰੱਖਿਆ ਵਿਭਾਗ ਦੇ ਨੁਮਾਇੰਦੇ ਵਾਲਟਰ ਬੀ. ਸਲੋਕੌਂਬ ਦੀ ਕਿਤਾਬ 'The Strategic Mind of Zbigniew Brzezinski: How a Native Pole Used Afghanistan to Protect His Homeland' ਵਿਚ ਦਿੱਤੀ ਜਾਣਕਾਰੀ ਅਨੁਸਾਰ, 'ਸਾਡਾ ਵਿਚਾਰ ਇਹ ਸੀ ਕਿ ਜੇ ਸੋਵੀਅਤ ਸੰਘ 'ਟਾਰ ਬੇਬੀ' (ਅਫਗਾਨਿਸਤਾਨ) ਵਿਚ ਫੌਜਾਂ ਭੇਜਦਾ ਹੈ ਤਾਂ ਅਸੀਂ ਇਹ ਯਕੀਨੀ ਬਣਾਈਏ ਕਿ ਉਹ ਇਸ ਵਿਚ ਫਸ ਜਾਏ (ਜਿਵੇਂ ਅਮਰੀਕਾ ਵੀਅਤਨਾਮ ਵਿਚ ਫਸ ਗਿਆ ਸੀ)'। ਅਮਰੀਕਾ ਦੀ ਨੈਸ਼ਨਲ ਸਕਿਉਰਿਟੀ ਦੇ ਦਸਤਾਵੇਜ਼ 'Afghanistan: Lessons from the Last War' ਅਨੁਸਾਰ ਅਪਰੈਲ ਤੋਂ ਜੂਨ 1979 ਤੱਕ ਸੀ.ਆਈ.ਏ. ਨੇ ਅਫਗਾਨਿਸਤਾਨ ਵਿਚ ਪਾਕਿਸਤਾਨ ਦੇ ਫੌਜੀ ਅਫਸਰਾਂ ਰਾਹੀਂ ਬਾਗੀ ਧਾਰਮਿਕ ਗਰੁੱਪਾਂ ਨਾਲ ਸਬੰਧ ਬਣਾ ਲਏ ਸਨ ਤਾਂ ਕਿ ਸੋਵੀਅਤ ਦੇ ਅਫਗਾਨਿਸਤਾਨ ਵਿਚ ਦਾਖਿਲ ਹੋਣ ਸਾਰ ਹੀ ਅਜਿਹੇ ਹਾਲਾਤ ਬਣਾ ਦਿੱਤਾ ਜਾਣ ਕਿ ਉਹ ਮੁੜ ਕੇ ਇਥੋਂ ਨਿਕਲ ਨਾ ਸਕੇ। ਅੱਜ ਜਦੋਂ ਅਸੀਂ 20 ਸਾਲ ਬਾਅਦ ਅਫਗਾਨਿਸਤਾਨ ਵਿਚੋਂ ਅਮਰੀਕਨ ਫੌਜਾਂ ਦੀ ਵਾਪਸੀ ਸਬੰਧੀ ਹਾਲਾਤ ਬਾਰੇ ਚਰਚਾ ਕਰ ਰਹੇ ਹਾਂ ਤਾਂ ਅਮਰੀਕਨ ਰਾਸ਼ਟਰਪਤੀ ਜਿਮੀ ਕਾਰਟਰ ਦੇ ਨੈਸ਼ਨਲ ਸੁਰੱਖਿਆ ਸਲਾਹਕਾਰ ਦੀ ਇਸ ਇੰਟਰਵਿਊ ਅਤੇ ਸੀ.ਆਈ.ਏ. ਦੇ ਦਸਤਾਵੇਜ਼ਾਂ ਤੋਂ ਇੱਕ ਗੱਲ ਸਪਸ਼ਟ ਹੈ ਕਿ ਨਾ ਤਾਂ ਅਮਰੀਕਾ ਨੇ ਮੁਜਾਹਿਦੀਨ, ਅਫਗਾਨ ਮੁਸਲਮਾਨਾਂ ਲਈ ਇਸਲਾਮਿਕ ਰਾਜ ਬਣਾਉਣ ਲਈ ਤਿਆਰ ਕੀਤੇ ਸਨ, ਨਾ ਹੀ ਅਫਗਾਨਿਸਤਾਨ ਵਿਚ ਇਸਲਾਮ ਖਤਰੇ ਵਿਚ ਸੀ ਜਿਸ ਲਈ ਮੁਜਾਹਦੀਨ ਲੜ ਰਹੇ ਸਨ, ਨਾ ਹੀ ਮੁਜਾਹਿਦੀਨ ਤੇ ਬਾਅਦ ਵਿਚ ਤਾਲਿਬਾਨ ਆਪਣੇ ਦੇਸ਼ ਦੀ ਅਜ਼ਾਦੀ ਲਈ ਲੜਾਈ ਲੜ ਰਹੇ ਸਨ, ਨਾ ਦੱਖਣੀ ਏਸ਼ੀਆ ਦੇ ਖਿੱਤੇ ਵਿਚ ਸ਼ਾਂਤੀ ਸਥਾਪਤ ਕਰਨ ਲਈ ਅਜਿਹਾ ਕੀਤਾ ਗਿਆ ਸੀ ਸਗੋਂ ਇਹ ਸਭ ਕੁਝ ਅਮਰੀਕਾ ਨੇ ਇਸ ਖਿੱਤੇ ਵਿਚ ਆਪਣੀ ਭੂਗੋਲਿਕ ਰਾਜਨੀਤੀ ਅਤੇ ਆਰਥਿਕ ਹਿੱਤਾਂ ਲਈ ਕੀਤਾ ਸੀ। ਇਸ ਤੋਂ ਵੀ ਵੱਧ ਇਹ ਸਭ ਕੁਝ ਰੂਸੀ ਕਮਿਊਨਿਸਟ ਨਿਜ਼ਾਮ ਦੀ ਕਬਰ ਖੋਦਣ ਲਈ ਕੀਤਾ ਗਿਆ ਸੀ। ਇਸਲਾਮੀ ਮੁਜਾਹਿਦੀਨ ਤਿਆਰ ਕਰਨ ਦਾ ਮੁੱਖ ਮਕਸਦ ਸਾਰੀ ਦੁਨੀਆ ਵਿਚ ਕਮਿਊਨਿਜ਼ਮ ਦੀ ਅਗਵਾਈ ਕਰ ਰਹੇ ਸੋਵੀਅਤ ਸੰਘ ਨੂੰ ਢਾਹੁਣਾ ਸੀ ਤਾਂ ਕਿ ਦੁਨੀਆ ਭਰ ਵਿਚ, ਖਾਸਕਰ ਮੱਧ ਤੇ ਪੂਰਬੀ ਯੂਰਪ ਵਿਚ ਕਮਿਊਨਿਜ਼ਮ ਦੇ ਵਧਦੇ ਪ੍ਰਭਾਵ ਨੂੰ ਰੋਕਿਆ ਜਾ ਸਕੇ ਅਤੇ ਦੋ ਧਰੁਵੀ ਸੰਸਾਰ ਦੀ ਥਾਂ ਸਾਰੇ ਸੰਸਾਰ ਵਿਚ ਅਮਰੀਕਾ ਦੀ ਸਰਦਾਰੀ ਕਾਇਮ ਕੀਤੀ ਜਾ ਸਕੇ। ਇਹ ਮਕਸਦ ਉਨ੍ਹਾਂ ਰੂਸੀ ਫੌਜਾਂ ਦੇ ਅਫਗਾਨਿਸਤਾਨ ਛੱਡਣ ਅਤੇ 1991 ਵਿਚ ਸੋਵੀਅਤ ਸੰਘ ਦੇ ਟੁੱਟਣ ਨਾਲ ਹਾਸਿਲ ਕਰ ਲਿਆ, ਇਸ ਦੇ ਨਾਲ਼ ਹੀ ਦੋ ਸੁਪਰ ਪਾਵਰਾਂ ਵਿਚ ਚੱਲ ਰਹੀ ਠੰਢੀ ਜੰਗ ਦਾ ਅੰਤ ਹੋ ਗਿਆ। ਇਸ ਦੇ ਨਾਲ ਹੀ ਯੂਰਪ ਅਤੇ ਦੁਨੀਆ ਦੇ ਹੋਰ ਅਨੇਕਾਂ ਦੇਸ਼ਾਂ ਵਿਚ ਵੀ ਕਮਿਊਨਿਸਟ ਲਹਿਰ ਨੂੰ ਵੱਡੀ ਢਾਹ ਲੱਗੀ। ਉਂਜ, ਅਮਰੀਕਾ ਦੀ ਇਸ ਜਿੱਤ ਨਾਲ ਉਸ ਤੋਂ ਵੀ ਕਿਤੇ ਵੱਧ ਖਤਰਨਾਕ 'ਗੰਦੀ ਜੰਗ' ਦੀ ਸ਼ੁਰੂਆਤ ਹੋ ਗਈ ਜਿਸ ਦਾ ਖਮਿਆਜ਼ਾ ਉਨ੍ਹਾਂ ਨੂੰ 9/11 ਦੇ ਹਮਲਿਆਂ ਰਾਹੀਂ ਤੇ ਫਿਰ 20 ਸਾਲ ਅਫਗਾਨਿਸਤਾਨ ਵਿਚ ਭੁਗਤਣਾ ਪਿਆ, ਤੇ ਪਤਾ ਨਹੀਂ ਕਦੋਂ ਤੱਕ ਸਾਰੀ ਦੁਨੀਆ ਨੂੰ ਭੁਗਤਣਾ ਪੈਣਾ ਹੈ!


ਸੀ.ਆਈ.ਏ. ਦੇ ਸਾਬਕਾ ਡਾਇਰੈਕਟਰ ਰੌਬਰਟ ਗੇਟਸ ਨੇ ਵੀ ਆਪਣੀਆਂ ਯਾਦਾਂ ਆਧਾਰਿਤ ਲਿਖੀ ਕਿਤਾਬ 'From the Shadows: The Ultimate Insider's Story of Five Presidents and How They Won the Cold War' ਵਿਚ ਲਿਖਿਆ ਹੈ: 'ਸੀ.ਆਈ.ਏ. ਨੇ ਸੋਵੀਅਤ ਦਖਲ ਤੋਂ 6 ਮਹੀਨੇ ਪਹਿਲਾਂ ਹੀ ਅਫਗਾਨਿਸਤਾਨ ਵਿਚ ਮੁਜਾਹਿਦੀਨ ਦੀ ਸਹਾਇਤਾ ਸ਼ੁਰੂ ਕਰ ਦਿੱਤੀ ਸੀ।' ਇਸ ਦਾ ਭਾਵ ਇਹ ਬਣਦਾ ਹੈ ਕਿ ਆਪਣੇ ਭੂਗੋਲਿਕ ਤੇ ਰਾਜਸੀ ਹਿੱਤਾਂ ਲਈ ਅਮਰੀਕਾ ਨੇ ਬੜੀ ਪਲੈਨਿੰਗ ਨਾਲ ਅਫਗਾਨਿਸਤਾਨ ਨੂੰ ਚੁਣ ਕੇ ਸਾਰਾ ਕੁਝ ਕੀਤਾ ਸੀ।



***ਜ਼ਬਿਗਨਿਊ ਬਰਜ਼ਿਨਸਕੀ ਜੋ ਅਮਰੀਕਨ ਰਾਸ਼ਟਰਪਤੀ ਜਿਮੀ ਕਾਰਟਰ ਦਾ ਕੌਮੀ ਸੁਰੱਖਿਆ ਸਲਾਹਕਾਰ ਰਿਹਾ।***



***ਸੀ.ਆਈ.ਏ. ਦਾ ਸਾਬਕਾ ਡਾਇਰੈਕਟਰ ਰੌਬਰਟ ਐਮ ਗੇਟਸ।***



***ਨੂਰ ਮੁਹੰਮਦ ਤਾਰਾਕੀ ਜੋ ਸੌਰ ਇਨਕਲਾਬ ਤੋਂ ਬਾਅਦ ਰਾਸ਼ਟਰਪਤੀ ਬਣਿਆ।***



***ਬਬਰਾਕ ਕਰਮਾਲ ਜਿਸ ਨੂੰ ਹਫੀਜ਼ਉਲਾ ਅਮੀਨ ਨੂੰ ਲਾਂਭੇ ਕਰਕੇ ਰਾਸ਼ਟਰਪਤੀ ਬਣਾਇਆ ਗਿਆ।***

ਇਹ ਵੀ ਕਿਹਾ ਜਾਂਦਾ ਹੈ ਕਿ ਸੋਵੀਅਤ ਸੰਘ ਨੇ ਅਫਗਾਨਿਸਤਾਨ 'ਤੇ ਹਮਲਾ ਕੀਤਾ ਸੀ ਜਿਸ ਕਰ ਕੇ ਅਮਰੀਕਾ ਨੇ ਸਿੱਧੀ ਜੰਗ ਲੜਨ ਦੀ ਥਾਂ ਮੁਜਾਹਿਦੀਨ ਰਾਹੀਂ ਲੁਕਵੀਂ ਜੰਗ ਲੜੀ ਅਤੇ ਇਹੀ ਉਸ ਖਿੱਤੇ ਦੇ ਲੋਕ ਹਿੱਤ ਵਿਚ ਸੀ। ਇੰਗਲੈਂਡ ਦੇ ਸੋਵੀਅਤ ਯੂਨੀਅਨ ਵਿਚ ਅੰਬੈਸਡਰ ਰਹੇ ਰੌਡਰਿਕ ਬਰੈਥਵੇਟ ਦੀ ਕਿਤਾਬ 'Afgantsy: The Russians in Afghanistan, 1979-1989' ਨੇ ਪੰਨਾ 7 'ਤੇ ਲਿਖਿਆ ਹੈ ਕਿ ਬੇਸ਼ਕ ਅਫਗਾਨਿਸਤਾਨ ਦੀ ਜੰਗ ਵਿਚ ਤੱਥਾਂ 'ਤੇ ਬਣਾਈਆਂ ਮਿੱਥਾਂ ਬਾਰੇ ਕਹਿਣਾ ਬੜਾ ਮੁਸ਼ਕਿਲ ਹੈ ਪਰ ਅਸਲੀਅਤ ਇਹ ਹੈ ਕਿ ਜਦੋਂ 27-28 ਅਪਰੈਲ 1978 ਦੀ ਦਰਮਿਆਨੀ ਰਾਤ ਨੂੰ 'ਪੀਪਲਜ਼ ਡੈਮੋਕਰੈਟਿਕ ਪਾਰਟੀ ਆਫ ਅਫਗਾਨਿਸਤਾਨ' ਨੇ ਬਗਾਵਤ ਕਰਕੇ 'ਸੌਰ ਇਨਕਲਾਬ' ਰਾਹੀਂ ਅਫਗਾਨਿਸਤਾਨ ਦੇ ਰਾਸ਼ਟਰਪਤੀ ਮੁਹੰਮਦ ਦਾਊਦ ਖਾਨ ਤੇ ਸਾਥੀਆਂ ਨੂੰ ਪਾਸੇ ਕਰਕੇ ਕਮਿਊਨਿਸਟ ਇਨਕਲਾਬ ਕਰ ਦਿੱਤਾ ਸੀ ਤਾਂ ਨਵੇਂ ਰਾਸ਼ਟਰਪਤੀ ਨੂਰ ਮੁਹੰਮਦ ਤਾਰਾਕੀ ਨੇ ਆਪਣਾ ਰਾਜ ਪੱਕਾ ਕਰਨ ਅਤੇ 'ਮਾਰਚ 1979 ਹੈਰਾਤ ਕਤਲੇਆਮ' ਤੋਂ ਬਾਅਦ ਉਠੀ ਬਗਾਵਤ ਦਬਾਉਣ ਲਈ ਸੋਵੀਅਤ ਲੀਡਰਸ਼ਿਪ ਤੋਂ ਮਦਦ ਮੰਗੀ ਸੀ ਤੇ ਸੋਵੀਅਤ ਸੰਘ ਨੇ ਉਸ ਨੂੰ ਠੁਕਰਾ ਦਿੱਤਾ ਸੀ। ਇਹ ਵੀ ਵਰਨਣਯੋਗ ਹੈ ਕਿ ਅਪਰੈਲ 1978 ਦੇ 'ਸੌਰ ਇਨਕਲਾਬ' ਤੋਂ ਬਾਅਦ ਇੱਕ ਪਾਸੇ ਕਮਿਊਨਿਸਟ ਸਰਕਾਰ ਨੇ ਭੂਮੀ ਸੁਧਾਰ ਸ਼ੁਰੂ ਕੀਤੇ ਸਨ ਜਿਸ ਤਹਿਤ ਕਿਸੇ ਵਿਅਕਤੀ ਕੋਲ ਜ਼ਮੀਨ ਰੱਖਣ ਦੀ ਹੱਦ ਮਿਥ ਦਿੱਤੀ ਗਈ ਸੀ ਤੇ ਵੱਡੇ ਜ਼ਿਮੀਦਾਰਾਂ ਤੋਂ ਜ਼ਮੀਨਾਂ ਖੋਹ ਕੇ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਨ, ਦੂਜੇ ਪਾਸੇ ਇਸਲਾਮਿਕ ਧਾਰਮਿਕ ਕਲਚਰ ਦੇ ਪ੍ਰਭਾਵ ਵਾਲੇ ਅਫਗਾਨਿਸਤਾਨ ਵਿਚ ਔਰਤਾਂ ਨੂੰ ਸਮਾਜ ਵਿਚ ਬਰਾਬਰੀ ਦਾ ਦਰਜਾ ਦੇਣ, ਵਿਆਹ ਲਈ ਔਰਤਾਂ ਨੂੰ ਖਰੀਦਣ 'ਤੇ ਪਾਬੰਦੀ, ਲੜਕੀਆਂ ਲਈ ਕੋ-ਐਜੂਕੇਸ਼ਨ ਸਕੂਲ, ਔਰਤਾਂ ਦੀ ਰਾਜਨੀਤੀ ਵਿਚ ਸ਼ਮੂਲੀਅਤ, ਔਰਤਾਂ ਨੂੰ ਕੰਮ ਕਰਨ ਦੇ ਅਧਿਕਾਰ ਤੇ ਹੋਰ ਕਈ ਤਰ੍ਹਾਂ ਦੇ ਇਨਕਲਾਬੀ ਸੁਧਾਰ ਸ਼ੁਰੂ ਕੀਤੇ ਗਏ ਸਨ ਜਿਸ ਦਾ ਜਿਥੇ ਵੱਡੇ ਜ਼ਿਮੀਦਾਰਾਂ ਵਲੋਂ ਵਿਰੋਧ ਹੋ ਰਿਹਾ ਸੀ, ਉਥੇ ਕੱਟੜ ਇਸਲਾਮੀ ਤਾਕਤਾਂ ਵਲੋਂ ਕਮਿਊਨਿਸਟਾਂ ਤੋਂ ਇਸਲਾਮ ਨੂੰ ਖਤਰੇ ਦੇ ਨਾਮ 'ਤੇ ਵਿਰੋਧ ਜਾਰੀ ਸੀ। ਉਨ੍ਹਾਂ ਦਾ ਤਰਕ ਸੀ ਕਿ ਪੱਛਮ ਦਾ ਕਲਚਰ ਉਨ੍ਹਾਂ 'ਤੇ ਥੋਪਿਆ ਜਾ ਰਿਹਾ ਹੈ। ਕਾਮਰੇਡਾਂ ਦੀ ਬਰਾਬਰੀ ਤੇ ਸੁਧਾਰਵਾਦੀ ਮੁਹਿੰਮ ਕੱਟੜਵਾਦੀ ਤੇ ਸਾਜ਼ਿਸ਼ੀ ਤਾਕਤਾਂ ਨੂੰ ਹਜ਼ਮ ਨਹੀਂ ਹੋਈ। ਸਿੱਟੇ ਵਜੋਂ, ਮਾਰਚ 1979 ਵਿਚ ਹੈਰਾਤ ਵਿਚ ਬਗਾਵਤ ਕਰਵਾ ਦਿਤੀ ਗਈ। ਇਸ ਨੂੰ ਦਬਾਉਣ ਲਈ ਸਰਕਾਰ ਵਲੋਂ ਵਰਤੀ ਸਖਤੀ ਦਾ ਫਾਇਦਾ ਉਠਾ ਕੇ ਅਮਰੀਕਾ ਨੇ ਇਸਲਾਮਿਕ ਮੂਲਵਾਦੀਆਂ ਨੂੰ ਮੁਜਹਿਦੀਨ ਵਜੋਂ ਉਭਾਰਨਾ ਸ਼ੁਰੂ ਕਰ ਦਿੱਤਾ। ਘਟਨਾਵਾਂ ਤੋਂ ਜ਼ਾਹਰ ਹੈ ਕਿ 'ਸੌਰ ਇਨਕਲਾਬ' ਤੋਂ ਗਿਆਰਾਂ ਮਹੀਨੇ ਬਾਅਦ ਤੱਕ ਥੋੜ੍ਹੇ ਬਹੁਤੇ ਵਿਰੋਧ ਦੇ ਬਾਵਜੂਦ ਸਭ ਕੁਝ ਠੀਕ ਦਿਸ਼ਾ ਵੱਲ ਜਾ ਰਿਹਾ ਸੀ, ਜਦੋਂ ਤੱਕ ਸਾਜ਼ਿਸ਼ੀ ਧਿਰਾਂ ਨੇ ਆਪਣੀ ਗੰਦੀ ਰਾਜਨੀਤੀ ਸ਼ੁਰੂ ਨਹੀਂ ਕੀਤੀ ਸੀ।

ਰੌਡਰਿਕ ਬਰੈਥਵੇਟ ਦੀ ਕਿਤਾਬ 'Afgantsy: The Russians in Afghanistan, 1979-1989' ਵਿਚ ਦਰਜ ਹੋਰ ਵੇਰਵਿਆਂ ਅਨੁਸਾਰ, ਫੌਜਾਂ ਭੇਜਣ ਬਾਰੇ ਸੋਵੀਅਤ ਪੋਲਿਟ ਬਿਊਰੋ ਨੇ ਪੂਰੇ ਚਾਰ ਦਿਨ ਲਗਾਤਾਰ ਚਰਚਾ ਕੀਤੀ ਅਤੇ ਸੋਵੀਅਤ ਪ੍ਰਧਾਨ ਮੰਤਰੀ ਅਲੈਕਸੀ ਕੋਸੀਗਨ ਨੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਨੂਰ ਮੁਹੰਮਦ ਤਾਰਾਕੀ ਨਾਲ ਫੋਨ 'ਤੇ ਗੱਲਬਾਤ ਵਿਚ ਕਿਹਾ ਸੀ: 'ਜੇ ਅਸੀਂ ਸੋਵੀਅਤ ਫੌਜਾਂ ਅਫਗਾਨਿਸਤਾਨ ਵਿਚ ਭੇਜਾਂਗੇ ਤਾਂ ਇਸ ਨਾਲ ਹਾਲਾਤ ਠੀਕ ਹੋਣ ਦੀ ਥਾਂ ਬਦਤਰ ਹੋਣਗੇ। ਸਾਡੀ ਫੌਜ ਨੂੰ ਨਾ ਸਿਰਫ ਬਾਹਰੀ ਤਾਕਤਾਂ ਨਾਲ ਲੜਨਾ ਪਵੇਗਾ ਸਗੋਂ ਤੁਹਾਡੇ ਲੋਕਾਂ ਨਾਲ ਵੀ ਲੜਨਾ ਪਵੇਗਾ। ਅਫਗਾਨਿਸਤਾਨ ਦੇ ਲੋਕ ਸਾਨੂੰ ਇਸ ਲਈ ਕਦੇ ਮੁਆਫ ਨਹੀਂ ਕਰਨਗੇ?' ਪਰ ਉਸੇ ਸਾਲ ਸਤੰਬਰ 1979 ਵਿਚ ਨੂਰ ਮੁਹੰਮਦ ਤਾਰਾਕੀ ਦਾ ਉਸ ਦੇ ਸਾਥੀ ਹਫੀਜ਼ਉਲਾ ਅਮੀਨ ਤੇ ਸਾਥੀਆਂ ਨੇ ਪਰਿਵਾਰ ਸਮੇਤ ਸ਼ਾਹੀ ਮਹਿਲ ਵਿਚ ਕਤਲ ਦਿੱਤਾ ਅਤੇ ਹਫੀਜ਼ਉਲਾ ਨੇ ਖੁਦ ਨੂੰ ਰਾਸ਼ਟਰਪਤੀ ਐਲਾਨ ਦਿਤਾ। ਫਿਰ ਉਸੇ ਸਾਲ ਦਸੰਬਰ 1979 ਵਿਚ ਸੋਵੀਅਤ ਫੌਜਾਂ ਅਫਗਾਨਿਸਤਾਨ ਪਹੁੰਚ ਗਈਆਂ ਅਤੇ ਹਾਫੀਜ਼ ਨੂੰ ਲਾਂਭੇ ਕਰਕੇ ਬਬਰਾਕ ਕਰਮਾਲ ਨੂੰ ਰਾਸ਼ਟਰਪਤੀ ਬਣਾ ਦਿੱਤਾ ਜੋ 1986 ਤੱਕ ਅਹੁਦੇ 'ਤੇ ਰਿਹਾ। ਕੁਝ ਦਸਤਾਵੇਜ਼ਾਂ ਅਨੁਸਾਰ ਨੂਰ ਮੁਹੰਮਦ ਤਾਰਾਕੀ ਨੂੰ ਕਤਲ ਕਰਨ ਦੀ ਸਾਜ਼ਿਸ਼ ਵੀ ਸੀ.ਆਈ.ਏ. ਨੇ ਹੀ ਰੂਸ ਨੂੰ ਭੜਕਾਉਣ ਲਈ ਹਫੀਜ਼ ਰਾਹੀਂ ਰਚੀ ਸੀ।

ਸਪਸ਼ਟ ਹੈ ਕਿ ਸੀ.ਆਈ.ਏ. ਨੇ ਆਪਣੇ ਕਮਿਊਨਿਜ਼ਮ ਵਿਰੋਧੀ ਏਜੰਡੇ ਅਨੁਸਾਰ ਅਜਿਹੇ ਹਾਲਾਤ ਬਣਾ ਦਿੱਤੇ ਕਿ ਮਾਸਕੋ ਫੌਜਾਂ ਭੇਜਣੀਆਂ ਹੀ ਪਈਆਂ। ਇਸ ਬਾਰੇ ਕੈਨੇਡਾ ਵਿਚ ਪਾਕਿਸਤਾਨੀ ਕੰਟਰੋਲ ਵਾਲੇ ਕਸ਼ਮੀਰ ਤੋਂ ਰਾਜਸੀ ਮਾਹਿਰ ਤੇ ਵਕੀਲ ਹਮੀਦ ਬਸ਼ਾਨੀ ਆਪਣੇ ਲੈਕਚਰਾਂ ਵਿਚ ਅਕਸਰ ਕਹਿੰਦੇ ਹਨ ਕਿ ਅਫਗਾਨਿਸਤਾਨ ਵਿਚ ਰੂਸੀ ਆਏ ਨਹੀਂ ਸਗੋਂ ਉਨ੍ਹਾਂ ਨੂੰ ਤਾਂ ਪਤਾ ਨਹੀਂ ਕਿਹੜੀਆਂ-ਕਿਹੜੀਆਂ ਸਾਜ਼ਿਸ਼ੀ ਧਿਰਾਂ ਨੇ ਇਸ ਖਾਨਜੰਗੀ ਦੀ ਅੰਨ੍ਹੀ ਘੁੰਮਣਘੇਰੀ ਵਿਚ ਧੂਹਿਆ ਸੀ। ਇਸ ਵਿਚ ਫਸਣਾ ਉਨ੍ਹਾਂ ਦੀ ਮਜਬੂਰੀ ਬਣ ਗਈ ਸੀ।

ਅਮਰੀਕਾ ਦੇ 1977 ਤੋਂ 81 ਤੱਕ ਰਾਸ਼ਟਪਤੀ ਰਹੇ ਜਿਮੀ ਕਾਰਟਰ ਦੀ ਸਰਕਾਰ ਨੇ ਮੁਜਾਹਿਦੀਨਾਂ ਅਤੇ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਰਾਹੀਂ ਜੋ ਜਹਾਦ ਸਮਾਜਵਾਦੀ ਤਾਕਤਾਂ ਨੂੰ ਢਾਹੁਣ ਅਤੇ ਅਮਰੀਕਾ ਨੂੰ ਇੱਕੋ-ਇੱਕ ਸੁਪਰ ਪਾਵਰ ਬਣਾਉਣ ਲਈ ਸ਼ੁਰੂ ਕੀਤਾ, ਉਸ ਨੂੰ ਸਿਰੇ ਚੜ੍ਹਾਉਣ ਲਈ 1981 ਤੋਂ 1989 ਤੱਕ ਰਾਸ਼ਟਰਪਤੀ ਰਹੇ ਰੋਨਲਡ ਰੀਗਨ ਨੇ ਪੂਰੀ ਤਾਕਤ ਝੋਕ ਦਿੱਤੀ। ਇਸ ਵਰਤਾਰੇ ਨੂੰ 'ਰੀਗਨ ਡੌਕਟਰੀਨ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਲਈ ਜੇਮਜ਼ ਐਮ. ਸਕੌਟ ਦੀ ਕਿਤਾਬ 'Deciding to Intervene: The Reagan Doctrine and American Foreign Policy' ਪੜ੍ਹੀ ਜਾ ਸਕਦੀ ਹੈ। ਇਸ ਨੀਤੀ ਤਹਿਤ ਹੀ ਉਹ ਸੋਵੀਅਤ ਸੰਘ ਤੋੜਨ ਵਿਚ ਕਾਮਯਾਬ ਹੋਏ, ਬੇਸ਼ਕ ਇਸ ਲਈ ਲੱਖਾਂ ਲੋਕਾਂ ਨੂੰ ਜਾਨਾਂ ਗੁਆਉਣੀਆਂ ਪਈਆਂ ਅਤੇ ਅਮਰੀਕਾ ਦੇ ਖਰਬਾਂ ਡਾਲਰ ਖਰਚ ਹੋਏ। ਇਹ ਵੀ ਕੌੜੀ ਸਚਾਈ ਹੈ ਕਿ ਉਹੀ ਧਾਰਮਿਕ ਕੱਟੜਤਾ ਨਾਲ ਲਬਰੇਜ਼ ਮੁਸਲਿਮ ਮੁਜਾਹਿਦੀਨ ਜਿਨ੍ਹਾਂ ਰਾਹੀਂ ਕਮਿਊਨਿਜ਼ਮ ਤੇ ਸਮਾਜਵਾਦੀ ਤਾਕਤਾਂ ਨੂੰ ਹਰਾਇਆ ਗਿਆ ਸੀ, ਬਾਅਦ ਵਿਚ ਤਾਲਿਬਾਨ, ਹੱਕਾਨੀ ਨੈਟਵਰਕ, ਅਲ-ਕਾਇਦਾ, ਇਸਲਾਮਿਕ ਸਟੇਟ, ਬੋਕੋ ਹਰਮ ਆਦਿ ਦਰਜਨਾਂ ਇਸਲਾਮਿਕ ਸੰਗਠਨਾਂ ਰਾਹੀਂ ਅਮਰੀਕਨਾਂ ਦੇ ਸਭ ਤੋਂ ਵੱਡੇ ਦੁਸ਼ਮਣ ਬਣੇ। ਫਿਰ ਉਨ੍ਹਾਂ ਹੀ ਤਾਕਤਾਂ ਖਿਲਾਫ ਅਮਰੀਕਾ ਨੂੰ ਪਿਛਲੇ 30 ਸਾਲਾਂ ਤੋਂ ਸਾਰੀ ਦੁਨੀਆ ਵਿਚ ਯੁੱਧ ਲੜਨਾ ਪੈ ਰਿਹਾ ਹੈ ਅਤੇ ਅਮਰੀਕਾ ਇਸ ਵਕਤ ਇਸਲਾਮਿਕ ਵਰਲਡ ਵਿਚ ਸਭ ਤੋਂ ਵੱਧ ਨਫਰਤ ਦਾ ਪਾਤਰ ਹੈ।

ਕੱਟੜ ਇਸਲਾਮਿਕ ਕਦਰਾਂ-ਕੀਮਤਾਂ ਨੂੰ ਪ੍ਰਨਾਏ ਮੁਜਾਹਿਦੀਨ ਬਾਗੀਆਂ ਦੇ ਧਾਰਮਿਕ ਜਜ਼ਬਾਤ ਨੂੰ ਵਰਤ ਕੇ ਕਿਵੇਂ ਅਮਰੀਕਨ ਖੁਫੀਆ ਏਜੰਸੀ ਸੀ.ਆਈ.ਏ., ਇੰਗਲੈਂਡ ਦੀ ਖੁਫੀਆ ਏਜੰਸੀ ਐਸ.ਆਈ.ਐਸ. (ਐਮ16) ਅਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨੇ ਆਪਣੇ ਗੁਪਤ ਏਜੰਡੇ ਤਹਿਤ ਨਾ ਸਿਰਫ ਨਫਰਤ ਤੇ ਝੂਠ ਦਾ ਪ੍ਰਚਾਰ ਕੀਤਾ ਸਗੋਂ ਆਪਣੇ ਮਤਲਬ ਦੇ ਅਰਥਾਂ ਵਾਲੀਆਂ 'ਕੁਰਾਨ' ਦੀਆਂ ਲੱਖਾਂ ਕਾਪੀਆਂ ਇਸ ਖਿੱਤੇ ਵਿਚ ਵੰਡੀਆਂ। ਇਸ ਬਾਰੇ ਅਮਰੀਕਨ ਪੱਤਰਕਾਰ ਅਤੇ ਲੇਖਕ ਸਟੀਵ ਕੋਲ ਆਪਣੀ ਕਿਤਾਬ 'ANATOMY OF A VICTORY: CIA'S COVERT AFGHAN WAR' ਵਿਚ ਲਿਖਦੇ ਹਨ: 'ਸੀ.ਆਈ.ਏ. ਦੇ ਡਾਇਰੈਕਟਰ ਵਿਲੀਅਮ ਕੇਸੀ ਨੇ ਆਪਣੇ ਗੁਪਤ ਮਿਸ਼ਨ ਦੌਰਾਨ

***(ਬਾਕੀ ਅਗਲੇ ਸਫੇ 'ਤੇ)***

# ਸੰਸਦੀ ਹੰਗਾਮੇ ਵਿਚ ਖੇਤੀ ਦੇ ਕਾਲੇ ਕਾਨੂੰਨਾਂ ਦਾ ਮਹੱਤਵ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਸ ਵਾਰ ਦੇ ਸੰਸਦੀ ਇਜਲਾਸ ਦੀ ਹੁੱਲੜਬਾਜ਼ੀ 75 ਸਾਲ ਦੇ ਸੁਤੰਤਰਤਾ ਇਤਿਹਾਸ ਉੱਤੇ ਸੱਚ ਮੁੱਚ ਹੀ ਕਾਲਾ ਧੱਬਾ ਸੀ। ਲੋਕ ਸਭਾ ਸਪੀਕਰ ਨੇ ਵੀ ਮੰਨਿਆ ਹੈ ਕਿ ਸੰਸਦ ਦੀ ਉਤਪਾਦਕਤਾ ਸਿਰਫ 22 ਪ੍ਰਤੀਸ਼ਤ ਰਹੀ ਹੈ। ਕੰਮ-ਕਾਜ ਦੇ ਨਿਰਧਾਰਤ 96 ਘੰਟਿਆਂ ਦੀ ਥਾਂ ਸਿਰਫ 21 ਘੰਟੇ 14 ਮਿੰਟ ਹੀ ਕੰਮ ਹੋਇਆ ਹੈ। ਇਸ ਘਟਨਾਕ੍ਰਮ ਨੇ ਵਿਰੋਧੀ ਧਿਰਾਂ ਨੂੰ ਆਪਣੇ ਸਾਰੇ ਮਤਭੇਦ ਮਿਟਾ ਕੇ ਇਕੱਠੇ ਤੇ ਇੱਕ-ਜੁੱਟ ਹੋਣ ਲਈ ਪ੍ਰੇਰਿਆ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ 20 ਅਗਸਤ ਵਾਲੀ ਵਰਚੁਅਲ ਮੀਟਿੰਗ ਵਿਚ 19 ਵਿਰੋਧੀ ਪਾਰਟੀਆਂ ਦਾ ਹਿੱਸਾ ਲੈਣਾ ਕੋਈ ਛੋਟੀ ਗੱਲ ਨਹੀਂ ਸੀ। ਇਹ ਠੀਕ ਹੈ ਕਿ ਸਮਾਜਵਾਦੀ ਪਾਰਟੀ, ਬਸਪਾ, ਆਪ ਤੇ ਅਕਾਲੀ ਦਲ ਨੇ ਇਸ ਵਿਚ ਹਿੱਸਾ ਨਹੀਂ ਲਿਆ। ਉਨ੍ਹਾਂ ਦੇ ਕਾਰਨ ਵੱਖਰੇ ਹਨ, ਪਰ ਇਸ ਦਾ ਭਾਵ ਇਹ ਨਹੀਂ ਕਿ ਉਹ ਸੱਤਾਧਾਰੀ ਭਾਜਪਾ ਦੀਆਂ ਕਾਰਵਾਈਆਂ ਤੋਂ ਖੁਸ਼ ਹਨ। ਉਨ੍ਹਾਂ ਨੇ ਮੀਟਿੰਗ ਪਿਛੋਂ 19 ਪਾਰਟੀਆਂ ਦੇ ਜਮਹੂਰੀ ਧਰਮ-ਨਿਰਪੱਖ ਤੇ ਗਣਤੰਤਰ ਦੇ ਸਾਂਝੇ ਸਿਧਾਂਤ ਦੀ ਪ੍ਰਾਪਤੀ ਲਈ ਅੱਗੇ ਵਧਣ ਦੇ ਸੱਦੇ ਉੱਤੇ ਕੋਈ ਉਜਰ ਨਹੀਂ ਜਤਾਇਆ, ਸਭਨਾਂ ਨੇ ਇਸ ਏਕਤਾ ਨੂੰ ਸੰਸਦ ਤੋਂ ਬਾਹਰ ਵੀ ਕਾਇਮ ਰਹਿਣ ਦਾ ਪ੍ਰਗਟਾਵਾ ਕੀਤਾ ਹੈ।

ਵਿਰੋਧੀ ਧਿਰਾਂ ਦੀ ਏਕਤਾ ਦੇ ਮੁੱਦੇ ਉੱਤੇ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਹੀ ਵਿਰੋਧੀ ਧਿਰਾਂ ਨੂੰ ਚਿੱਠੀ ਲਿਖ ਕੇ ਇਕਜੁੱਟ ਹੋਣ ਦੀ ਅਪੀਲ ਕੀਤੀ ਸੀ। ਬੀਤੇ ਦਿਨੀਂ ਮਮਤਾ ਬੈਨਰਜੀ ਨੇ ਸੋਨੀਆ ਗਾਂਧੀ ਸਮੇਤ ਵਿਰੋਧੀ ਧਿਰ ਦੇ ਆਗੂਆਂ ਨਾਲ ਮੁਲਾਕਾਤਾਂ ਕਰਕੇ ਵੀ ਏਕਤਾ ਦੇ ਮੁੱਦੇ ਨੂੰ ਉਭਾਰਿਆ ਸੀ। ਉਸ ਦਾ ਕਹਿਣਾ ਸੀ ਕਿ ਬੁਨਿਆਦੀ ਮੁੱਦਿਆਂ ਉੱਤੇ ਛੋਟੀਆਂ ਕਮੇਟੀਆਂ ਬਣਾ ਕੇ ਜਨਤਕ ਪ੍ਰੋਗਰਾਮ ਐਲਾਨਣੇ ਚਾਹੀਦੇ ਹਨ। ਵਿਰੋਧੀ ਗਰੁੱਪ ਦਾ ਆਗੂ ਕੌਣ ਹੋਵੇਗਾ, ਇਸ ਗੱਲ ਨੂੰ ਇਕ ਪਾਸੇ ਰੱਖਦਿਆਂ ਭਾਜਪਾ ਖਿਲਾਫ ਮੁਹਿੰਮ ਲੋਕਾਂ ਤੱਕ ਲਿਜਾਣਾ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਇਸ ਦਾ ਭਾਵ ਇਹ ਹੈ ਕਿ ਸਿਰਫ ਸੰਸਦ ਵਿਰੁੱਧ ਮੈਂਬਰਾਂ ਦੀ ਗਿਣਤੀ-ਮਿਣਤੀ ਤੱਕ ਹੀ ਮਹਿਦੂਦ ਰਹਿਣ ਨਾਲ ਗੱਲ ਨਹੀਂ ਬਣਨੀ। ਮੀਟਿੰਗ ਤੋਂ ਬਾਹਰ ਰਹਿ ਗਈਆਂ ਧਿਰਾਂ ਨਾਲ ਤਾਲ-ਮੇਲ ਵੀ ਜ਼ਰੂਰੀ ਹੈ।

ਸੰਸਦ ਅੰਦਰ ਪੈਗਾਸਸ ਜਾਸੂਸੀ ਮਾਮਲਾ, ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ, ਤੇਲ ਕੀਮਤਾਂ ਵਿਚ ਵਾਧਾ ਅਤੇ ਕੋਵਿਡ-19 ਦੇ ਮਾਮਲੇ ਨੂੰ ਠੀਕ ਢੰਗ ਨਾਲ ਨਾਲ ਨਜਿੱਠੇ ਜਾਣ ਦੇ ਮੁੱਦਿਆਂ ਉੱਤੇ ਆਵਾਜ਼ ਬੁਲੰਦ ਕੀਤੀ ਸੀ।

ਉਂਝ ਤਾਂ ਇਹ ਸਾਰੇ ਮਸਲੇ ਹੱਲ ਮੰਗਦੇ ਹਨ, ਪਰ ਭਾਰਤ ਵਰਗੇ ਕ੍ਰਿਸ਼ੀ ਪ੍ਰਧਾਨ ਦੇਸ਼ ਵਿਚ ਇਥੋਂ ਦੀ ਕਿਸਾਨੀ ਤੇ ਖੇਤੀ ਨੂੰ ਤਿੰਨ ਕਾਲੇ ਕਾਨੂੰਨਾਂ ਰਾਹੀਂ ਕਾਰਪੋਰੇਟਾਂ ਦੇ ਟੇਟੇ ਚਾੜ੍ਹਨਾ ਤੇ ਫਸਲਾਂ ਦੀ ਉਪਜ ਲਈ ਘੱਟੋ ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਵੱਲ ਧਿਆਨ ਨਾ ਦੇਣਾ ਲੋਕਤੰਤਰ ਦਾ ਘਾਣ ਕਰਨਾ ਹੈ। ਸੰਸਦੀ ਹੰਗਾਮੇ ਦਾ ਕਾਰਨ ਵਿਰੋਧੀ ਪਾਰਟੀਆਂ ਦੇ ਸਿਰ ਭੰਨਣ ਵਾਲੀ ਸਰਕਾਰ ਨੂੰ ਵੀ ਪੂਰਾ ਗਿਆਨ ਹੈ ਕਿ ਖੇਤੀ ਉਪਜ ਨਾਲ ਲੋਕ ਭਾਵਨਾਵਾਂ ਕਿੰਨੀਆਂ ਜੁੜੀਆਂ ਹੋਈਆਂ ਹਨ। ਉਨ੍ਹਾਂ ਵਲੋਂ ਦੇਸ਼ ਭਰ ਦੀ ਕਿਸਾਨੀ ਦੇ ਮੀਂਹ ਹਨੇਰੀ ਦੇ ਬਾਵਜੂਦ ਨੌਂ ਮਹੀਨਿਆਂ ਤੋਂ ਦਿੱਲੀ ਦੇ ਬਾਰਡਰ ਉੱਤੇ ਜਮ ਕੇ ਬੈਠਣ ਨੂੰ ਅਣਗੌਲਿਆ ਕਰਨਾ ਸ਼ਰਮਨਾਕ ਨਹੀਂ ਤਾਂ ਹੋਰ ਕੀ ਹੈ? ਕੀ ਉਨ੍ਹਾਂ ਨੇ ਸੰਵਿਧਾਨ ਦੀ ਉਹ ਧਾਰਾ ਨਹੀਂ ਪੜ੍ਹੀ, ਜਿਸ ਵਿਚ ਸਪਸ਼ਟ ਤੌਰ 'ਤੇ ਦਰਜ ਹੈ ਕਿ ਖੇਤੀ ਦਾ ਮਸਲਾ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਤੇ ਕੇਂਦਰ ਵਲੋਂ ਇਸ ਦੀ ਛੇੜਛਾੜ ਗੈਰ-ਕਾਨੂੰਨੀ ਤੇ ਲੋਕਤੰਤਰ ਦੀ ਲਗਾਮ ਆਪਣੇ ਹੱਥ ਲੈਣਾ ਹੈ। ਰਾਜ ਸਭਾ ਦੇ ਸਭਾਪਤੀ ਵੈਂਕਟੱਈਆ ਨਾਇਡੂ ਨੂੰ ਸੰਸਦੀ ਹੰਗਾਮੇ ਉੱਤੇ ਹੰਝੂ ਸੁੱਟਣ ਦੀ ਥਾਂ ਕੇਂਦਰ ਦੀ ਸਰਕਾਰ ਨੂੰ ਸੁਮੱਤ ਦੇਣੀ ਚਾਹੀਦੀ ਹੈ। ਇਸ ਲਈ ਵੀ ਕਿ ਭਾਜਪਾ ਵਲੋਂ ਤਾਕਤਾਂ ਦਾ ਕੇਂਦਰੀਕਰਨ ਦੇਸ਼ ਦੇ ਫੈਡਰਲ ਢਾਂਚੇ ਨੂੰ ਲਗਾਤਾਰ ਢਾਹ ਲਾ ਰਿਹਾ ਹੈ।

ਰਾਜ ਸਭਾ ਵਿਚ ਨੈਸ਼ਨਲ ਕਾਂਗਰਸ ਪਾਰਟੀ ਦੀ ਵੰਦਨਾ ਚਵਾਨ, ਕਾਂਗਰਸ ਦੇ ਐਲ. ਹਨੂੰਮੰਥਈਆ ਤੇ ਤ੍ਰਿਣਮੂਲ ਕਾਂਗਰਸ ਦੇ ਸੁਖੇਂਦੂ ਸ਼ੇਖਰ ਰੇਅ ਦਾ ਵਾਰੀ ਆਉਣ ਉੱਤੇ ਰਾਜ ਸਭਾ ਦੇ ਕੰਮ-ਕਾਜ ਦੀ ਪ੍ਰਧਾਨਗੀ ਕਰਨ ਤੋਂ ਪਾਸਾ ਵੱਟਣਾ ਇਸ ਮਸਲੇ ਨੂੰ ਹੋਰ ਵੀ ਉਭਾਰਦਾ ਹੈ। ਜਿਨ੍ਹਾਂ ਬਾਰਾਂ ਹਸਤੀਆਂ ਨੇ ਪ੍ਰਧਾਨਗੀ ਕੀਤੀ ਸੀ, ਉਨ੍ਹਾਂ ਵਿਚੋਂ ਵੀ ਬੀਜੂ ਜਨਤਾ ਦਲ ਦੇ ਭਰਤਹਰੀ ਮਹਿਤਾਬ ਨੇ ਉਪਰੋਕਤ ਤਿੰਨ ਮੈਂਬਰਾਂ ਦੇ ਮੁਨਕਰ ਹੋਣ ਨੂੰ ਰਸਮੀ ਤੌਰ 'ਤੇ ਠੀਕ ਕਿਹਾ ਹੈ। ਦੇਸ਼ ਦੇ ਹਿੱਤ ਵਿਚ ਤਾਂ ਇਹੀਓ ਹੈ ਕਿ ਸੱਤਾਧਾਰੀ ਪਾਰਟੀ ਆਪਣੀ ਬਹੁ-ਗਿਣਤੀ ਤੋਂ ਪ੍ਰਾਪਤ ਹੋਈ ਹਿੰਡ ਨੂੰ ਤਿਆਗ ਕੇ ਸੰਸਦ ਲਈ ਸੁਚਾਰੂ ਢੰਗ ਨਾਲ ਚੱਲਣ ਦਾ ਰਾਹ ਖੋਲ੍ਹੇ ਤੇ ਦੁਨੀਆਂ ਦੇ ਇਸ ਵੱਡੇ ਲੋਕਤੰਤਰ ਦੀ ਸਾਖ ਨੂੰ ਆਂਚ ਨਾ ਆਉਣ ਦੇਵੇ।

ਸੂਬਿਆਂ, ਜਿਲਿਆਂ ਤੇ ਸ਼ਹਿਰਾਂ ਦੇ ਨਾਂ ਬਦਲਣ ਦੀ ਰਾਜਨੀਤੀ: ਭਾਵੇਂ ਸੂਬਿਆਂ ਤੇ ਜਿਲਿਆਂ ਦੇ ਨਾਂ ਬਦਲਣ ਦਾ ਅਮਲ ਕਾਫੀ ਗੁੰਝਲਦਾਰ ਹੈ, ਫੇਰ ਵੀ ਰਾਜ ਤੇ ਕੇਂਦਰ ਦੀਆਂ ਸਰਕਾਰਾਂ ਅਜਿਹਾ ਕਰਨ ਤੋਂ ਬਾਜ਼ ਨਹੀਂ ਆਉਂਦੀਆਂ। ਇਸ ਲਈ ਕਿ ਇਹਦੇ ਨਾਲ ਆਮ ਜਨਤਾ ਨੂੰ ਲੁਭਾ ਕੇ ਉਨ੍ਹਾਂ ਤੋਂ ਵੋਟਾਂ ਲੈਣੀਆਂ ਸੌਖੀਆਂ ਹੋ ਜਾਂਦੀਆਂ ਹਨ। ਸੱਜਰਾ ਪ੍ਰਮਾਣ ਉੱਤਰ ਪ੍ਰਦੇਸ਼ ਦੇ ਦੋ ਜਿਲਿਆਂ-ਅਲੀਗੜ੍ਹ ਤੇ ਮੈਨਪੁਰੀ ਦਾ ਨਾਂ ਬਦਲਣ ਦੀ ਰੀਝ ਹੈ। ਦੋਹਾਂ ਜਿਲਿਆਂ ਦੀਆਂ ਜਿਲਾ ਪੰਚਾਇਤਾਂ ਨੇ ਮਤਾ ਵੀ ਪਾਸ ਕਰ ਛੱਡਿਆ ਹੈ। ਹੁਣ ਅਲੀਗੜ੍ਹ ਵਰਗੇ ਹਰਮਨ ਪਿਆਰੇ ਤੇ ਪ੍ਰਚਲਿਤ ਨਾਂ ਨੂੰ ਬਦਲ ਕੇ ਹਰੀਗੜ੍ਹ ਤੇ ਮੈਨਪੁਰੀ ਨੂੰ ਮਯਨ ਰਿਸ਼ੀ ਦੇ ਨਾਂ ਤੇ ਮਯਨਪੁਰੀ ਰੱਖੇ ਜਾਣ ਦੀ ਤਜਵੀਜ਼ ਹੈ। ਮੂਲ ਮੁੱਦਾ ਅਲੀ ਨੂੰ ਮਿਟਾ ਕੇ ਹਰੀ ਨੂੰ ਉਭਾਰਨਾ ਹੈ। ਇਸ ਤੋਂ ਪਹਿਲਾਂ ਅਲਾਹਾਬਾਦ ਦਾ ਨਾਂ ਬਦਲ ਕੇ ਪਰਯਾਗਰਾਜ ਤੇ ਮੁਗਲਸਰਾਏ ਦਾ ਨਾਂ ਪੰਡਤ ਦੀਨ ਦਿਆਲ ਉਪਾਧਿਆਇ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਦੀ ਇੱਕਾ ਦੁੱਕਾ ਕਾਰਵਾਈ ਤਾਂ ਸਾਰੇ ਰਾਜਾਂ ਵਿਚ ਹੋਈ, ਪਰ ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਸਭ ਨੂੰ ਮਾਤ ਦੇਣਾ ਚਾਹੁੰਦੀ ਹੈ। ਫੈਜ਼ਾਬਾਦ ਜਿਲੇ ਨੂੰ ਅਯੁੱਧਿਆ ਕਿਹਾ ਜਾਣਾ, ਕਾਨਪੁਰ ਦਾ ਨਾਂ ਰਮਾਬਾਈ ਤੇ ਬਨਾਰਸ ਦਾ ਨਾਂ ਵਾਰਾਣਸੀ ਕਰਨਾ ਵੀ ਇਸ ਲੜੀ ਵਿਚ ਆਉਂਦਾ ਹੈ।

ਸ਼ਹਿਰਾਂ ਤੇ ਸੂਬਿਆਂ ਦੇ ਨਾਂ ਬਦਲਣ ਦੀ ਪ੍ਰਕ੍ਰਿਆ ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ ਪੰਡਿਤ ਨਹਿਰੂ ਦੀ ਸਰਕਾਰ ਸਮੇਂ ਸ਼ੁਰੂ ਹੋ ਗਈ ਸੀ, ਜਦੋਂ ਕਲਕੱਤਾ ਨੂੰ ਕੋਲਕਾਤਾ, ਬੰਬੇ ਨੂੰ ਮੁੰਬਈ, ਪਾਂਡੀਚਰੀ ਨੂੰ ਪੁਡੂਚੇਰੀ ਤੇ ਤ੍ਰੀਵੈਂਦਰਮ ਨੂੰ ਤ੍ਰਿਵੈਂਤੀ ਪੁਰਮ, ਬੰਗਲੌਰ ਨੂੰ ਬੈਂਗਲੂਰੂ ਕਰ ਦਿੱਤਾ ਗਿਆ ਸੀ। ਸਿਰਫ ਇਸ ਲਈ ਕਿ ਗੋਰੀ ਸਰਕਾਰ ਨੂੰ ਭਾਰਤੀ ਨਾਂ ਉਚਾਰਨੇ ਔਖੇ ਲਗਦੇ ਸਨ ਤੇ ਉਨ੍ਹਾਂ ਨੂੰ ਸਧਾਰਨ ਕਰ ਲਿਆ ਗਿਆ ਸੀ। ਪੰਡਤ ਨਹਿਰੂ ਦੀ ਸਰਕਾਰ ਵਲੋਂ ਪੁਰਾਣੇ ਨਾਂਵਾਂ ਨੂੰ ਮੁੜ ਅਪਨਾਉਣਾ ਸਿਰਫ ਨਵੀਂ ਪ੍ਰਾਪਤ ਹੋਈ ਸੁਤੰਤਰਤਾ ਉੱਤੇ ਮੋਹਰ ਲਾਉਣਾ ਸੀ।

ਅਜੋਕੀਆਂ ਸਰਕਾਰਾਂ ਨੇ ਇਸ ਅਮਲ ਨੂੰ ਵੋਟਾਂ ਪ੍ਰਾਪਤ ਕਰਨ ਦੀ ਲੁਭਾਊ ਕੀਤੀ ਵਿਚ ਸੀਮਤ ਕਰ ਦਿੱਤਾ ਹੈ, ਜਿਹੜੀ ਕਿ ਮੰਦਭਾਗੀ ਗੱਲ ਹੈ। ਮੈਨਪੁਰੀ ਦਾ ਨਾਂ ਮਯਨ ਰਿਸ਼ੀ ਦੇ ਨਾਂ ਉੱਤੇ ਮਯਨਪੁਰੀ ਰੱਖਣ ਦੀ ਤਜਵੀਜ਼ ਤਾਂ ਬਿਲਕੁਲ ਹੀ ਬੇਹੂਦਾ ਹੈ। ਮੈਨਪੁਰੀ ਜਾਂ ਮਯਨਪੁਰੀ ਵਿਚ ਕੋਈ ਅੰਤਰ ਹੀ ਨਹੀਂ। ਕੌਣ ਸਾਹਿਬ ਨੂੰ ਆਖੇ ਕਿ ਇੰਝ ਨਹੀਂ ਇੰਝ ਕਰ!

**ਅੰਤਿਕਾ: (ਬਾਬਾ ਬੁੱਲ੍ਹੇ ਸ਼ਾਹ)**

ਮੈਂ ਕਾਲੀ ਤੇ ਮੇਰਾ ਯਾਰ ਵੀ ਕਾਲਾ
ਤੇ ਅਸੀਂ ਕਾਲੇ ਲੋਕ ਸਦੀਂਦੇ।
ਨੀਮ ਪਹਾੜ ਦਾ ਸੁਰਮਾ ਵੀ ਕਾਲਾ,
ਲੋਕੀਂ ਅੱਖੀਂ ਵਿਚ ਪਵੀਂਦੇ।
ਕੁਰਾਨ ਸ਼ਰੀਫ ਦੇ ਹਰਫ ਵੀ ਕਾਲੇ,
ਲੋਕੀਂ ਜਿਸ ਵੱਲ ਜਾਣ ਭਜੀਂਦੇ।
ਬੁੱਲ੍ਹੇ ਸ਼ਾਹ ਗੋਰੇ ਰੰਗ ਕੀ ਕਰਨੇ,
ਜਿਹੜੇ ਗਲੀਓਂ ਗਲੀ ਵਕੀਂਦੇ।

# ਤਾਲਿਬਾਨ ਦੇ ਅਫਗਾਨਿਸਤਾਨ 'ਤੇ ਕਬਜ਼ੇ ਦੇ ਮਾਇਨੇ

(ਪਿਛਲੇ ਸਫੇ ਦੀ ਬਾਕੀ)

ਪਾਕਿਸਤਾਨੀ ਅਧਿਕਾਰੀਆਂ ਨੂੰ ਇਹ ਪ੍ਰਸਤਾਵ ਦੇ ਕੇ ਹੈਰਾਨ ਕਰ ਦਿੱਤਾ ਸੀ ਕਿ ਉਹ ਅਫਗਾਨ ਯੁੱਧ ਨੂੰ ਦੁਸ਼ਮਣ (ਰੂਸ) ਦੇ ਘਰ ਵਿਚ ਲਿਜਾਣਾ ਚਾਹੁੰਦੇ ਹਨ।' ਵਿਲੀਅਮ ਕੇਸੀ ਅਫਗਾਨਿਸਤਨ ਰਾਹੀਂ ਰੂਸ ਦੇ 6 ਦੱਖਣੀ ਮੁਸਲਿਮ ਰਾਜਾਂ ਅਜ਼ਰਬਾਈਜਾਨ, ਕਜ਼ਾਖਿਸਤਾਨ, ਕਿਰਗੀਜ਼ੀਆ, ਤਜ਼ਾਕਿਸਤਾਨ, ਤੁਰਕਮਿਨਸਤਾਨ ਅਤੇ ਉਜ਼ਬੇਕਿਸਤਾਨ ਵਿਚ ਵਿਨਾਸ਼ਕਾਰੀ ਮੁਸਲਿਮ ਸਾਹਿਤ ਭੇਜਣਾ ਚਾਹੁੰਦਾ ਸੀ ਤਾਂ ਕਿ ਉਥੇ ਵਸਦੇ ਮੁਸਲਮਾਨਾਂ ਨੂੰ ਵੀ ਬਗਾਵਤ ਲਈ ਉਕਸਾਇਆ ਜਾ ਸਕੇ। ਪਾਕਿਸਤਾਨੀ ਆਈ.ਐਸ.ਆਈ. ਅਧਿਕਾਰੀ ਇਸ ਲਈ ਝੱਟ ਤਿਆਰ ਹੋ ਗਏ। ਸੀ.ਆਈ.ਏ. ਨੇ ਆਈ.ਐਸ.ਆਈ. ਦੀ ਸਹਾਇਤਾ ਨਾਲ ਲੱਖਾਂ ਕੁਰਾਨ ਦੇ ਨਾਲ-ਨਾਲ ਸੋਵੀਅਤ ਅਤਿਆਚਾਰਾਂ ਬਾਰੇ ਕਿਤਾਬਾਂ ਅਤੇ ਉਨ੍ਹਾਂ ਸਟੇਟਾਂ ਦੇ ਇਤਿਹਾਸਕ ਨਾਇਕਾਂ ਦੇ ਟ੍ਰੈਕਟ ਸਪਲਾਈ ਕੀਤੇ ਤਾਂ ਕਿ ਉਨ੍ਹਾਂ ਵਿਚ ਧਾਰਮਿਕ ਜਨੂਨ ਦੇ ਨਾਲ-ਨਾਲ ਰਾਸ਼ਟਰਵਾਦ ਉਭਾਰਿਆ ਜਾ ਸਕੇ। ਅਜਿਹਾ ਕਰਦਿਆਂ ਰੀਗਨ ਤੇ ਉਸ ਦੀ ਜੁੰਡੀ ਦਾ ਯਾਰ ਵਿਲੀਅਮ ਕੇਸੀ, ਪੂਰੇ ਦੱਖਣੀ ਏਸ਼ੀਆ ਦੇ ਖਿੱਤੇ ਲਈ ਅਜਿਹੇ ਜ਼ਹਿਰੀਲੇ ਕੰਡੇ ਬੀਜ ਗਏ ਜਿਨ੍ਹਾਂ ਨੂੰ ਚੁਗਦਿਆਂ ਪਤਾ ਨਹੀਂ ਆਉਣ ਵਾਲੀਆਂ ਕਿਤਨੀਆਂ ਨਸਲਾਂ ਦਾ ਘਾਤ ਹੋਵੇਗਾ?

ਪਿਛਲੇ ਦਿਨੀਂ ਜਦੋਂ ਤਾਲਿਬਾਨ ਨੇ ਇੱਕ ਵਾਰ ਫਿਰ ਅਫਗਾਨਿਸਤਾਨ 'ਤੇ ਆਪਣਾ ਕਬਜ਼ਾ ਜਮਾ ਲਿਆ ਤਾਂ ਸਾਡੇ ਬਹੁਤ ਸਾਰੇ ਗਰਮ ਖਿਆਲ ਸਿੱਖਾਂ ਨੇ ਬੜੀ ਖੁਸ਼ੀ ਮਨਾਈ ਹੈ, ਜਿਵੇਂ ਤਾਲਿਬਾਨ ਨੇ ਅਫਗਾਨਿਸਤਾਨ ਵਿਚ 20 ਸਾਲ ਲੜ ਕੇ ਅਮਰੀਕਾ ਨੂੰ ਹਰਾ ਕੇ ਅਫਗਾਨ ਲੋਕਾਂ ਦੀ ਆਜ਼ਾਦੀ ਦੀ ਜੰਗ ਜਿੱਤ ਲਈ ਹੋਵੇ? ਅਜਿਹਾ ਕੁਝ ਵੀ ਨਹੀਂ ਹੈ। ਮੁਜਾਹਿਦੀਨ ਜਾਂ ਤਾਲਿਬਾਨ ਪਹਿਲਾਂ ਮੁਜਾਹਿਦੀਨਾਂ ਦੇ ਰੂਪ ਵਿਚ ਅਮਰੀਕਾ ਦੀ ਕਠਪੁਤਲੀ ਬਣ ਕੇ ਸੋਵੀਅਤ ਸੰਘ ਨਾਲ ਦੋ ਦਹਾਕੇ ਲੜਦੇ ਰਹੇ ਅਤੇ ਅਫਗਾਨਿਸਤਾਨ ਤਬਾਹ ਕਰ ਦਿੱਤਾ। ਫਿਰ ਰੂਸ ਦੀ ਵਾਪਸੀ ਤੋਂ ਬਾਅਦ ਜੋ ਕੁਝ ਸਾਲਾਂ ਲਈ ਇਨ੍ਹਾਂ ਦਾ ਰਾਜ ਹੋਇਆ ਤਾਂ ਨਾ ਸਿਰਫ ਆਪਸ ਵਿਚ ਲੜਦੇ ਰਹੇ ਸਗੋਂ ਅਫਗਾਨਿਸਤਾਨ ਨੂੰ ਦੁਨੀਆ ਭਰ ਦੇ ਅਤਿਵਾਦੀਆਂ, ਡਰੱਗ ਸਮਗਲਰਾਂ, ਖਤਰਨਾਕ ਧਾਰਮਿਕ ਜਨੂਨੀਆਂ ਦਾ ਅਖਾੜਾ ਬਣਾ ਦਿੱਤਾ। ਨਤੀਜੇ ਵਜੋਂ ਇਨ੍ਹਾਂ ਅਨਸਰਾਂ ਨੇ 9/11 ਵਾਲਾ ਹਮਲਾ ਕਰਕੇ 3000 ਤੋਂ ਵੱਧ ਆਮ ਅਮਰੀਕਨ ਸ਼ਹਿਰੀ ਮਾਰ ਕੇ ਅਮਰੀਕਾ ਨੂੰ ਲਲਕਾਰਿਆ ਤਾਂ ਫਿਰ ਅਮਰੀਕਾ ਨੂੰ ਸੁਰਤ ਆਈ ਕਿ ਉਹ ਕੀ ਕਰ ਬੈਠੇ ਸਨ! ਇਸ ਘਟਨਾ ਨੇ ਇੱਕ ਵਾਰ ਫਿਰ ਅਮਰੀਕਾ ਰਾਹੀਂ ਪਹਿਲਾਂ ਅਫਗਾਨਿਸਤਾਨ ਅਤੇ ਫਿਰ ਇਰਾਕ ਵਿਚ ਤਬਾਹੀ ਦਾ ਮੁੱਢ ਬੰਨ੍ਹਿਆ। ਅਮਰੀਕਾ ਨੇ ਆਪਣੇ ਹੀ ਪਾਲੇ ਹੋਏ ਅਤਿਵਾਦੀ ਸੰਗਠਨਾਂ ਨੂੰ ਖਤਮ ਕਰਨ ਲਈ ਨਾ ਸਿਰਫ ਆਪਣੇ ਹਜ਼ਾਰਾਂ ਫੌਜੀ ਮਰਵਾਏ ਸਗੋਂ ਤਿੰਨ ਖਰਬ ਅਮਰੀਕਨ ਡਾਲਰ ਵੀ ਬਰਬਾਦ ਕੀਤੇ। ਅਮਰੀਕਾ ਨੂੰ ਬੇਸ਼ਕ ਇੱਕ ਵਾਰ ਫਿਰ ਵੀਅਤਨਾਮ ਵਾਂਗ ਅਫਗਾਨਿਸਤਾਨ ਵਿਚੋਂ ਨਮੋਸ਼ੀ ਨਾਲ ਵਾਪਸ ਨਿਕਲਣਾ ਪੈ ਰਿਹਾ ਹੈ ਪਰ ਇਸ ਦੇ ਨੀਤੀ ਘਾੜਿਆਂ ਨੇ ਅਜੇ ਵੀ ਕੋਈ ਸਬਕ ਨਹੀਂ ਸਿੱਖਿਆ।

ਰੂਸੀ ਫੌਜਾਂ ਦੇ 1989 ਵਿਚ ਨਿਕਲਣ ਤੋਂ ਬਾਅਦ 1992 ਤੋਂ 1995 ਤੱਕ ਮੁਜਾਹਿਦੀਨ ਅਤੇ ਫਿਰ 1996 ਤੋਂ 2001 ਤੱਕ ਤਾਲਿਬਾਨ ਦਾ ਅਫਗਾਨਿਸਤਾਨ 'ਤੇ ਰਾਜ ਰਿਹਾ। ਤਾਲਿਬਾਨ ਸਮਰਥਕ ਸਿੱਖਾਂ ਨੂੰ ਇਸ ਰਾਜ ਵਿਚ ਆਮ ਅਫਗਾਨ ਲੋਕਾਂ, ਖਾਸਕਰ ਔਰਤਾਂ ਤੇ ਮਾਸੂਮ ਬੱਚੀਆਂ 'ਤੇ ਹੋਏ ਜ਼ੁਲਮਾਂ ਦੀ ਦਾਸਤਾਨ ਜ਼ਰੂਰ ਪੜ੍ਹਨੀ ਚਾਹੀਦੀ ਹੈ। ਐਮਨੈਸਟੀ ਇੰਟਰਨੈਸ਼ਨਲ, ਹਿਊਮਨ ਰਾਈਟਸ ਵਾਚ, ਯੂਨਾਈਟਡ ਨੇਸ਼ਨ ਹਿਊਮਨ ਰਾਈਟਸ ਕਮਿਸ਼ਨ ਆਦਿ ਅਨੇਕਾਂ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਦੀਆਂ ਰਿਪੋਰਟਾਂ ਨਾਲ ਇੰਟਰਨੈਟ ਭਰਿਆ ਪਿਆ ਹੈ, ਜਿਥੇ ਇਨ੍ਹਾਂ ਅਖੌਤੀ ਆਜ਼ਾਦੀ ਪਰਵਾਨਿਆਂ ਦੇ ਮਾਨਵਤਾ ਵਿਰੋਧੀ ਕੁਕਰਮ ਸਾਰੀ ਮਨੁੱਖਤਾ ਨੂੰ ਸ਼ਰਮਸਾਰ ਕਰ ਰਹੇ ਹਨ। ਤਾਲਿਬਾਨ ਨੇ ਆਪਣੇ ਪਿਛਲੇ ਰਾਜ (1996 ਤੋਂ 2001) ਦੌਰਾਨ ਸ਼ਰੀਆ ਆਧਾਰਿਤ ਇਸਲਾਮਿਕ ਰਾਜ ਵਿਚ ਔਰਤਾਂ 'ਤੇ ਨਾ ਸਿਰਫ ਪੂਰੇ ਬੁਰਕੇ ਤੋਂ ਬਿਨਾ ਬਾਹਰ ਨਿਕਲਣ 'ਤੇ ਪਾਬੰਦੀ ਲਗਾ ਦਿੱਤੀ ਸੀ ਸਗੋਂ ਔਰਤਾਂ ਬੁਰਕੇ ਵਿਚ ਵੀ ਕਿਸੇ ਮਰਦ ਤੋਂ ਬਿਨਾ ਬਾਹਰ ਨਹੀਂ ਨਿਕਲ ਸਕਦੀਆਂ ਸਨ। ਬੱਚੀਆਂ ਦੀ ਪੜ੍ਹਾਈ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਤਾਲਿਬਾਨ ਸਿਪਾਹੀ ਸੜਕਾਂ 'ਤੇ ਹੰਟਰ ਲਈ ਖੜ੍ਹੇ ਹੁੰਦੇ ਸਨ ਜੋ ਇਕੱਲੀਆਂ ਜਾਂ ਬੁਰਕੇ ਦਾ ਵਿਰੋਧ ਕਰਨ ਵਾਲੀਆਂ ਔਰਤਾਂ ਦੇ ਸ਼ਰੇ ਬਾਜ਼ਾਰ ਕੋੜੇ ਮਾਰਦੇ ਸਨ। ਮੀਡੀਆ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਮਨੋਰੰਜਨ ਦੇ ਹਰ ਤਰ੍ਹਾਂ ਦੇ ਸਾਧਨਾਂ (ਗੀਤ-ਸੰਗੀਤ, ਮੂਵੀਆਂ, ਥੀਏਟਰ, ਸ਼ੋਅ, ਕਲੱਬ ਆਦਿ) 'ਤੇ ਪਾਬੰਦੀ ਸੀ। ਬੰਦਿਆਂ ਦੇ ਦਾੜ੍ਹੀ ਸ਼ੇਵ ਕਰਨ ਜਾਂ ਕੱਟਣ 'ਤੇ ਉਤਨਾ ਚਿਰ ਜੇਲ੍ਹ ਸੀ ਜਦੋਂ ਤੱਕ ਪੂਰੀ ਦਾੜ੍ਹੀ ਨਹੀਂ ਆਉਂਦੀ ਸੀ, ਹੰਟਰਾਂ ਨਾਲ ਕੁੱਟਾਪਾ ਵੱਖਰਾ ਹੁੰਦਾ ਸੀ। ਰੂਸ ਤੇ ਅਮਰੀਕਾ ਪੱਖੀ ਲੋਕਾਂ ਨੂੰ ਲੱਭ-ਲੱਭ ਕੇ ਬਾਜ਼ਾਰਾਂ ਵਿਚ ਸ਼ਰੇਆਮ ਗਲ ਵੱਢ ਕੇ ਲਾਸ਼ਾਂ ਖੰਭਿਆਂ 'ਤੇ ਲਟਕਾ ਦਿੱਤੀਆਂ ਜਾਂਦੀਆਂ ਸਨ। ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ, ਪੱਤਰਕਾਰਾਂ, ਲੇਖਕਾਂ, ਕਲਾਕਾਰਾਂ ਦੇ ਕਤਲ ਕੀਤੇ ਜਾਂਦੇ ਸਨ। ਘੱਟ-ਗਿਣਤੀ ਮੁਸਲਿਮ ਫਿਰਕਿਆਂ 'ਹਜ਼ਾਰਾ' ਤੇ 'ਸ਼ੀਆ' ਸਮੇਤ ਗੈਰ-ਮੁਸਲਿਮ ਘੱਟ-ਗਿਣਤੀ ਭਾਈਚਾਰਿਆਂ ਹਿੰਦੂਆਂ-ਸਿੱਖਾਂ ਦਾ ਜੀਣਾ ਮੁਸ਼ਕਿਲ ਹੋ ਗਿਆ ਸੀ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਿਹੜੇ ਲੋਕ ਗੈਰ-ਇਸਲਾਮਿਕ, ਬੁੱਧ ਦੇ ਬੁੱਤਾਂ ਨੂੰ ਵੀ ਬਰਦਾਸ਼ਤ ਨਹੀਂ ਕਰ ਸਕਦੇ ਸਨ, ਜਿਨ੍ਹਾਂ ਨੂੰ ਇਹ ਬੁੱਤ ਮਾਰਚ 2001 ਵਿਚ ਬੰਬਾਂ ਨਾਲ ਉਡਾ ਦਿੱਤੇ ਸਨ, ਉਨ੍ਹਾਂ ਤੋਂ ਹੋਰ ਕਿਤਨੀ ਕੁ ਆਸ ਰੱਖੀ ਜਾ ਸਕਦੀ ਹੈ? ਬੇਸ਼ਕ ਨਵੇਂ ਤਾਲਿਬਾਨ ਹਾਕਮ ਕਹਿ ਰਹੇ ਹਨ ਕਿ ਉਹ ਬਦਲ ਗਏ ਹਨ ਪਰ ਉਹ ਇਹ ਵੀ ਕਹਿ ਰਹੇ ਹਨ ਕਿ ਸਾਰਾ ਕੁਝ ਇਸਲਾਮਕ ਸ਼ਰੀਆ ਕਾਨੂੰਨ ਅਨੁਸਾਰ ਹੋਵੇਗਾ। ਇਸ ਦਾ ਕੀ ਮਤਲਬ ਲਿਆ ਜਾਵੇ? ਅਗਾਂਹ ਇਹ ਕੀ ਗੁਲ ਖਿਲਾਉਣਗੇ, ਇਹ ਤਾਂ ਸਮਾਂ ਹੀ ਦੱਸੇਗਾ। ਅਮਰੀਕਨ ਫੌਜਾਂ ਦੀ ਮੁਕੰਮਲ ਵਾਪਸੀ ਤੋਂ ਬਾਅਦ ਜਦੋਂ ਸਾਰਾ ਕੰਟਰੋਲ ਤਾਲਿਬਾਨ ਕੋਲ ਆ ਜਾਵੇਗਾ, ਫਿਰ ਹੀ ਉਨ੍ਹਾਂ ਦਾ ਅਸਲੀ ਰੰਗ ਦੁਨੀਆ ਦੇ ਸਾਹਮਣੇ ਆਵੇਗਾ।

ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਬਦਲੇ ਹਾਲਾਤ ਵਿਚ ਜਦੋਂ ਅਸੀਂ ਇਸ ਨੂੰ ਪੰਜਾਬ ਦੇ ਪ੍ਰਸੰਗ ਤੋਂ ਦੇਖਦੇ ਹਾਂ ਤਾਂ ਸਿੱਖ ਰਾਜ ਦੀ ਚਾਹਨਾ ਰੱਖਣ ਵਾਲੇ ਬਹੁਤ ਸਾਰੇ ਵਿਦਵਾਨਾਂ ਦੀਆਂ ਲਿਖਤਾਂ ਤੇ ਸੋਸ਼ਲ ਮੀਡੀਆ 'ਤੇ ਪੋਸਟਾਂ ਤੋਂ ਇਵੇਂ ਲਗਦਾ ਹੈ, ਜਿਵੇਂ ਤਾਲਿਬਾਨ ਦੇ ਆਉਣ ਨਾਲ ਖਾਲਿਸਤਾਨ ਲਈ ਰਾਹ ਖੁੱਲ੍ਹ ਗਿਆ ਹੋਵੇ। ਬਜ਼ੁਰਗ ਪੱਤਰਕਾਰ ਕਰਮਜੀਤ ਸਿੰਘ ਆਪਣੀ ਇੱਕ ਫੇਸਬੁੱਕ ਪੋਸਟ ਵਿਚ ਤਾਲਿਬਾਨ ਦੀ ਪ੍ਰਸ਼ੰਸਾ ਕਰਦੇ ਕਹਿੰਦੇ ਹਨ: '...ਬਾਕੀ ਤਾਲਿਬਾਨ ਵਰਤਾਰੇ ਤੋਂ ਸਿੱਖਣ ਵਾਲੀ ਅਹਿਮ ਗੱਲ ਰਾਜਨੀਤਕ ਸੰਗਠਨ ਤੇ ਇਸ ਦੀ ਆਰਥਿਕ ਤਾਕਤ ਨੂੰ ਦੁਸ਼ਮਣ ਤਾਕਤ ਤੋਂ ਬਚਾ ਕੇ ਦਹਾਕਿਆਂ ਤੱਕ ਜੰਗ ਜਾਰੀ ਰੱਖਣ ਦੀ ਨੀਤੀ ਹੈ।' ਕੀ ਅਫਗਾਨਿਸਤਾਨ ਜਾਂ ਤਾਲਿਬਾਨ ਦੀ ਮੌਜੂਦਾ ਪੰਜਾਬ ਦੇ ਹਾਲਾਤ ਜਾਂ ਸਿੱਖਾਂ ਨਾਲ ਕਿਸੇ ਵੀ ਪੱਖ ਤੋਂ ਤੁਲਨਾ ਕੀਤੀ ਜਾ ਸਕਦੀ ਹੈ? ਅਫਗਾਨਿਸਤਾਨ ਦਾ ਪਿਛਲੇ 40-50 ਸਾਲਾਂ ਦਾ ਸੰਤਾਪ ਅਸੀਂ ਉਪਰ ਪੜ੍ਹ ਲਿਆ ਹੈ ਕਿ ਕਿਵੇਂ ਇਹ ਦੋ ਸੁਪਰ ਪਾਵਰਾਂ ਦੇ ਭੇੜ ਦਾ ਸ਼ਿਕਾਰ ਹੋਇਆ, ਇਸ ਲੜਾਈ ਦਾ ਅਫਗਾਨਿਸਤਾਨ ਜਾਂ ਉਥੇ ਦੇ ਲੋਕਾਂ ਨਾਲ ਕੋਈ ਮਤਲਬ ਨਹੀਂ ਸੀ। ਉਨ੍ਹਾਂ ਦੀ ਧਰਤੀ ਅਤੇ ਲੋਕਾਂ ਨੂੰ ਸਿਰਫ ਵਰਤਿਆ ਗਿਆ। ਅੱਜ ਵੀ ਹਾਲਾਤ ਕੋਈ ਵੱਖਰੇ ਨਹੀਂ। ਤਾਲਿਬਾਨ ਆਪਣੀ ਤਾਕਤ ਜਾਂ ਪੈਸੇ ਨਾਲ ਨਹੀਂ, ਇਨ੍ਹਾਂ ਸੁਪਰ ਪਾਵਰਾਂ ਦੀ ਤਾਕਤ, ਪੈਸੇ ਤੇ ਨੀਤੀ ਨਾਲ ਹੀ ਲੜੇ, ਮਰੇ ਹਨ। ਇਸ ਦੇ ਮੁਕਾਬਲੇ ਪੰਜਾਬ ਵਿਚ ਕਿਸੇ ਵਿਦੇਸ਼ੀ ਛੋਟੀ ਜਾਂ ਵੱਡੀ ਤਾਕਤ ਦੀ ਕੋਈ ਰੁਚੀ ਨਹੀਂ, ਨਾ ਹੀ ਇਸ ਵਕਤ ਪੰਜਾਬ ਨੂੰ ਭੂਗੋਲਿਕ ਤੌਰ 'ਤੇ ਇੰਡੀਆ ਦੇ ਖਿਲਾਫ ਵਰਤਣ ਦੀ ਹੀ ਕਿਸੇ ਦੀ ਕੋਈ ਦਿਲਚਸਪੀ ਹੈ। ਪਾਕਿਸਤਾਨ ਥੋੜ੍ਹਾ ਬਹੁਤ ਕਸ਼ਮੀਰ ਦੇ ਨਜ਼ਰੀਏ ਤੋਂ ਸਿੱਖਾਂ ਨੂੰ ਉਤਨਾ ਕੁ ਵਰਤਣਾ ਚਾਹੁੰਦਾ ਹੈ, ਜਿਤਨੇ ਨਾਲ ਭਾਰਤ ਵਿਚ ਗੜਬੜ ਕਰ ਸਕੇ, ਇਸ ਤੋਂ ਵੱਧ ਉਸ ਦੀ ਵੀ ਸਿੱਖਾਂ ਵਿਚ ਕੋਈ ਦਿਲਚਸਪੀ ਨਹੀਂ। ਇੱਕ ਹੋਰ ਵੱਡਾ ਪੱਖ ਇਹ ਵੀ ਹੈ ਕਿ ਪੰਜਾਬ ਦੇ ਬਹੁ-ਗਿਣਤੀ ਸਿੱਖਾਂ ਦੀ ਵੀ ਕਿਸੇ ਵੱਖਰੇ ਸਿੱਖ ਰਾਜ ਵਿਚ ਕੋਈ ਦਿਲਚਸਪੀ ਨਹੀਂ ਦਿਸਦੀ। ਜਿਸ ਤਰ੍ਹਾਂ ਸ. ਕਰਮਜੀਤ ਸਿੰਘ ਨੇ ਕਿਹਾ ਹੈ ਕਿ ਸਾਨੂੰ ਤਾਲਿਬਾਨ ਵਰਤਾਰੇ ਤੋਂ ਸਿੱਖਣ ਦੀ ਲੋੜ ਹੈ, ਇਸ ਵਿਚ ਕੋਈ ਦਮ ਨਹੀਂ ਲਗਦਾ ਸਗੋਂ ਸਾਨੂੰ ਇਸ ਮਨਹੂਸ ਤੇ ਮਨੁੱਖਤਾ ਵਿਰੋਧੀ ਵਰਤਾਰੇ ਤੋਂ ਸਾਵਧਾਨ ਹੋਣ ਦੀ ਲੋੜ ਹੈ ਕਿ ਕਿਤੇ ਅਸੀਂ ਕਿਸੇ ਵਿਦੇਸ਼ੀ ਤਾਕਤ ਦੇ ਜਾਲ ਵਿਚ ਫਸ ਕੇ ਅਫਗਾਨਿਸਤਾਨ ਵਾਂਗ ਪੰਜਾਬ ਦਾ ਨੁਕਸਾਨ ਨਾ ਕਰਵਾ ਬੈਠੀਏ।

ਸਾਡੀ ਸਮਝ ਅਨੁਸਾਰ ਪੰਜਾਬ ਅਤੇ ਸਿੱਖਾਂ ਦਾ ਹਿੱਤ ਇਸ ਵਿਚ ਹੈ ਕਿ ਸਿੱਖਾਂ ਨੂੰ ਪੰਜਾਬ ਵਿਚ ਬਹੁ-ਗਿਣਤੀ ਹੋਣ ਕਰਕੇ (ਬੇਸ਼ਕ ਹੁਣ ਇਹ ਗਿਣਤੀ ਘਟ ਰਹੀ ਹੈ) ਪੰਜਾਬ ਦੇ ਦੂਜੇ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਲੋੜ ਹੈ। ਜੇ ਸਿੱਖਾਂ ਦੇ ਕਿਸੇ ਹਿੱਸੇ ਦਾ ਵੱਖਰੇ ਸਿੱਖ ਰਾਜ ਤੋਂ ਬਿਨਾ ਨਹੀਂ ਵੀ ਸਰਦਾ ਤਾਂ ਵੀ ਪੰਜਾਬ ਦੇ ਹਿੰਦੂਆਂ, ਦਲਿਤਾਂ ਤੇ ਹੋਰ ਭਾਈਚਾਰਿਆਂ ਦੇ ਸਹਿਯੋਗ ਤੋਂ ਬਿਨਾ ਕੁਝ ਵੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਸਿਰਫ ਸਿੱਖਾਂ ਦੇ ਇੱਕ ਛੋਟੇ ਜਿਹੇ ਹਿੱਸੇ ਦੀਆਂ ਵੱਖਰੇ ਰਾਜ ਦੀਆਂ ਉਮੰਗਾਂ ਕਰਕੇ ਪਿਛਲੇ 40-50 ਸਾਲਾਂ ਵਿਚ ਪੰਜਾਬ, ਖਾਸਕਰ ਸਿੱਖਾਂ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ। ਹੁਣ ਸਾਨੂੰ ਸਿਆਣਪ ਨਾਲ ਪੰਜਾਬ ਦੇ ਭਲੇ ਨੂੰ ਮੁੱਖ ਰੱਖ ਕੇ ਸੋਚਣ ਦੀ ਲੋੜ ਹੈ। ਉਂਝ ਵੀ ਸਿੱਖਾਂ ਦੇ ਮਸਲੇ ਹੁਣ ਪੰਜਾਬ ਤੋਂ ਵੀ ਉਪਰ ਗਲੋਬਲ ਬਣ ਚੁੱਕੇ ਹਨ। ਇਹ ਸਿਰਫ ਸਿੱਖਾਂ ਦੇ ਨਹੀਂ, ਸੰਸਾਰ ਦੇ ਸਾਂਝੇ ਮਸਲੇ ਹਨ।

ਅਫਗਾਨਿਸਤਾਨ ਵਿਚ ਜੋ ਵਾਪਰਿਆ ਅਤੇ ਵਾਪਰ ਰਿਹਾ ਹੈ, ਉਹ ਅਮਰੀਕਾ ਦੀ ਸਹਿਮਤੀ ਤੋਂ ਬਿਨਾ ਸੰਭਵ ਨਹੀਂ। ਤਾਲਿਬਾਨ ਨੂੰ ਬਿਨਾ ਕਿਸੇ ਵਿਰੋਧ ਦੇ ਕਾਬਜ਼ ਕਰਵਾਉਣਾ ਕਿਸੇ ਪਲੈਨ ਤੋਂ ਬਿਨਾ ਸੰਭਵ ਨਹੀਂ ਸੀ। ਅਮਰੀਕਨ ਇਥੋਂ ਕਿਸੇ ਵੀ ਕੀਮਤ 'ਤੇ ਨਿਕਲਣਾ ਚਾਹੁੰਦੇ ਸਨ, ਹੁਣ ਉਨ੍ਹਾਂ ਦੀ ਇਥੇ ਕੋਈ ਦਿਲਚਸਪੀ ਨਹੀਂ ਸੀ। ਅਮਰੀਕਾ ਅੰਦਰ ਵੀ ਰਾਜਨੀਤਕ ਤੌਰ 'ਤੇ ਕਾਫੀ ਵਿਰੋਧ ਹੋ ਰਿਹਾ ਸੀ। ਉਨ੍ਹਾਂ ਨੇ ਜੋ ਪ੍ਰਾਪਤ ਕਰਨਾ ਸੀ, ਕਰ ਲਿਆ ਪਰ ਜਿਸ ਢੰਗ ਨਾਲ ਉਹ ਨਿਕਲੇ ਹਨ, ਉਸ ਨੇ ਅਫਗਾਨਿਸਤਾਨ ਦੇ ਉਨ੍ਹਾਂ ਲੱਖਾਂ ਲੋਕਾਂ ਦੀ ਆਸ 'ਤੇ ਪਾਣੀ ਜ਼ਰੂਰ ਫੇਰ ਦਿੱਤਾ ਹੈ ਜੋ ਬਾਕੀ ਦੁਨੀਆ ਵਾਂਗ ਆਜ਼ਾਦੀ ਤੇ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਸਨ; ਜੋ ਪਿਛਲੇ 20 ਸਾਲਾਂ ਤੋਂ ਆਪਣੀਆਂ ਜਾਨਾਂ ਜੋਖਮ ਵਿਚ ਪਾ ਕੇ ਅਮਰੀਕਾ ਤੇ ਨਾਟੋ ਫੋਰਸਾਂ ਦਾ ਸਾਥ ਦੇ ਰਹੇ ਸਨ। ਹੁਣ ਤਾਲਿਬਾਨ ਕੋਲ ਉਹ ਸਭ ਅੰਕੜੇ ਵੀ ਪੁੱਜ ਚੁੱਕੇ ਹੋਣਗੇ ਕਿ ਕੌਣ ਲੋਕ ਇਨ੍ਹਾਂ ਪੱਛਮੀ ਤਾਕਤਾਂ ਦੀ ਤਾਲਿਬਾਨ ਖਿਲਾਫ ਮਦਦ ਕਰਦੇ ਸਨ? ਉਨ੍ਹਾਂ ਲੋਕਾਂ ਦੀ ਸੁਰੱਖਿਆ ਅਤੇ ਔਰਤਾਂ ਦੇ ਹੱਕਾਂ ਲਈ ਤਾਲਿਬਾਨ ਤੋਂ ਕੋਈ ਪੱਕਾ ਭਰੋਸਾ ਲਏ ਬਿਨਾ ਭੱਜਣਾ ਅਮਰੀਕਾ ਦੀ ਨੈਤਿਕ ਹਾਰ ਹੈ। ਅਮਰੀਕਾ ਨੇ ਤਾਲਿਬਾਨ ਨੂੰ ਅਫਗਾਨਿਸਤਾਨ ਦੀ ਸਾਰੀ ਤਾਕਤ ਪਲੇਟ ਵਿਚ ਰੱਖ ਕੇ ਦੇਣ ਨਾਲ ਅਫਗਾਨ ਲੋਕਾਂ ਨੂੰ ਸ਼ਰੀਅਤ ਦੇ ਨਾਮ ਹੇਠ ਸੱਤਵੀਂ-ਅੱਠਵੀਂ ਸਦੀ ਦੇ ਇਸਲਾਮਿਕ ਕਬੀਲਾ ਕਲਚਰ ਵੱਲ ਧੱਕ ਦਿੱਤਾ ਹੈ ਜਿਸ ਵਿਚੋਂ ਨਿਕਲਣ ਲਈ ਉਹ ਪਿਛਲੇ 50 ਸਾਲਾਂ ਤੋਂ ਸੰਘਰਸ਼ ਕਰ ਰਹੇ ਸਨ। ਹੁਣ ਤਾਲਿਬਾਨ ਰਾਜਨੀਤਕ ਦਾਅ-ਪੇਚ ਤੋਂ ਜਿਤਨੇ ਮਰਜ਼ੀ ਸਾਊ ਬਣਨ ਪਰ ਕੀ ਉਹ ਆਪਣੇ ਇਸਲਾਮਿਕ ਤੇ ਕੱਟੜ ਸ਼ਰੀਅਤ ਵਾਲੇ ਖਾਸੇ ਨੂੰ ਮਾਡਰਨ ਯੁਗ ਦੀਆਂ ਮਨੁੱਖੀ ਬਰਾਬਰੀ ਤੇ ਲੋਕਤੰਤਰੀ ਕਦਰਾਂ-ਕੀਮਤਾਂ ਅਨੁਸਾਰ ਛੱਡਣ ਲਈ ਤਿਆਰ ਹੋਣਗੇ?

ਅਖੀਰ ਵਿਚ, ਕੁਝ ਸਿੱਖ ਵਿਦਵਾਨ ਤਾਲਿਬਾਨ ਵਰਤਾਰੇ ਤੋਂ ਕਿਵੇਂ ਬਾਗੋ-ਬਾਗ ਹਨ, ਇਸ ਬਾਰੇ ਸ. ਕਰਮਜੀਤ ਸਿੰਘ ਦੀ ਫੇਸਬੁੱਕ 'ਤੇ ਛਪੀ ਇੱਕ ਪੋਸਟ ਵਿਚੋਂ ਕੁਝ ਲਾਈਨਾਂ ਪਾਠਕਾਂ ਦੇ ਵਿਚਾਰਨ ਲਈ ਛੱਡਦੇ ਹਾਂ: 'ਮੇਰੀ ਬੇਨਤੀ ਹੈ ਕਿ ਤਾਲਿਬਾਨ ਵਰਤਾਰੇ ਨੂੰ ਚੌਕਸ ਰਹਿ ਕੇ ਹਮਦਰਦੀ ਨਾਲ ਦੇਖਿਆ ਜਾਵੇ ਕਿਉਂਕਿ ਜਨੂਨ, ਸਿਰੜ, ਸਿਦਕ-ਦਿਲੀ ਤੇ ਨਿਸ਼ਾਨੇ ਉਤੇ ਕਾਇਮ ਰਹਿਣ ਦੀ ਜੋ ਦ੍ਰਿੜਤਾ ਉਨ੍ਹਾਂ ਨੇ ਦਿਖਾਈ ਹੈ, ਉਸ ਤੋਂ ਸਿੱਖਾਂ ਨੂੰ ਸਬਕ ਸਿੱਖਣ ਦੀ ਲੋੜ ਹੈ ਹਾਲਾਂਕਿ ਇਹ ਬਰਕਤਾਂ ਪਵਿੱਤਰ ਰੂਪ ਵਿਚ ਸਾਡੇ ਇਤਿਹਾਸ ਅੰਦਰ ਪਹਿਲਾਂ ਵੀ ਸਾਕਾਰ ਹੁੰਦੀਆਂ ਰਹੀਆਂ ਹਨ। ਸਾਨੂੰ ਇਸ ਪੱਖ ਤੋਂ ਵਿਚਾਰਨ ਦੀ ਲੋੜ ਹੈ ਤਾਂ ਜੋ ਖਾਲਸਾ ਪੰਥ ਵਿਚ ਉਚ ਕੋਟੀ ਦੇ ਗਿਆਨ ਦਾ ਅੰਮ੍ਰਿਤ ਵੇਲਾ ਸਾਡੇ ਆਕਾਸ਼ ਉਤੇ ਵੀ ਚੜ੍ਹ ਸਕੇ। ਸਾਡੇ ਬਹੁਤੇ ਲੋਕ ਬੇਖਬਰ ਹਨ ਪਰ ਉਹ ਇਹ ਨਹੀਂ ਜਾਣਦੇ ਕਿ ਇਤਿਹਾਸ ਕਦੇ-ਕਦੇ ਉਲਟੀ ਰਫਤਾਰ ਵੀ ਫੜ ਲੈਂਦਾ ਹੈ ਜੋ ਕਦੇ ਸਾਡੇ ਸੁਪਨਿਆਂ ਵਿਚ ਵੀ ਨਹੀਂ ਆਉਂਦੀ...?'

###

# ਅਫਗਾਨੀ ਅਤੇ ਹਿੰਦੁਸਤਾਨੀ ਲੋਕ ਮੁਸੀਬਤ ਦੇ ਮੂੰਹ ਪਏ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਫਗਾਨਿਸਤਾਨ ਵਿਚ ਤਾਲਿਬਾਨ ਦੀ ਚੜ੍ਹਤ ਦਾ ਦੌਰ ਏਨੀ ਛੇਤੀ ਸਾਡੇ ਭਾਰਤ ਦੇ ਲੋਕਾਂ ਲਈ ਵੀ ਚਿੰਤਾ ਦਾ ਸਬੱਬ ਬਣ ਜਾਵੇਗਾ, ਇਹ ਗੱਲ ਕਦੀ ਕਿਸੇ ਨੇ ਨਹੀਂ ਸੀ ਸੋਚੀ। ਅਮਰੀਕਾ ਦੀ ਹਕੂਮਤ ਆਪਣੇ ਨਿਊ ਯਾਰਕ ਸ਼ਹਿਰ ਦੇ ਵਰਲਡ ਟਰੇਡ ਸੈਂਟਰ ਦੇ ਦੋ ਟਾਵਰਾਂ ਉੱਤੇ ਜਹਾਜ਼ ਮਾਰੇ ਜਾਣ ਦੀ ਘਟਨਾ ਪਿੱਛੋਂ ਜਦੋਂ ਅਫਗਾਨਿਸਤਾਨ ਵਿਚ ਤਾਲਿਬਾਨ ਨੂੰ ਕੁੱਟਣ ਲਈ ਨਿਕਲੀ ਤਾਂ ਨਾ ਖੁਦ ਉਸ ਨੂੰ ਪਤਾ ਸੀ ਕਿ ਉਹ ਮੁਸੀਬਤ ਦੇ ਲੰਮੇ ਚੱਕਰ ਵਿਚ ਫਸਣ ਲੱਗੀ ਹੈ, ਨਾ ਉਸ ਦੀ ਹਮਾਇਤ ਕਰਨ ਵਾਲਿਆਂ ਨੂੰ ਇਸ ਦਾ ਅਹਿਸਾਸ ਸੀ। ਉਦੋਂ ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਇਹ ਕਹਿਣ ਨੂੰ ਦੇਰ ਨਹੀਂ ਸੀ ਕੀਤੀ ਕਿ ਭਾਰਤ ਦਾ ਬੱਚਾ-ਬੱਚਾ ਇਸ ਜੰਗ ਵਿਚ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਦੇ ਨਾਲ ਖੜ੍ਹਾ ਹੈ, ਉਹ ਚਾਹੁਣ ਤਾਂ ਸਾਡੇ ਹਵਾਈ ਅੱਡੇ ਵੀ ਵਰਤ ਸਕਦੇ ਹਨ ਅਤੇ ਵਾਜਪਾਈ ਦੀ ਪੇਸ਼ਕਸ਼ ਵਾਂਗ ਬੁਸ਼ ਨੇ ਵੀ ਕਾਹਲੀ ਵਿਚ ਪਾਕਿਸਤਾਨ ਦੇ ਹਵਾਈ ਅੱਡੇ ਤੇ ਛਾਉਣੀਆਂ ਵਰਤਣ ਦਾ ਮਨ ਬਣਾ ਕੇ ਭੁੱਲ ਕੀਤੀ ਸੀ। ਪਾਕਿਸਤਾਨ ਦੀ ਉਦੋਂ ਵਾਲੀ ਸਰਕਾਰ ਵੀ ਅਤੇ ਉਦੋਂ ਬਾਅਦ ਦੀ ਹਰ ਸਰਕਾਰ ਵੀ ਆਪਣੀਆਂ ਛਾਉਣੀਆਂ ਅਤੇ ਹਵਾਈ ਅੱਡੇ ਦੇਣ ਦੇ ਬਹਾਨੇ ਅਮਰੀਕਾ ਨੂੰ ਬੇਵਕੂਫ ਬਣਾ ਕੇ ਨਾਲੇ ਡਾਲਰਾਂ ਦੀਆਂ ਪੰਡਾਂ ਲੈਂਦੀ ਰਹੀ ਤੇ ਨਾਲੇ ਉਨ੍ਹਾਂ ਦੇ ਦੁਸ਼ਮਣ ਤਾਲਿਬਾਨ ਨੂੰ ਲੁਕਾਉਂਦੀ, ਬਚਾਉਂਦੀ ਅਤੇ ਪਾਲਦੀ ਰਹੀ। ਜਦੋਂ ਉਹ ਫਸ ਗਏ ਤਾਂ ਉਨ੍ਹਾਂ ਨੇ ਆਪਣੇ ਕੋਲ ਲੁਕਾਏ ਓਸਾਮਾ ਬਿਨ ਲਾਦੇਨ ਨੂੰ ਮਾਰਨ ਲਈ ਅਮਰੀਕਾ ਨੂੰ ਸਹਿਮਤੀ ਦੇ ਦਿੱਤੀ, ਪਰ ਅਮਰੀਕਾ ਦੇ ਦੂਸਰੇ ਸਭ ਤੋਂ ਅਹਿਮ ਦੁਸ਼ਮਣ ਮੁੱਲਾਂ ਉਮਰ ਦਾ ਆਪਣੇ ਫੌਜੀ ਹਸਪਤਾਲ ਵਿਚ ਇਲਾਜ ਕਰਾਉਂਦੀ ਰਹੀ ਤੇ ਉਸ ਦੇ ਮਰਨ ਮਗਰੋਂ ਦੋ ਸਾਲ ਅਮਰੀਕਾ ਸਣੇ ਦੁਨੀਆਂ ਤੋਂ ਉਸ ਦੀ ਮੌਤ ਦੀ ਖਬਰ ਵੀ ਲੁਕਾਈ ਰੱਖੀ। ਇਹੀ ਨਹੀਂ, ਜਦੋਂ ਇੱਕ ਵਾਰੀ ਇਸ ਸਮੱਸਿਆ ਦੇ ਹੱਲ ਲਈ ਅਮਰੀਕਾ ਨੇ ਤਾਲਿਬਾਨ ਦੇ ਇੱਕ ਧੜੇ ਦੇ ਆਗੂ ਮੁੱਲਾਂ ਬਿਰਾਦਰ ਨਾਲ ਗੱਲਬਾਤ ਚਲਾਈ ਤਾਂ ਪਾਕਿਸਤਾਨ ਸਰਕਾਰ ਨੇ ਮੁੱਲਾਂ ਬਿਰਾਦਰ ਨੂੰ ਅਚਾਨਕ ਗ੍ਰਿਫਤਾਰ ਕਰ ਕੇ ਉਨ੍ਹਾਂ ਦੀ ਕੋਸ਼ਿਸ਼ ਫੇਲ੍ਹ ਵੀ ਕਰ ਦਿੱਤੀ ਸੀ। ਅਮਰੀਕਾ ਤੇ ਤਾਲਿਬਾਨ ਦਾ ਤਾਜ਼ਾ ਸਮਝੌਤਾ ਵੀ ਉਦੋਂ ਹੀ ਸਿਰੇ ਚੜ੍ਹ ਸਕਿਆ ਸੀ, ਜਦੋਂ ਇਸ ਦੀ ਵਾਰਤਾ ਦੇ ਸਾਰੇ ਚੱਕਰਾਂ ਵਿਚ ਪਾਕਿਸਤਾਨ ਨੂੰ ਸ਼ਾਮਲ ਕੀਤਾ ਗਿਆ ਤੇ ਸਭ ਨੂੰ ਇਹ ਵੀ ਪਤਾ ਹੈ ਕਿ ਇਸ ਵਕਤ ਅਫਗਾਨਿਸਤਾਨ ਵਿਚ ਤਾਲਿਬਾਨ ਦੇ ਬਹਾਨੇ ਅਸਲ ਵਿਚ ਪਾਕਿਸਤਾਨ ਦੀ ਖੁਫੀਆ ਏਜੰਸੀ ਦੇ ਮੋਹਰਿਆਂ ਦਾ ਕਬਜ਼ਾ ਕਰਾਇਆ ਗਿਆ ਹੈ। ਅੱਗੋਂ ਪਾਕਿਸਤਾਨ ਦੀ ਖੇਡ ਖਰਾਬ ਕਰਨ ਵਾਲੀ ਨਵੀਂ ਤਾਕਤ ਅਫਗਾਨਿਸਤਾਨ ਵਿਚ ਉੱਠ ਖੜੋਤੀ ਹੈ, ਜਿਸ ਤੋਂ ਅਮਰੀਕਾ ਦੇ ਨਾਲ ਭਾਰਤ ਦੀ ਚਿੰਤਾ ਵੀ ਹੋਰ ਵਧੇਗੀ।

ਬੀਤੀ ਛੱਬੀ ਅਗਸਤ ਦੀ ਸ਼ਾਮ ਨੂੰ ਅਫਗਾਨਿਸਤਾਨ ਦੇ ਕਾਬੁਲ ਹਵਾਈ ਅੱਡੇ ਕੋਲ ਜਦੋਂ ਬੰਬ ਧਮਾਕੇ ਹੋਏ ਅਤੇ ਇੱਕ ਸੌ ਤੋਂ ਵੱਧ ਲੋਕ ਮਾਰੇ ਗਏ ਤਾਂ ਆਪਣਾ ਪੱਲਾ ਸਾਫ ਦੱਸਣ ਲਈ ਪਹਿਲਾ ਬਿਆਨ ਤਾਲਿਬਾਨ ਨੇ ਦਿੱਤਾ ਕਿ ਉਨ੍ਹਾਂ ਕੁਝ ਨਹੀਂ ਕੀਤਾ। ਕੁਝ ਦੇਰ ਬਾਅਦ ਆਈ. ਐੱਸ. ਕੇ. (ਇਸਲਾਮਿਕ ਸਟੇਟ ਆਫ ਖੁਰਾਸਾਨ) ਦਾ ਬਿਆਨ ਆ ਗਿਆ ਕਿ ਇਹ ਵਾਰਦਾਤ ਉਨ੍ਹਾਂ ਕੀਤੀ ਹੈ ਤਾਂ ਇਸ ਤੋਂ ਕਈ ਕੁਝ ਅਚਾਨਕ ਹੋਰ ਚੇਤੇ ਕਰਨਾ ਪੈ ਗਿਆ। ਦੁਨੀਆਂ ਇਹ ਜਾਣਦੀ ਹੈ ਕਿ ਓਸਾਮਾ ਬਿਨ ਲਾਦੇਨ ਦੀ ਸ਼ਾਗਿਰਦੀ ਵਿਚ ਅਤਿਵਾਦ ਦੀ ਪੜ੍ਹਾਈ ਪੜ੍ਹੇ ਅਬੂ ਬਕਰ ਅਲ ਬਗਦਾਦੀ ਨੇ ਸਾਲ 2014 ਵਿਚ ਆਪਣੇ ਆਪ ਨੂੰ ਖਲੀਫਾ ਐਲਾਨਿਆ ਅਤੇ ਇਸਲਾਮਿਕ ਸਟੇਟ ਆਫ ਇਰਾਕ ਅਤੇ ਸੀਰੀਆ (ਆਈ. ਐੱਸ. ਆਈ. ਐੱਸ.) ਵਾਲੀ ਫੌਜ ਖੜ੍ਹੀ ਕਰ ਕੇ ਸੰਸਾਰ ਮਹਾਂ-ਸ਼ਕਤੀਆਂ ਨੂੰ ਭਾਜੜਾਂ ਪਾ ਦਿੱਤੀਆਂ ਸਨ। ਜਦੋਂ ਸੰਸਾਰ ਤਾਕਤਾਂ ਨਾਲ ਭੇੜ ਵਿਚ ਉਹ ਕਮਜ਼ੋਰ ਪਿਆ ਤਾਂ ਉਸ ਨੇ ਆਪਣੇ ਲੜਾਕੂਆਂ ਨੂੰ ਸਾਰੇ ਸੰਸਾਰ ਵਿਚ ਖਿੱਲਰ ਜਾਣ ਨੂੰ ਕਿਹਾ ਸੀ, ਪਰ ਬਹੁਤਾ ਕਰ ਕੇ ਉਸ ਦੀ ਧਾੜ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਰਾਜ ਵਿਚ ਆਣ ਵੜੀ ਸੀ, ਜਿੱਧਰ ਪਹਿਲਾਂ ਤਾਲਿਬਾਨ ਅੱਡੇ ਬਣਾ ਕੇ ਅਮਰੀਕਾ ਵਿਰੁੱਧ ਅਫਗਾਨਿਸਤਾਨ ਦੀ ਲੜਾਈ ਲੜਦੇ ਪਏ ਸਨ। ਦਹਿਸ਼ਤਗਰਦਾਂ ਦੀਆਂ ਇਨ੍ਹਾਂ ਦੋਹਾਂ ਧਿਰਾਂ ਦਾ ਉਥੇ ਆਪਸ ਵਿਚ ਸਰਦਾਰੀ ਦਾ ਆਢਾ ਸ਼ੁਰੂ ਹੋ ਗਿਆ, ਜਿਹੜਾ ਅਜੇ ਵੀ ਚੱਲਦਾ ਹੈ ਤੇ ਕਾਬੁਲ ਦੇ ਬੰਬ ਧਮਾਕਿਆਂ ਦੀ ਵਾਰਦਾਤ ਤੀਕ ਵੀ ਆਣ ਪੁੱਜਾ ਹੈ। ਇਥੇ ਆ ਕੇ ਤਾਲਿਬਾਨ ਤੇ ਅਮਰੀਕਾ ਦੀ ਸਾਂਝ ਦੇ ਚਰਚੇ ਸੁਣਨ ਲੱਗੇ ਹਨ।

ਜਦੋਂ ਆਈ. ਐੱਸ. ਆਈ. ਐੱਸ. ਵਾਲੇ ਇਰਾਕ ਅਤੇ ਸੀਰੀਆ ਤੋਂ ਭੱਜ ਕੇ ਪਾਕਿਸਤਾਨੀ ਖੇਤਰ ਵਿਚ ਆ ਕੇ ਟਿਕਣ ਵਿਚ ਕਾਮਯਾਬ ਹੋ ਗਏ ਤਾਂ ਉਨ੍ਹਾਂ ਨੇ ਨਵੀਂ ਫੋਰਸ 'ਆਈ. ਐੱਸ. ਕੇ.' (ਇਸਲਾਮਿਕ ਸਟੇਟ ਆਫ ਖੁਰਾਸਾਨ) ਬਣਾਈ ਸੀ। ਖੁਰਾਸਾਨ ਇੱਕ ਬਹੁਤ ਲੰਮਾ ਇਲਾਕਾ ਹੈ, ਜਿਸ ਵਿਚ ਇਰਾਨ ਦਾ ਉੱਤਰ ਪੂਰਬ ਦਾ ਸਾਰਾ ਖੇਤਰ, ਅਫਗਾਨਿਸਤਾਨ ਦੇ ਹੇਰਾਤ, ਬਲਖ ਅਤੇ ਬੁਖਾਰਾ ਤੋਂ ਕਾਬੁਲ ਦੇ ਅਗਾਂਹ ਹਿੰਦੂਕੁਸ਼ ਪਰਬਤ ਤੱਕ ਅਤੇ ਤੁਰਕਮੇਨਿਸਤਾਨ, ਤਾਜਿਕਸਤਾਨ ਅਤੇ ਉਜ਼ਬੇਕਿਸਤਾਨ ਦਾ ਕੁਝ ਹਿੱਸਾ ਵੀ ਗਿਣਿਆ ਜਾਂਦਾ ਹੈ। ਕਦੀ ਇਰਾਕ ਅਤੇ ਸੀਰੀਆ ਤੋਂ ਬਾਅਦ ਲੇਵਾਂਤ (ਜਿਸ ਵਿਚ ਇਰਾਕ ਤੇ ਸੀਰੀਆ ਦੇ ਨਾਲ ਲੇਬਨਾਨ, ਜਾਰਡਨ ਅਤੇ ਇਸਰਾਈਲ ਦੇ ਇਲਾਕੇ ਤੱਕ ਗਿਣੇ ਜਾਂਦੇ ਹਨ) ਵੱਲ ਮਾਰ ਕਰਨ ਦੀ ਸੋਚ ਵਾਲਾ ਆਈ. ਐੱਸ. ਆਈ. ਐੱਸ. ਆਪਣੇ ਨਵੇਂ ਰੂਪ ਆਈ. ਐੱਸ. ਕੇ. ਵਾਲੇ ਝੰਡੇ ਹੇਠ ਪੁਰਾਣੇ ਜ਼ਮਾਨੇ ਦੇ ਖੁਰਾਸਾਨ ਉੱਤੇ ਇਸਾਲਾਮੀ ਝੰਡਾ ਝੁਲਾਉਣ ਦੇ ਐਲਾਨ ਕਰਨ ਲੱਗ ਪਿਆ। ਆਈ. ਐੱਸ. ਦੇ ਖਲੀਫਾ ਅਬੂ ਬਕਰ ਅਲ ਬਗਦਾਦੀ ਦੇ ਬਾਅਦ ਇਸ ਦਾ ਨਵਾਂ ਆਗੂ ਹਾਫਿਜ਼ ਸਈਦ ਖਾਨ ਬਣਿਆ ਸੀ, ਜਿਹੜਾ ਸਾਲ 2015 ਵਿਚ ਮਾਰਿਆ ਗਿਆ ਸੁਣਿਆ ਸੀ ਅਤੇ ਉਸ ਤੋਂ ਬਾਅਦ ਇਸ ਗਰੁੱਪ ਦਾ ਸੁਪਰੀਮ ਲੀਡਰ ਅਸਲਮ ਫਾਰੂਕੀ ਦੱਸਿਆ ਜਾਂਦਾ ਹੈ।

ਇਥੋਂ ਆਣ ਕੇ ਇੱਕ ਗੱਲ ਪਿਛਲੇ ਸਾਲ ਮਾਰਚ ਵਿਚ ਕਾਬੁਲ ਦੇ ਗੁਰਦੁਆਰਾ ਗੁਰੂ ਹਰ ਰਾਏ ਸਾਹਿਬ ਵਿਚ ਹੋਏ ਅਤਿਵਾਦੀ ਹਮਲੇ ਤੇ ਪੰਝੀ ਤੋਂ ਵੱਧ ਸਿੱਖਾਂ ਦੇ ਮਾਰੇ ਜਾਣ ਦੀ ਚੇਤੇ ਆਉਂਦੀ ਹੈ। ਉਹ ਹਮਲਾ ਤਾਲਿਬਾਨ ਦਾ ਨੇੜਲਾ ਮੰਨੇ ਜਾਂਦੇ ਹੱਕਾਨੀ ਨੈੱਟਵਰਕ ਦਾ ਕੰਮ ਸਮਝਿਆ ਗਿਆ ਸੀ, ਪਰ ਪਿੱਛੋਂ ਪਤਾ ਲੱਗਾ ਕਿ ਇਸ ਹਮਲੇ ਦਾ ਮੁੱਖ ਸਾਜਿਸ਼ ਕਰਤਾ ਅਸਲਮ ਫਾਰੂਕੀ ਸੀ, ਜਿਹੜਾ ਕੁਝ ਸਮਾਂ ਬਾਅਦ ਫੜੇ ਜਾਣ ਪਿੱਛੋਂ ਉਦੋਂ ਤੋਂ ਜੇਲ੍ਹ ਵਿਚ ਸੀ। ਇਹ ਗੱਲ ਲਗਾਤਾਰ ਸੁਣਨ ਨੂੰ ਮਿਲਦੀ ਰਹੀ ਕਿ ਅਸਲਮ ਫਾਰੂਕੀ ਜੇਲ੍ਹ ਵਿਚੋਂ ਵੀ ਆਪਣੇ ਆਈ. ਐੱਸ. ਕੇ. ਗਰੁੱਪ ਨੂੰ ਕਮਾਂਡ ਕਰਦਾ ਤੇ ਭਾਰਤ ਵਿਚ ਜੰਮੂ-ਕਸ਼ਮੀਰ ਤੱਕ ਵਾਰਦਾਤਾਂ ਕਰਵਾਉਂਦਾ ਹੈ। ਜਦੋਂ ਪਿਛਲੇ ਦਿਨੀਂ ਤਾਲਿਬਾਨ ਨੇ ਅਫਗਾਨਿਸਤਾਨ ਉੱਤੇ ਕਬਜ਼ਾ ਕੀਤਾ ਤਾਂ ਕਾਹਲੀ ਵਿਚ ਜੇਲ੍ਹਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ, ਪਰ ਇਹ ਚੇਤੇ ਨਹੀਂ ਰੱਖਿਆ ਕਿ ਉਨ੍ਹਾਂ ਦਾ ਕੱਟੜ ਵਿਰੋਧੀ ਅਸਲਮ ਫਾਰੂਕੀ ਵੀ ਨਿਕਲ ਸਕਦਾ ਹੈ। ਤਾਲਿਬਾਨ ਨਾਲ ਸਰਦਾਰੀ ਦੀ ਜੰਗ ਵਿਚ ਹਰ ਹੱਦ ਪਾਰ ਕਰਨ ਲਈ ਤਿਆਰ ਸਮਝਿਆ ਜਾਂਦਾ ਅਸਲਮ ਫਾਰੂਕੀ ਜਦੋਂ ਜੇਲ੍ਹ ਤੋਂ ਨਿਕਲਿਆ ਤਾਂ ਅਫਗਾਨਿਸਤਾਨ ਦੀ ਹਕੂਮਤ ਤਾਲਿਬਾਨ ਦੇ ਪੱਕੇ ਪੈਰੀਂ ਸੰਭਾਲਣ ਤੋਂ ਪਹਿਲਾਂ ਕਾਬੁਲ ਏਅਰ ਪੋਰਟ ਦੀ ਵਾਰਦਾਤ ਕਰਵਾ ਕੇ ਤਾਲਿਬਾਨ ਦੇ ਨਾਲ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਟੀਮ ਨੂੰ ਸੋਚੀਂ ਪਾ ਦਿੱਤਾ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਚੱਲ ਨਿਕਲੀ ਹੈ ਕਿ ਅਫਗਾਨਿਸਤਾਨ ਤੋਂ ਫੌਜ ਕੱਢਣ ਦਾ ਰਾਸ਼ਟਰਪਤੀ ਜੋਅ ਬਾਇਡਨ ਦਾ ਫੈਸਲਾ ਵੱਡੇ ਖਰਚਿਆਂ ਜਾਂ ਆਪਣੇ ਦੇਸ਼ ਦੇ ਫੌਜੀ ਜਵਾਨਾਂ ਦੀਆਂ ਜਾਨਾਂ ਬਚਾਉਣ ਦੀ ਕਾਹਲੀ ਦੇ ਕਾਰਨ ਨਹੀਂ ਸੀ ਲਿਆ ਗਿਆ, ਅਸਲ ਵਿਚ ਅੱਜ ਕੱਲ੍ਹ ਇੱਕ ਸਾਂਝਾ ਦੁਸ਼ਮਣ ਆਈ. ਐੱਸ. ਕੇ. ਉੱਭਰਦਾ ਵੇਖ ਕੇ ਤਾਲਿਬਾਨ ਅਤੇ ਅਮਰੀਕਾ ਵਿਚਾਲੇ ਅੰਦਰ-ਖਾਤੇ ਗਿੱਟਮਿੱਟ ਹੋਣ ਪਿੱਛੋਂ ਚੁੱਕਿਆ ਗਿਆ ਕਦਮ ਸੀ।

ਅਮਰੀਕਾ ਵੱਲ ਇਸ ਦੌਰਾਨ ਤਾਲਿਬਾਨ 'ਸਾਫਟ' (ਨਰਮ) ਹੋ ਗਿਆ ਜਾਂ ਤਾਲਿਬਾਨ ਵੱਲ ਅਮਰੀਕੀ ਹਕੂਮਤ ਦੇ ਆਗੂ ਡੋਨਾਲਡ ਟਰੰਪ ਅਤੇ ਜੋਅ ਬਾਇਡਨ ਮੁੜ ਇਰਾਕ ਅਤੇ ਸੀਰੀਆ ਵਰਗੀ ਉਲਝਵੀਂ ਜੰਗ ਵਿਚ ਫਸਣ ਦੇ ਡਰ ਕਾਰਨ ਸਾਫਟ ਹੋਏ ਸਨ, ਦੋਵੇਂ ਤਰ੍ਹਾਂ ਇਨ੍ਹਾਂ ਦੋਵਾਂ ਧਿਰਾਂ ਦੀ ਨਰਮੀ ਦੀ ਗੱਲ ਚਰਚਾ ਵਿਚ ਹੈ। ਜਿਹੜੇ ਜੋਅ ਬਾਇਡਨ ਨੂੰ ਕਾਬੁਲ ਉੱਤੇ ਤਾਲਿਬਾਨ ਦੇ ਕਬਜ਼ੇ ਕਾਰਨ ਹਰ ਪਾਸੇ ਤੋਂ ਦੋਸ਼ੀ ਕਰਾਰ ਦਿੱਤਾ ਜਾ ਰਿਹਾ ਸੀ, ਅਚਾਨਕ ਉਸੇ ਬਾਇਡਨ ਦੇ ਇਸ ਕਦਮ ਨੂੰ ਇੱਕ ਵੱਡੀ ਜੰਗ ਖੁਦ ਪਾਸੇ ਹੋ ਕੇ ਤਾਲਿਬਾਨ ਤੇ ਉਨ੍ਹਾਂ ਦੇ ਪਿੱਛੇ ਖੜ੍ਹੇ ਪਾਕਿਸਤਾਨ ਦੇ ਗਲ ਪਾ ਦੇਣ ਵਾਲਾ ਆਗੂ ਕਿਹਾ ਜਾਣ ਲੱਗਾ ਹੈ। ਇਹ ਗੱਲ ਕਿਸੇ ਹੱਦ ਤੱਕ ਠੀਕ ਵੀ ਹੋ ਸਕਦੀ ਹੈ, ਨਹੀਂ ਵੀ, ਪਰ ਇੱਕ ਗੱਲ ਪੱਕੀ ਮੰਨਣ ਵਾਲੀ ਹੈ ਕਿ ਜੋਅ ਬਾਇਡਨ ਦੀ ਇਸ ਤਾਲਿਬਾਨੀ ਕਾਰਸਤਾਨੀ ਨੇ ਅਫਗਾਨੀ ਲੋਕਾਂ ਨੂੰ ਹੀ ਨਹੀਂ, ਹਿੰਦੁਸਤਾਨ ਦੇ ਲੋਕਾਂ ਤੇ ਆਗੂਆਂ ਨੂੰ ਵੀ ਚਿਤਵਣੀ ਲਾ ਦਿੱਤੀ ਹੈ। ਅਗਲੇ ਸਾਲ ਏਧਰ ਦੇ ਦੇਸ਼ਾਂ ਲਈ ਫਿਕਰਮੰਦੀ ਵਾਲੇ ਹਨ।

# ਤਾਲਿਬਾਨ ਦੀ ਜਿੱਤ ਅਤੇ ਜਿਹਾਦ ਦਾ ਕਿਣਕਾ

## ਭਖਦੇ ਮਸਲੇ

ਸਵਾਮੀਨਾਥਨ ਅੰਕਲੇਸਰੀਆ ਅਈਯਰ
ਅਨੁਵਾਦ: ਗੁਰਬਚਨ ਸਿੰਘ
ਫੋਨ: 91-98156-98451

ਤਾਲਿਬਾਨ ਸਾਹਮਣੇ ਅਫਗਾਨਿਸਤਾਨ ਦੇ ਏਨੀ ਤੇਜੀ ਨਾਲ ਢਹਿ ਜਾਣ ਨੇ ਇਕ-ਦੂਜੇ ਦੇ ਸਿਰ ਦੋਸ਼ ਮੜਨ ਨੂੰ ਤੇਜ ਕਰ ਦਿੱਤਾ ਹੈ, ਜਦੋਂ ਕਿ ਤਾਲਿਬਾਨ ਪਿਛਲੇ ਇਕ ਦਹਾਕੇ ਤੋਂ ਅੱਗੇ ਵਧ ਰਹੇ ਸਨ ਅਤੇ ਅਮਰੀਕਾ ਪਿੱਛੇ ਹਟ ਰਿਹਾ ਸੀ। ਸਿਰਫ ਅੰਤਿਮ ਜਿੱਤ ਦੀ ਚਾਲ ਹੀ ਹੈਰਾਨੀਜਨਕ ਹੈ।

ਤਾਲਿਬਾਨ ਨੂੰ ਭਾਵੇਂ ਪਾਕਿਸਤਾਨ ਦੀ ਹਮਾਇਤ ਹਾਸਲ ਸੀ, ਪਰ ਬਿਨਾ ਸ਼ੱਕ ਤਾਲਿਬਾਨ ਅਫਗਾਨਿਸਤਾਨ ਦੀ ਆਪਣੀ ਪੈਦਾਇਸ਼ ਹੈ। ਫਿਰ ਵੀ ਹਮੇਸ਼ਾ ਤਾਲਿਬਾਨ ਆਪਣੇ ਆਪ ਨੂੰ ਆਲਮੀ ਇਸਲਾਮੀ ਉਭਾਰ ਦੇ ਅੰਗ ਵਜੋਂ ਵੇਖਦੇ ਆ ਰਹੇ ਹਨ। ਇਸਲਾਮੀ ਉਭਾਰ ਦੇ ਵਿਚਾਰ ਦੇ ਪ੍ਰਗਟ ਹੋਣ ਦਾ ਸਮਾਂ ਫਿਰ ਆ ਗਿਆ ਹੈ; ਕਿਉਂਕਿ ਦੋਵੇਂ ਕਿਸਮ ਦੀਆਂ ਸਰਕਾਰਾਂ ਜਮਹੂਰੀ ਅਤੇ ਤਾਨਾਸ਼ਾਹ ਕੁਰਪਟ, ਵਹਿਸ਼ਤ ਦੀ ਹੱਦ ਤੱਕ ਲੋਕ ਸਰੋਕਾਰਾਂ ਪ੍ਰਤੀ ਉਦਾਸੀਨ ਅਤੇ ਮੁਸਲਿਮ ਜਗਤ ਵਿਚ ਲੋਕਾਂ ਦੀ ਬੇਭਰੋਸਗੀ ਦਾ ਸ਼ਿਕਾਰ ਹਨ। ਇਸੇ ਕਰ ਕੇ ਧਾਰਮਿਕ ਮੂਲਵਾਦ ਦੀ ਸ਼ੁਧਤਾ ਅਤੇ ਜਿਹਾਦ ਲਈ ਖਿੱਚ ਬੜੀ ਤੇਜੀ ਨਾਲ ਵਧੀ ਹੈ ਅਤੇ ਆਲਮੀ ਇਸਲਾਮ ਦੀਆਂ ਇਤਿਹਾਸਕ ਜੜ੍ਹਾਂ ਉਤੇ ਪ੍ਰਫੁਲਿਤ ਹੋਈ ਹੈ।

ਪੱਛਮ ਦਾ ਪਤਨ ਅਤੇ ਪੱਛਮ ਪ੍ਰਤੀ ਬਣੇ ਭਰਮਾਂ ਦਾ ਟੁੱਟਣਾ ਤੇ ਅਫਰੀਕਾ ਵਿਚ ਇਸਲਾਮੀ ਜਿਹਾਦ ਦਾ ਉਭਾਰ ਅਫਗਾਨਿਸਤਾਨ ਜਿੰਨਾ ਹੀ ਸਪਸ਼ਟ ਹੈ। ਫਰਾਂਸੀਸੀ ਅਤੇ ਯੂਰਪੀ ਫੌਜਾਂ ਅਫਰੀਕਾ ਵਿਚ ਜਹਾਦੀਆਂ ਨੂੰ ਕੁਚਲਣ ਦੇ ਆਪਣੇ ਦਹਾਕੇ ਭਰ ਦੇ ਯਤਨਾਂ ਵਿਚ ਸਫਲ ਨਹੀਂ ਹੋ ਸਕੀਆਂ। ਫਰਾਂਸ ਦੇ 5100 ਫੌਜੀ ਉਸ ਦੀਆਂ ਪੰਜ ਪੁਰਾਣੀਆਂ ਬਸਤੀਆਂ ਮਾਲੀ, ਮੌਰੀਤਾਨੀਆ, ਬੁਰਕੀਨਾ ਫਾਸੋ, ਨਿਗਰ ਅਤੇ ਚਾਡ ਵਿਚ ਤਾਇਨਾਤ ਹਨ। ਫਰਾਂਸ ਦਾ ਪ੍ਰਧਾਨ ਮੈਕਰੋਨ ਕਦੇ ਖਤਮ ਨਾ ਹੋਣ ਵਾਲੀ ਇਸ ਜੰਗ ਤੋਂ ਤੰਗ ਆ ਕੇ ਫੌਜੀਆਂ ਦੀ ਘਰ ਵਾਪਸੀ ਦਾ ਵਾਅਦਾ ਕਰ ਚੁਕਾ ਹੈ ਅਤੇ ਬਾਕੀ ਯੂਰਪੀ ਦੇਸ਼ਾਂ ਅਤੇ ਅਫਰੀਕਨਾਂ ਨੂੰ ਇਨ੍ਹਾਂ ਫੌਜੀਆਂ ਦੀ ਥਾਂ ਭਰਨ ਲਈ ਕਹਿ ਰਿਹਾ ਹੈ।

ਉਸ ਦੀ ਸਭ ਤੋਂ ਮੰਦੀ ਹਾਲਤ ਮਾਲੀ ਵਿਚ ਹੈ। ਜਿਥੇ ਗੱਦਾਫੀ ਦੀ ਮੌਤ ਤੋਂ ਬਾਅਦ ਦੇਸ਼ ਵਿਚੋਂ ਕੱਢੇ ਗਏ ਲਿਬੀਅਨ ਜਿਹਾਦੀ ਸਥਾਨਕ ਜਿਹਾਦੀਆਂ ਨਾਲ ਮਿਲ ਗਏ ਹਨ। ਜਿਹਾਦੀਆਂ ਨੇ ਟਿੰਬੁਕਟੂ ਉਤੇ ਕਬਜਾ ਕਰ ਕੇ ਬਹੁਤ ਸਾਰੇ ਪੁਰਾਣੇ ਮਕਬਰੇ ਗੈਰ-ਇਸਲਾਮੀ ਕਹਿ ਕੇ ਢਾਹ ਦਿੱਤੇ। ਫਰਾਂਸੀਸੀ ਫੌਜੀ ਜਿਹਾਦੀਆਂ ਉਤੇ ਕਾਬੂ ਪਾਉਣ ਲਈ ਭੇਜੇ ਗਏ। ਉਨ੍ਹਾਂ ਨੂੰ ਮੁੱਢ ਵਿਚ ਚੰਗੀ ਸਫਲਤਾ ਮਿਲੀ, ਪਰ ਹੁਣੇ ਜਿਹੇ ਮਾਲੀ ਵਿਚ ਹੋਏ ਰਾਜ ਪਲਟੇ ਕਾਰਨ ਫਰਾਂਸ ਨੂੰ ਨਮੋਸ਼ੀ ਹੋਈ ਹੈ ਅਤੇ ਜਿਹਾਦੀ ਆਪਣੀ ਇਖਲਾਕੀ ਜਿੱਤ ਅਤੇ ਦ੍ਰਿੜਤਾ ਉਤੇ ਖੁਸ਼ ਹੋਏ ਹਨ। ਮੰਨਿਆ ਜਾ ਰਿਹਾ ਹੈ ਕਿ ਹੁਣ ਇਕ ਨਵੀਂ ਆਲਮੀ ਟਾਸਕ ਫੋਰਸ ਟਕੂਬਾ ਦੇਸ਼ ਵਿਚ ਸ਼ਾਤੀਂ ਯਕੀਨੀ ਬਣਾਏਗੀ, ਪਰ ਇਸ ਦੀ ਆਸ ਬਹੁਤ ਘੱਟ ਹੈ।

ਨਾਈਜੀਰੀਆ ਵਿਚ ਜਿਹਾਦੀ ਸਭ ਤੋਂ ਤਾਕਤਵਰ ਹਨ। ਜਿਥੇ ਅਸਲ ਵਿਚ ਬੋਕੋ ਹਰਮ ਲੱਖਾਂ ਦੀ ਆਬਾਦੀ ਵਾਲੇ ਬਹੁਤ ਵੱਡੇ ਖੇਤਰ ਵਿਚ ਰਾਜ ਕਰਦਾ ਹੈ। ਇਸਲਾਮੀ ਜਿਹਾਦੀਆਂ ਦੇ ਇਕ ਛੋਟੇ ਜਿਹੇ ਗਰੁੱਪ ਨੇ 1993 ਵਿਚ ਸੋਮਾਲੀਆ ਅੰਦਰ ਅਮਰੀਕਾ ਦੀ ਫੌਜ ਨੂੰ ਹਰਾਇਆ ਸੀ। (ਅਮਰੀਕਾ ਦੀ ਇਸ ਹਾਰ ਉਤੇ ਬਲੈਕ ਹਾਕ ਡਾਊਨ ਫਿਲਮ ਬਣੀ ਸੀ)



ਤਾਲਿਬਾਨ ਕਹਿ ਰਹੇ ਹਨ ਕਿ ਉਹ ਤਾਕਤ ਦੀ ਬਦਲੀ ਸ਼ਾਂਤਮਈ ਢੰਗ ਨਾਲ ਕਰਨਗੇ ਅਤੇ ਆਲਮੀ ਦਹਿਸ਼ਤਗਰਦੀ ਲਈ ਆਪਣੇ ਦੇਸ਼ ਦੀ ਵਰਤੋਂ ਨਹੀਂ ਕਰਨ ਦੇਣਗੇ; ਪਰ ਉਹ ਬੜੇ ਲੰਬੇ ਸਮੇਂ ਤੋਂ ਆਪਣੇ ਗੁਆਂਢੀ ਮੁਲਕਾਂ ਉਜਬੇਕਿਸਤਾਨ, ਕਿਰਗਿਜਸਤਾਨ, ਤਾਜਿਕਸਤਾਨ, ਤੁਰਕਿਮਸਤਾਨ ਅਤੇ ਪਾਕਿਸਤਾਨ ਵਿਚਲੇ ਦਹਿਸ਼ਤਗਰਦਾਂ ਨੂੰ ਪਨਾਹ ਦੇ ਰਹੇ ਹਨ। ਚੀਨ ਆਪਣੇ ਜਿਨਜਿਆਂਗ ਸੂਬੇ ਵਿਚਲੇ ਇਸਲਾਮੀ ਖਾੜਕੂਪੁਣੇ ਤੋਂ ਡਰਿਆ ਹੋਇਆ ਹੈ। ਉਸ ਨੇ 10 ਲੱਖ ਦੇ ਕਰੀਬ ਉਗਰ ਮੁਸਲਮਾਨਾਂ ਨੂੰ ਵਿਦਿਆ ਅਤੇ ਕਿੱਤਾ ਕੈਂਪਾਂ ਵਿਚ ਬੰਦ ਕੀਤਾ ਹੋਇਆ ਹੈ। ਚੀਨ ਤਾਲਿਬਾਨ ਨਾਲ ਸਮਝੌਤਾ ਕਰ ਕੇ ਖੁਸ਼ ਹੈ (ਬਿਲਕੁਲ ਉਵੇਂ ਹੀ, ਜਿਵੇਂ 1990ਵਿਆਂ ਵਿਚ ਅਮਰੀਕਾ ਖੁਸ਼ ਸੀ।) ਬਸ਼ਰਤੇ ਕਿ ਉਹ ਜਿਹਾਦ ਨੂੰ ਬਰਾਮਦ ਨਾ ਕਰੇ; ਪਰ ਇਹ ਇਕ ਮੂਰਖਾਂ ਵਾਲੀ ਆਸ ਹੈ। ਉਹ ਧਾਰਮਿਕ ਤਾਕਤਾਂ, ਜਿਹੜੀਆਂ ਆਲਮੀ ਜਿਹਾਦ ਦੇ ਉਭਾਰ ਵਿਚ ਸਹਾਈ ਹੁੰਦੀਆਂ ਹਨ, ਉਹ ਸਾਧਾਰਨ ਰਾਜਦੂਤਕ ਚੈਨਲਾਂ ਰਾਹੀਂ ਕਾਬੂ ਨਹੀਂ ਕੀਤੀਆਂ ਜਾ ਸਕਦੀਆਂ, ਭਾਵੇਂ ਕਿ ਤਾਲਿਬਾਨ ਰਸਮੀ ਤੌਰ ਉਤੇ ਇਸ ਵਿਚਾਰ ਨਾਲ ਸਹਿਮਤ ਵੀ ਹੋ ਜਾਏ। ਤਾਲਿਬਾਨ ਭਾਵੇਂ ਹਾਲ ਦੀ ਘੜੀ ਇਸ ਗੱਲ ਨੂੰ ਠੀਕ ਸਮਝਣ ਕਿ ਅਮਰੀਕਾ ਅਤੇ ਇਥੋਂ ਤੱਕ ਕਿ ਚੀਨ ਵਿਚ ਵੀ ਜਿਹਾਦੀ ਮਾਅਰਕੇਬਾਜ਼ੀ ਉਤੇ ਕਾਬੂ ਰੱਖਿਆ ਜਾਵੇ, ਪਰ ਇਹ ਮੌਕਾਪ੍ਰਸਤੀ ਤੋਂ ਵਧੇਰੇ ਹੋਰ ਕੁਝ ਨਹੀਂ; ਕਿਉਂਕਿ ਤਾਲਿਬਾਨ ਖੁਦ ਆਲਮੀ ਇਸਲਾਮ ਦੇ ਉਭਾਰ ਵਿਚ ਆ ਰਹੇ ਜਵਾਰਭਾਟੇ ਦਾ ਇਕ ਅੰਗ ਹੈ। ਕੋਈ ਵੀ ਉਸ ਦੇ ਇਸ ਦਾਅਵੇ ਉਤੇ ਯਕੀਨ ਨਹੀਂ ਕਰ ਸਕਦਾ। ਇਹ ਯਕੀਨੀ ਤੌਰ ਉਤੇ ਪਾਕਿਸਤਾਨ ਤੇ ਭਾਰਤ ਸਮੇਤ ਗੁਆਂਢੀ ਮੁਲਕਾਂ ਵਿਚ ਧਾਰਮਿਕ ਮੂਲਵਾਦ ਨੂੰ ਉਭਾਰੇਗਾ।

ਬਹੁਤ ਥੋੜ੍ਹੇ ਭਾਰਤੀ ਸੰਸਾਰ ਭਰ ਵਿਚ ਛਪ ਰਹੇ ਇਸਲਾਮੀ ਸਾਹਿਤ ਨੂੰ ਪੜ੍ਹਦੇ ਹਨ। ਇਹ ਸਾਰਾ ਸਾਹਿਤ ਭਾਰਤ ਨੂੰ ਮੁਸਲਮਾਨਾਂ ਤੇ ਖਾਸ ਕਰ ਕੇ ਕਸ਼ਮੀਰ ਵਿਚਲੇ ਮੁਸਲਮਾਨਾਂ ਉਤੇ ਸਭ ਤੋਂ ਵਧ ਜਬਰ ਕਰਨ ਵਾਲੇ ਦੇਸ਼ ਵਜੋਂ ਪ੍ਰਚਾਰਦਾ ਹੈ। ਤਾਲਿਬਾਨ ਦੀ ਜਿੱਤ ਹਿੰਦੂ ਰਾਸ਼ਟਰਵਾਦੀਆਂ ਵਲੋਂ ਭਾਰਤੀ ਮੁਸਲਮਾਨਾਂ ਨੂੰ ਪ੍ਰੇਸ਼ਾਨ ਕਰਨ ਵਿਰੁੱਧ ਇਨਸਾਫ ਮੰਗਦੀ ਉਸ ਆਲਮੀ ਇਸਲਾਮੀ ਲਹਿਰ ਨੂੰ ਮਜਬੂਤ ਕਰੇਗੀ। ਇਸ ਗੱਲ ਦਾ ਵੱਡਾ ਖਤਰਾ ਹੈ ਕਿ ਹਿੰਦੂ ਫਿਰਕਾਪ੍ਰਸਤੀ ਤੇ ਇਸਲਾਮੀ ਮੂਲਵਾਦ ਆਪਸ ਵਿਚ ਟਕਰਾਅ ਜਾਣ ਅਤੇ ਇਕ-ਦੂਜੇ ਨੂੰ ਤਕੜਾ ਕਰਦੇ ਹੋਏ ਸਮਾਜੀ ਇਕਸੁਰਤਾ ਨੂੰ ਭੰਗ ਕਰ ਦੇਣ।

ਜ਼ਿਆਦਾਤਰ ਆਲਮੀ ਬਹਿਸਾਂ ਚੀਨ ਅਤੇ ਅਮਰੀਕਾ ਦੀ ਅਗਵਾਈ ਹੇਠਲੇ ਜਮਹੂਰੀ ਸੰਸਾਰ ਵਿਚਕਾਰ ਦੁਸ਼ਮਣੀ ਉਤੇ ਕੇਂਦ੍ਰਿਤ ਹਨ, ਪਰ ਕਮਰੇ ਵਿਚ ਲਗਾਤਾਰ ਹੋ ਰਹੇ ਇਸਲਾਮੀ ਉਭਾਰਨੁਮਾ ਹਾਥੀ ਦੀ ਹੋਂਦ ਵੀ ਹੈ। ਇਥੋਂ ਤੱਕ ਕਿ ਇੰਡੋਨੇਸ਼ੀਆ, ਜਿਹੜਾ ਕਿਸੇ ਵੇਲੇ ਪੂਰੀ ਤਰ੍ਹਾਂ ਧਰਮ ਨਿਰਪਖ ਦੇਸ਼ ਸੀ, ਫਿਰਕੂ ਬਣ ਰਿਹਾ ਹੈ। ਬੰਗਲਾਦੇਸ਼ ਵਿਚ ਮੁਸਲਿਮ ਮੂਲਵਾਦੀ ਤਰਕਸ਼ੀਲਾਂ ਤੇ (ਮੇਰੇ ਵਰਗੇ) ਨਾਸਤਿਕਾਂ ਦੇ ਕਤਲ ਕਰ ਰਹੇ ਹਨ। ਇਕ ਅਰਧ ਜਿਹਾਦੀ ਖਿਤਾ ਸੀਰੀਆ ਦੇ ਇਦਲਿਬ ਖੇਤਰ ਵਿਚ ਮੌਜੂਦ ਹੈ। ਆਈ. ਐਸ. ਆਈ. ਐਸ. ਉਤੇ ਕਾਬੂ ਪਾਇਆ ਜਾ ਸਕਿਆ ਹੈ, ਪਰ ਇਹ ਖਤਮ ਨਹੀਂ ਹੋਇਆ।

ਬਹੁਤੇ ਭਾਰਤੀ ਮੌਂਜਬੀਕ ਤੋਂ ਜਾਣੂ ਨਹੀਂ ਹਨ। ਖਾੜੀ ਦੇਸ਼ਾਂ ਤੋਂ ਬਾਅਦ ਕੁਦਰਤੀ ਗੈਸ ਦਾ ਸਭ ਤੋਂ ਵੱਡਾ ਭੰਡਾਰ ਇਸ ਦੇਸ ਵਿਚ ਮੌਜੂਦ ਹੈ। ਇਸ ਦੇਸ਼ ਵਿਚ ਕਈ ਭਾਰਤੀ ਕੰਪਨੀਆਂ (ਓ. ਐਨ. ਜੀ. ਸੀ. ਅਤੇ ਬੀ. ਪੀ. ਸੀ. ਐਲ. ਸਮੇਤ) ਨੇ ਫਰਾਂਸ ਦੀ ਕੰਪਨੀ ਟੋਟਲ ਦੀ ਅਗਵਾਈ ਹੇਠਲੇ ਆਲਮੀ ਕੰਪਨੀਆਂ ਦੇ ਸਮੂਹ ਨਾਲ ਮਿਲ ਕੇ ਤਰਲ ਕੁਦਰਤੀ ਗੈਸ ਦੀ ਇਕ ਬਹੁਤ ਵੱਡੀ ਸਨਅਤ ਕਾਇਮ ਕਰਨ ਦਾ ਯਤਨ ਕੀਤਾ ਹੈ। ਇਸ ਸਨਅਤ ਦਾ ਮੌਂਜਬੀਕ ਦੀ ਕੁਲ ਜੀ. ਡੀ. ਪੀ. ਵਿਚ 40 ਫੀਸਦੀ ਹਿੱਸਾ ਹੋਣਾ ਸੀ, ਪਰ ਅਫਸੋਸ! ਇੱਕ ਨਿੱਕੇ ਜਿਹੇ ਅਣਜਾਣੇ ਇਸਲਾਮੀ ਗਰੁੱਪ ਨੇ ਗੈਸ ਫੀਲਡ ਦੇ ਨੇੜਲੇ ਖੇਤਰ ਪਾਲਮਾ ਉਤੇ ਕਬਜਾ ਕਰ ਲਿਆ ਅਤੇ 2600 ਲੋਕਾਂ ਨੂੰ ਮਾਰ ਕੇ ਉਥੋਂ 7 ਲੱਖ ਲੋਕਾਂ ਨੂੰ ਭਜਾ ਦਿੱਤਾ। ਇਹ ਅਫਗਾਨਿਸਤਾਨ ਜਿਡੀ ਹੀ ਵੱਡੀ ਹਾਰ ਹੈ, ਪਰ ਇਸ ਦਾ ਜ਼ਿਕਰ ਇਸ ਕਰ ਕੇ ਘਟ ਹੋਇਆ ਹੈ, ਕਿਉਂਕਿ ਇਸ ਵਿਚ ਕੋਈ ਵੱਡੀ (ਸਾਮਰਾਜੀ) ਤਾਕਤ ਸ਼ਾਮਿਲ ਨਹੀਂ ਹੈ। ਟੋਟਲ ਕੰਪਨੀ ਅਤੇ ਉਸ ਦਾ ਸਾਰਾ ਫਰਾਂਸੀਸੀ ਅਮਲਾ-ਫੈਲਾ ਉਥੋਂ ਦੌੜ ਗਿਆ ਹੈ, ਇਥੇ ਕੁਝ ਪਤਾ ਨਹੀਂ ਤੇ ਕੋਈ ਨਹੀਂ ਜਾਣਦਾ ਕਿ ਹਾਲਾਤ ਕਦੋਂ ਸੁਧਰਨਗੇ ਅਤੇ ਇਹ ਓਪਰੇਸ਼ਨ ਦੁਬਾਰਾ ਕਦੋਂ ਸ਼ੁਰੂ ਹੋਵੇਗਾ? ਸਾਰੀਆਂ ਪੱਛਮੀ ਤਾਕਤਾਂ ਨਿੱਤ ਲੜੀਆਂ ਜਾ ਰਹੀ ਜੰਗਾਂ ਤੋਂ ਘਬਰਾਈਆਂ ਹੋਈਆ ਹਨ।

ਬਹੁਤੇ ਭਾਰਤੀ ਲਿਬਰਲ ਬੁੱਧੀਜੀਵੀ ਆਲਮੀ ਜਿਹਾਦ ਦੀ ਨਿਖੇਧੀ ਕਰਨ ਤੋਂ ਇਸ ਪੱਖੋਂ ਝਕਦੇ ਹਨ, ਕਿਉਂਕਿ ਉਨ੍ਹਾਂ ਨੂੰ (ਸਹੀ) ਡਰ ਹੈ ਕਿ ਇਹ ਭਾਰਤੀ ਜਨਤਾ ਪਾਰਟੀ ਦੇ ਫਿਰਕੂ ਨਫਰਤੀ ਪ੍ਰਚਾਰ ਨੂੰ ਤਕੜਾ ਕਰੇਗਾ। ਕੁਝ ਲਿਬਰਲ ਤਾਲਿਬਾਨ ਨੂੰ ਨੱਥ ਪਾਉਣ ਦੀ ਆਸ ਲਾਈ ਬੈਠੇ ਹਨ, ਪਰ ਇਹ ਇਕ ਭਰਮ ਹੈ। ਆਲਮੀ ਇਸਲਾਮੀ ਉਭਾਰ ਤੇ ਹਿੰਦੂ ਰਾਸ਼ਟਰਵਾਦ ਯਕੀਨੀ ਟਕਰਾਅ ਵਿਚ ਆਉਣਗੇ ਅਤੇ ਦੋਹਾਂ ਪਾਸਿਆਂ ਦੀ ਫਿਰਕਾਪ੍ਰਸਤੀ ਨੂੰ ਤਕੜਾ ਕਰਨਗੇ। ਥੋੜ੍ਹੇ ਸਮੇਂ ਲਈ ਭਾਵੇਂ ਇਸ ਦਾ ਭਾਜਪਾ ਨੂੰ ਫਾਇਦਾ ਹੋਵੇ, ਪਰ ਸਮੁੱਚੇ ਸਮਾਜ ਅਤੇ ਅਰਥਚਾਰੇ ਲਈ ਇਹ ਬਹੁਤ ਭਿਆਨਕ ਹੋਵੇਗਾ।

*('ਟਾਈਮਜ਼ ਆਫ ਇੰਡੀਆ' ਤੋਂ ਧੰਨਵਾਦ ਸਹਿਤ)*

***ਪੰਜਾਬ ਦੇ ਉਘੇ ਵਿਦਵਾਨ ਮਰਹੂਮ ਸੰਤ ਸਿੰਘ ਸੇਖੋਂ (1908-1997) ਦਾ ਇਹ ਲੇਖ ਮਾਰਚ 1986 ਦਾ ਲਿਖਿਆ ਹੋਇਆ ਹੈ। ਉਦੋਂ ਪੰਜਾਬ ਵਿਚ ਕਤਲੋ-ਗਾਰਤ ਦੀ ਹਨੇਰੀ ਨਹੀਂ ਸੀ ਝੁੱਲੀ। ਲੇਖ ਵਿਚ ਆਜ਼ਾਦੀ ਤੋਂ ਬਾਅਦ ਦਾ ਜੋ ਨਕਸ਼ਾ ਖਿੱਚਿਆ ਗਿਆ ਹੈ, ਉਸ ਨੂੰ ਬਹੁਤ ਧਿਆਨ ਨਾਲ ਮੁੜ ਵਿਚਾਰਨ ਦੀ ਲੋੜ ਹੈ। ਇਸ ਅੰਦਰ ਭਾਰਤ ਸਰਕਾਰ ਅਤੇ ਉਸ ਵੇਲੇ ਦੇ ਹਾਲਾਤ ਮੁਤਾਬਿਕ ਵੱਖ-ਵੱਖ ਰਾਜਾਂ ਵਿਚ ਹੋ ਰਹੀ ਸਿਆਸਤ ਦੇ ਵੱਖ-ਵੱਖ ਰੰਗ ਬੜੇ ਸੁਘੜ ਢੰਗ ਨਾਲ ਪੇਸ਼ ਕੀਤੇ ਗਏ ਹਨ; ਖਾਸਕਰ 1966 ਤੋਂ 1986 ਤੱਕ ਦੇ ਵੇਲਿਆਂ ਬਾਰੇ ਖਾਸ ਟਿੱਪਣੀਆਂ ਹਨ। ਇਨ੍ਹਾਂ ਵੀਹ ਵਰ੍ਹਿਆਂ ਦੌਰਾਨ ਸਿਆਸਤ ਦੀ ਜੋ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ, ਉਹ ਬਹੁਤ ਅਹਿਮੀਅਤ ਰੱਖਦੀ ਹੈ ਅਤੇ ਪੰਜਾਬੀਆਂ ਨੂੰ ਅੱਜ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਕੋਈ ਰਾਹ ਕੱਢਣ ਦਾ ਜ਼ਰੀਆ ਬਣ ਸਕਦੀ ਹੈ।***

# ਸੁਤੰਤਰਤਾ ਪਿੱਛੋਂ ਪੰਜਾਬ ਦੀ ਗਾਥਾ

ਅੱਜਕਲ੍ਹ ਭਾਰਤ ਸੰਘ ਵਿਚ ਕਰੀਬ-ਕਰੀਬ ਉਸੇ ਪ੍ਰਕਾਰ ਦਾ ਊਧਮ ਮਚਿਆ ਹੋਇਆ ਹੈ ਜਿਸ ਪ੍ਰਕਾਰ ਦਾ ਤੁਰਕਾਂ ਤੇ ਮੁਗਲਾਂ ਦੇ ਰਾਜ ਵਿਚ ਮਚਿਆ ਰਹਿੰਦਾ ਸੀ। ਕਦੇ ਕੋਈ ਰਾਜਾ, ਹਾਕਮ ਜਾਂ ਸੂਬੇਦਾਰ ਦਿਲੀ ਦੀ ਬਾਦਸ਼ਾਹਤ ਤੋਂ ਆਕੀ ਹੋ ਬਹਿੰਦਾ ਸੀ ਤੇ ਕਦੇ ਕੋਈ ਤੇ ਸੁਲਤਾਨ ਜਾਂ ਸ਼ਹਿਨਸ਼ਾਹ ਦਾ ਬਹੁਤਾ ਸਮਾਂ ਅਜਿਹੇ ਵਿਦਰੋਹਾਂ ਤੇ ਬਗਾਵਤਾਂ ਨੂੰ ਦਬਾਣ ਵਿਚ ਲਗਦਾ ਸੀ। ਉਂਝ 1947 ਵਿਚ ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ ਭਾਰਤੀ ਸੰਘ ਵਿਚ ਕੋਈ ਨਾ ਕੋਈ ਸਥਾਨਕ ਝਗੜਾ ਖੜ੍ਹਾ ਹੀ ਰਿਹਾ ਹੈ। ਭਾਰਤੀ ਰਾਜਿਆਂ ਦੀਆਂ ਰਿਆਸਤਾਂ ਤਾਂ ਬਹੁਤਾ ਤਸ਼ੱਦਦ ਕੀਤੇ ਬਿਨਾ ਹੀ ਭਾਰਤੀ ਸੰਘ ਵਿਚ ਮਿਲ ਗਈਆਂ ਸਨ, ਭਾਵੇਂ ਉਨ੍ਹਾਂ ਨਾਲ ਵੀ ਕਈ ਪ੍ਰਕਾਰ ਦੀ ਨੀਤੀ ਵਰਤਣੀ ਪਈ ਸੀ।




**ਸੰਤ ਸਿੰਘ ਸੇਖੋਂ**

ਪਹਿਲਾਂ ਕੁਝ ਰਿਆਸਤਾਂ ਨੂੰ ਮਿਲਾ ਕੇ ਉਨਾਂ ਦੇ ਸੰਘ ਬਣਾਏ ਗਏ ਤੇ ਉਨ੍ਹਾਂ ਵਿਚੋਂ ਹੀ ਵੱਡੇ ਰਾਜਿਆਂ ਨੂੰ ਅਜਿਹੇ ਸੰਘਾਂ ਦਾ ਰਾਜ ਪ੍ਰਮੁਖ ਬਣਾਇਆ ਗਿਆ। ਇਥੋਂ ਤਕ ਕਿ ਰਾਜਪੂਤਾਂ ਦੀਆਂ ਰਿਆਸਤਾਂ ਨੂੰ ਰਾਜਸਥਾਨ ਸੰਘ ਦਾ ਰੂਪ ਦਿਤਾ ਗਿਆ ਤਾਂ ਜੈਪੁਰ ਦੇ ਮਹਾਰਾਜਾ ਨੂੰ ਰਾਜ ਪ੍ਰਮੁਖ ਤੇ ਉਦੇਪੁਰ ਦੇ ਮਹਾਰਾਜਾ ਨੂੰ ਮਹਾਰਾਜ-ਪ੍ਰਮੁਖ ਬਣਾਉਣਾ ਪਿਆ।

ਫਿਰ ਭਾਰਤੀ ਸੰਘ ਵਿਚ ਸਮਿਲਤ ਰਾਜਾਂ ਵਿਚ ਭਾਸ਼ਾਈ ਆਧਾਰ ਉਤੇ ਪੁਨਰ-ਸੰਗਠਿਤ ਹੋਣ ਦੀ ਮੰਗ ਉਠ ਖੜ੍ਹੀ ਹੋਈ। ਇਸ ਮੰਗ ਦਾ ਆਧਾਰ ਸਾਧਾਰਨ ਲੋਕਤੰਤਰੀ ਸਿਧਾਂਤਾਂ ਤੋਂ ਉਪਰੰਤ, ਅੰਗਰੇਜ਼ੀ ਸਾਮਰਾਜ ਦੇ ਸਮੇਂ ਕਾਂਗਰਸ ਪਾਰਟੀ ਵਲੋਂ ਕੀਤੇ ਗਏ ਇਹ ਇਕਰਾਰ ਸਨ ਕਿ ਸਾਰੇ ਭਾਰਤੀ ਸੰਘ ਵਿਚ ਰਾਜਾਂ ਨੂੰ ਨਵੇਂ ਸਿਰੇ ਭਾਸ਼ਾਈ ਆਧਾਰ ਉਤੇ ਸੰਗਠਿਤ ਕੀਤਾ ਜਾਵੇਗਾ। ਵਾਸਤਵ ਵਿਚ ਭਾਰਤੀ ਰਾਸ਼ਟਰੀ ਕਾਂਗਰਸ ਨੇ ਅੰਗਰੇਜ਼ੀ ਸਾਮਰਾਜ ਦੇ ਸਮੇਂ ਹੀ ਇਸ ਆਧਾਰ ਉਤੇ ਹੀ ਸੂਬਾ ਕਾਂਗਰਸ ਕਮੇਟੀਆਂ ਬਣਾਈਆਂ ਹੋਈਆਂ ਸਨ ਪਰ ਹੁਣ ਜਦੋਂ ਸੁਤੰਤਰ ਭਾਰਤੀ ਸੰਘ ਵਿਚ ਰਾਜਾਂ ਨੂੰ ਭਾਸ਼ਾਈ ਆਧਾਰ ਉਤੇ ਸੰਗਠਿਤ ਕਰਨ ਦੀ ਮੰਗ ਉਠੀ, ਤਾਂ ਭਾਰਤ ਸਰਕਾਰ ਨੇ ਆਪਣੇ ਸਾਰੇ ਸਿਧਾਂਤਾਂ ਨੂੰ ਤਾਕ ਵਿਚ ਰੱਖ ਕੇ ਇਸ ਮੰਗ ਦਾ ਵਿਰੋਧ ਕੀਤਾ।

ਪਹਿਲਾਂ ਪੁਰਾਣੇ ਮਦਰਾਸ ਦੇ ਸੂਬੇ (ਪ੍ਰੈਜ਼ੀਡੈਂਸੀ) ਵਿਚ ਮਲਿਆਲੀ ਤੇ ਤੇਲਗੂ ਭਾਗਾਂ ਨੇ ਭਾਸ਼ਾ ਦੇ ਆਧਾਰ ਉਤੇ ਵਖਰੇ ਰਾਜ ਬਣਾਉਣ ਦੀ ਮੰਗ ਕੀਤੀ। ਤੇਲਗੂ ਭਾਸ਼ੀ ਲੋਕਾਂ ਦਾ ਚੋਖਾ ਭਾਗ ਨਿਜ਼ਾਮ ਦੀ ਹੈਦਰਾਬਾਦ ਰਿਆਸਤ ਵਿਚ ਵੀ ਸੀ। ਇਸ ਬਹਾਨੇ ਭਾਰਤੀ ਸੰਘ ਦੀ ਸਰਕਾਰ ਨੇ ਉਨ੍ਹਾਂ ਦਾ ਵੱਖਰਾ ਰਾਜ ਬਣਾਉਣ ਤੋਂ ਸੰਕੋਚ ਕਰੀ ਰੱਖਿਆ, ਜਿੰਨਾ ਚਿਰ ਉਨਾਂ ਦਾ ਸੰਘਰਸ਼ ਚੋਖਾ ਜ਼ੋਰ ਨਾ ਪਕੜ ਗਿਆ, ਜਿਸ ਦੇ ਇਕ ਆਗੂ ਸੀਤਾ ਰਾਮਲੂ ਨੇ ਮਰਨ ਵਰਤ ਰੱਖ ਕੇ ਆਪਣੀ ਜਾਨ ਦੇ ਦਿਤੀ। ਇਸ ਉਪਰ ਤੇਲਗੂ ਬੋਲਦੇ ਜ਼ਿਲ੍ਹਿਆਂ ਵਿਚ ਵਿਦਰੋਹ ਵਰਗੀ ਸਥਿਤੀ ਪੈਦਾ ਹੋ ਗਈ, ਤਾਂ ਅੰਤ ਭਾਰਤੀ ਸਰਕਾਰ ਨੇ ਮਦਰਾਸ ਸੂਬੇ ਵਿਚੋਂ ਤੇਲਗੂ ਭਾਸ਼ੀ ਲੋਕਾਂ ਦਾ ਆਂਧਰਾ ਪ੍ਰਦੇਸ਼ ਬਣਾਉਣਾ ਮੰਨਿਆ। ਪਿਛੋਂ ਜਦੋਂ ਨਿਜ਼ਾਮ ਨੂੰ ਹੈਦਰਾਬਾਦ ਦੀ ਗੱਦੀ ਤੋਂ ਉਤਰਨਾ ਪਿਆ ਤਾਂ ਹੈਦਰਾਬਾਦ ਦੇ ਤੇਲਗੂ ਬੋਲਦੇ ਜ਼ਿਲ੍ਹੇ ਆਂਧਰਾ ਪ੍ਰਦੇਸ਼ ਵਿਚ ਮਿਲਾ ਦਿਤੇ ਗਏ।

ਬੰਬਈ ਪ੍ਰਦੇਸ਼ (ਪ੍ਰੈਜ਼ੀਡੈਂਸੀ) ਵਿਚ ਵੀ ਇਸੇ ਤਰ੍ਹਾਂ ਮਰਾਠੀ ਬੋਲਦੇ ਲੋਕ ਤੇ ਗੁਜਰਾਤੀ ਬੋਲਦੇ ਲੋਕ ਸੰਗਠਿਤ ਸਨ। ਹੁਣ ਮਰਾਠਾ ਲੋਕਾਂ ਨੇ ਵੱਖਰਾ ਮਹਾਂਰਾਸ਼ਟਰ ਬਣਾਉਣ ਦੀ ਮੰਗ ਕੀਤੀ ਪਰ ਵਿਸ਼ੇਸ਼ ਕਰਕੇ ਬੰਬਈ ਸ਼ਹਿਰ ਵਿਚ ਵਿਉਪਾਰ ਤੇ ਉਦਯੋਗ ਆਦਿ ਬਹੁਤੇ ਗੁਜਰਾਤੀਆਂ ਦੇ ਹੱਥਾਂ ਵਿਚ ਸਨ, ਇਸ ਕਰਕੇ ਗੁਜਰਾਤੀ ਲੋਕ ਬੰਬਈ ਪ੍ਰਦੇਸ਼ ਨੂੰ ਭਾਸ਼ਾ ਦੇ ਆਧਾਰ ਉਤੇ ਗੁਜਰਾਤ ਤੇ ਮਹਾਰਾਸ਼ਟਰ ਵਿਚ ਵੰਡਣਾ ਨਹੀਂ ਚਾਹੁੰਦੇ ਸਨ। ਕੁਝ ਚਿਰ ਭਾਰਤੀ ਸਰਕਾਰ ਨੇ ਗੁਜਰਾਤ ਤੇ ਮਹਾਰਾਸ਼ਟਰ ਦੇ ਵੱਖਰੇ ਰਾਜ ਬਣਾ ਕੇ ਬੰਬਈ ਸ਼ਹਿਰ ਨੂੰ ਵੱਖਰਾ ਰਾਜ ਬਣਾਉਣ ਦੀ ਜ਼ਿਦ ਪਕੜੀ ਰਖੀ। ਫਿਰ ਬੰਬਈ ਵਿਚ ਗੜਬੜ ਹੋਈ। ਪੁਲਿਸ ਵਲੋਂ ਮਰਾਠਿਆਂ ਦੇ ਜਲੂਸਾਂ ਉਤੇ ਗੋਲੀਆਂ ਚਲਾਈਆਂ ਗਈਆਂ ਤੇ ਅੰਤ ਭਾਰਤੀ ਸਰਕਾਰ ਨੂੰ ਬੰਬਈ ਨੂੰ ਮਹਾਰਾਸ਼ਟਰ ਵਿਚ ਮਿਲਾਣਾ ਮੰਨਣਾ ਪਿਆ।




*ਸਾਲ 1951 ਤੋਂ 1966 ਤੱਕ ਪੰਜਾਬ ਦੀਆਂ ਬਦਲਦੀਆਂ ਹੱਦਾਂ ਦੀ ਝਲਕ।*

ਪੰਜਾਬ ਅੰਗਰੇਜ਼ਾਂ ਦੇ ਸਮੇਂ ਤੋਂ ਦੋ-ਭਾਸ਼ੀ ਰਾਜ ਚਲਿਆ ਆਉਂਦਾ ਸੀ। ਪੰਜਾਬੀ ਬੋਲਦੇ ਸਿੱਖ ਬਹੁਗਿਣਤੀ ਵਾਲੇ ਤੇਰਾਂ ਕੁ ਜ਼ਿਲ੍ਹੇ ਤੇ ਹਿੰਦੀ ਬੋਲਦੇ ਹਿੰਦੂ ਬਹੁਗਿਣਤੀ ਵਾਲੇ ਪੰਜ ਛੇ ਜਿਲ੍ਹੇ। ਇਸ ਤੋਂ ਉਪਰੰਤ ਇਥੇ ਵੀ ਪੁਰਾਣੀਆਂ ਦੇਸੀ ਰਿਆਸਤਾਂ ਦਾ ਇਕ ਸੰਘ ਬਣਾਇਆ ਗਿਆ ਜਿਸ ਨੂੰ ਸੰਖੇਪ ਰੂਪ ਵਿਚ ਪੈਪਸੂ ਕਿਹਾ ਜਾਂਦਾ ਸੀ। ਤਿੰਨ ਪੁਰਾਣੀਆਂ ਰਿਆਸਤਾਂ ਪਟਿਆਲਾ, ਨਾਭਾ ਤੇ ਜੀਂਦ ਵਿਚ ਨਾਰਨੌਲ, ਮਹਿੰਦਰਗੜ੍ਹ ਆਦਿ ਦਿੱਲੀ ਲਾਗੇ ਤੇ ਹਿੰਦੀ ਭਾਸ਼ੀ ਜ਼ਿਲ੍ਹੇ ਸ਼ਾਮਲ ਸਨ। ਜੀਂਦ ਰਿਆਸਤ ਦਾ ਦੱਖਣੀ ਭਾਗ ਅਰਥਾਤ ਜੀਂਦ ਜ਼ਿਲਾ ਹਿੰਦੀ ਭਾਸ਼ੀ ਸੀ ਤੇ ਉਤਰੀ ਭਾਗ ਸੰਗਰੂਰ ਜ਼ਿਲ੍ਹਾ ਪੰਜਾਬੀ-ਭਾਸ਼ੀ। ਪਟਿਆਲਾ ਦੇ ਰਾਜੇ ਨਾਲ ਸਬੰਧ ਹੋਣ ਕਾਰਨ ਨਾਲਾਗੜ੍ਹ ਦੇ ਰਾਜੇ ਨੇ ਵੀ ਆਪਣੀ ਰਿਆਸਤ ਪੈਪਸੂ ਵਿਚ ਮਿਲਾਣੀ ਮੰਨ ਲਈ। ਪਟਿਆਲਾ ਰਾਜ ਦੇ ਕੁਝ ਭਾਗ, ਚੈਲ, ਆਦਿ ਪਹਾੜੀ ਖੇਤਰ ਸਨ। ਕਲਸੀਆ ਰਿਆਸਤ ਦਾ ਰਾਜ ਘਰਾਣਾ ਪੰਜਾਬੀ ਸਿੱਖ ਸੀ ਪਰ ਇਸ ਦਾ ਵਡਾ ਭਾਗ ਹਿੰਦੀ-ਭਾਸ਼ੀ ਮੰਨਿਆ ਜਾਂਦਾ ਸੀ। ਇਸ ਨੂੰ ਵੀ ਪੈਪਸੂ ਵਿਚ ਹੀ ਸਮਿਲਤ ਕੀਤਾ ਗਿਆ ਸੀ।

ਪੰਜਾਬ ਦੇ ਲੋਕਾਂ ਵਿਚੋਂ ਵੀ, ਵਿਸ਼ੇਸ਼ ਕਰ ਕੇ ਪੰਜਾਬੀ ਭਾਸ਼ੀ ਜ਼ਿਲ੍ਹਿਆਂ, ਜਿਥੋਂ ਦੇ ਲੋਕ ਬਹੁਗਿਣਤੀ ਵਿਚ ਸਿੱਖ ਸਨ, ਪੰਜਾਬੀ-ਭਾਸ਼ੀ ਰਾਜ ਬਣਾਉਣ ਦੀ ਮੰਗ ਉਠੀ ਪਰ ਜਿਵੇਂ ਬੰਬਈ ਪ੍ਰਦੇਸ਼ ਵਿਚ ਵਪਾਰ ਤੇ ਉਦਯੋਗ ਵਿਚ ਪ੍ਰਧਾਨ ਗੁਜਰਾਤੀਆਂ ਨੇ ਵੱਖਰੇ ਮਹਾਰਾਸ਼ਟਰ ਬਣਾਏ ਜਾਣ ਦਾ ਵਿਰੋਧ ਕੀਤਾ ਸੀ, ਇਥੋਂ ਦੇ ਵੱਡੇ ਨਗਰਾਂ, ਵਿਸ਼ੇਸ਼ ਕਰ ਕੇ ਜਲੰਧਰ ਤੇ ਲੁਧਿਆਣੇ ਦੀ ਵਪਾਰੀ ਵਸੋਂ ਨੇ ਜਿਸ ਦੀ ਬਹੁਗਿਣਤੀ ਹਿੰਦੂ ਮਤ ਦੀ ਧਾਰਨੀ ਹੈ, ਪੰਜਾਬੀ-ਭਾਸ਼ੀ ਰਾਜ ਦੇ ਪੁਨਰ-ਸੰਗਠਨ ਦਾ ਵਿਰੋਧ ਕੀਤਾ। ਅੰਤ ਬਹੁਤ ਝਗੜਿਆਂ ਬਿਖੇੜਿਆਂ ਤੋਂ ਪਿਛੋਂ 1966 ਵਿਚ, ਅਰਥਾਤ ਸੁਤੰਤਰਤਾ ਪ੍ਰਾਪਤੀ ਤੋਂ ਉਨੀ ਵਰ੍ਹੇ ਪਿਛੋਂ, ਭਾਰਤੀ ਸਰਕਾਰ ਨੇ ਵੱਖਰਾ ਪੰਜਾਬੀ-ਭਾਸ਼ੀ ਰਾਜ ਬਨਾਣਾ ਮੰਨਿਆ ਤੇ ਪੁਰਾਣੇ ਪੰਜਾਬ ਵਿਚੋਂ ਹਿੰਦੀ ਭਾਸ਼ੀ ਜ਼ਿਲ੍ਹਿਆਂ ਨੂੰ ਕਢ ਕੇ ਹਰਿਆਣਾ ਬਣਾਇਆ ਗਿਆ।

ਇਨ੍ਹਾਂ ਉਨੀ ਵਰ੍ਹਿਆਂ ਵਿਚ ਪੰਜਾਬ ਦੇ ਹਿੰਦੂ ਤੇ ਸਿੱਖ ਪੰਜਾਬੀ ਭਾਸ਼ੀ ਰਾਜ ਦੇ ਮਸਲੇ ਉਤੇ ਇਕ ਦੂਜੇ ਦੇ ਕੱਟੜ ਵਿਰੋਧੀ ਬਣ ਗਏ। ਇਸ ਵਿਰੋਧ ਨੂੰ ਭਾਰਤ ਸਰਕਾਰ ਨੇ ਤੇ ਭਾਰਤ ਦੇ ਬਹੁਗਿਣਤੀ ਲੋਕਾਂ ਨੇ ਫਿਰਕੂ ਵਿਰੋਧ ਕਹਿ ਕੇ ਭੰਡਿਆ। ਉਨ੍ਹਾਂ ਨੇ ਇਹ ਗੱਲ ਧਿਆਨ ਵਿਚ ਨਾ ਲਿਆਂਦੀ ਕਿ ਪੁਰਾਣੇ ਬੰਬਈ ਦੇਸ਼ ਵਿਚ ਮਰਾਠੇ, ਜਿਹੜੇ ਬਹੁਤ ਕਰਕੇ ਕਿਰਸਾਣ ਸਨ ਤੇ ਗੁਜਰਾਤੀ ਜਿਹੜੇ ਬਹੁਤੇ ਕਰਕੇ ਵਪਾਰੀ ਤੇ ਉਦਯੋਗੀ ਸਨ, ਦੋਵੇਂ ਹਿੰਦੂ ਸਨ ਪਰ ਗੁਜਰਾਤੀ ਵਪਾਰੀ ਤੇ ਉਦਯੋਗੀ ਸ਼੍ਰੇਣੀ ਬੰਬਈ ਦੇਸ਼ ਨੂੰ ਦੋ ਭਾਸ਼ਾਈ ਰਾਜਾਂ ਵਿਚ ਵੰਡਣਾ ਨਹੀਂ ਮੰਨਦੀ ਸੀ, ਜਦੋਂ ਕਿ ਮਰਾਠੀ ਕਿਰਸਾਣ ਸ਼੍ਰੇਣੀ ਇਹ ਵੰਡ ਚਾਹੁੰਦੀ ਸੀ। ਵਪਾਰੀ ਤੇ ਕਿਰਸਾਣੀ ਸ਼੍ਰੇਣੀਆਂ ਵਿਚ ਇਸ ਪ੍ਰਕਾਰ ਦੀ ਵੰਡ ਅੰਗਰੇਜ਼ ਸਾਮਰਾਜ ਸਮੇਂ ਵਡੇ ਸੰਮਿਲਤ ਪੰਜਾਬ ਵਿਚ ਵੀ ਇਕ ਬੜਾ ਭਖਵਾਂ ਮਸਲਾ ਸੀ।

ਪੰਜਾਬ ਦੀ ਯੂਨੀਨਿਸਟ ਪਾਰਟੀ ਦੀ ਬਹੁਤੀ ਸ਼ਕਤੀ ਤੇ ਗਿਣਤੀ ਪੰਜਾਬ ਦੀ ਮੁਸਲਮਾਨ ਕਿਰਸਾਣੀ ਤੇ ਜ਼ਿਮੀਦਾਰੇ ਵਿਚੋਂ ਆਉਂਦੀ ਸੀ ਪਰ ਇਸ ਦੇ ਨਾਲ ਹਰਿਆਣੇ ਦੀ ਹਿੰਦੂ ਕਿਰਸਾਣੀ, ਸਰ ਛੋਟੂ ਰਾਮ ਦੀ ਅਗਵਾਈ ਵਿਚ, ਯੂਨੀਨਿਸਟ ਪਾਰਟੀ ਦਾ ਇਕ ਤਕੜਾ ਭਾਗ ਸੀ, ਜਦੋਂ ਕਿ ਸਾਰੇ ਪੰਜਾਬ ਦੀ ਵਪਾਰੀ ਤੇ ਉਦਯੋਗਿਕ ਸ਼ਰੇਣੀ ਕਾਂਗਰਸ ਵਿਚ ਮੁੱਖ ਸ਼ਕਤੀ ਸੀ ਤੇ ਪੰਜਾਬ ਦੀ ਸਿੱਖ ਕਿਰਸਾਣੀ ਅਕਾਲੀ ਪਾਰਟੀ ਵਿਚ ਹੁੰਦੇ ਹੋਏ ਵੀ ਕਾਂਗਰਸ ਦਾ ਇਕ ਸ਼ਕਤੀਵਰ ਭਾਗ ਸੀ। ਉਸ ਸਮੇਂ ਪੰਜਾਬ ਦੀ ਕਾਂਗਰਸ ਜਿਸ ਵਿਚ ਸ਼ਹਿਰਾਂ ਦੀ ਹਿੰਦੂ ਵਪਾਰੀ ਸ਼ਰੇਣੀ ਦਾ ਜ਼ੋਰ ਸੀ, ਯੂਨੀਨਿਸਟ ਪਾਰਟੀ ਨੂੰ ਫਿਰਕੂ ਕਿਹਾ ਕਰਦੀ ਸੀ ਪਰ ਅਕਾਲੀਆਂ ਨੂੰ ਦੇਸ਼ਭਗਤ ਹੀ ਸਮਝਦੀ ਸੀ। ਇਥੋਂ ਤਕ ਕਿ 1937 ਦੀਆਂ ਚੋਣਾਂ ਕਾਂਗਰਸ ਪਾਰਟੀ ਨੇ ਅਕਾਲੀ ਪਾਰਟੀ ਨਾਲ ਰਲ ਕੇ ਲੜੀਆਂ ਸਨ। ਪ੍ਰਤਾਪ ਸਿੰਘ ਕੈਰੋਂ ਉਦੋਂ ਅਕਾਲੀ ਸਨ ਅਤੇ ਉਨ੍ਹਾਂ ਦਾ ਮੁਕਾਬਲਾ ਪ੍ਰਸਿਧ ਦੇਸ਼ਭਗਤ ਬਾਬਾ ਗੁਰਦਿਤ ਸਿੰਘ ਕਾਮਾਗਾਟਾਮਾਰੂ ਨਾਲ ਸੀ। ਇਸ ਸੀਟ ਉਤੇ ਕਾਂਗਰਸ ਪਾਰਟੀ ਤੇ ਅਕਾਲੀ ਪਾਰਟੀ ਦਾ ਸਮਝੌਤਾ ਨਹੀਂ ਹੋ ਸਕਿਆ ਸੀ ਤੇ ਕਾਂਗਰਸ ਪਾਰਟੀ ਨੇ ਉਪਰੋਕਤ ਦੋਹਾਂ ਸੱਜਣਾਂ ਨੂੰ ਚੋਣ ਲੜਨ ਦਿੱਤੀ ਸੀ। ਪ੍ਰਤਾਪ ਸਿੰਘ ਕੈਰੋਂ ਜਿੱਤ ਗਏ ਤੇ ਫਿਰ ਵਿਧਾਨ ਕੌਂਸਲ ਵਿਚ ਕਾਂਗਰਸ ਅਕਾਲੀ ਸਾਂਝੀ ਪਾਰਟੀ ਦੇ ਜਨਰਲ ਸਕੱਤਰ ਬਣੇ; ਅਰਥਾਤ ਜਦੋਂ ਅਕਾਲੀ ਯੂਨੀਨਿਸਟ ਪਾਰਟੀ ਦੇ ਵਿਰੁੱਧ ਸਨ, ਤਾਂ ਉਹ ਦੇਸ਼ਭਗਤ ਸਮਝੇ ਜਾਂਦੇ ਸਨ।

> ***ਉਨੀ ਵਰ੍ਹਿਆਂ (1947-66) ਵਿਚ ਪੰਜਾਬ ਦੇ ਹਿੰਦੂ ਅਤੇ ਸਿੱਖ ਪੰਜਾਬੀ ਭਾਸ਼ੀ ਰਾਜ ਦੇ ਮਸਲੇ ਉਤੇ ਇਕ ਦੂਜੇ ਦੇ ਕੱਟੜ ਵਿਰੋਧੀ ਬਣ ਗਏ। ਇਸ ਵਿਰੋਧ ਨੂੰ ਭਾਰਤ ਸਰਕਾਰ ਨੇ ਅਤੇ ਭਾਰਤ ਦੇ ਬਹੁਗਿਣਤੀ ਲੋਕਾਂ ਨੇ ਫਿਰਕੂ ਵਿਰੋਧ ਕਹਿ ਕੇ ਭੰਡਿਆ। ਉਨ੍ਹਾਂ ਨੇ ਇਹ ਗੱਲ ਧਿਆਨ ਵਿਚ ਨਾ ਲਿਆਂਦੀ ਕਿ ਪੁਰਾਣੇ ਬੰਬਈ ਦੇਸ਼ ਵਿਚ ਮਰਾਠੇ, ਜਿਹੜੇ ਬਹੁਤ ਕਰਕੇ ਕਿਰਸਾਣ ਸਨ ਤੇ ਗੁਜਰਾਤੀ ਜਿਹੜੇ ਬਹੁਤੇ ਕਰਕੇ ਵਪਾਰੀ ਤੇ ਉਦਯੋਗੀ ਸਨ, ਦੋਵੇਂ ਹਿੰਦੂ ਸਨ ਪਰ ਗੁਜਰਾਤੀ ਵਪਾਰੀ ਤੇ ਉਦਯੋਗੀ ਸ਼੍ਰੇਣੀ ਬੰਬਈ ਦੇਸ਼ ਨੂੰ ਦੋ ਭਾਸ਼ਾਈ ਰਾਜਾਂ ਵਿਚ ਵੰਡਣਾ ਨਹੀਂ ਮੰਨਦੀ ਸੀ, ਜਦੋਂ ਕਿ ਮਰਾਠੀ ਕਿਰਸਾਣ ਸ਼੍ਰੇਣੀ ਇਹ ਵੰਡ ਚਾਹੁੰਦੀ ਸੀ। ਵਪਾਰੀ ਤੇ ਕਿਰਸਾਣੀ ਸ਼੍ਰੇਣੀਆਂ ਵਿਚ ਇਸ ਪ੍ਰਕਾਰ ਦੀ ਵੰਡ ਅੰਗਰੇਜ਼ ਸਾਮਰਾਜ ਸਮੇਂ ਵੱਡੇ ਸੰਮਿਲਤ ਪੰਜਾਬ ਵਿਚ ਵੀ ਇਕ ਬੜਾ ਭਖਵਾਂ ਮਸਲਾ ਸੀ।***

ਸੁਤੰਤਰਤਾ ਪਿਛੋਂ 1952 ਵਿਚ ਅਕਾਲੀ ਪਾਰਟੀ ਨੇ ਕਾਂਗਰਸ ਪਾਰਟੀ ਤੋਂ ਬਾਹਰੀਆਂ ਚੋਣਾਂ ਲੜੀਆਂ ਤੇ 107 ਸੀਟਾਂ ਵਿਚੋਂ ਕੇਵਲ 13 ਹੀ ਜਿੱਤ ਸਕੀ। ਇਨ੍ਹਾਂ 107 ਸਥਾਨਾਂ ਵਿਚੋਂ ਹਰਿਆਣਾ ਭਾਗ ਦੇ ਕੇਵਲ 27 ਸਨ ਤੇ 80 ਪੰਜਾਬ ਭਾਗ ਦੇ, ਜਿਸ ਦੀ ਵਸੋਂ ਵਿਚ ਉਦੋਂ ਵੀ ਸਿੱਖਾਂ ਦੀ ਬਹੁਗਿਣਤੀ ਸੀ।

1957 ਵਿਚ ਕਾਂਗਰਸ ਤੇ ਅਕਾਲੀਆਂ ਨੇ ਫਿਰ ਇਕੱਠੇ ਹੋ ਕੇ ਚੋਣਾਂ ਲੜੀਆਂ ਤੇ ਇਨ੍ਹਾਂ ਦਾ ਵਿਰੋਧ ਕੇਵਲ ਕਮਿਊਨਿਸਟ ਪਾਰਟੀ ਨੇ ਕੀਤਾ। ਪੰਜਾਬੀ ਭਾਸ਼ੀ ਜ਼ਿਲ੍ਹਿਆਂ ਵਿਚ ਕਮਿਊਨਿਸਟਾਂ ਨੂੰ ਕੇਵਲ ਪੰਜ ਸੀਟਾਂ ਮਿਲੀਆਂ। ਪੰਜਾਬ ਕਾਂਗਰਸ ਦੀਆਂ ਨਜ਼ਰਾਂ ਵਿਚ ਅਕਾਲੀ ਫਿਰਕੂ ਉਦੋਂ ਬਣੇ ਜਦੋਂ ਉਹ ਪੰਜਾਬੀ ਭਾਸ਼ੀ ਰਾਜ ਦੀ ਮੰਗ ਕਰਨ ਲੱਗ ਪਏ, ਜਿਸ ਵਿਚ ਚੜ੍ਹਤ ਪੰਜਾਬੀ ਕਿਰਸਾਣੀ ਦੀ ਹੋਣੀ ਸੀ (ਜਿਵੇਂ ਇਹ ਹੋਈ)। ਪੰਜਾਬ ਦੀ ਸ਼ਹਿਰੀ ਵਪਾਰੀ ਸ਼੍ਰੇਣੀ ਨੂੰ ਇਹ ਮਨਜ਼ੂਰ ਨਹੀਂ ਸੀ।

ਪੰਜਾਬੀ ਬਾਰੇ ਪੰਜਾਬੀ-ਭਾਸ਼ੀ ਲੋਕਾਂ ਵਿਚ ਫਿਰਕੂ ਵੰਡ ਦੀ ਕਹਾਣੀ ਵੀ ਬੜੀ ਅਜੀਬ ਹੈ। 1947 ਤੋਂ ਪਹਿਲਾਂ ਜਦੋਂ ਵੀ ਪੰਜਾਬ ਵਿਚ ਚੀਫ ਖਾਲਸਾ ਦੀਵਾਨ ਦੇ ਮੈਂਬਰਾਂ ਵਲੋਂ, ਜਿਹੜੇ ਆਮ ਕਰਕੇ ਯੂਨੀਨਿਸਟ ਪਾਰਟੀ ਦਾ ਸਾਥ ਦਿੰਦੇ ਸਨ, ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦੀ ਪ੍ਰਤਿਪਾਲਣਾ ਬਾਰੇ ਕੋਈ ਮੰਗ ਹੁੰਦੀ ਤਾਂ ਇਸ ਦਾ ਵਿਰੋਧ ਮੁਸਲਮਾਨਾਂ ਨਾਲੋਂ ਵਧੇਰੇ ਪੰਜਾਬ ਦੀ ਸ਼ਹਿਰੀ ਹਿੰਦੂ ਸ਼੍ਰੇਣੀ ਕਰਦੀ ਤੇ ਉਹੀ ਅਧਿਕਾਰ ਤੇ ਰਿਆਇਤਾਂ ਹਿੰਦੀ ਲਈ ਵੀ ਮੰਗਦੀ। ਜਦੋਂ ਪੰਜਾਬ ਯੂਨੀਵਰਸਿਟੀ ਵਿਚ ਗਿਆਨੀ ਆਦਿ ਦੇ ਇਮਤਿਹਾਨਾਂ ਵਿਚ ਪੰਜਾਬੀ ਨੂੰ ਫਾਰਸੀ ਲਿਪੀ ਵਿਚ ਲਿਖਣ ਦੀ ਰਿਆਇਤ ਦਿਤੀ ਗਈ, ਤਾਂ ਹਿੰਦੂ ਮੈਂਬਰਾਂ ਨੇ ਇਹੀ ਪਰਚੇ ਦੇਵਨਾਗਰੀ ਲਿਪੀ ਵਿਚ ਲਿਖਣ ਦੀ ਰਿਆਇਤ ਵੀ ਲਈ। ਭਾਵੇਂ ਇਨ੍ਹਾਂ ਇਮਤਿਹਾਨਾਂ ਵਿਚ ਦੇਵਨਾਗਰੀ ਵਿਚ ਪਰਚੇ ਲਿਖਣ ਵਾਲਿਆਂ ਦੀ ਗਿਣਤੀ ਬਹੁਤ ਹੀ ਘਟ, ਨਾਂ-ਮਾਤਰ ਹੁੰਦੀ ਸੀ। ਗੱਲ ਕੀ, ਪੰਜਾਬ ਵਿਚ ਜਦੋਂ ਵੀ ਪੰਜਾਬੀ ਦੀ ਉਨਤੀ ਬਾਰੇ ਕੋਈ ਗੱਲ ਹੁੰਦੀ, ਤਾਂ ਪੰਜਾਬ ਦੀ ਸ਼ਹਿਰੀ ਹਿੰਦੂ ਸ਼੍ਰੇਣੀ ਦੇ ਆਗੂ ਹਿੰਦੀ ਲਈ ਵੀ ਬਰਾਬਰ ਦੀ ਮੰਗ ਕਰਦੇ। ਫਿਰ ਵੀ ਕਾਂਗਰਸ ਮੰਡਲਾਂ ਵਿਚ ਫਿਰਕੂ, ਸਿੱਖਾਂ ਨੂੰ ਤੇ ਪੰਜਾਬੀ ਦੇ ਸਮਰਥਕਾਂ ਨੂੰ ਹੀ ਕਿਹਾ ਜਾਂਦਾ।

ਮਜ਼ੇ ਦੀ ਗੱਲ ਹੈ ਕਿ ਹੁਣ ਤਕ ਹਿਮਾਚਲ ਪ੍ਰਦੇਸ਼ ਵਿਚ ਦੂਜੀ ਭਾਸ਼ਾ ਪੰਜਾਬੀ ਦੀ ਥਾਂ ਉਰਦੂ ਹੈ ਅਤੇ ਹਰਿਆਣਾ ਵਿਚ ਤੇਲਗੂ। ਕਿਹਾ ਨਹੀਂ ਜਾ ਸਕਦਾ ਕਿ ਹਰਿਆਣੇ ਵਿਚ ਕਿਤਨੇ ਕੁ ਵਿਦਿਆਰਥੀ ਤੇਲਗੂ ਨੂੰ ਦੂਜੀ ਭਾਸ਼ਾ ਦੇ ਰੂਪ ਵਿਚ ਪੜ੍ਹਦੇ ਹਨ ਪਰ ਇਹ ਗੱਲ ਹਰਿਆਣੇ ਦੀ ਕਾਂਗਰਸੀ ਸਰਕਾਰ ਦੀ ਪੰਜਾਬ ਵਲ ਸਦਭਾਵਨਾ ਦੇ ਪਾਜ ਨੂੰ ਭਲੀ-ਭਾਂਤ ਉਧੇੜਦੀ ਹੈ। ਜੇ ਪਿਛੇ ਵਲ ਝਾਤ ਮਾਰੀਏ ਤਾਂ ਪੰਜਾਬ ਵਿਚ ਦੇਵਨਾਗਰੀ ਲਿਪੀ ਵਿਚ ਕੇਵਲ ਜੋਤਿਸ਼ ਦੀਆਂ ਜੰਤਰੀਆਂ ਹੀ ਲਿਖੀਆਂ ਜਾਂਦੀਆਂ ਸਨ। ਪੰਜਾਬ ਵਿਚ ਹਿੰਦੂ, ਸਿੱਖ ਵਸੋਂ ਵਲੋਂ ਜੋ ਕੁਝ ਸ਼ਾਸ਼ਤਰਾਰਥ ਜਾਂ ਪੁਰਾਤਨ ਇਤਿਹਾਸ ਤੇ ਮਿਥਿਹਾਸ ਲਿਖਿਆ ਜਾਂਦਾ ਸੀ, ਉਹ ਗਰਮੁਖੀ ਵਿਚ ਹੀ ਲਿਖਿਆ ਜਾਂਦਾ ਸੀ। ਪੱਛਮੀ ਪੰਜਾਬ ਵਿਚ ਤਾਂ ਘਰਾਂ ਵਿਚ ਆਮ ਕਰਕੇ ਵੱਡਾ ਪੁੱਤਰ ਕੇਸਾਧਾਰੀ ਸਿੱਖ ਹੁੰਦਾ ਸੀ ਤੇ ਸਾਰੇ ਹਿੰਦੂ ਗੁਰਦੁਆਰਿਆਂ ਵਿਚ ਤੇ ਘਰਾਂ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰਬਾਣੀ ਦਾ ਪਾਠ ਕਰਦੇ ਸਨ। ਸੰਨ 1947 ਤਕ ਸਿੰਧ ਵਿਚ ਕਰੀਬ-ਕਰੀਬ ਸਾਰੇ ਹਿੰਦੂ ਗੁਰੂ ਨਾਨਕ ਤੇ ਗੁਰੂ ਗ੍ਰੰਥ ਸਾਹਿਬ ਨੂੰ ਪੂਜਦੇ ਸਨ। ਮੈਨੂੰ ਵਿਸ਼ਵਾਸ ਹੈ ਕਿ 1947 ਪਿਛੋਂ ਸਿੰਧ ਵਿਚੋਂ ਨਿਕਲ ਕੇ ਆਏ ਹਿੰਦੂ ਹਾਲੀ ਤਕ ਵੀ ਗੁਰਬਾਣੀ ਵਲ ਸ਼ਰਧਾ ਰੱਖਦੇ ਹਨ ਤੇ ਸਿੱਖ ਸ਼ਬਦਾਵਲੀ ਅਨੁਸਾਰ ਸਹਿਜਧਾਰੀ ਸਿੱਖ ਹਨ।

ਇਸ ਤੋਂ ਵੀ ਵਧ ਮਜ਼ੇ ਦੀ ਗੱਲ ਇਹ ਹੈ ਕਿ ਆਰੀਆ ਸਮਾਜ ਜਿਸ ਦੇ ਮੋਢੀ ਗੁਜਰਾਤ ਦੇ ਪੰਡਿਤ ਸੁਆਮੀ ਦਇਆ ਨੰਦ ਸਨ, ਗੁਜਰਾਤ ਵਿਚ ਮਕਬੂਲ ਨਹੀਂ ਹੋਇਆ, ਪੰਜਾਬ ਵਿਚ ਹੀ ਵਧਿਆ ਫੁਲਿਆ (ਹਰਿਆਣਾ ਉਦੋਂ ਪੰਜਾਬ ਦਾ ਹੀ ਭਾਗ ਸੀ)। ਇਸ ਘਟਨਾ ਦਾ ਇਸ ਤੋਂ ਸਿਵਾਏ ਹੋਰ ਸਿੱਟਾ ਕੀ ਕੱਢਿਆ ਜਾ ਸਕਦਾ ਹੈ ਕਿ ਕੇਂਦਰੀ ਪੰਜਾਬ ਦੀ ਹਿੰਦੂ ਸ਼ਹਿਰੀ ਵਸੋਂ ਇਥੋਂ ਦੀ ਸਿੱਖ ਕਿਰਸਾਣੀ ਨਾਲ ਧਾਰਮਿਕ ਵਿਸ਼ਵਾਸ ਦੀ ਸਦੀਆਂ ਤੋਂ ਚਲੀ ਆਉਂਦੀ ਸਾਂਝ ਨੂੰ ਤੋੜਨਾ ਚਾਹੁੰਦੀ ਸੀ। ਕਿਉਂਕਿ ਕਿਰਸਾਣ ਸ਼੍ਰੇਣੀ ਨਾਲ ਉਨ੍ਹਾਂ ਦੇ ਆਰਥਿਕ ਹਿਤ ਜੁੜੇ ਹੋਏ ਨਹੀਂ ਸਨ।

ਜਦ ਸੁਆਮੀ ਦਇਆ ਨੰਦ ਪੰਜਾਬ ਵਿਚ ਆਏ ਤਾਂ ਉਨ੍ਹਾਂ ਵਲੋਂ ਬੁੱਤ ਪੂਜਾ ਤੇ ਹੋਰ ਸਨਾਤਨੀ ਰਹੁ-ਰੀਤ ਦਾ ਵਿਰੋਧ ਪੰਜਾਬ ਦੇ ਸਿੱਖਾਂ ਨੂੰ ਸਿੱਖੀ ਵਰਗਾ ਹੀ ਲੱਗਿਆ ਤੇ ਚੋਖੇ ਵਿਦਵਾਨ ਸਿੱਖ ਸੁਆਮੀ ਦਇਆ ਨੰਦ ਦੇ ਸਹਿਯੋਗੀ ਬਣ ਗਏ। ਉਸ ਸਮੇਂ ਤਕ ਸਿੱਖਾਂ ਵਿਚ ਭਾਰਤੀ ਸਨਾਤਨੀ ਭਾਵਨਾ (ਜਿਸ ਨੂੰ ਅਸੀਂ ਹਿੰਦੂ ਭਾਵਨਾ ਕਹਿ ਸਕਦੇ ਹਾਂ) ਬਹੁਤ ਤਕੜੀ ਸੀ। ਉਹ ਸਾਰੇ ਆਪਣੇ ਆਪ ਨੂੰ ਹਿੰਦੂ ਕਿਹਾ ਕਰਦੇ ਸਨ, ਹਿੰਦੂ ਜਾਤੀ ਦੇ ਨਵੇਂ ਕਸ਼ਤਰੀ। ਆਰੀਆ ਸਮਾਜ ਦੇ ਉਸ ਸਮੇਂ ਦੇ ਬਹੁਤੇ ਪ੍ਰਚਾਰਕ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੀ ਮਹਿਮਾ ਗਾਣ ਵਾਲੇ ਸਨ। ਗੁਰੂ ਗੋਬਿੰਦ ਸਿੰਘ ਉਤੇ ਬਹੁਤ ਸ਼ਰਧਾਪੂਰਨ ਪੁਸਤਕ ਸ੍ਰੀ ਦੌਲਤ ਰਾਮ ਨੇ ਲਿਖੀ ਜੋ ਆਰੀਆ ਸਮਾਜੀ ਸਨ।

ਇਕ ਹੋਰ ਵਰਨਣਯੋਗ ਗੱਲ ਇਹ ਹੈ ਕਿ ਪਹਿਲਾਂ ਪਹਿਲ ਅਰਥਾਤ ਉਨੀਵੀਂ ਸਦੀ ਦੇ ਅੰਤ ਤਕ ਅਤੇ ਵੀਹਵੀਂ ਸਦੀ ਦੇ ਕੁਝ ਮੁਢਲੇ ਵਰਿਆਂ ਵਿਚ, ਆਰੀਆ ਸਮਾਜੀ ਆਪਣੇ ਆਪ ਨੂੰ ਹਿੰਦੂ ਨਹੀਂ ਆਖਦੇ ਸਨ। ਉਹ ਹਿੰਦੂ ਸ਼ਬਦ ਨੂੰ ਉਨ੍ਹਾਂ ਅਰਥਾਂ ਵਿਚ ਹੀ ਲੈਂਦੇ ਸਨ ਜੋ ਇਸ ਦੇ ਫਾਰਸੀ ਵਿਚ ਹਨ, ਅਰਥਾਤ ਕਾਲਾ। ਪੰਜਾਬ ਵਿਚ ਮਧਵਰਗੀ ਅਥਵਾ ਗੈਰ ਬ੍ਰਾਹਮਣ ਹਿੰਦੂਆਂ ਲਈ ਵਰਤਿਆ ਜਾਂਦਾ ਸ਼ਬਦ ਲਾਲਾ ਤੁਰਕੀ ਦਾ ਸ਼ਬਦ ਹੈ ਤੇ ਇਸ ਦੇ ਅਰਥ ਗੁਲਾਮ ਹਨ। ਤੇ ਇਹ ਸ਼ਬਦ ਪੰਜਾਬ ਦੀ ਹਿੰਦੂ ਮਧ ਸ਼੍ਰੇਣੀ ਹੁਣ ਤਕ ਆਪਣੇ ਲਈ ਬੜੇ ਮਾਣ ਨਾਲ ਵਰਤਦੀ ਹੈ। ਮੇਰਾ ਭਾਵ ਇਨ੍ਹਾਂ ਸ਼ਬਦਾਂ ਤੋਂ ਫਿਰਕੂ ਨਫਰਤ ਫੈਲਾਣਾ ਨਹੀਂ, ਕੇਵਲ ਸਾਡੀ ਹਿੰਦੂ ਸ਼ਹਿਰੀ ਮਧ ਸ਼੍ਰੇਣੀ ਦੀ ਨਿਆਇ

***(ਬਾਕੀ ਸਫਾ 23 'ਤੇ)***

# ਕਥਾ ਜਿਉਣ ਮਰਨ...



## ਕਲਾ ਪਰਿਕਰਮਾ



**ਡਾ. ਸਾਹਿਬ ਸਿੰਘ**
ਫੋਨ: +91-98880-11096

ਬੜੇ ਅਰਸੇ ਬਾਅਦ ਚੰਡੀਗੜ੍ਹ ਦੇ ਟੈਗੋਰ ਥੀਏਟਰ ਨੇ ਕਿਸੇ ਪੇਸ਼ਕਾਰੀ ਲਈ ਸੱਦਾ ਦਿੱਤਾ। ਅਸੀਂ ਚਾਈਂ-ਚਾਈਂ ਜੁੜ ਬੈਠੇ। ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਨੇ ਰਬਿੰਦਰਨਾਥ ਟੈਗੋਰ ਦੀ ਯਾਦ 'ਚ ਸਮਾਗਮ ਰਚਾਇਆ ਜਿਸ ਦਾ ਨਾਂ ਧਰਿਆ- ਗੀਤਾਂਜਲੀ! ਵਿਰਲੇ-ਵਿਰਲੇ ਦਰਸ਼ਕ ਹਾਲ ਦੀਆਂ ਕੁਰਸੀਆਂ ਵੱਲ ਚਾਅ ਨਾਲ ਅਹੁਲ ਰਹੇ ਸਨ। ਅਕੈਡਮੀ ਦੇ ਅਹੁਦੇਦਾਰ ਅਤੁਲ ਸ਼ਰਮਾ ਅਤੇ ਬਲਕਾਰ ਸਿੱਧੂ ਦੇ ਚਿਹਰਿਆਂ ਤੋਂ ਚਾਅ ਡੁੱਲ੍ਹ-ਡੁੱਲ੍ਹ ਪੈ ਰਿਹਾ ਸੀ। ਆਰੰਭ ਸੰਗੀਤਕ ਸੀ। ਪੰਡਤ ਸੁਭਾਸ਼ ਘੋਸ਼ ਦੀ ਰਹਿਨੁਮਾਈ 'ਚ ਸਾਜ਼ ਅਤੇ ਆਵਾਜ਼ ਦਾ ਸੁਮੇਲ ਮਹਾਂਕਵੀ ਦੀ ਭਾਵਨਾ ਦੇ ਨਜ਼ਦੀਕ ਲੈ ਕੇ ਜਾ ਰਿਹਾ ਸੀ। 'ਏਕਲਾ ਚਲੋ' ਦੇ ਭਾਵ ਤੇ ਪੜਾਅ ਪਹਿਲੀ ਵਾਰ ਕੋਈ ਇਸ ਵਿਸਥਾਰ ਤੇ ਲਿਆਕਤ ਨਾਲ ਸਮਝਾ ਰਿਹਾ ਸੀ। 'ਏਕਲਾ ਚਲੋ' ਦਾ ਸੰਗੀਤ ਦਰਸ਼ਕਾਂ ਨੂੰ ਉਤਸ਼ਾਹਿਤ ਕਰਦਾ ਹੈ, ਉਹ ਸੰਗੀਤਕ ਜੁਗਲਬੰਦੀ 'ਚ ਆਪਣੀਆਂ ਤਾੜੀਆਂ ਦੀ ਆਹੂਤੀ ਅਰਪਣ ਕਰ ਦਿੰਦੇ ਹਨ।

ਅਗਲੇ ਪੜਾਅ 'ਚ ਡਾ. ਨਵਦੀਪ ਕੌਰ ਤੇ ਟੀਕਮ ਜੋਸ਼ੀ ਨੇ ਟੈਗੋਰ ਦੀ ਕਹਾਣੀ 'ਜੀਵਿਤ ਔਰ ਮ੍ਰਿਤ' ਦਾ ਕਹਾਣੀ ਪਾਠ ਪੇਸ਼ ਕੀਤਾ। ਰੋਸ਼ਨੀਆਂ ਬੁਝ ਗਈਆਂ ਤੇ ਚੁੱਪ ਬੋਲ ਰਹੀ ਸੀ। ਮਨ ਉਤਸੁਕ ਸੀ ਕਿ ਜਦ ਪ੍ਰਕਾਸ਼ ਹੋਵੇਗਾ ਤਾਂ ਕੀ ਨਜ਼ਰ ਆਵੇਗਾ। ਪੇਸ਼ਕਾਰ ਨੂੰ ਕੋਈ ਕਾਹਲ ਨਹੀਂ। ਹਨੇਰੇ 'ਚ ਦੋ ਦੀਵਿਆਂ ਦੀ ਲਾਟ ਉਪਰ ਉਠਦੀ ਦਿਖਾਈ ਦਿੰਦੀ ਹੈ। ਪਿੱਛੇ ਥੋੜ੍ਹੀ ਉਚਾਈ 'ਤੇ ਮੋਮਬੱਤੀ ਪਹਿਰਾ ਦੇ ਰਹੀ ਹੈ। ਪ੍ਰਕਾਸ਼ ਪ੍ਰਬੰਧ ਲਾਜਵਾਬ ਹੈ, ਸਹਿਜ ਹੈ। ਸਹਿਜੇ-ਸਹਿਜੇ ਮੋਮਬੱਤੀ ਦੇ ਹੇਠਲਾ ਆਕਾਰ ਇਵੇਂ ਰੋਸ਼ਨ ਹੁੰਦਾ ਹੈ, ਜਿਵੇਂ ਕੋਈ ਮੂਰਤ ਹੋਵੇ।

ਟੀਕਮ ਕਾਗਜ਼ ਉਪਰ ਚੁੱਕਦਾ ਹੈ, ਦਰਸ਼ਕਾਂ ਵੱਲ ਦੇਖਦਾ ਹੈ, ਫਿਰ ਨਜ਼ਰਾਂ ਅੱਖਰਾਂ 'ਤੇ ਗੱਡਦਾ ਹੈ ਤੇ ਲਫਜ਼ ਉਚਾਰਦਾ ਹੈ, 'ਜ਼ਿਮੀਂਦਾਰ ਸ਼ਰਧਾ ਸ਼ੰਕਰ ਦੇ ਪਰਿਵਾਰ ਨਾਲ ਉਸ ਦੇ ਰਾਣੀਘਾਟ ਸਥਿਤ ਬੜੇ ਘਰ 'ਚ ਰਹਿ ਰਹੀ ਵਿਧਵਾ ਕਾਦੰਬਿਨੀ ਦਾ ਹੁਣ ਕੋਈ ਨਿਕਟ ਸਬੰਧੀ ਨਹੀਂ ਬਚਿਆ ਸੀ।' ਕਿੱਸਾ ਜਾਗ ਪਿਆ ਹੈ। ਟੀਕਮ ਦੀ ਆਵਾਜ਼ ਕਿੱਸਾਗੋਈ ਦਾ ਤਲਿਸਮ ਸਿਰਜਣ ਵੱਲ ਆਹਿਸਤਾ-ਆਹਿਸਤਾ ਵਧ ਰਹੀ ਹੈ। ਨਵਦੀਪ ਸਥਿਰ ਹੈ। ਕਾਦੰਬਿਨੀ ਦੀ ਕਹਾਣੀ ਉਧੜ ਰਹੀ ਹੈ। ਕਾਦੰਬਿਨੀ ਕੋਲ ਕੁਝ ਨਹੀਂ ਹੈ, ਜ਼ਿੰਦਗੀ ਜਿਊਣ ਦੇ ਮਕਸਦ ਵਰਗਾ! ਪਰ ਉਸ ਨੇ ਮਕਸਦ ਲੱਭ ਲਿਆ ਹੈ। ਜੇਠ ਦਾ ਪੁੱਤਰ ਉਹਦੀ ਮਮਤਾ ਨੂੰ ਜ਼ਿੰਦਾ ਰੱਖਣ ਲਈ ਕਾਫੀ ਹੈ। ਉਹ ਬੱਚੇ ਦੇ ਮੋਹ ਨੂੰ ਆਪਣੀ ਤਾਕਤ ਬਣਾਉਂਦੀ ਹੈ। ਮਾਸੂਮ ਬੱਚਾ ਜਿਊਣ ਦਾ ਸਬੱਬ ਬਣ ਗਿਆ ਹੈ। ਕਾਦੰਬਿਨੀ ਤੇ ਬੱਚੇ ਦਾ ਪਿਆਰ ਤੇ ਸਨੇਹ ਕਿਸੇ ਵੀ ਸਮਾਜੀ ਨੇਮ ਜਾਂ ਹੱਕ ਤੋਂ ਉਪਰ ਹੈ। ਅਜਿਹੇ ਸਬੰਧ ਨੂੰ ਕਿਸੇ ਕਾਨੂੰਨੀ ਦਸਤਾਵੇਜ਼ ਦੀ ਲੋੜ ਨਹੀਂ। ਟੀਕਮ ਦੇ ਹੱਥਾਂ 'ਚ ਫੜੀ ਕਹਾਣੀ ਦੇ ਪੰਨੇ ਇਕ-ਇਕ ਕਰਕੇ ਦਰਸ਼ਕ ਦੇ ਸਾਹਮਣੇ ਬੀਤ ਚੁੱਕੀ ਗਾਥਾ ਦਾ ਪ੍ਰਮਾਣ ਬਣ ਬਾਕੀ ਪੰਨਿਆਂ ਤੋਂ ਵਿਛੜ ਫਰਸ਼ 'ਤੇ ਬਿਰਾਜ ਰਹੇ ਹਨ।

ਹੁਣ ਨਵਦੀਪ ਕਰਵਟ ਲੈਂਦੀ ਹੈ। ਕਿੱਸਾ ਮੋੜ ਕੱਟਦਾ ਹੈ। ਸਾਉਣ ਦੀ ਹਨੇਰੀ ਰਾਤ ਕਾਦੰਬਿਨੀ ਦੇ ਦਿਲ ਦੀ ਗਤੀ ਰੁਕ ਗਈ ਤੇ ਉਸ ਦੀ ਮੌਤ ਹੋ ਗਈ। ਚਾਰ ਜਣੇ ਉਸ ਦੀ ਲਾਸ਼ ਨੂੰ ਮੋਢਿਆਂ ਉਤੇ ਚੁੱਕ ਸੁੰਨਸਾਨ ਥਾਂ, ਨਿੱਕੀ ਨਦੀ ਦੇ ਕੰਢੇ, ਬੋਹੜ ਦੇ ਦਰੱਖਤ ਹੇਠਾਂ ਅੰਤਿਮ ਰਸਮਾਂ ਲਈ ਲੈ ਗਏ। ਰਾਤ ਹਨੇਰੀ ਸੀ, ਕਾਲੀਆਂ ਘਟਾਵਾਂ ਛਾਈਆਂ ਸਨ, ਉਨ੍ਹਾਂ ਲਾਸ਼ ਨੂੰ ਦਰੱਖਤ ਦੇ ਨਜ਼ਦੀਕ ਬਣੀ ਝੁੱਗੀ 'ਚ ਰੱਖ ਲਿਆ। ਪਿੰਡੋਂ ਲੱਕੜਾਂ ਆਉਣ ਦੀ ਉਡੀਕ ਹੋ ਰਹੀ ਹੈ। ਉਡੀਕ ਲੰਮੀ ਹੁੰਦੀ ਹੈ। ਦੋ ਜਣੇ ਲੱਕੜਾਂ ਲਿਆਉਣ ਵਾਲਿਆਂ ਦਾ ਪਤਾ ਕਰਨ ਲਈ ਨਿਕਲਦੇ ਹਨ, ਬਾਕੀ ਦੋ ਅਵਾਜ਼ਾਰੀ ਹੰਢਾ ਰਹੇ ਹਨ। ਟੋਭੇ ਦੇ ਕੰਢੇ ਬੀਂਡਿਆਂ ਅਤੇ ਡੱਡੂਆਂ ਦੀ ਆਵਾਜ਼ ਰਾਤ ਨੂੰ ਹੋਰ ਡਰਾਉਣੀ ਕਰ ਰਹੀ ਹੈ। ਟੀਕਮ ਤੇ ਨਵਦੀਪ ਦੀ ਆਵਾਜ਼... ਹਲਕਾ-ਹਲਕਾ ਸੰਗੀਤ, ਦੋ ਦੀਵਿਆਂ ਅਤੇ ਇੱਕ ਮੋਮਬੱਤੀ ਦੀ ਲਾਟ, ਸਾਈਕਲੋਰਾਮਾ 'ਤੇ ਨਜ਼ਰ ਆਉਂਦੇ ਧੁੰਦਲੇ ਅਕਸ ਦਰਸ਼ਕ ਮਸਾਣੀਂ ਪਹੁੰਚਿਆ ਮਹਿਸੂਸ ਕਰਦਾ ਹੈ।

ਅਚਾਨਕ ਲਾਸ਼ 'ਚ ਹਿਲਜੁਲ ਹੁੰਦੀ ਹੈ, ਉਠ ਬੈਠਦੀ ਹੈ। ਦੋਵੇਂ ਜਣੇ ਡਰ ਜਾਂਦੇ ਹਨ। ਬਾਹਰ ਆ ਕੇ ਬਾਕੀ ਦੋਵਾਂ ਨਾਲ ਗੁਫਤਗੂ ਹੁੰਦੀ ਹੈ ਤੇ ਅਖੀਰ ਫੈਸਲਾ ਹੁੰਦਾ ਹੈ ਕਿ ਇਹ ਝੂਠ ਬੋਲਿਆ ਜਾਵੇ ਕਿ ਅਸੀਂ ਇੰਤਜ਼ਾਰ ਕਰਕੇ ਉਥੇ ਪਈਆਂ ਲੱਕੜਾਂ ਨਾਲ ਹੀ ਸਸਕਾਰ ਕਰ ਦਿੱਤਾ ਹੈ। ਕੋਈ ਸ਼ੱਕ ਕਿਉਂ ਕਰੇਗਾ। ਲਾਸ਼ ਹੀ ਤਾਂ ਹੈ। ਹੁਣ ਕਾਦੰਬਿਨੀ ਹੈਰਾਨ ਤੇ ਪ੍ਰੇਸ਼ਾਨ ਹੈ, ਸਮਝਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਤੇ ਕਿਵੇਂ ਹੋਇਆ! ਯਾਦ ਕਰਦੀ ਹੈ, ਉਸ ਦਾ ਦਿਲ ਜ਼ੋਰ ਨਾਲ ਧੜਕਿਆ ਸੀ, ਉਹ ਬਿਸਤਰ ਤੋਂ ਡਿੱਗ ਪਈ ਸੀ, ਦੁੱਧ ਗਰਮ ਕਰਦੀ ਜੇਠਾਣੀ ਨੂੰ ਉਸ ਇੰਨਾ ਹੀ ਕਿਹਾ ਸੀ, 'ਮੁੰਨੇ ਨੂੰ ਮੇਰੇ ਕੋਲ ਲਿਆ, ਮੈਂ ਮਰ ਰਹੀ ਹਾਂ!' ਮੁੰਨਾ ਕੋਲ ਆਇਆ, ਮਾਸੂਮ ਬੱਚੇ ਨੇ 'ਕਾਕੀ' ਕਹਿ ਕੇ ਪੁਕਾਰਿਆ ਤੇ ਕਾਦੰਬਿਨੀ ਮਰ ਗਈ। ਅਸਲ 'ਚ ਉਹ ਮਰੀ ਨਹੀਂ ਸੀ, ਬੇਸੁੱਧ ਅਵਸਥਾ 'ਚ ਪਹੁੰਚ ਗਈ ਸੀ ਤੇ ਹੁਣ ਉਸ ਦੀ ਸੁੱਧ ਪਰਤ ਆਈ ਹੈ। ਹੁਣ ਉਹ ਕੀ ਕਰੇ! ਨਵਦੀਪ ਦੀ ਆਵਾਜ਼ ਗਹਿਰੇ ਖੂਹ 'ਚੋਂ ਵਿਲਕਦੀ ਹੈ, 'ਮੇਰਾ ਹੁਣ ਜ਼ਿੰਦਾ ਲੋਕਾਂ ਦੇ ਸੰਸਾਰ ਨਾਲ ਕੋਈ ਸਬੰਧ ਨਹੀਂ, ਮੈਂ ਡਰਾਉਣੀ ਹਾਂ, ਮੈਂ ਬੁਰਾਈ ਦਾ ਪੁਤਲਾ ਹਾਂ, ਮੈਂ ਖੁਦ ਆਪਣਾ ਹੀ ਭੂਤ ਹਾਂ।' ਕਾਦੰਬਿਨੀ ਘਰ ਨਹੀਂ ਜਾਂਦੀ, ਆਪਣੀ ਸਹੇਲੀ ਯੋਗਮਾਇਆ ਕੋਲ ਜਾ ਪਹੁੰਚਦੀ ਹੈ ਜਿਸ ਨੂੰ ਉਹ ਬਚਪਨ ਤੋਂ ਬਾਅਦ ਹੁਣ ਮਿਲੀ ਹੈ।

ਕਾਦੰਬਿਨੀ ਦਾ ਸੰਘਰਸ਼ ਆਰੰਭ ਹੁੰਦਾ ਹੈ। ਉਸ ਨੂੰ ਯੋਗਮਾਇਆ, ਉਸ ਦਾ ਪਤੀ ਤੇ ਬੱਚੇ ਕਿਸੇ ਵੱਖਰੇ ਸੰਸਾਰ ਦੇ ਪ੍ਰਾਣੀ ਲੱਗਦੇ ਹਨ ਜਿੱਥੇ ਪਿਆਰ ਹੈ, ਫਰਜ਼ ਹਨ, ਭਾਵਨਾਵਾਂ ਹਨ ਪਰ ਕਾਦੰਬਿਨੀ ਸਿਰਫ ਖਾਲੀ ਅਕਸ ਹੈ। ਉਸ ਦਾ ਉਥੇ ਟਿਕੇ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ। ਕਿੱਸਾ ਅੱਗੇ ਤੁਰਦਾ ਹੈ, ਕਾਦੰਬਿਨੀ ਫਿਰ ਵਾਪਸ ਆਪਣੇ ਸਹੁਰੇ ਘਰ ਪਰਤ ਆਈ ਹੈ। ਜੇਠ ਦਾ ਬੱਚਾ ਬਿਮਾਰ ਪਿਆ ਹੈ। ਕਾਦੰਬਿਨੀ ਉਸ ਕੋਲ ਪਹੁੰਚਦੀ ਹੈ, ਬੱਚਾ ਪਾਣੀ ਮੰਗ ਰਿਹਾ ਹੈ, ਘੜੇ 'ਚੋਂ ਪਾਣੀ ਭਰਦੀ ਹੈ ਤੇ ਬੱਚੇ ਦੇ ਮੂੰਹ ਨੂੰ ਲਗਾਉਂਦੀ ਹੈ। ਬੱਚਾ ਚਹਿਕਦਾ ਹੈ, 'ਕਾਕੀ, ਤੂੰ ਤਾਂ ਮਰ ਗਈ ਸੀ।' ਕਾਦੰਬਿਨੀ ਉਸ ਨੂੰ ਗਲੇ ਲਗਾਉਂਦੀ ਹੈ। ਬੱਚਾ ਵਾਅਦਾ ਲੈ ਰਿਹਾ ਹੈ, 'ਦੁਬਾਰਾ ਤਾਂ ਨਹੀਂ ਮਰੇਂਗੀ ਕਾਕੀ?' ਕਦੰਬਿਨੀ ਭਾਵੁਕ ਹੁੰਦੀ ਹੈ, ਜਿਊਣ ਦਾ ਮਕਸਦ ਉਹਦੀ ਗੋਦ 'ਚ ਹੈ।

ਪਰਿਵਾਰ ਯਕੀਨ ਨਹੀਂ ਕਰ ਰਿਹਾ ਕਿ ਉਹ ਜ਼ਿੰਦਾ ਹੈ, ਉਸ ਦੀਆਂ ਮਿੰਨਤਾਂ ਕਰਦੇ ਹਨ, 'ਤੂੰ ਇਸ ਮਾਸੂਮ ਬੱਚੇ ਦਾ ਖਹਿੜਾ ਛੱਡ ਦੇ, ਅਸੀਂ ਤੇਰੀਆਂ ਅੰਤਿਮ ਰਸਮਾਂ ਠੀਕ ਢੰਗ ਨਾਲ ਕਰ ਦਿਆਂਗੇ।' ਕਾਦੰਬਿਨੀ ਤੜਫ ਉਠਦੀ ਹੈ। ਕਟੋਰਾ ਚੁੱਕ ਆਪਣੇ ਮੱਥੇ 'ਚ ਮਾਰਦੀ ਹੈ, ਖੂਨ ਨਿਕਲਦਾ ਹੈ ਪਰ 'ਜ਼ਿੰਦਾ ਲੋਕ' ਬਜ਼ਿਦ ਹਨ ਕਿ ਉਹ ਮਰ ਚੁੱਕੀ ਹੈ। ਬਰਸਾਤ ਤੇਜ਼ ਹੋ ਰਹੀ ਹੈ, ਬੱਦਲ ਗਰਜ ਰਹੇ ਹਨ, ਕਾਦੰਬਿਨੀ ਤੇਜ਼ੀ ਨਾਲ ਪੌੜੀਆਂ ਉਤਰਦੀ ਹੈ ਤੇ ਹਵੇਲੀ 'ਚ ਬਣੇ ਨਿੱਕੇ ਸਰੋਵਰ 'ਚ ਛਾਲ ਮਾਰ ਦਿੰਦੀ ਹੈ। ਤੇਜ਼ ਬਾਰਸ਼ ਉਸ ਦੀ ਲਾਸ਼ ਨੂੰ ਹੌਲੇ-ਹੌਲੇ ਪਾਣੀ ਹੇਠਾਂ ਧੱਕ ਦਿੰਦੀ ਹੈ। ਕਾਦੰਬਿਨੀ ਨੇ ਮਰ ਕੇ ਸਾਬਤ ਕਰ ਦਿੱਤਾ ਹੈ ਕਿ ਉਹ ਮਰੀ ਨਹੀਂ ਸੀ।

ਟੈਗੋਰ ਦੀ ਸਹਿਜ ਰਚਨਾਕਾਰੀ ਦੇ ਸਹਿਜ ਭਾਵ ਉਜਾਗਰ ਕਰਨ ਲਈ ਕਿੱਸਾਗੋਈ ਰੂਪੀ ਪੇਸ਼ਕਾਰੀ ਦਾ ਹਰ ਅੰਗ ਸੁਭਾਵਿਕ ਸੀ, ਕਿਤੇ ਕੋਈ ਉਚੇਚ ਨਹੀਂ। ਟੀਕਮ ਅਤੇ ਨਵਦੀਪ ਦੀ ਸਰੀਰਕ ਭਾਸ਼ਾ ਨਪੀ ਤੁਲੀ ਤੇ ਘੱਟੋ-ਘੱਟ ਹਿਲਜੁਲ ਵਾਲੀ, ਆਵਾਜ਼ ਦਾ ਉਤਰਾਅ ਚੜ੍ਹਾਅ ਬਹੁਤ ਸੂਖਮ, ਅੱਖਾਂ ਦੀਆਂ ਪੁਤਲੀਆਂ ਸਿਰਫ ਹਿੱਲ ਰਹੀਆਂ, ਮਟਕ ਨਹੀਂ ਰਹੀਆਂ, ਸੰਗੀਤ ਇਵੇਂ ਜਿਵੇਂ ਕਿਤੇ ਦੂਰ ਪਹਾੜ ਦੇ ਪਰਲੇ ਪਾਸਿਓਂ ਉਗਮ ਰਿਹਾ ਹੋਵੇ, ਰੋਸ਼ਨੀ ਵਿਉਂਤ ਪਿੱਛੇ ਸਾਈਕਲੋਰਾਮਾ 'ਤੇ ਨਜ਼ਰ ਆਉਂਦੇ ਦ੍ਰਿਸ਼ਾਂ ਨਾਲ ਇਕਮਿੱਕ ਹੋ ਕੇ ਚੱਲਦੀ ਹੋਈ। ਕਦੇ ਪਿੰਡਾਂ 'ਚ ਬੋਹੜ ਹੇਠਾਂ ਲਾਲਟੈਣ ਦੀ ਲੋਏ ਕਿੱਸੇ ਤੇ ਚਿੱਠੇ ਪੜ੍ਹ ਕੇ ਸੁਣਾਏ/ਗਾਏ ਜਾਂਦੇ ਸਨ, ਇਸ ਪੇਸ਼ਕਾਰੀ ਦੀ ਡਿਜ਼ਾਈਨਿੰਗ ਉਹੋ ਜਿਹਾ ਪ੍ਰਭਾਵ ਸਿਰਜਣ ਵਿਚ ਸਫਲ ਰਹੀ। ਡਾ. ਨਵਦੀਪ ਕੌਰ ਤੇ ਟੀਕਮ ਜੋਸ਼ੀ ਕਿੱਸਾਗੋਈ ਦੀ ਇਸ ਪੇਸ਼ਕਾਰੀ ਲਈ ਮੁਬਾਰਕਬਾਦ ਦੇ ਹੱਕਦਾਰ ਹਨ।

**ਰਬਿੰਦਰਨਾਥ ਟੈਗੋਰ ਦੀ ਸਹਿਜ ਰਚਨਾਕਾਰੀ ਦੇ ਸਹਿਜ ਭਾਵ ਉਜਾਗਰ ਕਰਨ ਲਈ ਕਿੱਸਾਗੋਈ ਰੂਪੀ ਪੇਸ਼ਕਾਰੀ ਦਾ ਹਰ ਅੰਗ ਸੁਭਾਵਿਕ ਸੀ, ਕਿਤੇ ਕੋਈ ਉਚੇਚ ਨਹੀਂ।**

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਸਤੰਬਰ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-498




*ਮੁਸ਼ਕਿਲਾਂ ਦੇ ਦੌਰ ਵੀ ਲੰਘ ਹੀ ਜਾਣਗੇ,
ਨ੍ਹੇਰੀਆਂ ਤੇ ਝੱਖੜ ਬਥੇਰੇ ਆਉਣਗੇ।
ਨੱਚਦਾ ਰਹਿਣਾ ਸਿਦਕ ਅੱਗਾਂ 'ਤੇ ਵੀ,
ਇਸ ਤਰ੍ਹਾਂ ਉਹ ਜ਼ਿੰਦਗੀ ਰੁਸ਼ਨਾਉਣਗੇ।*

### ਕੈਪਸ਼ਨ ਮੁਕਾਬਲਾ-496



ਕਰ ਕਮਾਈਆਂ ਜਵਾਨੀ ਲੰਘੀ,
ਹੁਣ ਗਲ਼ ਪਿਆ ਬੁਢਾਪਾ
ਧੀਆਂ ਵਿਆਹ ਜਵਾਈ ਲੈ ਗਏ,
ਨਿੱਤ ਨੂੰਹਾਂ ਪਾਉਣ ਸਿਆਪਾ
ਕੋਈ ਨਾ ਬਾਲੀ ਵਾਰਿਸ ਬਣਦਾ,
ਨ ਜੀਣ ਦਾ ਬਣੇ ਵਸੀਲਾ
ਉਮਰਾਂ ਨੇ ਵੀ ਹੈ ਐਸਾ ਝੰਬਿਆ,
ਦੋਵੇਂ ਸੁੱਕ-ਸੁੱਕ ਹੋਏ ਤੀਲਾ
**-ਸੇਵਾ ਸਿੰਘ ਨੂਰਪੁਰੀ**

---

ਬਾਂਹ ਸੱਜਣ ਦੀ ਘੁੱਟ ਕੇ ਫੜ ਲਈ,
'ਕੱਲੀ ਨੂੰ ਕਿਤੇ ਛੱਡ ਨਾ ਜਾਏ।
ਲੰਮੀ ਵਾਟ ਦੁੱਖ, ਸੁੱਖ ਕੱਟੇ,
ਅੱਗਾ ਸੋਚ ਦਿਲ ਘਬਰਾਏ।
'ਕੱਠਿਆਂ ਇਸ ਜਹਾਨੋਂ ਜਾਈਏ,
ਕੀਤੇ ਵਾਅਦੇ ਤੋੜ ਨਿਭਾਈਏ।
**-ਦਵਿੰਦਰ ਕੌਰ**

---

ਬਿਰਧ ਵਰੇਸ ਹੋਈ,
ਚੱਲੇ ਕੋਈ ਵੱਸ ਨਾ
ਲੰਘ ਗਈ ਜਵਾਨੀ,
ਹੁਣ ਵੇਲਾ ਆਵੇ ਹੱਥ ਨਾ।
ਮਨ ਕਿਸੇ ਪਾਸੇ ਵੀ,
ਮੰਨਦਾ ਨਹੀਂ ਜਾਣ ਨੂੰ
ਫਿਰ ਵੀ ਲਿਆਈਏ,
ਕੁਝ ਥੈਲੇ ਵਿਚ ਖਾਣ ਨੂੰ।
ਕਰੀਏ ਅਰਦਾਸ!
ਦੋਵੇਂ ਸਾਥੀ ਹੱਥ ਜੋੜਦੇ
ਤੇਰੇ ਕੋਲੋਂ ਰੱਬਾ
ਲੰਮੀ ਆਰਜ਼ਾ ਨਹੀਂ ਲੋੜਦੇ।
**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਫੋਨ: 925-325-2486**

---

ਵਿਚ ਜਵਾਨੀ ਹੱਥ ਜੁੜੇ ਸੀ
ਇਹ ਨਾ ਕਦੇ ਛੁਡਾਵਾਂਗੇ।
ਕੌਲ ਕਰਾਰ ਸੀ ਜੋ ਵੀ ਕੀਤੇ
ਹੁਣ ਵੀ ਤੋੜ ਨਿਭਾਵਾਂਗੇ।
ਬਹੁਤੀ ਲੰਘੀ ਥੋੜ੍ਹੀ ਰਹਿ ਗਈ
ਕਿਸੇ 'ਤੇ ਬੋਝ ਨਾ ਪਾਵਾਂਗੇ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਰੜਕ ਤੇ ਮੜਕ ਭਾਵੇਂ
ਪਹਿਲਾਂ ਵਾਲੀ ਨਹੀਂ ਰਹੀ,
ਦਿਲਾਂ ਦੀ ਜਵਾਨੀ
ਅਜੇ ਬੜਕਾਂ ਪਈ ਮਾਰਦੀ।
ਕਸਮਾਂ ਤੇ ਵਾਅਦੇ ਨਿਭਾਏ ਵਫਾਦਾਰੀ ਨਾਲ,
ਕਦੇ ਨਹੀਂ ਕੀਤੀ ਪ੍ਰਵਾਹ ਝੂਠੇ ਸੰਸਾਰ ਦੀ।
ਜਿਸਮ ਨੇ ਦੋ, ਪਰ ਜਿੰਦ ਜਾਨ ਇੱਕ ਸਾਡੀ,
ਬਣੀ ਰਹੇ ਸਾਂਝ ਸਾਡੀ ਆਤਮਾ ਪੁਕਾਰਦੀ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ।**
**ਫੋਨ: 91-94176-49275**

---

ਜਜ਼ਬਾਤੀ ਤੰਦਾਂ ਇੰਨੀਆਂ ਗੂੜ੍ਹੀਆਂ
ਕਦਮ ਕਦਮ ਇਕ ਦੂਜੇ ਦਾ ਸਹਾਰਾ।
ਕੁਦਰਤ ਬਣਾਈ ਆਦਮ ਈਵ ਦੀ ਜੋੜੀ
ਸਮਾਜਿਕ ਜੀਵ ਹੈ ਬੇਚਾਰਾ।
ਇਕੱਲਤਾ ਝੱਲੀ ਨ੍ਹੀਂ ਜਾਂਦੀ
ਬੁਢਾਪੇ 'ਚ ਸਭ ਕਰ ਜਾਣ ਕਿਨਾਰਾ।
ਆਪਣੇ ਦੁੱਖ ਇਕ ਦੂਜੇ ਕੋਲ ਫੋਲ ਕੇ
ਹੌਲਾ ਫੁੱਲ ਵਾਂਗੂ ਬੀਤਦਾ ਸਮਾਂ ਸਾਰਾ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਹੰਭ ਗਏ ਹਨ ਭਾਵੇਂ ਦੋਨੋਂ
ਜ਼ਿੰਦਗੀ ਆ ਪਹੁੰਚੀ ਆਖਰੀ ਪੜਾਅ 'ਤੇ।
ਵਾਅਦਾ ਸੀ ਜੋ ਲੜ ਫੜਦਿਆਂ ਕੀਤਾ
ਰਹਿਣਗੇ ਕੌਲ-ਕਰਾਰ ਉਵੇਂ ਹੀ
ਦੋਹਾਂ 'ਚ ਪੀਡੀ ਗੰਢ ਰਹੇਗੀ ਕੱਸੀ।
ਇਹੀ ਹੈ ਇਕ ਧਰਵਾਸਾ
ਜੋ ਦੋਹਾਂ ਨੂੰ ਡਿੱਗਣੋਂ ਖੜ੍ਹੇ ਰੱਖਦਾ
ਜਦ ਤੱਕ ਸੁਆਸ, ਤਦ ਤੱਕ ਆਸ।
**-ਦਰਸ਼ਨਪਾਲ ਦੋਸਾਂਝ**

---

ਜਵਾਨੀ ਗਈ ਬੁਢੇਪੇ ਢਾਹਿਆ,
ਲੰਘਿਆ ਸਮਾਂ ਹੱਥ ਨਾ ਆਇਆ।
ਚੜ੍ਹਦੀ ਉਮਰੇ ਪੀਂਘਾਂ ਪਾਈਆਂ,
ਬੁੱਢਿਆਂ ਹੋ ਵੀ ਤੋੜ ਨਿਭਾਈਆਂ।
ਡਿੱਕੇ ਡੋਲੇ ਖਾਂਦੇ ਫਿਰਦੇ,
ਹੱਥ 'ਚ ਖੂੰਡੀ ਫੜ ਕੇ ਤੁਰਦੇ।
ਇੱਕ ਦੂਜੇ ਦਾ ਹੱਥ ਨ੍ਹੀਂ ਛੱਡਦੇ,
ਜਦ ਤੱਕ ਆਖਰੀ ਸਾਹ ਹੈ ਚਲਦਾ।
**-ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

# ਸੁਤੰਤਰਤਾ ਪਿੱਛੋਂ ਪੰਜਾਬ ਦੀ ਗਾਥਾ

(ਸਫਾ 21 ਦੀ ਬਾਕੀ)


ਨਾਲ ਵਿਸੰਗਤੀ ਦਰਸਾਣਾ ਹੈ।

ਹੁਣ ਤਕ ਵੀ ਪੰਜਾਬ ਦੀ ਸ਼ਹਿਰੀ ਹਿੰਦੂ ਵਸੋਂ ਨੇ ਘਟ ਹੀ ਪੰਜਾਬ ਦੇ ਹਿਤਾਂ ਲਈ ਕਦੇ ਆਵਾਜ਼ ਉਠਾਈ ਹੈ। ਫਾਜ਼ਿਲਕਾ ਤਹਿਸੀਲ ਵਿਚ ਹੋਈ ਮਤਗਣਨਾ ਵਿਚ ਇਨ੍ਹਾਂ ਲੋਕਾਂ ਨੇ ਆਪਣੀ ਭਾਸ਼ਾ ਹਿੰਦੀ ਦੱਸੀ ਹੈ, ਜਦੋਂ ਕਿ ਬਹੁਤੇ ਪਛਮੀ ਪੰਜਾਬ ਵਿਚੋਂ ਆਏ ਸ਼ਰਨਾਰਥੀ ਹਨ, ਜਿਨ੍ਹਾਂ ਦੀ ਬੋਲੀ ਕਦਾਚਿਤ ਵੀ ਹਿੰਦੀ ਨਹੀਂ ਕਹੀ ਜਾ ਸਕਦੀ। ਜੇ ਉਨ੍ਹਾਂ ਨੇ ਪੰਜਾਬੀ ਛੱਡ ਕੇ ਹਿੰਦੀ ਅਪਣਾਈ ਹੈ ਤਾਂ ਉਹ ਪਿਛਲੇ ਵੀਹਾਂ ਕੁ ਸਾਲਾਂ ਵਿਚ ਹੀ ਹੋ ਸਕਦੀ ਹੈ। ਇਸੇ ਤਰ੍ਹਾਂ ਉਥੇ ਸੂਚੀਬਧ ਜਾਤੀਆਂ ਦੇ ਲੋਕਾਂ ਨੇ ਵੀ ਆਪਣੀ ਬੋਲੀ ਹਿੰਦੀ ਦੱਸੀ ਹੈ, ਜਿਹੜੇ ਸ਼ਾਇਦ ਹਿੰਦੀ ਪੜ੍ਹ ਵੀ ਨਹੀਂ ਸਕਦੇ। ਜੇ ਉਨ੍ਹਾਂ 87 ਪਿੰਡਾਂ ਦੀ ਵਸੋਂ ਦੇ ਪਿਛੋਕੜ ਦਾ ਸਹੀ ਨਿਰੀਖਣ ਕੀਤਾ ਜਾਵੇ ਤਾਂ ਉਹ ਜਾਂ ਤਾਂ 1947 ਤੋਂ ਪਿਛੋਂ ਪਛਮੀ ਪੰਜਾਬ ਵਿਚੋਂ ਆ ਕੇ ਵਸੇ ਹੋਏ ਹਨ ਜਾਂ ਬਹਾਵਲਪੁਰ ਵਿਚੋਂ ਆਏ ਹਨ ਤੇ ਜਾਂ ਨਹਿਰਾਂ ਦੇ ਨਿਕਲਣ ਨਾਲ ਉਥੇ ਖੇਤੀ ਦੀ ਉਨਤੀ ਹੋਣ ਉਪਰੰਤ ਪੰਜਾਬ ਵਿਚੋਂ ਗਏ ਹੋਏ ਸੂਚੀਬਧ ਜਾਤੀਆਂ ਦੇ ਹਨ। ਉਥੋਂ ਦੇ ਮੁਢਲੇ ਲੋਕ ਬਹੁਤੇ ਬਿਸ਼ਨੋਈ ਹਨ ਜੋ ਬਾਗੜੀ ਬੋਲਦੇ ਹਨ। ਤੇ ਬਾਗੜੀ ਦੇ ਅਰਥ, ਜਿਵੇਂ ਸਭ ਭਾਸ਼ਾ ਵਿਗਿਆਨੀ ਜਾਣਦੇ ਹਨ, ਦੋਗਲੀ ਹਨ। ਅਰਥਾਤ ਉਨ੍ਹਾਂ ਦੀ ਬੋਲੀ ਪੰਜਾਬੀ ਤੇ ਹਿੰਦੋਸਤਾਨੀ ਦਾ ਮਿਸ਼ਰਣ ਹੈ। ਬਾਂਗਰੂ ਸ਼ਬਦ ਦੇ ਅਰਥ ਵੀ ਇਹੀ ਹਨ ਜਿਹੜੀ ਅੰਬਾਲਾ, ਕੁਰਕਸ਼ੇਤਰ ਤੇ ਕਰਨਾਲ ਦੇ ਬਹੁਤੇ ਲੋਕਾਂ ਦੀ ਬੋਲੀ ਹੈ ਜਿਹੜੇ 1947 ਤੋਂ ਪਿਛੋਂ ਪਛਮੀ ਪੰਜਾਬ ਵਿਚੋਂ ਉਜੜ ਕੇ ਉਥੇ ਆ ਕੇ ਨਹੀਂ ਵਸੇ। ਪੰਜਾਬ ਵਿਚੋਂ ਉਜੜ ਕੇ ਆਏ ਲੋਕ ਬਹੁਤੇ ਸਿੱਖ ਹਨ ਅਤੇ ਪੰਜਾਬੀ-ਭਾਸ਼ੀ ਹਨ।

ਪਿਛੇ ਜਿਹੇ ਲੋਕ ਦਲ ਦੇ ਕੁਝ ਵਿਦਵਾਨ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਬਠਿੰਡੇ, ਸੰਗਰੂਰ ਤੇ ਪਟਿਆਲਾ ਜ਼ਿਲ੍ਹਿਆਂ ਦੀ ਬੋਲੀ ਹਿੰਦੀ ਹੈ। ਇਹ ਦਾਅਵਾ ਉਨ੍ਹਾਂ ਨੇ ਇਕ ਪ੍ਰਕਾਰ ਦੀ ਪੇਸ਼ਬੰਦੀ ਦੇ ਰੂਪ ਵਿਚ ਕੀਤਾ ਹੈ। ਵਾਸਤਵ ਵਿਚ ਰੋਹਤਕ, ਪਾਣੀਪਤ ਤੇ ਸੋਨੀਪਤ ਦੇ ਖੇਤਰਾਂ ਨੂੰ ਛੱਡ ਕੇ ਸਾਰੇ ਹਰਿਆਣੇ ਦੀ ਬੋਲੀ ਬਾਗੜੀ ਜਾਂ ਬਾਂਗਰੂ ਹੈ, ਅਰਥਾਤ ਪੰਜਾਬੀ ਤੇ ਹਿੰਦੋਸਤਾਨੀ ਦਾ ਹਿੱਸਾ।

ਦਿਨ ਨੂੰ ਰਾਤ ਤੇ ਰਾਤ ਨੂੰ ਦਿਨ ਕਹਿਣਾ ਤੇ ਅਖਵਾਣਾ ਰਾਜਸੀ ਸ਼ਕਤੀ ਦਾ ਹੀ ਚਮਤਕਾਰ ਹੈ। ਰਾਜਸੀ ਸ਼ਕਤੀ ਹਿੰਦੀ-ਭਾਸ਼ੀ ਲੋਕਾਂ ਦੇ ਹੱਥਾਂ ਵਿਚ ਹੈ। ਸੱਚੀ ਗੱਲ ਤਾਂ ਇਹ ਹੈ ਕਿ ਗੰਗਾ, ਜਮਨਾ ਤੇ ਨਰਬਦਾ, ਤਾਪਤੀ ਦੇ ਖੇਤਰਾਂ ਦੀ ਬੋਲੀ ਨੂੰ ਕਦੇ ਕਿਸੇ ਨੇ ਹਿੰਦੀ ਨਹੀਂ ਕਿਹਾ ਸੀ, ਇਸ ਨੂੰ ਬ੍ਰਜੀ, ਮਗਧੀ ਜਾਂ ਹੋਰ ਅਜਿਹੇ ਨਾਮ ਦਿਤੇ ਜਾਂਦੇ ਸਨ। ਇਸ ਰਾਜਸੀ ਸ਼ਕਤੀ ਦਾ ਹੀ ਇਕ ਚਮਤਕਾਰ ਹੈ ਕਿ ਪੰਜਾਬ ਦੇ ਸ਼ਹਿਰਾਂ ਵਿਚ ਮੁਦਤ ਤੋਂ ਵਸਦੇ ਆ ਰਹੇ ਵਪਾਰੀ ਸ਼ੇਣੀ ਦੇ ਲੋਕ ਆਪਣੀ ਬੋਲੀ ਨੂੰ ਹਿੰਦੀ ਕਹਿਣ ਲੱਗ ਪਏ ਹਨ। ਇਸ ਬੋਲੀ ਨੂੰ ਮੱਧਕਾਲ ਦੇ ਮੁਸਲਮਾਨ ਲੇਖਕ, ਜਿਹੜੇ ਈਰਾਨ ਜਾਂ ਤੁਰਾਨ ਤੋਂ ਆਏ ਸਨ, ਹਿੰਦਵੀ ਕਿਹਾ ਕਰਦੇ ਸਨ ਅਰਥਾਤ ਹਿੰਦੂਆਂ ਦੀ ਬੋਲੀ। ਜਿਵੇਂ ਰੋਮਨ ਤੇ ਪਿਛੋਂ ਅੰਗਰੇਜ਼ ਆਪਣੇ ਅਧੀਨ ਦੇਸ਼ਾਂ ਦੀਆਂ ਬੋਲੀਆਂ ਨੂੰ ਵਰਨੈਕੂਲਰ ਕਹਿੰਦੇ ਸਨ, ਜਿਸ ਸ਼ਬਦ ਦੇ ਅਰਥ ਵੀ ਗੁਲਾਮਾਂ ਦੀ ਬੋਲੀ ਹਨ।

ਪੰਜਾਬ ਦੀ ਹਿੰਦੂ ਵਪਾਰਕ ਸ਼੍ਰੇਣੀ ਦੀ ਪੰਜਾਬੀ (ਗੁਰਮੁਖੀ) ਵਲ ਉਦਾਸੀਨਤਾ ਤੇ ਹਿੰਦੀ (ਦੇਵਨਾਗਰੀ) ਵਲ ਰੁਚੀ ਨੇ ਇਨ੍ਹਾਂ ਦੀ ਬੋਲਣ ਵਾਲੀ ਭਾਸ਼ਾ ਉਤੇ ਤਾਂ ਪ੍ਰਭਾਵ ਨਾ ਪਾਇਆ ਪਰ ਕੇਂਦਰ ਨੂੰ ਇਹ ਕਹਿਣ ਦਾ ਬਹਾਨਾ ਦੇ ਦਿਤਾ ਜਾਂ ਇਹ ਭੁਲੇਖਾ ਜ਼ਰੂਰ ਉਤਪੰਨ ਕਰ ਦਿਤਾ ਕਿ ਪੰਜਾਬ ਦੋ-ਭਾਸ਼ੀ ਪ੍ਰਦੇਸ਼ ਹੈ। ਬਹਾਨਾ ਇਸ ਗੱਲ ਨੂੰ ਇਸ ਲਈ ਕਿਹਾ ਜਾਂਦਾ ਹੈ ਕਿ ਜੇ ਸੁਹਿਰਦਤਾ ਨਾਲ ਸਹੀ ਵਿਗਿਆਨਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਕਿਸੇ ਦੇਸ਼ ਜਾਂ ਖੇਤਰ ਵਿਚ ਨਾਲ ਨਾਲ ਵਸਦੇ ਲੋਕ ਦੋ-ਭਾਸ਼ੀ ਤਦੇ ਹੋ ਸਕਦੇ ਹਨ ਜੇ ਉਨ੍ਹਾਂ ਵਿਚੋਂ ਇਕ ਵਰਗ ਦਾ ਪਿਛੋਕੜ ਉਸ ਖੇਤਰ ਤੋਂ ਵਖਰਾ ਹੋਵੇ। ਜੇ ਪੰਜਾਬ ਦਾ ਹਿੰਦੂ ਵਪਾਰੀ ਵਰਗ ਛੇਵੀਂ ਜਾਂ ਸੱਤਵੀਂ ਪੀੜ੍ਹੀ ਵਿਚ ਵੀ ਲਖਨਊ ਜਾਂ ਕਾਨਪੁਰ ਵਿਚੋਂ ਆਇਆ ਹੁੰਦਾ ਤਾਂ ਇਹ ਮੰਨਿਆ ਜਾ ਸਕਦਾ ਸੀ ਕਿ ਇਹ ਲੋਕ ਪੰਜਾਬੀ ਨਹੀਂ ਤੇ ਇਨ੍ਹਾਂ ਦੀ ਮਾਤਰੀ ਭਾਸ਼ਾ ਹਿੰਦੀ ਹੈ ਪਰ ਜਦੋਂ ਇਨ੍ਹਾਂ ਲੋਕਾਂ ਨੂੰ ਇਹ ਸਿੱਧ ਕਰਨ ਦੀ ਵੰਗਾਰ ਦਿਤੀ ਜਾਂਦੀ ਸੀ ਕਿ ਉਹ ਹਿੰਦੀ-ਭਾਸ਼ੀ ਹਨ ਤਾਂ ਇਨ੍ਹਾਂ ਦਾ ਉਤਰ ਹੁੰਦਾ ਸੀ ਕਿ ਉਨ੍ਹਾਂ ਦੀ ਸੰਸਕ੍ਰਿਤੀ ਦੀ ਭਾਸ਼ਾ ਹਿੰਦੀ ਹੈ ਤੇ ਪੰਜਾਬੀ ਕੇਵਲ ਬੋਲਣ ਦੀ ਭਾਸ਼ਾ ਹੈ। ਕਦੀ ਕਦੀ ਇਹ ਵੀ ਕਿਹਾ ਜਾਂਦਾ ਸੀ ਕਿ ਪੰਜਾਬੀ ਹਿੰਦੀ ਦੀ ਇਕ ਉਪਭਾਸ਼ਾ ਹੈ, ਜਿਵੇਂ ਰਾਜਸਥਾਨੀ, ਹਰਿਆਣਵੀ ਤੇ ਪਹਾੜੀ ਪਰ ਇਤਿਹਾਸ ਇਸ ਦਾਅਵੇ ਦੀ ਪੁਸ਼ਟੀ ਨਹੀਂ ਕਰਦਾ। ਕਿਉਂਕਿ ਬਾਹਰਵੀਂ ਸਦੀ ਵਿਚ ਸ਼ੇਖ ਫਰੀਦ ਤੇ ਪੰਦਰਵੀਂ, ਸੋਲਵੀਂ ਸਦੀ ਵਿਚ ਗੁਰੂ ਨਾਨਕ ਦੇਵ ਦੀ ਬਾਣੀ ਦੀ ਬੋਲੀ ਪੰਜਾਬੀ ਹੈ ਤੇ ਇਹ ਇਕ ਬੜੀ ਸ਼ਿਸ਼ਟ ਤੇ ਸਾਹਿਤਕ ਭਾਸ਼ਾ ਹੈ। ਤੇ ਜੇ ਹਿਮਾਚਲ ਪ੍ਰਦੇਸ਼ ਤੇ ਜੰਮੂ ਪ੍ਰਦੇਸ਼ ਦੇ ਲੋਕ ਗੀਤਾਂ ਤੇ ਗੱਲਬਾਤ ਦੀ ਭਾਸ਼ਾ ਨੂੰ ਗੁਰਮੁਖੀ ਅਖਰਾਂ ਵਿਚ ਲਿਖਿਆ ਜਾਵੇ ਤਾਂ ਉਹ ਪੂਰੀ ਤਰ੍ਹਾਂ ਪੰਜਾਬੀ ਦਿਸ ਪੈਂਦੇ ਹਨ।




*1947 ਵੇਲੇ ਪੰਜਾਬ ਦਾ ਨਕਸ਼ਾ ਅਤੇ (ਸੱਜੇ) ਅੱਜ ਦਾ ਪੰਜਾਬ।*

ਸਾਹਿਤ ਅਕੈਡਮੀ ਦਿੱਲੀ ਦੇ ਹਾਲ ਵਿਚ ਭਾਰਤੀ ਭਾਸ਼ਾਵਾਂ ਵਿਚੋਂ ਕਵਿਤਾ ਜਾਂ ਲੋਕ ਗੀਤਾਂ ਦੀਆਂ ਟੁਕੜੀਆਂ ਕੰਧਾਂ ਉਤੇ ਲਗੀਆਂ ਹੋਈਆਂ ਹਨ। ਡੋਗਰੀ ਦੀ ਅਜਿਹੀ ਤੁਕ ਹੈ- ਲੰਕਾ ਤੇਰੀ ਨਹੀਂਓ ਬਚਣੀ। ਤੇ ਇਹ ਦੇਵਨਾਗਰੀ ਅਖਰਾਂ ਵਿਚ ਲਿਖੀ ਹੋਈ ਹੈ ਪਰ ਜੇ ਕਿਸੇ ਨੂੰ ਇਹ ਸ਼ਬਦ ਬੋਲਦੇ ਸੁਣਿਆ ਜਾਵੇ ਜਾਂ ਇਹ ਸ਼ਬਦ ਗੁਰਮੁਖੀ ਵਿਚ ਲਿਖੇ ਜਾਣ ਤਾਂ ਇਹ ਟੁਕੜੀ ਪੂਰੀ ਤਰ੍ਹਾਂ ਪੰਜਾਬੀ ਲੱਗੇਗੀ।

ਖੈਰ! ਪੰਜਾਬੀ ਹਿੰਦੂ ਵਪਾਰੀ ਵਰਗ ਦਾ ਇਹ ਦਾਅਵਾ ਤੇ ਕੇਂਦਰੀ ਸਰਕਾਰ ਵਲੋਂ ਇਸ ਦੀ ਪ੍ਰਵਾਨਗੀ ਬਹੁਤਾ ਚਿਰ ਨਾ ਚਲ ਸਕੀ ਤੇ 1965 ਵਿਚ ਕੇਂਦਰ ਸਰਕਾਰ ਵਖਰਾ ਪੰਜਾਬੀ-ਭਾਸ਼ੀ ਰਾਜ ਬਣਾਉਣਾ ਮੰਨ ਗਈ ਪਰ ਜਿਹੜੀ ਕੁੜੱਤਣ ਇਨ੍ਹਾਂ ਵੀਹਾਂ ਸਾਲਾਂ ਵਿਚ ਪੰਜਾਬ ਦੇ ਦੋ ਵਡੇ ਧਾਰਮਿਕ ਵਰਗਾਂ ਵਿਚ ਫੈਲ ਗਈ ਸੀ, ਉਹ ਦੂਰ ਨਾ ਹੋਈ ਤੇ ਉਹ ਹੁਣ ਤਕ ਵੀ ਦੂਰ ਹੁੰਦੀ ਨਹੀਂ ਜਾਪਦੀ।

ਪੰਜਾਬ ਵਿਚ ਪੰਜਾਬੀ ਦੇ ਵਿਰੋਧੀਆਂ ਵਲੋਂ ਬਹੁਤੀ ਵਾਰੀ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਵਿਚ ਹਿੰਦੂਆਂ ਦੀ ਗਿਣਤੀ 48 ਫੀਸਦੀ ਹੈ ਤੇ ਇਹ ਹੌਲੀ ਹੌਲੀ ਵਧ ਰਹੀ ਹੈ ਪਰ 1981 ਦੀ ਮਰਦਮਸ਼ੁਮਾਰੀ ਅਨੁਸਾਰ ਸਚਾਈ ਇਹ ਹੈ ਕਿ ਪੰਜਾਬ ਵਿਚ ਸਿੱਖਾਂ ਦੀ ਗਿਣਤੀ 61.7 ਫੀਸਦੀ ਹੈ। ਈਸਾਈਆਂ ਤੇ ਮੁਸਲਮਾਨਾਂ ਦੀ ਗਿਣਤੀ ਮਿਲਾ ਕੇ 2 ਫੀਸਦੀ ਤੇ ਹਿੰਦੂਆਂ ਦੀ ਗਿਣਤੀ 36.3 ਫੀਸਦੀ ਹੈ ਪਰ 1981 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿਚ ਆਪਣੀ ਭਾਸ਼ਾ ਨੂੰ ਹਿੰਦੀ ਲਿਖਵਾਣ ਵਾਲਿਆਂ ਦੀ ਗਿਣਤੀ 20 ਫੀਸਦੀ ਹੈ, ਹਾਲਾਂਕਿ ਇਹ ਵਸੋਂ ਵੀ ਮੁਢ ਕਦੀਮ ਤੋਂ ਪੰਜਾਬ ਵਿਚ ਰਹਿੰਦੀ ਆਈ ਹੈ। ਇਨ੍ਹਾਂ ਦੇ ਵਡੇਰੇ ਤੁਰਕਾਂ, ਮੁਗਲਾਂ ਵਾਂਗ ਕਿਧਰੇ ਬਾਹਰੋਂ ਨਹੀਂ ਆਏ, ਨਾ ਹੀ ਅਜਕਲ੍ਹ ਦੇ ਭਈਆ ਮਜ਼ਦੂਰਾਂ ਵਾਂਗ, ਕੁਝ ਵਰ੍ਹਿਆਂ ਤੋਂ ਹੀ ਸਹੀ, ਉਤਰ ਪ੍ਰਦੇਸ਼ ਦੇ ਪੂਰਬੀ ਭਾਗ ਤੇ ਬਿਹਾਰ ਵਿਚੋਂ ਆਏ ਹਨ। ਇਨ੍ਹਾਂ ਦੀ ਗੋਤ ਪਰਿਵਾਰ ਦੀ ਸਾਂਝ ਆਪਣੇ ਗੁਆਂਢੀ ਸਿੱਖਾਂ ਨਾਲ ਮੁੱਢ ਤੋਂ ਚਲੀ ਆਈ ਹੈ ਤੇ ਹੁਣ ਵੀ ਸਾਂਝੀ ਸਾਕਾਚਾਰੀ ਹੈ।

ਮਜ਼ੇ ਦੀ ਗਲ ਇਹ ਹੈ ਕਿ ਫਾਜ਼ਿਲਕਾ ਦੀ ਤਹਿਸੀਲ ਵਿਚ ਪ੍ਰਸਿਧ ਜਾਖੜ ਗੋਤ ਦੇ ਜੱਟ ਅੱਧੇ ਸਿੱਖ ਹਨ ਤੇ ਅੱਧੇ ਹਿੰਦੂ ਤੇ ਹਿੰਦੂ ਜਾਖੜ ਆਮ ਕਰਕੇ ਆਪਣੀ ਬੋਲੀ ਹਿੰਦੀ ਲਿਖਾਂਦੇ ਹਨ। ਮੇਰਾ ਖਿਆਲ ਹੈ ਕਿ ਜੇ ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ ਦੀ ਬੋਲੀ ਨੂੰ ਡਿਕਟਾਫੋਨ ਉਤੇ ਰਿਕਾਰਡ ਕੀਤਾ ਜਾਵੇ ਤੇ ਕਿਸੇ ਭਾਸ਼ਾ ਵਿਗਿਆਨੀ ਤੋਂ ਇਸ ਦੀ ਜਾਂਚ ਕਰਵਾਈ ਜਾਵੇ ਤਾਂ ਉਹ ਇਸ ਨੂੰ ਪੰਜਾਬੀ ਦੱਸੇਗਾ।

1951 ਤੋਂ 1961 ਦੀਆਂ ਮਰਦਮਸ਼ੁਮਾਰੀਆਂ ਵਿਚ ਹੁਣ ਵਾਲੇ ਪੰਜਾਬ ਦੇ ਖੇਤਰ ਵਿਚ ਆਪਣੀ ਬੋਲੀ ਹਿੰਦੀ ਦੱਸਣ ਵਾਲਿਆਂ ਦੀ ਗਿਣਤੀ ਵਿਸ਼ੇਸ਼ ਕਰਕੇ ਜਲੰਧਰ ਤੇ ਲੁਧਿਆਣਾ ਸ਼ਹਿਰਾਂ, ਫਾਜ਼ਿਲਕਾ ਤੇ ਪਠਾਨਕੋਟ, ਡਲਹੌਜੀ ਤੇ ਊਨਾ ਤਹਿਸੀਲਾਂ ਵਿਚ ਤੀਹ ਫੀਸਦੀ ਜਾਂ ਇਸ ਤੋਂ ਵਧ ਸੀ।

ਡਲਹੌਜੀ ਤੇ ਊਨਾ ਤਹਿਸੀਲਾਂ ਨੂੰ ਸ਼ਾਹ ਕਮਿਸ਼ਨ ਨੇ ਇਸ ਆਧਾਰ ਉਤੇ ਕਿ ਇਹ ਪਹਾੜੀ ਖੇਤਰ ਹਨ, ਹਿਮਾਚਲ ਪ੍ਰਦੇਸ਼ ਨੂੰ ਦੇ ਦਿਤਾ। ਸ਼ਾਹ ਕਮਿਸ਼ਨ ਨੇ ਤਾਂ ਚੰਡੀਗੜ੍ਹ ਸ਼ਹਿਰ ਤੇ ਸਮੁਚੀ ਖਰੜ ਤਹਿਸੀਲ ਨੂੰ ਵੀ ਹਰਿਆਣੇ ਨੂੰ ਦੇਣ ਦਾ ਨਿਰਣਾ ਕੀਤਾ ਸੀ ਪਰ ਸ੍ਰੀਮਤੀ ਇੰਦਰਾ ਗਾਂਧੀ ਨੇ ਸ਼ਾਹ ਕਮਿਸ਼ਨ ਦਾ ਇਹ ਨਿਰਣਾ ਮਨਜ਼ੂਰ ਨਾ ਕੀਤਾ।

ਨਵੇਂ ਪੰਜਾਬ ਵਿਚ ਪਿਛਲੇ ਉਨੀ ਸਾਲਾਂ ਵਿਚੋਂ ਕੇਵਲ ਛੇ ਕੁ ਸਾਲ ਅਕਾਲੀ ਦਲ ਜਾਂ ਇਸ ਦੀ ਅਗਵਾਈ ਵਾਲੀ ਸਰਕਾਰ ਬਣੀ ਹੈ, ਅੱਠ ਕੁ ਸਾਲ ਕਾਂਗਰਸ ਦੀ ਅਗਵਾਈ ਤੇ ਚਾਰ ਪੰਜ ਸਾਲ ਗਵਰਨਰੀ ਰਾਜ ਰਿਹਾ ਹੈ। ਕੇਵਲ 1985 ਦੀਆਂ ਚੋਣਾਂ ਵਿਚ ਕਾਂਗਰਸ ਦੀਆਂ ਨੀਤੀਆਂ ਤੋਂ ਦੁਖੀ ਹੋ ਕੇ ਪੰਜਾਬ ਦੀ ਜਨਤਾ ਨੇ ਦਲ (ਅਕਾਲੀ) ਨੂੰ 117 ਵਿਚੋਂ 73 ਸੀਟਾਂ ਜਿਤਾਈਆਂ ਸਨ।

ਪਰ ਹੁਣ ਜਿਹੜੇ ਪੰਜਾਬ ਵਿਚ ਅਕਾਲੀ ਦਲ ਨੂੰ ਕਤਈ ਬਹੁਸੰਮਤੀ ਪ੍ਰਾਪਤੀ ਹੋਈ ਹੈ, ਉਹ ਪੰਜਾਬ ਪਹਿਲਾਂ ਵਾਲਾ ਪੰਜਾਬ ਨਹੀਂ ਰਿਹਾ। ਅਕਾਲੀ ਦਲ ਨੂੰ ਇਹ ਬਹੁਸੰਮਤੀ ਕਾਂਗਰਸ ਦੀਆਂ ਜਿਹੜੀਆਂ ਨੀਤੀਆਂ ਨੇ ਦਿਵਾਈ ਹੈ, ਉਹ ਇਸ ਤਰ੍ਹਾਂ ਹਨ: ਕਾਂਗਰਸੀ ਆਗੂਆਂ ਵਲੋਂ ਸਿੱਖ ਜਨਤਾ ਵਿਚ ਅਕਾਲੀ ਦਲ ਦੇ ਵਿਰੋਧ ਨੂੰ ਵਧਾਣ ਲਈ ਨਿਹੰਗ ਸਿੱਖਾਂ, ਨਿਰੰਕਾਰੀਆਂ ਤੇ ਕੁਝ ਹੱਦ ਤਕ ਨਾਮਧਾਰੀ ਸਿੱਖਾਂ ਨੂੰ ਖੜ੍ਹਾ ਕਰਨ ਦਾ ਯਤਨ ਕੀਤਾ ਗਿਆ। ਗਿਆਨੀ ਜ਼ੈਲ ਸਿੰਘ ਦੀ ਵਜ਼ਾਰਤ ਸਮੇਂ ਇਹ ਨੀਤੀ ਬਹੁਤ ਤਤਪਰਤਾ ਨਾਲ ਚਲਾਈ ਗਈ। ਉਸ ਦੀ ਸਰਕਾਰ ਵਲੋਂ ਬਲਵੰਤ ਗਾਰਗੀ ਦੀ ਸੰਪਾਦਨਾ ਵਿਚ ਨਿਹੰਗਾਂ ਉਤੇ ਇਕ ਪੁਸਤਕ ਛਪਵਾਈ ਗਈ ਜਿਸ ਵਿਚ ਨਿਹੰਗਾਂ ਬਾਰੇ ਮੇਰੇ ਵਰਗੇ ਲੋਕਾਂ ਦੇ ਲੇਖ ਵੀ ਸਨ ਜਿਨ੍ਹਾਂ ਨੂੰ ਇਸ ਪ੍ਰਕਾਸ਼ਨ ਪਿਛੇ ਕੰਮ ਕਰ ਰਹੀ ਨੀਤੀ ਦਾ ਪੂਰਾ ਗਿਆਨ ਨਹੀਂ ਸੀ।

ਦਮਦਮੀ ਟਕਸਾਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਵੀ ਇਸੇ ਨੀਤੀ ਅਨੁਸਾਰ ਪਹਿਲਾਂ ਕਾਂਗਰਸ ਸਰਕਾਰ ਦੀ ਸ਼ਹਿ ਮਿਲਦੀ ਰਹੀ ਪਰ ਜਦੋਂ ਸੰਤ ਭਿੰਡਰਾਂਵਾਲੇ ਦੇ ਸ਼ਰਧਾਲੂਆਂ ਨੇ ਨਿਰੰਕਾਰੀਆਂ ਨਾਲ ਮੱਥਾ ਡਾਹਿਆ ਤਾਂ ਭਾਰਤੀ ਸਰਕਾਰ ਲਈ ਸਥਿਤੀ ਕੁੜਿਕੀ ਵਾਲੀ ਬਣ ਗਈ। ਇਸ ਦੁਵੱਲੀ ਸ਼ਹਿ ਦਾ ਇਕ ਨਤੀਜਾ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਵਲੋਂ ਸੰਤ ਜਰਨੈਲ ਸਿੰਘ ਦੇ ਦਸ-ਬਾਰਾਂ ਸ਼ਰਧਾਲੂਆਂ ਦੇ ਕਤਲ ਦੇ ਰੂਪ ਵਿਚ ਸਾਹਮਣੇ ਆਇਆ ਤੇ ਬਾਅਦ ਵਿਚ ਨਿਰੰਕਾਰੀ ਆਗੂ ਬਾਬਾ ਗੁਰਬਚਨ ਸਿੰਘ ਨੂੰ ਇਕ ਸਿੱਖ ਨੇ ਕਤਲ ਕੀਤਾ। ਪੰਜਾਬ ਵਿਚ ਸੂਚੀਬਧ ਜਾਤੀਆਂ ਨੂੰ ਸਿੱਖ ਜੱਟਾਂ ਤੇ ਅਕਾਲੀ ਦਲ ਵਿਰੁਧ ਖੜ੍ਹਾ ਕਰਨਾ ਵੀ ਇਸ ਨੀਤੀ ਦਾ ਹੀ ਭਾਗ ਸੀ। ਭਾਵੇਂ ਇਸ ਨੂੰ ਕਿਸਾਨ ਭੂਮੀਪਤੀਆਂ ਤੇ ਸੂਚੀਬਧ ਜਾਤੀਆਂ ਦੇ ਖੇਤ ਮਜ਼ਦੂਰਾਂ ਵਿਚਕਾਰ ਸ਼੍ਰੇਣੀ ਵਿਰੋਧ ਦਾ ਨਾਮ ਦਿੱਤਾ ਜਾਂਦਾ ਸੀ ਪਰ ਜੇ ਇਹ ਨਿਰੋਲ ਆਰਥਿਕ ਵਰਗ ਵਿਰੋਧ ਹੁੰਦਾ ਤਾਂ ਪੰਜਾਬ ਦੀਆਂ ਸੂਚੀਬਧ ਜਾਤੀਆਂ ਨੇ ਕਮਿਊਨਿਸਟ ਪਾਰਟੀ ਦੇ ਪਿਛੇ ਲੱਗਣਾ ਸੀ, ਕਾਂਗਰਸ ਪਿਛੇ ਨਹੀਂ।

ਸੰਖੇਪ ਵਿਚ, ਕਾਂਗਰਸ ਦੀਆਂ ਇਨ੍ਹਾਂ ਨੀਤੀਆਂ ਨੇ ਸਾਧਾਰਣ ਸਿਖ, ਵਿਸ਼ੇਸ਼ ਕਰਕੇ ਜੱਟ ਤੇ ਭੂਮੀਪਤੀ ਸਿੱਖ ਵਰਗ ਨੂੰ ਕਾਂਗਰਸ ਦੇ ਪੱਕੇ ਵਿਰੋਧੀ ਬਣਾ ਦਿਤਾ ਜਿਹੜੇ ਕਾਂਗਰਸੀ ਸਿੱਖਾਂ ਨੂੰ ਹਿੰਦੂ ਵਪਾਰੀ ਸ਼੍ਰੇਣੀ ਤੇ ਇਸ ਦੀ ਪਾਰਟੀ, ਕਾਂਗਰਸ, ਦੇ ਹੱਥਠੋਕੇ ਕਹਿੰਦੇ ਹਨ।

ਪੰਜਾਬ ਦੇ ਕਾਂਗਰਸੀਆਂ ਤੇ ਉਨ੍ਹਾਂ ਦੇ ਸਮਰਥਨ ਵਿਚ ਕੇਂਦਰੀ ਸਰਕਾਰ ਦੀ ਇਸ ਨੀਤੀ ਦਾ ਮੰਤਵ ਸਿੱਖ ਜਨਤਾ ਵਿਚ ਇਕ ਪਾਸੇ ਤਾਂ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਸੀ ਤੇ ਦੂਜੇ ਪਾਸੇ ਅਕਾਲੀਆਂ ਨਾਲੋਂ ਵਧੇਰੇ ਕੱਟੜ ਸਿੱਖਾਂ ਨੂੰ ਹਮਾਇਤ ਦੇ ਕੇ ਸਿੱਖ ਕਿਰਸਾਣੀ ਵਿਚ ਵਧੇਰੇ ਕੱਟੜਤਾ ਪੈਦਾ ਕਰ ਕੇ ਕਮਿਊਨਿਸਟ ਲਹਿਰ ਨੂੰ ਕਮਜ਼ੋਰ ਕਰਨਾ ਸੀ। ਇਸ ਦੋਹਰੇ ਮੰਤਵ ਦਾ ਇਕ ਭਾਗ ਤਾਂ ਸਫਲ ਰਿਹਾ ਹੈ, ਅਰਥਾਤ ਪੰਜਾਬ ਦੀ ਕਿਰਸਾਣੀ ਵਿਚ ਕਮਿਊਨਿਸਟ ਪ੍ਰਭਾਵ ਨੂੰ ਕਰਾਰੀ ਸੱਟ ਲੱਗੀ ਹੈ, ਪਰ ਇਸ ਕੱਟੜਪਣ ਨੇ ਅਕਾਲੀ ਦਲ ਨੂੰ ਹੋਰ ਤਕੜਾ ਕਰ ਦਿੱਤਾ ਹੈ ਤੇ ਕਾਂਗਰਸ ਕਮਜ਼ੋਰ ਹੋ ਗਈ ਹੈ।

ਜਰਮਨੀ ਵਿਚ ਇਕ ਲੋਕ ਕਥਾ ਹੈ ਕਿ ਕਿਸੇ ਵਿਗਿਆਨੀ ਨੇ (ਪਰਮੇਸ਼ਵਰ ਤੋਂ ਵਰ ਮੰਗ ਕੇ ਜਾਂ ਆਪਣੀ ਵਿਗਿਆਨਕ ਚਤੁਰਤਾ ਨਾਲ) ਆਪਣੇ ਕੰਮ ਕਰਵਾਣ ਲਈ ਇਕ ਬਨਾਵਟੀ ਮਨੁਖ ਫਰੈਂਕਨਸਟਾਈਨ ਬਣਾ ਲਿਆ। ਉਸ ਨੇ ਇਸ ਪੁਤਲੇ ਤੋਂ ਆਪਣੇ ਬਹੁਤੇ ਕੰਮ ਕਰਵਾਏ। ਫਿਰ ਜਦੋਂ ਕਰਵਾਣ ਨੂੰ ਕੋਈ ਕੰਮ ਨਾ ਰਹਿ ਗਿਆ ਤਾਂ ਫਰੈਂਕਨਸਟਾਈਨ ਨੇ ਉਸ ਵਿਗਿਆਨੀ ਦਾ ਹੀ ਘਾਤ ਕਰ ਦਿਤਾ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਕਾਂਗਰਸ ਦੇ ਬਹੁਤੇ ਕੰਮ ਕਰਨ ਵਾਲਾ ਫਰੈਂਕਨਸਟਾਈਨ ਤਾਂ ਨਾ ਬਣਿਆ ਪਰ ਉਹ ਪੰਜਾਬ ਵਿਚ ਕਾਂਗਰਸ ਲਈ ਜ਼ਰੂਰ ਘਾਤਕ ਸਿੱਧ ਹੋਇਆ।

ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸ਼ਰਧਾਲੂਆਂ ਨਾਲ ਕਾਂਗਰਸ ਦਾ ਵਿਰੋਧ ਨਿਰੰਕਾਰੀ ਸੰਤ ਗੁਰਬਚਨ ਸਿੰਘ ਦੇ ਕਤਲ ਤੋਂ ਪੈਦਾ ਹੋਇਆ ਜਿਸ ਸਬੰਧ ਵਿਚ ਕਾਂਗਰਸ ਸਰਕਾਰ ਦੇ ਅਧੀਨ ਪੁਲਿਸ ਨੇ ਸੰਤ ਭਿੰਡਰਾਂਵਾਲਾ ਦੇ ਮੁੱਖ ਸ਼ਰਧਾਲੂ ਭਾਈ ਅਮਰੀਕ ਸਿੰਘ ਨੂੰ ਗ੍ਰਿਫਤਾਰ ਕੀਤਾ ਤੇ ਕੁਝ ਹੋਰ ਸ਼ਰਧਾਲੂਆਂ ਨੂੰ ਤਸੀਹੇ ਦਿਤੇ। ਉਸ ਸਮੇਂ ਤਕ ਅਕਾਲੀ ਦਲ ਸੰਤ ਭਿੰਡਰਾਂਵਾਲੇ ਦਾ ਹਮਾਇਤੀ ਨਹੀਂ ਸੀ ਬਣਿਆ ਸਗੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਭਾਈ ਅਮਰੀਕ ਸਿੰਘ ਨੇ ਪ੍ਰਸਿਧ ਅਕਾਲੀ ਆਗੂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਵਿਰੁਧ ਚੋਣ ਲੜੀ ਸੀ ਤੇ ਥੋੜ੍ਹੀਆਂ ਵੋਟਾਂ ਉਤੇ ਹੀ ਹਾਰ ਖਾਧੀ ਸੀ।

ਸੰਤ ਭਿੰਡਰਾਂਵਾਲੇ ਦੀ ਹਮਾਇਤ ਵਿਚ ਅਕਾਲੀ ਦਲ ਦੇ ਆ ਜਾਣ ਦੀ ਘਟਨਾ ਵੀ ਇਕ ਹੋਰ ਪ੍ਰਕਾਰ ਕਾਂਗਰਸ ਦੀਆਂ ਨੀਤੀਆਂ ਦਾ ਹੀ ਪਰਿਣਾਮ ਸੀ। ਜਦੋਂ ਸਤਲੁਜ ਤੇ ਜਮਨਾ ਨੂੰ ਜੋੜਨ ਵਾਲੀ ਨਹਿਰ ਕੱਢੀ ਜਾਣੀ ਸ਼ੁਰੂ ਹੋਈ ਤਾਂ ਪਟਿਆਲਾ ਜ਼ਿਲ੍ਹੇ ਵਿਚ ਕਪੂਰੀ ਦੇ ਸਥਾਨ ਉਤੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਨੇ ਅਕਾਲੀ ਦਲ ਨਾਲ ਮਿਲ ਕੇ ਨਹਿਰ ਦੀ ਪੁਟਾਈ ਰੋਕਣ ਲਈ ਸਤਿਆਗ੍ਰਹਿ ਕੀਤਾ ਪਰ ਅਕਾਲੀ ਦਲ ਦਾ ਮਨੋਰਥ ਉਸ ਸਮੇਂ ਕਮਿਊਨਿਸਟ ਪਾਰਟੀ ਦਾ ਸਮਰਥਨ ਕਰਨਾ ਨਹੀਂ ਸੀ ਕੇਵਲ ਕੇਂਦਰੀ ਸਰਕਾਰ ਨੂੰ ਡਰਾਉਣਾ ਸੀ। ਇਸ ਲਈ ਇਸ ਨੇ ਕਪੂਰੀ ਮੋਰਚੇ ਵਿਚ ਆਪਣੀ ਪੂਰੀ ਸ਼ਕਤੀ ਲਗਾਣ ਤੋਂ ਸੰਕੋਚ ਕੀਤਾ। ਫਿਰ ਜਦੋਂ ਭਾਈ ਅਮਰੀਕ ਸਿੰਘ ਦੀ ਗ੍ਰਿਫਤਾਰੀ ਉਪਰੰਤ ਸੰਤ ਜਰਨੈਲ ਸਿੰਘ ਕਾਂਗਰਸ ਸਰਕਾਰ ਨਾਲ ਟੱਕਰ ਲੈਣ ਲਈ ਤਤਪਰ ਹੋ ਗਏ ਤਾਂ ਅਕਾਲੀ ਦਲ ਨੇ ਕਪੂਰੀ ਦਾ ਮੋਰਚਾ ਛੱਡ ਕੇ ਅੰਮ੍ਰਿਤਸਰ ਵਿਚ ਸ੍ਰੀ ਅਕਾਲ ਤਖਤ ਤੋਂ ਸੰਤ ਭਿੰਡਰਾਂਵਾਲੇ ਦੇ ਸਮਰਥਨ ਵਿਚ ਕਾਂਗਰਸ ਸਰਕਾਰ ਵਿਰੁਧ ਧਰਮ ਯੁਧ ਆਰੰਭ ਕਰ ਦਿੱਤਾ।

ਅਕਾਲੀ ਦਲ ਦਾ ਕਪੂਰੀ ਦੇ ਮੋਰਚੇ ਉਤੋਂ ਕਮਿਊਨਿਸਟ ਪਾਰਟੀ ਮਾਰਕਸੀ ਨੂੰ ਛੱਡ ਕੇ ਆ ਜਾਣਾ ਤੇ ਅੰਮ੍ਰਿਤਸਰ ਆ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਹਮਾਇਤ ਵਿਚ ਧਰਮ ਯੁਧ ਮੋਰਚੇ ਦਾ ਐਲਾਨ ਕਰ ਦੇਣਾ ਕਮਿਊਨਿਸਟਾਂ ਦੀ ਹਾਰ ਤਾਂ ਸੀ ਹੀ ਪਰ ਕਾਂਗਰਸ ਵੀ ਇਸ ਨਾਲ ਬੜੇ ਕਸੂਤੇ ਰਾਹ ਉਤੇ ਪੈ ਗਈ। ਜਿਹੜਾ ਰਾਹ ਅਕਾਲੀਆਂ ਨੇ ਫੜਿਆ, ਉਹ ਪੰਜਾਬੀ ਮੁਹਾਵਰੇ ਅਨੁਸਾਰ ਸੜਕ ਛੱਡ ਕੇ ਦਲਦਲ ਵਿਚ ਆ ਫਸਣਾ ਸੀ ਪਰ ਕਾਂਗਰਸ ਵੀ ਉਨ੍ਹਾਂ ਦਾ ਪਿੱਛਾ ਕਰ ਕੇ ਇਸੇ ਦਲਦਲ ਵਿਚ ਜਾ ਫਸੀ। ਇਸ ਦਲਦਲ ਦੀ ਦੌੜ ਨੇ ਸ੍ਰੀਮਤੀ ਗਾਂਧੀ ਦੀ ਜਾਨ ਲਈ। ਦਿੱਲੀ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਵਾਇਆ ਤੇ ਪੰਜਾਬ ਵਿਚ ਜੀਵਨ ਨੂੰ ਤਹਿਸ ਨਹਿਸ ਕਰ ਦਿੱਤਾ।

ਰਾਜੀਵ-ਲੌਂਗੋਵਾਲ ਸਮਝੌਤੇ ਨਾਲ ਕੁਝ ਆਸ ਬੱਝ ਗਈ ਸੀ ਕਿ ਪੰਜਾਬ ਵਿਚ ਕੁਝ ਸਮੇਂ ਲਈ, ਘਟੋ ਘਟ ਇਕ ਪੀੜ੍ਹੀ ਦੇ ਸਮੇਂ ਲਈ ਸ਼ਾਂਤੀ ਵਰਤ ਜਾਵੇਗੀ। ਸੰਤ ਲੌਂਗੋਵਾਲ ਦੇ ਕਤਲ ਨੇ ਸੰਤ ਲੌਂਗੋਵਾਲ ਨੂੰ ਇਸ ਮੋਰਚੇ ਦੇ ਸਮਝੌਤੇ ਦਾ ਸ਼ਹੀਦ ਬਣਾ ਦਿੱਤਾ। ਕੇਵਲ ਸਦਭਾਵਨਾ ਵਾਲੇ ਕਾਂਗਰਸੀਆਂ ਤੇ ਹਿੰਦੂਆਂ ਵਿਚ ਹੀ ਨਹੀਂ, ਸਿੱਖਾਂ ਵਿਚ ਵੀ ਪਰ ਦੇਸ਼ ਦੇ ਮੰਦੇ ਭਾਗਾਂ ਨੂੰ ਮੈਥਿਊ ਕਮਿਸ਼ਨ ਦੀ ਨਿਯੁਕਤੀ ਸਮੇਂ ਇਸ ਸਮਝੌਤੇ ਦੇ ਦੁੱਧ ਵਿਚ ਕਾਂਜੀ ਘੋਲ ਦਿੱਤੀ ਗਈ। ਪ੍ਰਤੀਤ ਹੁੰਦਾ ਹੈ ਕਿ ਮੈਥਿਊ ਕਮਿਸ਼ਨ ਵੀ ਕਾਂਜੀ ਘੋਲਣ ਵਾਲਿਆਂ ਵਿਚ ਸ਼ਰੀਕ ਸੀ। ਉਸ ਨੇ ਜੋ ਰਿਪੋਰਟ ਦਿੱਤੀ, ਉਹ ਪੰਜਾਬੀ ਮੁਹਾਵਰੇ ਅਨੁਸਾਰ, ਨਾ ਜੈਦਾਂ ਵਿਚ ਤੇ ਨਾ ਬਰਾੜਾਂ ਵਿਚ ਸੀ ਪਰ ਕੇਂਦਰ ਸਰਕਾਰ ਵਿਚ ਪ੍ਰਭਾਵ ਰੱਖਣ ਵਾਲੇ ਮਹੋਦਿਆਂ ਨੇ ਇਸ ਨੂੰ ਵੀ ਲਾਗੂ ਨਾ ਕਰਨ ਦਿੱਤਾ। ਕਿਉਂਕਿ ਇਸ ਅਨੁਸਾਰ ਤਾਂ ਸਿੱਧੀ ਗੱਲ ਇਹ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇ ਤੇ ਚੰਡੀਗੜ੍ਹ ਬਦਲੇ ਦਿੱਤੇ ਜਾਣ ਵਾਲੇ ਪੰਜਾਬ ਦੇ ਹਿੰਦੀ-ਭਾਸ਼ੀ ਪਿੰਡ ਕਿਸੇ ਹੋਰ ਪਾਸਿਓਂ ਲੱਭੇ ਜਾਣ।

ਕਿਹਾ ਇਹ ਵੀ ਜਾਂਦਾ ਹੈ ਕਿ ਮੈਥਿਊ ਕਮਿਸ਼ਨ ਨੇ ਕੰਦੂਖੇੜਾ ਦੇ ਪੰਜਾਬੀ-ਭਾਸ਼ੀ ਹੋਣ ਦੀ ਸਥਿਤੀ ਨੂੰ ਉਲੰਘ ਕੇ ਫਾਜ਼ਿਲਕਾ ਤਹਿਸੀਲ ਦੇ ਅੱਸੀ ਕੁ ਪਿੰਡ ਹਰਿਆਣਾ ਨੂੰ ਦੇ ਦਿੱਤੇ ਜਾਣ ਦੀ ਸਿਫਾਰਿਸ਼ ਕਰ ਦਿੱਤੀ ਸੀ ਜਿਹੜੀ ਰਾਜੀਵ ਗਾਂਧੀ ਨੇ ਸਮਝੌਤੇ ਦੀ ਭਾਵਨਾ ਤੇ ਸ਼ਬਦਾਂ ਦੋਹਾਂ ਦੇ ਵਿਰੁਧ ਕਰਾਰ ਦੇ ਕੇ ਕਟਵਾ ਦਿੱਤੀ ਪਰ ਜਾਪਦਾ ਹੈ ਕਿ ਪ੍ਰਧਾਨ ਮੰਤਰੀ ਵੀ ਇਸ ਰਿਪੋਰਟ ਦੇ ਅਰਥ ਇਹ ਕਢਵਾਣ ਵਿਚ ਅਸਮਰਥ ਰਹੇ ਹਨ ਕਿ ਚੰਡੀਗੜ੍ਹ ਪੰਜਾਬ ਨੂੰ ਤੁਰੰਤ ਦੇ ਦਿੱਤਾ ਜਾਵੇ।

ਪੰਜਾਬ ਵਿਚ ਜਿਹੜੀ ਤੇਜ਼ੀ ਗਰਮ ਦਲੀਆਂ ਦੀਆਂ ਸਰਗਰਮੀਆਂ ਵਿਚ ਉਪਰੋਕਤ ਹਾਲਾਤ ਵਿਚ ਆਈ ਹੈ, ਉਸ ਨੇ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਕਰੀਬ ਕਰੀਬ ਸਮਾਪਤ ਕਰ ਕੇ ਰੱਖ ਦਿੱਤਾ ਹੈ। ਕੇਂਦਰ ਵਿਚ ਸਦਭਾਵਨਾ ਦੀ ਘਾਟ ਕਾਰਨ ਕੁਝ ਉਚ ਅਧਿਕਾਰੀ ਨੇਤਾ ਸ਼ਾਇਦ ਇਸ ਗੱਲ ਉਤੇ ਉਧਾਰ ਖਾਈ ਬੈਠੇ ਹਨ ਕਿ ਪੰਜਾਬ ਦੇ ਸਿੱਖਾਂ ਨਾਲ (ਕੇਵਲ ਅਤਿਵਾਦੀਆਂ ਨਾਲ ਨਹੀਂ) ਵਧੇਰੇ ਤਕੜੇ ਹੋ ਕੇ ਸਿਝਿਆ ਜਾਵੇ। ਇਸ ਸਥਿਤੀ ਨੂੰ ਅੱਖਾਂ ਅੱਗੇ ਲਿਆ ਕੇ ਭਾਵੁਕ ਲੋਕਾਂ ਦਾ ਦਿਲ ਕੰਬ ਜਾਂਦਾ ਹੈ ਤੇ ਮੈਂ ਉਨ੍ਹਾਂ ਭਾਵੁਕ ਲੋਕਾਂ ਵਿਚੋਂ ਹਾਂ। ਪੰਜਾਬ ਉਤੇ ਹੁਣ ਰਾਸ਼ਟਰਪਤੀ ਦਾ ਰਾਜ ਲਾਗੂ ਕਰ ਦੇਣ ਬਾਰੇ ਸੋਚ ਕੇ ਮੇਰੀ ਸੰਵੇਦਨਸ਼ੀਲ ਆਤਮਾ ਨੂੰ 1716 ਵਾਲੀ ਸਥਿਤੀ ਯਾਦ ਆ ਜਾਂਦੀ ਹੈ, ਜਦੋਂ ਸਿੰਘਾਂ ਵਿਚ ਦੁਫਾੜ ਪਾ ਕੇ ਮੁਗਲ ਹਕੂਮਤ ਬੰਦਾ ਬਹਾਦਰ ਨੂੰ 700 ਸਿੰਘਾਂ ਨਾਲ ਦਿੱਲੀ ਫੜ ਲੈ ਜਾ ਕੇ ਸ਼ਹੀਦ ਕਰਨ ਵਿਚ ਸਫਲ ਹੋ ਗਈ ਸੀ।

ਉਦੋਂ ਵੀ ਮੁਗਲ ਸਰਕਾਰ ਤੇ ਸਿੱਖਾਂ ਦੇ ਇਕ ਭਾਗ ਵਿਚ (ਜਿਹੜਾ ਆਪਣੇ ਆਪ ਨੂੰ ਤਤ ਖਾਲਸਾ ਕਹਿੰਦਾ ਸੀ ਤੇ ਜਿਹੜਾ ਪਿਛੋਂ ਜਾ ਕੇ ਭਾਰੂ ਸਿੱਧ ਹੋਇਆ) ਸਮਝੌਤਾ ਹੋ ਗਿਆ ਸੀ ਪਰ ਮੁਗਲ ਸਾਮਰਾਜ ਨੇ ਛੇਤੀ ਹੀ ਤਤ ਖਾਲਸਾ ਨੂੰ ਵੀ ਆਪਣੇ ਲੋਹੇ ਦੇ ਪੰਜੇ ਦਿਖਾ ਦਿਤੇ ਤੇ ਸਿੱਖਾਂ ਨੂੰ ਪੂਰੇ ਪੰਜਾਹ ਸਾਲ, ਜਟਕੇ ਮੁਹਾਵਰੇ ਅਨੁਸਾਰ, ਵਾਹਣੀਂ ਪਾਈ ਰਖਿਆ ਜਿਸ ਦੇ ਅੰਤ ਉਤੇ ਸਿੱਖ ਤਾਂ ਪੰਜਾਬ ਵਿਚ ਰਾਜੇ ਬਣ ਗਏ ਤੇ ਮੁਗਲ ਸਰਕਾਰ ਸਮਾਪਤ ਹੋ ਗਈ।

ਕੇਂਦਰ ਵਿਚ ਬੈਠੇ ਤੇ ਉਨਾਂ ਦੇ ਭਾਈਵਾਲ ਤੰਗ-ਨਜ਼ਰ ਲੋਕ ਇਹ ਹੀ ਸੋਚਣਗੇ ਕਿ ਸਾਰੇ ਰਾਜਸੀ ਝਗੜਿਆਂ ਵਿਚ ਅੰਤਮ ਤਰਕ ਅਥਵਾ ਕਤਈ ਦਲੀਲ ਸ਼ਕਤੀ ਹੀ ਹੁੰਦੀ ਹੈ ਤੇ ਇਸ ਸ਼ਕਤੀ ਨਾਲ ਕੇਂਦਰੀ ਸਰਕਾਰ ਪੰਜਾਬ ਦੇ ਲੋਕਾਂ ਅਥਵਾ ਅਕਾਲੀਆਂ ਨੂੰ ਠਪ ਕਰਕੇ ਰੱਖ ਦੇਵੇਗੀ। ਸਾਡੇ ਗੁਆਂਢ ਵਿਚ ਪਾਕਿਸਤਾਨ ਵਿਚ ਜਨਰਲ ਜ਼ਿਆ ਦੀ ਤਾਨਾਸ਼ਾਹੀ ਨੇ ਗਿਆਰਾਂ ਵਰ੍ਹੇ ਪਾਕਿਸਤਾਨ ਦੇ ਲੋਕਾਂ ਨੂੰ ਵਾਹਣੀਂ ਪਾਈ ਰੱਖਿਆ ਹੈ ਪਰ ਹੁਣ ਗਿਆਰਾਂ ਵਰ੍ਹਿਆਂ ਮਗਰੋਂ ਉਥੋਂ ਲੋਕਾਂ ਦੇ ਜਿੱਤ ਜਾਣ ਦੀਆਂ ਨਿਸ਼ਾਨੀਆਂ ਪ੍ਰਤਖ ਹਨ। ਇਸੇ ਤਰ੍ਹਾਂ ਬੰਗਲਾਦੇਸ਼ ਵਿਚ ਹੋਇਆ ਹੈ। ਪੰਜਾਬ ਵਿਚ ਤਾਂ ਸ਼ਾਇਦ ਕੇਂਦਰ ਦੀ ਤਾਨਾਸ਼ਾਹੀ ਇਤਨਾ ਚਿਰ ਵੀ ਨਾ ਤਗ ਸਕੇ। ਹੁਣ ਇਤਿਹਾਸ ਨੂੰ ਬਣਾਉਣ ਵਾਲੀ ਸ਼ਕਤੀ ਰਾਜਾ ਅਥਵਾ ਉਪਰਲੀ ਸ਼੍ਰੇਣੀ ਹੀ ਨਹੀਂ ਰਹੀ, ਹੇਠਲੀ ਕਿਰਸਾਣ ਸ਼੍ਰੇਣੀ ਵੀ ਬਹੁਤ ਤਾਕਤਵਰ ਹੋ ਗਈ ਹੈ।

ਕਈ ਵਾਰੀ ਸਥਾਪਤੀ ਦੇ ਪੱਖੀ ਲੋਕਾਂ ਵਲੋਂ ਕਿਹਾ ਜਾਂਦਾ ਹੈ ਕਿ ਸਰਕਾਰ ਵਿਰੁਧ ਕੇਵਲ ਲੋਕਾਂ ਦਾ ਥੋੜ੍ਹਾ ਜਿਹਾ ਭਾਗ ਹੀ ਲੜਾਈ ਲਈ ਤਤਪਰ ਹੈ ਜਾਂ ਬਹੁਤਾ ਚਿਰ ਲੜਦਾ ਰਹਿ ਸਕਦਾ ਹੈ ਪਰ ਜੇ

(ਬਾਕੀ ਅਗਲੇ ਸਫੇ 'ਤੇ)

# ਚੌਧਰੀ ਅਮੀਰ ਅਲੀ ਸ਼ਾਹ

**ਜਗਮੀਤ ਸਿੰਘ ਪੰਧੇਰ**
ਫੋਨ: 91-98783-37222

ਉਨੀ ਸੌ ਇੱਕੀ ਦਾ ਜਨਮ ਐ ਮੇਰਾ, ਪਿੰਡ ਬੇਰ ਖੁਰਦ ਦਾ। ਇਹਨੂੰ ਸਰਦਾਰਾਂ ਵਾਲੀ ਬੇਰ ਵੀ ਆਖਦੇ ਸੀ। ਪ੍ਰਾਇਮਰੀ ਪਿੰਡੋਂ ਕੀਤੀ। ਚੰਗੇ ਨੰਬਰ ਆਏ। ਮਾਸਟਰਾਂ ਨੇ ਘਰਦਿਆਂ ਨੂੰ ਸਲਾਹ ਦਿੱਤੀ ਕਿ ਇਹਨੂੰ ਪੜ੍ਹਾਓ ਜਰੂਰ। ਮੇਰੀ ਵੱਡੀ ਭੈਣ ਜਟਾਣੇ ਵਿਆਹੀ ਹੋਈ ਸੀ। ਉਥੇ ਨਾਲ ਦੇ ਪਿੰਡ ਜਸਪਾਲੋਂ ਹਾਈ ਸਕੂਲ ਸੀ। ਉਹ ਮੈਨੂੰ ਆਪਣੇ ਨਾਲ ਲੈ ਗਈ। ਛੇਵੀਂ 'ਚ ਜਸਪਾਲੋਂ ਦਾਖਲ ਕਰਵਾ ਦਿੱਤਾ। ਅਠੱਤੀ 'ਚ ਮੈਂ ਦਸਵੀਂ ਅੱਵਲ ਨੰਬਰਾਂ 'ਚ ਪਾਸ ਕੀਤੀ। ਬੱਸ ਉਨਤਾਲੀ 'ਚ ਮੇਰਾ ਵਿਆਹ ਕਰ'ਤਾ, ਧੂਰੀ ਕੋਲ ਬਾਦਸਾਹਪੁਰ। ਅਕਤਾਲੀ 'ਚ ਵੱਡੇ ਮੁੰਡੇ ਨੇ ਜਨਮ ਲਿਆ ਤੇ ਤਰਤਾਲੀ 'ਚ ਓਦੂੰ ਛੋਟੇ ਨੇ। ਮੇਰੇ ਸਿਰ ਪਤਾ ਨ੍ਹੀਂ ਕੀ ਝੱਲ ਚੜ੍ਹਿਆ, ਮੈਂ ਜਲੰਧਰ ਜਾ ਕੇ ਨੇਵੀ ਵਿਚ ਭਰਤੀ ਹੋ ਕੇ ਬੰਬਈ ਚਲਿਆ ਗਿਆ, ਪਰ ਨੇਵੀ ਮੇਰੇ ਫਿੱਟ ਨ੍ਹੀਂ ਬੈਠੀ। ਮੈਨੂੰ ਸੀ-ਸਿਕਨੈਸ ਦੀ ਬਿਮਾਰੀ ਹੋ ਗਈ। ਸਮੁੰਦਰ ਵਿਚ ਜਾਵਾਂ ਤਾਂ ਉਲਟੀਆਂ ਹੀ ਨਾ ਹਟਣ। ਇਸ ਬਿਮਾਰੀ ਨੇ ਮੈਨੂੰ ਬੰਬਈਓਂ ਸਿੱਧਾ ਪਿੰਡ ਪੁਚਾ'ਤਾ। ਪਿੰਡ ਆ ਕੇ ਖੇਤੀ ਨੂੰ ਹੱਥ-ਪੱਲਾ ਮਾਰਨ ਲੱਗ ਪਿਆ। ਤੇਰਾਂ ਸਤੰਬਰ ਛਿਆਲੀ ਦੇ ਦਿਨ ਗੁਆਂਢੀਆਂ ਨਾਲ ਮੱਝ ਪਿੱਛੇ ਤੂੰ-ਤੂੰ, ਮੈਂ-ਮੈਂ ਹੋ ਗਈ। ਵਾਧਾ ਐਡਾ ਵਧਿਆ ਕਿ ਡਾਂਗਾਂ ਚੱਲ ਪਈਆਂ। ਜਦੋਂ ਉਨ੍ਹਾਂ ਦਾ ਇੱਕ ਬੰਦਾ ਮੇਰੇ ਭਰਾ ਦੇ ਡਾਂਗ ਮਾਰਨ ਲੱਗਿਆ ਤਾਂ ਮੈਂ ਪਹਿਲਾਂ ਹੀ ਉਸ ਦੇ ਪੁੜਪੜੀ 'ਚ ਜਾਤੂ ਜੜ ਦਿੱਤਾ। ਗੇੜਾ ਖਾ ਕੇ ਐਸਾ ਡਿੱਗਿਆ, ਬੱਸ ਖਤਮ। ਕਤਲ ਦਾ ਕੇਸ ਪੈ ਗਿਆ। ਮਣਾਂ ਮੂੰਹੀਂ ਪੈਸਾ ਕਚਹਿਰੀਆਂ ਡੱਕਾਰ'ਗੀਆਂ, ਟੂਮ ਛੱਲਾ ਸਾਰਾ ਵਿਕ ਗਿਆ ਤੇ ਖੇਤੀ ਉਜੜ ਗਈ। ਐਸਾ ਵਿਘਨ ਪਿਆ ਕਿ ਮੁੜ ਚਾਲ ਟਿਕਾਣੇ ਨ੍ਹੀਂ ਆਈ। ਤੇਰਾਂ ਜਨਵਰੀ ਸੰਤਾਲੀ ਨੂੰ ਫੈਸਲਾ ਹੋਇਆ ਤੇ ਛੇ ਸਾਲ ਲਈ ਅੰਦਰ ਠੁਕ ਗਿਆ। ਤੇਈ ਜਨਵਰੀ ਨੂੰ ਲਾਹੌਰ ਜੇਲ੍ਹ ਭੇਜ ਦਿੱਤਾ ਗਿਆ। ਜੂਨ 'ਚ ਮੁਲਤਾਨ ਜੇਲ੍ਹ 'ਚ ਬਦਲ ਦਿੱਤਾ। ਮਹੀਨੇ ਕੁ ਮਗਰੋਂ ਫੇਰ ਲਾਹੌਰ ਜੇਲ੍ਹ ਮੋੜ ਲਿਆਂਦਾ।

ਅਗਸਤ ਸੰਤਾਲੀ 'ਚ ਜਦੋਂ ਹੱਲੇ ਗੁੱਲੇ ਸ਼ੁਰੂ ਹੋਏ ਤਾਂ ਉਨ੍ਹਾਂ ਦੀਆਂ ਕਨਸੋਆਂ ਜੇਲ੍ਹ ਦੀਆਂ ਕੰਧਾਂ ਟੱਪ ਕੇ ਅੰਦਰ ਆਉਣ ਲੱਗੀਆਂ। ਜੇਲ੍ਹ 'ਚ ਵੀ ਹਿੱਲ ਜੁੱਲ ਹੋਣ ਲੱਗੀ। ਬਾਹਰੋਂ ਆਉਂਦੀਆਂ ਵਧਾਈਆਂ ਚੜ੍ਹਾਈਆਂ ਗੱਲਾਂ ਨੇ ਜੇਲ੍ਹ ਮੁਲਾਜਮਾਂ ਅਤੇ ਕੈਦੀਆਂ ਦੇ ਮਨਾਂ ਵਿਚ ਕੁੜੱਤਣ ਭਰਨੀ ਸ਼ੁਰੂ ਕਰ ਦਿੱਤੀ। ਫੇਰ ਇੱਕ ਦਿਨ ਪਤਾ ਲੱਗਿਆ ਕਿ ਦੇਸ਼ ਦੀ ਵੰਡ ਹੋ ਗਈ ਐ। ਸਾਰੇ ਮੁਲਾਜ਼ਮਾਂ ਤੋਂ ਪੁੱਛਿਆ ਗਿਆ ਕਿ ਉਹ ਹਿੰਦੋਸਤਾਨ 'ਚ ਕੰਮ ਕਰਨਾ ਚਾਹੁੰਦੇ ਨੇ ਜਾਂ ਪਾਕਿਸਤਾਨ 'ਚ? ਸਾਡੀ ਜੇਲ੍ਹ ਦੇ ਸੁਪਰਡੈਂਟ ਕ੍ਰਿਸ਼ਨ ਕਿਸ਼ੋਰ ਮੱਟੂ ਨੇ ਲਿਖ ਕੇ ਦੇ ਦਿੱਤਾ ਕਿ ਉਹ ਪਾਕਿਸਤਾਨ 'ਚ ਕੰਮ ਕਰਨਾ ਚਾਹੁੰਦਾ ਹੈ। ਗੱਲ ਵੀ ਠੀਕ ਸੀ। ਆਪਣਾ ਘਰ ਬਾਰ ਛੱਡ ਕੇ ਬਿਗਾਨੇ ਥਾਉਂ ਕੌਣ ਜਾਂਦੈ? ਫੇਰ ਪਤਾ ਨ੍ਹੀਂ ਕੀ ਹੋਇਆ, ਥੋੜ੍ਹੇ ਦਿਨਾਂ ਪਿੱਛੋਂ ਪਤਾ ਲੱਗਿਆ ਕਿ ਉਹ ਤਾਂ ਦਿੱਲੀ ਚਲਾ ਗਿਆ। ਜੇਲ੍ਹ 'ਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਫੈਲੀਆਂ। ਕੋਈ ਕਹੇ ਬਈ ਉਹ ਡਰ ਗਿਆ, ਕੋਈ ਕਹੇ ਉਹਨੂੰ ਡਰਾਇਆ ਗਿਐ। ਚੱਲ ਗੱਲ ਚਾਹੇ ਕੋਈ ਵੀ ਹੋਵੇ, ਕੁਸ ਵੀ ਹੋਵੇ, ਜਾਨ ਕਿਹਨੂੰ ਨ੍ਹੀਂ ਪਿਆਰੀ?

ਜੇਲ੍ਹ 'ਚ ਖਹਿਬਾਜ਼ੀ ਵਧਣ ਲੱਗੀ ਤਾਂ ਸਾਨੂੰ ਮਿੰਟਗੁਮਰੀ ਭੇਜ ਦਿੱਤਾ। ਉਥੇ ਸੁਪਰਡੈਂਟ ਸੀ ਚੌਧਰੀ ਅਮੀਰ ਅਲੀ ਸ਼ਾਹ। ਬੱਸ ਕੀ ਪੁੱਛਦੇ ਓਂ, ਜਮ੍ਹਾਂ ਈ ਅੱਲ੍ਹਾ ਦਾ ਬੰਦਾ। ਹਰ ਰੋਜ਼ ਸਾਰੇ ਕੈਦੀਆਂ ਨੂੰ ਸਮਝਾਇਆ ਕਰੇ ਬਈ, "ਦੇਖੋ ਲੀਡਰਾਂ ਨੇ ਆਪਣੇ ਆਪਣੇ ਦੋ ਦੇਸ਼ ਚਾਹੇ ਬਣਾ'ਲੇ, ਪਰ ਥੋਨੂੰ ਕੀ ਫਰਕ ਪੈਂਦੈ, ਰਹਿਣਾ ਤਾਂ ਜੇਲ੍ਹ 'ਚ ਈ ਆ-ਚਾਹੇ ਏਧਰ ਹੋਵੋਂ, ਚਾਹੇ ਓਧਰ। ਅਫਵਾਹਾਂ ਦਾ ਬਹੁਤਾ ਅਸਰ ਨ੍ਹੀਂ ਕਰੀਦਾ।"

ਪਰ ਕੌਣ ਸੁਣਦੈ? ਅੰਦਰੋ-ਅੰਦਰੀ ਕੁੜੱਤਣ ਵਧਦੀ ਚਲੀ ਗਈ। ਮੁਸਲਮਾਨਾਂ ਤੇ ਹਿੰਦੂ-ਸਿੱਖਾਂ ਦੀਆਂ ਦੋ ਧਿਰਾਂ ਬਣ ਗਈਆਂ। ਚੋਰੀ-ਛਪੋਰੀ ਹਥਿਆਰ ਇਕੱਠੇ ਹੋਣ ਲੱਗ ਪਏ। ਜੇਲ੍ਹ ਦੇ ਕਈ ਛੋਟੇ ਅਧਿਕਾਰੀ ਵੀ ਗੋਂਦਾਂ ਗੁੰਦਣ 'ਚ ਸ਼ਾਮਿਲ ਹੋ ਗਏ। ਅਮੀਰ ਅਲੀ ਸ਼ਾਹ ਨੂੰ ਵੀ ਬਿੜਕ ਲੱਗ ਗਈ। ਇੱਕ ਦਿਨ ਸਵੇਰੇ ਚਾਰ ਵਜੇ ਈ ਉਹਨੇ ਅਚਾਨਕ ਛਾਪਾ ਮਾਰ ਲਿਆ। ਸਭਨਾਂ ਤੋਂ ਹਥਿਆਰ ਕਢਵਾ ਲਏ। ਕੈਦੀਆਂ ਨੂੰ ਸਮਝਾਇਆ ਤੇ ਇੱਕ ਜੇਲ੍ਹ ਅਧਿਕਾਰੀ ਨੂੰ ਸਖਤੀ ਨਾਲ ਝਿੜਕਣ ਤੋਂ ਬਾਅਦ ਬੜੀ ਉਚੀ ਆਵਾਜ਼ 'ਚ ਪੁੱਛਿਆ, "ਜੇ ਤੂੰ ਇਨ੍ਹਾਂ ਨੂੰ ਮਰਵਾ ਦਿੰਦਾ ਤਾਂ ਤੈਨੂੰ ਕੀ ਮਿਲ ਜਾਂਦਾ?" ਉਹ ਅਧਿਕਾਰੀ ਮੂੰਹ ਮਰੋੜ ਕੇ ਚੁੱਪ ਕੀਤਾ ਖੜ੍ਹਾ ਰਿਹਾ। ਉਦੋਂ ਤੱਕ ਇਹ ਵੀ ਸਭ ਨੂੰ ਪਤਾ ਲੱਗ ਚੁਕਾ ਸੀ ਕਿ ਅਮੀਰ ਸ਼ਾਹ ਦੇ ਇਥੇ ਆਉਣ ਤੋਂ ਪਹਿਲਾਂ ਇੱਥੋਂ ਰਿਹਾਅ ਹੋਏ ਸਰਦੂਲ ਸਿਓਂ, ਕੇਹਰ ਸਿਓਂ ਤੇ ਰਲ਼ਾ ਸਿਓਂ-ਤਿੰਨੋਂ ਬਾਹਰ ਜਾਣ ਸਾਰ ਈ ਮਰਵਾ ਦਿੱਤੇ ਗਏ ਸਨ। ਇਸ ਨਾਲ ਹੋਰ ਵੀ ਦਹਿਸ਼ਤ ਫੈਲ ਗਈ ਸੀ।



ਇੱਕ ਦਿਨ ਸਵੇਰ ਸਾਰ ਹੀ ਅਮੀਰ ਸ਼ਾਹ ਕੈਦੀਆਂ ਨੂੰ ਸਮਝਾਉਣ ਲੱਗਿਆ, "ਦੇਖੋ ਬਈ ਜਿਵੇਂ ਦੇਸ਼ ਵੰਡੇ ਗਏ ਨੇ, ਉਸੇ ਤਰ੍ਹਾਂ ਕੈਦੀ ਵੀ ਵੰਡੇ ਜਾਣਗੇ। ਤੁਹਾਡੇ 'ਚੋਂ ਕੁਝ ਨੂੰ ਇਥੋਂ ਹਿੰਦੋਸਤਾਨ ਦੀਆਂ ਜੇਲ੍ਹਾਂ 'ਚ ਭੇਜਿਆ ਜਾਵੇਗਾ ਤੇ ਬਾਕੀ ਇਧਰ ਹੀ ਰਹਿ ਜਾਣਗੇ। ਇਹ ਮੇਰਾ ਨਹੀਂ, ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਦਾ ਫੈਸਲਾ ਹੈ।" ਏਨਾ ਕਹਿ ਕੇ ਉਹ ਕੁਝ ਚਿਰ ਚੁੱਪ ਹੋ ਗਿਆ। ਸਭਨਾਂ ਨੇ ਦੇਖਿਆ ਉਹ ਐਨਕਾਂ ਲਾਹ ਕੇ ਰੁਮਾਲ ਨਾਲ ਅੱਖਾਂ ਪੂੰਝ ਰਿਹਾ ਸੀ, ਪਰ ਛੇਤੀ ਹੀ ਉਹ ਸੰਭਲ ਗਿਆ ਤੇ ਆਪਣੀ ਜੇਬ੍ਹ ਵਿਚੋਂ ਇੱਕ ਕਾਗਜ਼ ਕੱਢ ਕੇ ਜਦੋਂ ਉਹ ਨਾਂ ਬੋਲਣ ਲੱਗਿਆ ਤਾਂ ਸਭ ਤੋਂ ਪਹਿਲਾਂ ਮੇਰਾ ਨਾਂ ਹੀ ਆ ਗਿਆ, "ਸੁਰਜੀਤ ਸਿੰਘ ਪਿੰਡ ਬੇਰ ਖੁਰਦ, ਜਿਲ੍ਹਾ ਲੁਧਿਆਣਾ, ਇਹ ਲੁਧਿਆਣਾ ਜੇਲ੍ਹ ਵਿਚ ਜਾਵੇਗਾ।"

ਸੁਣਨ ਸਾਰ ਮੈਂ ਇੱਕ ਦਮ ਖੜ੍ਹਾ ਹੋਣ ਲੱਗਿਆ ਤਾਂ ਉਹ ਝੱਟ ਬੋਲ ਪਿਆ, "ਨਹੀਂ ਨਹੀਂ ਤੁਸੀਂ ਬੈਠੋ ਹਾਲੇ।" ਉਸ ਨੇ ਲਿਸਟ ਅਗਾਂਹ ਪੜ੍ਹਨੀ ਸ਼ੁਰੂ ਕਰ ਦਿੱਤੀ। ਇਹ ਸਾਰੇ ਸਿੱਖ ਤੇ ਹਿੰਦੂ ਸਨ। ਉਹ ਨਾਲ ਦੀ ਨਾਲ ਉਨ੍ਹਾਂ ਦੀਆਂ ਜੇਲ੍ਹਾਂ ਦੇ ਨਾਂ ਵੀ ਦੱਸਦਾ ਗਿਆ। ਜਦ ਉਸ ਨੇ ਲਿਸਟ ਖਤਮ ਕੀਤੀ ਤਾਂ ਰਹਿਮ ਦੀਨ ਉਠ ਕੇ ਖੜ੍ਹਾ ਹੋ ਗਿਆ, "ਜਨਾਬ, ਮੇਰਾ ਨਾਂ ਰਹਿ ਗਿਆ।"

ਸਾਰੇ ਹੈਰਾਨੀ ਨਾਲ ਉਸ ਵੱਲ ਵੇਖਣ ਲੱਗ ਪਏ। ਮੈਂ ਦੇਖਿਆ ਅਮੀਰ ਸ਼ਾਹ ਦੇ ਮੂੰਹੋਂ ਮਸਾਂ ਨਿਕਲਿਆ, "ਨਹੀਂ, ਰਹਿਮ ਦੀਨ ਤੂੰ ਇਧਰ ਹੀ ਰਹੇਂਗਾ।"

"ਪਰ ਕਿਉਂ ਜਨਾਬ? ਮੈਂ ਤਾਂ ਸੁਰਜੀਤ ਸਿਓਂ ਨਾਲ ਈ ਇਥੇ ਅਇਆ ਸੀ ਤੇ ਮੇਰਾ ਪਿੰਡ ਵੀ ਮਲੌਦ ਕੋਲੇ ਇਹਦੇ ਪਿੰਡ ਦੇ ਨਾਲ ਈ ਐ। ਐਂ ਧੱਕਾ ਨਾ ਕਰੋ ਜਨਾਬ। ਮੈਨੂੰ ਵੀ ਇਹਦੇ ਨਾਲ ਈ ਭੇਜ ਦਿਓ। ਬਾਲ ਬੱਚਿਆਂ ਦੇ ਨੇੜੇ ਚਲੇ ਜਾਵਾਂਗੇ।" ਹੱਥ ਜੋੜ ਕੇ ਗਿੜਗਿੜਾਉਂਦਾ ਰਹਿਮ ਦੀਨ ਜੇਲ੍ਹ ਸੁਪਰਡੈਂਟ ਕੋਲੋਂ ਦੇਖਿਆ ਨਾ ਗਿਆ। ਉਸ ਦੇ ਮੂੰਹੋਂ ਬੱਸ ਏਨਾ ਹੀ ਨਿਕਲਿਆ, "ਤੈਨੂੰ ਕਿਵੇਂ ਸਮਝਾਵਾਂ ਰਹਿਮ ਦੀਨਾ? ਉਹ ਪਿੰਡ ਹੁਣ ਤੇਰਾ ਨ੍ਹੀਂ ਰਿਹਾ।...ਤੇਰੇ ਬਾਲ ਬੱਚੇ ਵੀ...ਕੀ ਪਤੈ...!"

ਜੇਲ੍ਹ ਸੁਪਰਡੈਂਟ ਤੋਂ ਗੱਲ ਪੂਰੀ ਨਹੀਂ ਸੀ ਹੋਈ ਤੇ ਉਹ ਕਾਗਜ਼ ਸਾਂਭਦਾ ਹੋਇਆ ਛੇਤੀ ਦੇਣੇ ਉਥੋਂ ਖਿਸਕ ਗਿਆ। ਸਭਨਾਂ ਨੇ ਦੇਖਿਆ, ਉਸ ਦਾ ਰੁਮਾਲ ਜੇਬ੍ਹ ਵਿਚੋਂ ਨਿਕਲ ਕੇ ਫੇਰ ਅੱਖਾਂ ਉਪਰ ਸੀ। ਰਹਿਮ ਦੀਨ ਦੇ ਗੱਲ ਪੂਰੀ ਤਰ੍ਹਾਂ ਪੱਲੇ ਨਹੀਂ ਸੀ ਪਈ, ਪਰ ਉਹ ਭਮੱਤਰ ਜਿਹਾ ਗਿਆ।

ਦੂਜੇ ਦਿਨ ਤੋਂ ਹੀ ਅਮੀਰ ਸ਼ਾਹ ਸਾਡੀ ਖਾਸ ਨਿਗਰਾਨੀ ਕਰਨ ਲੱਗ ਗਿਆ। ਅਖੀਰ ਸਾਨੂੰ ਫੌਜ ਦੀ ਨਿਗਰਾਨੀ ਹੇਠ ਅਟਾਰੀ ਪੁਚਾਉਣ ਦਾ ਹੁਕਮ ਆਇਆ। ਉਸ ਭਲੇ ਬੰਦੇ ਨੇ ਜੇਲ੍ਹੋਂ ਬਾਹਰ ਵੀ ਸਾਡੀ ਹਿਫਾਜ਼ਤ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਸੀ। ਸਾਨੂੰ ਵਿਦਾ ਕਰਨ ਵੇਲੇ ਉਸ ਦਾ ਮਨ ਬੁਰੀ ਤਰ੍ਹਾਂ ਭਰਿਆ ਹੋਇਆ ਸੀ। ਸਾਰੇ ਕੈਦੀਆਂ ਨੂੰ ਉਸ ਨੇ ਦੋ-ਦੋ ਛਟਾਂਕ ਗੁੜ ਤੇ ਚਾਰ-ਚਾਰ ਡੱਬੀਆਂ ਛੋਲਿਆਂ ਦੀਆਂ ਆਪ ਵੰਡੀਆਂ। ਅਸੀਂ ਕੁਝ ਜਾਣਿਆਂ ਨੇ ਉਸ ਲਈ ਫੁੱਲਾਂ ਦੇ ਹਾਰ ਬਣਾ ਰੱਖੇ ਸਨ। ਜਦੋਂ ਅਸੀਂ ਇਕੱਠੇ ਹੋ ਕੇ ਉਸ ਦੇ ਗਲੇ ਵਿਚ ਪਾਉਣ ਲੱਗੇ ਤਾਂ ਉਸ ਨੇ ਮੋੜਵੇਂ ਉਹੀ ਹਾਰ ਸਾਡੇ ਗਲਾਂ ਵਿਚ ਪਾਉਂਦੇ ਹੋਏ ਕਿਹਾ, "ਜਾਓ, ਸੁੱਖ ਸਾਂਦ ਨਾਲ ਆਪਣੇ ਵਤਨ ਪਹੁੰਚੋ। ਬਹੁਤ ਕੁਝ ਉਜੜ ਗਿਐ। ਬਚੇ ਹੋਏ ਨੂੰ ਜਾ ਕੇ ਸਾਂਭ ਲੌ।" ਏਨਾ ਆਖਦੇ ਹੋਏ ਉਹ ਸਾਨੂੰ ਫੌਜ ਦੇ ਹਵਾਲੇ ਕਰਕੇ ਤੇਜੀ ਨਾਲ ਪਿੱਛੇ ਮੁੜ ਗਿਆ। ਹਿੰਦੋਸਤਾਨ ਨੂੰ ਜਾਣ ਵਾਲੀ ਰੇਲ ਗੱਡੀ ਅਟਾਰੀ ਦੇ ਸਟੇਸ਼ਨ 'ਤੇ ਕੂਕਾਂ ਮਾਰ ਰਹੀ ਸੀ।

# ਤਾਨਾਸ਼ਾਹੀ ਨੂੰ ਜਨਮ ਦਿੰਦਾ ਗੁਲਾਮੀ ਦਾ ਅਹਿਸਾਸ ਤੇ ਪਿੱਛਲਝਾਤ



**ਸੰਜੀਵ ਸਿੰਘ ਝੱਜ**
ਫੋਨ: 91-98151-50542

ਅਜੋਕੇ ਯੁੱਗ ਅੰਦਰ ਇਨਸਾਨੀ ਜੀਵਨ ਦਾ ਮੁਹਾਂਦਰਾ ਦਿਨੋ ਦਿਨ ਨਿਖਰਦਾ ਜਾ ਰਿਹਾ ਹੈ। ਨਵੀਆਂ ਖੋਜਾਂ ਤੇ ਨਵੇਂ ਵਿਚਾਰ ਇਨਸਾਨ ਦੀ ਜ਼ਿੰਦਗੀ ਨੂੰ ਦਿਨੋ ਦਿਨ ਸੁਖਾਲਾ ਕਰਦੇ ਜਾ ਰਹੇ ਹਨ। ਕਦੀ ਨਵੀਂ ਤਕਨੀਕ ਅਤੇ ਅਧਿਆਤਮਵਾਦ ਦੀ ਖੋਜ ਦੇ ਰਸਤੇ ਸਾਡੇ ਵੱਡੇ ਵਡੇਰੇ ਬਾਬੇ ਤੁਰੇ ਸਨ ਅਤੇ ਉਹ ਜਿਥੋਂ ਤੱਕ ਰਸਤਾ ਸਾਡੇ ਲਈ ਸਾਫ ਕਰਕੇ ਗਏ, ਉਸ ਤੋਂ ਅਗਾਂਹ ਨਿਰੰਤਰ ਅਗਲੀਆਂ ਪੀੜ੍ਹੀਆਂ ਨੇ ਉਸ ਰਸਤੇ 'ਤੇ ਚੱਲ ਕੇ ਨਵੀਆਂ ਨਵੀਆਂ ਮੰਜ਼ਿਲਾਂ ਸਰ ਕੀਤੀਆਂ ਹਨ ਅਤੇ ਇਹ ਕਾਰਜ ਨਿਰੰਤਰ ਚੱਲ ਰਿਹਾ ਹੈ। ਇਨਸਾਨ ਦੀ ਫਿਤਰਤ ਹੈ ਕਿ ਇਹ ਹਮੇਸ਼ਾ ਨਵੇਂ ਕਾਰਨਾਮੇ ਤੇ ਨਵੀਆਂ ਖੋਜਾਂ ਵਿਚ ਹੀ ਦਿਲਚਸਪੀ ਰੱਖਦਾ ਹੈ। ਅੱਜ ਇਨਸਾਨੀ ਸਮਾਜ ਪਿਛਲੀਆਂ ਸਦੀਆਂ ਤੋਂ ਵਿਕਸਿਤ ਹੁੰਦਾ ਹੋਇਆ ਸਾਡੇ ਮੂਹਰੇ ਪ੍ਰਤੱਖ ਅਜੂਬਾ ਬਣ ਕੇ ਖੜ੍ਹਾ ਹੈ।

ਕਿਸੇ ਸਮੇਂ ਰਾਜਿਆਂ ਤੇ ਤਾਨਾਸ਼ਾਹਾਂ ਦਾ ਰਾਜ ਹੁੰਦਾ ਸੀ ਅਤੇ ਰਾਜੇ ਤੇ ਤਾਨਾਸ਼ਾਹ ਬਦਲਦੇ ਹੀ ਕਾਨੂੰਨ ਵੀ ਬਦਲ ਜਾਂਦੇ ਸਨ। ਤਾਨਾਸ਼ਾਹ ਹਮੇਸ਼ਾ ਆਪਣੀ ਸੁਵਿਧਾ ਦੇ ਮੱਦੇਨਜ਼ਰ ਕਾਨੂੰਨ ਘੜਦਾ ਸੀ ਅਤੇ ਉਸ ਦੇ ਚਹੇਤੇ ਹਮੇਸ਼ਾ ਆਪਣੀ ਹਵਸ ਤੇ ਲੋੜ ਦੀ ਪੂਰਤੀ ਲਈ ਲੁੱਟਮਾਰ ਅਤੇ ਕਤਲੇਆਮ ਆਮ ਹੀ ਕਰਦੇ ਸਨ। ਤਾਨਾਸ਼ਾਹੀ ਦੌਰ ਵਿਚ ਔਰਤ ਅਤੇ ਆਮ ਪਰਜਾ ਦੀ ਹਾਲਤ ਹਮੇਸ਼ਾ ਤਰਸਯੋਗ ਹੀ ਰਹੀ ਹੈ। ਭਾਵੇਂ ਅੱਜ ਦਾ ਸਮਾਂ ਤਾਨਾਸ਼ਾਹੀ ਦੇ ਦੌਰ ਤੋਂ ਅੱਗੇ ਲੰਘ ਕੇ ਲੋਕਤੰਤਰ ਵਿਚ ਢਲ ਚੁਕਾ ਹੈ, ਪਰ ਫਿਰ ਵੀ ਇਕ ਜਮਾਤ ਅਜਿਹੀ ਹਮੇਸ਼ਾ ਤੋਂ ਇਸ ਧਰਤੀ 'ਤੇ ਰਹੀ ਹੈ, ਜੋ ਆਪਾਧਾਪੀ ਤੋਂ ਪ੍ਰੇਰਿਤ ਹੋ ਕੇ ਤਾਨਾਸ਼ਾਹੀ ਰਵੱਈਆ ਅਪਨਾਉਣ ਦੀ ਚਾਹ ਰੱਖਦੀ ਆ ਰਹੀ ਹੈ। ਭਾਵੇਂ ਆਧੁਨਿਕਤਾ ਨੂੰ ਅਪਨਾ ਕੇ ਅਸੀਂ ਆਪਣਾ ਮਾਨਸਿਕ ਅਤੇ ਸਰੀਰਕ ਸੰਤੁਲਨ ਬਣਾਉਣਾ ਹਾਲੇ ਪੂਰੀ ਤਰ੍ਹਾਂ ਨਹੀਂ ਸਿੱਖ ਸਕੇ ਹਾਂ, ਪਰ ਇਨਸਾਨ ਨਿਰੰਤਰ ਇਸ ਦਾ ਸੰਤੁਲਨ ਬਣਾਉਣ ਲਈ ਯਤਨਸ਼ੀਲ ਹੈ। ਆਧੁਨਿਕਤਾ ਤੋਂ ਅਸੰਤੁਸ਼ਟ ਇਨਸਾਨ ਅਜੋਕੇ ਯੁੱਗ ਨੂੰ ਭਿੱਟ ਕੇ ਪੁਰਾਣੇ ਵੇਲਿਆਂ ਦੀ ਦੁਹਾਈ ਦਿੰਦਾ ਅਕਸਰ ਤੁਹਾਨੂੰ ਆਮ ਹੀ ਮਿਲ ਪਵੇਗਾ। ਸਮਾਂ ਤੇ ਤਕਨੀਕ ਬਦਲਣ ਨਾਲ ਅਕਸਰ ਕੁਝ ਕਮੀਆਂ ਪੇਸ਼ੀਆਂ ਦਾ ਇਨਸਾਨ ਨੂੰ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਮੀਆਂ ਪੇਸ਼ੀਆਂ ਨੂੰ ਹੱਲ ਕਰਨ ਦਾ ਯਤਨ ਜਰੂਰ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਨਵੀਂ ਤਕਨੀਕ ਤੇ ਨਵੇਂ ਤੌਰ ਤਰੀਕਿਆਂ ਨੂੰ ਭੰਡਣਾ ਚਾਹੀਦਾ ਹੈ। ਇਨਸਾਨੀ ਜੀਵਨ ਦਾ ਮੰਤਵ ਸਿਰਫ ਤੇ ਸਿਰਫ ਅਗਾਂਹ ਵਧਣਾ ਹੀ ਹੋਣਾ ਚਾਹੀਦਾ ਹੈ।

ਅੱਜ ਦੇ ਸਮੇਂ ਅੰਦਰ ਕਦੇ ਉਸ ਸਮਾਜ ਦੀ ਕਲਪਨਾ ਕਰ ਕੇ ਦੇਖੋ, ਜਿੱਥੇ ਲੜਕੀਆਂ ਦੀ ਸਿੱਖਿਆ ਪ੍ਰਣਾਲੀ 'ਤੇ ਮੁਕੰਮਲ ਰੋਕ ਹੋਵੇ; ਔਰਤਾਂ ਲਈ ਬੁਰਕਾ ਪਹਿਨਣਾ ਲਾਜ਼ਮੀ ਹੋਵੇ, ਨਹੀਂ ਤਾਂ ਸਜ਼ਾ ਸਿਰਫ ਮੌਤ ਹੋਵੇ; ਬੰਦਿਆਂ ਲਈ ਕੋਈ ਖਾਸ ਨਿਜ਼ਾਮ ਤੇ ਖਾਸ ਪਹਿਰਾਵਾ ਲਾਜ਼ਮੀ ਹੋਵੇ, ਨਹੀਂ ਤਾਂ ਸਜ਼ਾ ਸਿਰਫ ਮੌਤ ਹੋਵੇ; ਸੰਗੀਤ ਤੇ ਸਿਨੇਮਾ ਅਤੇ ਕਲਾ ਜਗਤ 'ਤੇ ਪਾਬੰਦੀ ਹੋਵੇ; ਕ੍ਰਿਕਟ ਅਤੇ ਫੁੱਟਬਾਲ ਵਰਗੀਆਂ ਹੋਰ ਵੀ ਇੰਟਰਨੈਸ਼ਨਲ ਖੇਡਾਂ 'ਤੇ ਪਾਬੰਦੀ ਹੋਵੇ, ਇਕੱਲੀ ਔਰਤ ਦੇ ਘਰੋਂ ਬਾਹਰ ਨਿਕਲਣ 'ਤੇ ਪਾਬੰਦੀ ਹੋਵੇ, ਕਿਸੇ ਵੀ ਸਾਹਿਤ ਅਤੇ ਲੇਖਣੀ ਦੀ ਛਪਵਾਈ 'ਤੇ ਮੁਕੰਮਲ ਰੋਕ ਹੋਵੇ, ਪੁਰਾਣੇ ਸਾਧਨਾਂ ਤੋਂ ਇਲਾਵਾ ਕਿਸੇ ਵੀ ਨਵੀਂ ਤਕਨੀਕ 'ਤੇ ਪਾਬੰਦੀ ਹੋਵੇ; ਕੁਝ ਵੀ ਨਵਾਂ ਲਿਖਣ, ਸੋਚਣ ਅਤੇ ਖੋਜਣ 'ਤੇ ਪਾਬੰਦੀ ਹੋਵੇ; ਆਪਣੇ ਧਰਮ ਤੋਂ ਇਲਾਵਾ ਬਾਕੀ ਧਰਮਾਂ 'ਤੇ ਕਾਫੀ ਹੱਦ ਤੱਕ ਪਾਬੰਦੀਆਂ ਹੋਣ, ਕਿਸੇ ਵੀ ਤਰ੍ਹਾਂ ਦੇ ਧਰਨੇ ਤੇ ਆਪਣੀਆਂ ਮੰਗਾਂ ਲਈ ਕੀਤੇ ਜਾਂਦੇ ਅੰਦੋਲਨਾਂ 'ਤੇ ਮੁਕੰਮਲ ਪਾਬੰਦੀ ਹੋਵੇ; ਕਾਨੂੰਨ ਸਿਰਫ ਧਾਰਮਿਕ ਇਨਸਾਨਾਂ ਵਲੋਂ ਘੜਿਆ ਗਿਆ ਹੋਵੇ ਅਤੇ ਧਾਰਮਿਕ ਤੌਰ 'ਤੇ ਕੀਤੀ ਗਈ ਗਲਤੀ ਦੀ ਬਿਨਾ ਕਿਸੇ ਅਪੀਲ ਤੇ ਦਲੀਲ ਦੇ ਸਜ਼ਾ ਨਿਸ਼ਚਿਤ ਕੀਤੀ ਗਈ ਹੋਵੇ। ਰਲਾ-ਮਿਲਾ ਕੇ ਸੱਤਾ ਉਤੇ ਕਾਬਿਜ਼ ਧਿਰ 'ਤੇ ਕਿਸੇ ਦੀ ਬਹੁਤੀ ਰੋਕ ਟੋਕ ਨਾ ਹੋਵੇ; ਜਿਸ ਨੂੰ ਜੀਅ ਕੀਤਾ ਰਿਹਾਅ ਕਰ ਦਿੱਤਾ ਜਾਵੇ ਅਤੇ ਜਿਸ ਨੂੰ ਜੀਅ ਕੀਤਾ ਗੋਲੀ ਮਾਰ ਦਿੱਤੀ ਜਾਂਦੀ ਹੋਵੇ!

ਕੀ ਇਹੋ ਜਿਹਾ ਮੁਲਖ ਕਦੇ ਕਿਸੇ ਦੇ ਸੁਪਨਿਆਂ ਦਾ ਮੁਲਖ ਹੋ ਸਕਦਾ ਹੈ? ਕੀ ਅੱਗੇ ਤੁਰਨ ਦੀ ਥਾਂ ਪਿੱਛਲਝਾਤ ਨੂੰ ਝੂਰਨ ਨਾਲ ਅੱਜ ਦੇ ਸਮਾਜ ਅਤੇ ਅਜੋਕੀ ਪੀੜ੍ਹੀ ਨੂੰ ਖੁਸ਼ ਰੱਖਿਆ ਜਾ ਸਕਦਾ ਹੈ? ਕੀ ਤਾਨਾਸ਼ਾਹੀ ਮੁਲਖ ਕਦੇ ਹਰ ਇਕ ਦੀ ਖੁਸ਼ਹਾਲੀ ਦਾ ਪ੍ਰਤੀਕ ਬਣ ਸਕਦੇ ਹਨ?

ਕੋਈ ਵੀ ਖੁਸ਼ਹਾਲ ਦੇਸ਼ ਵੱਖ ਵੱਖ ਲੋਕਾਂ ਦੇ ਸਮੂਹ ਨਾਲ ਹੀ ਬਣਦਾ ਹੈ ਅਤੇ ਉਸ ਦੇਸ਼ ਉੱਤੇ ਉਥੋਂ ਦੇ ਹਰ ਇਕ ਬਾਸ਼ਿੰਦੇ ਦਾ ਪੂਰਾ ਹੱਕ ਤੇ ਮਾਣ ਹੁੰਦਾ ਹੈ। ਆਪਣੇ ਮੁਲਖ ਵਿਚ ਵੀ ਜੇ ਆਜ਼ਾਦੀ ਦੀਆਂ ਫਿਜ਼ਾਵਾਂ ਨਾ ਵਗਣ ਤਾਂ ਜ਼ਿੰਦਗੀ ਜਿਉਂਦੇ ਜੀਅ ਨਰਕ ਸਮਾਨ ਹੀ ਹੈ। ਪਾਬੰਦੀਆਂ ਨਾਲੋਂ ਹਰ ਇਕ ਨੂੰ ਆਜ਼ਾਦੀ ਦੇਣਾ ਹੀ ਅਸਲ ਰਾਸ਼ਟਰੀ ਕਾਰਜ ਹੈ। ਭੂਤਕਾਲ ਦੀ ਸਥਾਪਤੀ ਦੇ ਪਿੱਛੇ ਭੱਜ ਕੇ ਕੁਝ ਵੀ ਨਵਾਂ ਵਾਪਰਨ ਦਾ ਵਿਕਲਪ ਖਤਮ ਹੋ ਜਾਵੇਗਾ ਅਤੇ ਮਨੁੱਖੀ ਜੀਵਨ ਦੇ ਵਿਕਾਸ ਵਿਚ ਖੜੋਤ ਆ ਜਾਵੇਗੀ। ਮਨੁੱਖ ਦਾ ਬੌਧਿਕ ਵਿਕਾਸ ਕਰਨਾ ਅਤੇ ਮਨੁੱਖਤਾ ਨੂੰ ਨਵੀਂ ਦੇਣ ਦੇਣਾ ਹੀ ਮਨੁੱਖਤਾ ਤੇ ਸ੍ਰਿਸ਼ਟੀ ਦਾ ਨਿਜ਼ਮ ਹੈ ਅਤੇ ਪਰਮਾਤਮਾ ਦੀ ਬਣਾਈ ਸ੍ਰਿਸ਼ਟੀ ਦੇ ਨਿਯਮਾਂ ਨੂੰ ਵੰਗਾਰ ਕੇ ਇਨਸਾਨ ਕਦੀ ਵੀ ਸੁਖੀ ਨਹੀਂ ਰਹਿ ਸਕਦਾ।

ਪਿੱਛਲਝਾਤ ਨੇ ਸਦਾ ਤਾਨਾਸ਼ਾਹੀ ਨੂੰ ਹੀ ਜਨਮ ਦਿੱਤਾ ਹੈ ਅਤੇ ਪਿੱਛਲਝਾਤ ਨੂੰ ਸਥਾਪਿਤ ਕਰਨ ਲਈ ਹਮੇਸ਼ਾ ਕਤਲੋਗਾਰਤ ਹੀ ਹੁੰਦੀ ਆਈ ਹੈ। ਵਰਤਮਾਨ ਵਿਚ ਜਿਉਣਾ ਅਤੇ ਭਵਿੱਖ ਸੰਵਾਰਨ ਲਈ ਯੋਗ ਵਿਉਂਤਬੰਦੀ ਕਰਨਾ ਹੀ ਹਰ ਇਨਸਾਨ ਦਾ ਅਸਲੀ ਫਰਜ਼ ਹੈ। ਇਨਸਾਨੀਅਤ ਨੂੰ ਲੋਕਤੰਤਰ ਪ੍ਰਣਾਲੀ ਤੋਂ ਤਾਨਾਸ਼ਾਹੀ ਵੱਲ ਧੱਕਣਾ ਮਾਨਵ ਜਾਤੀ ਨਾਲ ਕੀਤੀ ਗਈ ਸਭ ਤੋਂ ਵੱਡੀ ਗਲਤੀ ਤੇ ਬੇਇਨਸਾਫੀ ਸਾਬਿਤ ਹੋਵੇਗੀ। ਲੋਕਤੰਤਰ ਦੇ ਅੰਦਰ ਸਰਕਾਰ ਦਾ ਮੁਢਲਾ ਕਦਮ ਇਹ ਹੋਣਾ ਚਾਹੀਦਾ ਹੈ ਕਿ ਹਰ ਇਕ ਇਨਸਾਨ ਆਪਣੀ ਮਰਜੀ ਨਾਲ ਆਪਣੀ ਜ਼ਿੰਦਗੀ ਜੀਅ ਸਕੇ ਅਤੇ ਕਿਸੇ ਵੀ ਨਾਗਰਿਕ ਨੂੰ ਆਪਣੇ ਦੇਸ਼ ਅੰਦਰ ਬੇਗਾਨਾਪਨ ਤੇ ਡਰ ਮਹਿਸੂਸ ਨਾ ਹੋਵੇ। ਗੁਲਾਮੀ ਦਾ ਅਹਿਸਾਸ ਤੇ ਪਿੱਛਲਝਾਤ ਹੀ ਕਤਲੇਆਮ ਅਤੇ ਤਾਨਾਸ਼ਾਹੀ ਦੀ ਚਾਹਤ ਰੱਖਣ ਦਾ ਮੁੱਖ ਕਾਰਨ ਬਣਦਾ ਹੈ। ਇਸ ਕਰਕੇ ਕਾਨੂੰਨ ਦਾ ਪੈਮਾਨਾ ਹਰ ਇੱਕ ਲਈ ਇੱਕ ਸਮਾਨ ਅਤੇ ਅਸਰਦਾਰ ਹੋਣਾ ਚਾਹੀਦਾ ਹੈ-ਫਿਰ ਉਹ ਭਾਵੇਂ ਕਾਨੂੰਨ ਘੜਨ ਵਾਲੇ ਹਾਕਮ ਹੋਣ ਜਾਂ ਕਾਨੂੰਨ ਤੋੜਨ ਵਾਲੇ ਆਮ ਲੋਕ!

# ਸੁਤੰਤਰਤਾ ਪਿੱਛੋਂ ਪੰਜਾਬ ਦੀ ਗਾਥਾ

*(ਪਿਛਲੇ ਸਫੇ ਦੀ ਬਾਕੀ)*

ਪੰਜਾਬ ਦੇ ਅਤੀਤ ਉਤੇ ਝਾਤ ਮਾਰੀਏ ਤਾਂ ਇਸ ਗੱਲ ਦੀ ਕਚਿਆਈ ਸਪਸ਼ਟ ਦਿਸ ਪੈਂਦੀ ਹੈ। ਜਿਹੜੇ ਲੋਕ ਸਿੰਘ ਬਣ ਕੇ ਮੁਗਲ ਸਾਮਰਾਜ ਵਿਰੁਧ ਲੜ ਰਹੇ ਸਨ, ਉਹ ਦੇਸ਼ ਦੀ ਵਸੋਂ ਦਾ ਸ਼ਾਇਦ ਦਸਵਾਂ ਭਾਗ ਵੀ ਨਹੀਂ ਸਨ। ਅੱਧੀ ਵਸੋਂ ਖਾਸ ਕਰਕੇ ਮਾਝੇ ਵਿਚ, ਜਿਥੇ ਸੰਘਰਸ਼ ਵਧੇਰੇ ਤਿੱਖਾ ਸੀ, ਮੁਸਲਮਾਨ ਸੀ ਤੇ ਕਈ ਵਾਰੀ ਹੈਦਰੀ ਝੰਡਾ ਉਠਾ ਕੇ ਮੁਲਖਈ ਇਕਠਾ ਕਰ ਕੇ ਸਿੰਘਾਂ ਵਿਰੁਧ ਲੜਦੀ ਵੀ ਸੀ। ਹੋਰ ਤਾਂ ਹੋਰ ਹਿੰਦੂ ਵਸੋਂ ਦੇ ਵੀ ਜੱਟ ਚੌਧਰੀ ਤੇ ਖਤਰੀ ਦੀਵਾਨ ਮੁਗਲ ਸਰਕਾਰ ਦੀ ਹਮਾਇਤ ਵਿਚ ਸਿੰਘਾਂ ਨਾਲ ਲੜਦੇ ਸਨ। ਜਿਵੇਂ ਜੱਟਾਂ ਦੇ ਵੱਡੇ ਪਿੰਡਾਂ (ਮਾਝੇ ਵਿਚ ਨੌਸ਼ਹਿਰਾ ਪੰਨੂਆਂ, ਜੰਡਿਆਲਾ ਗੁਰੂ ਤੇ ਚਕ ਰਮਦਾਸ, ਦੁਆਬੇ ਵਿਚ ਨਵਾਂ ਪਿੰਡ, ਬਿਲਗਾ ਆਦਿ) ਦੇ ਜੱਟ ਚੌਧਰੀ।

ਇਹ ਵੀ ਕਈ ਵਾਰੀ ਕਿਹਾ ਜਾਂਦਾ ਹੈ ਕਿ ਪਿਛਲੇ ਸਮਿਆਂ ਵਿਚ ਸਰਕਾਰ ਤੇ ਉਸ ਦੇ ਵਿਰੁਧ ਲੜਨ ਵਾਲੇ ਲੋਕਾਂ ਵਿਚ ਹਥਿਆਰਾਂ ਤੇ ਮਸ਼ੀਨਾਂ ਦਾ ਬਹੁਤਾ ਫਰਕ ਨਹੀਂ ਸੀ ਹੁੰਦਾ ਪਰ ਹੁਣ ਸਰਕਾਰ ਕੋਲ ਇਤਨੇ ਭਿਆਨਕ ਤੇ ਮਾਰੂ ਹਥਿਆਰ ਹਨ ਜਿਨ੍ਹਾਂ ਦੀ ਮਾਰ ਤੋਂ ਹੁਣ ਜੰਗਲਾਂ, ਪਹਾੜਾਂ ਆਦਿ ਵਿਚ ਛੁਪ ਕੇ ਨਹੀਂ ਬਚਿਆ ਜਾ ਸਕਦਾ ਪਰ ਸਰਕਾਰ ਵਿਰੁਧ ਲੜਦੇ ਲੋਕਾਂ ਦੇ ਹਥਿਆਰ ਕੇਵਲ ਉਨ੍ਹਾਂ ਦੇ ਹੱਥਾਂ ਵਿਚ ਹੀ ਨਹੀਂ ਹੁੰਦੇ, ਉਹ ਸਰਕਾਰ ਦੇ ਮੈਗਜ਼ੀਨਾਂ ਤੇ ਛਾਉਣੀਆਂ ਵਿਚ ਵੀ ਪਏ ਹੁੰਦੇ ਹਨ। ਤੇ ਫੇਰ ਪੁਰਾਣੇ ਸਮਿਆਂ ਦਾ ਅੰਗਰੇਜ਼ੀ ਅਖਾਣ ਹਾਲੀ ਤਕ ਵੀ ਸਚ ਹੈ ਕਿ ਸੁਤੰਤਰਤਾ ਦੀ ਲੜਾਈ ਪੁਸ਼ਤਾਂ ਲਈ ਜਾਰੀ ਰਹਿੰਦੀ ਹੈ ਤੇ ਓਨਾ ਚਿਰ ਸਮਾਪਤ ਨਹੀਂ ਹੁੰਦੀ ਜਿੰਨਾ ਚਿਰ ਸੁਤੰਤਰਤਾ ਸੰਗਰਾਮੀ ਜਿੱਤ ਨਾ ਜਾਣ।

ਅਜੋਕੇ ਸਮੇਂ ਦੀਆਂ ਸਿਆਣੀਆਂ ਸਰਕਾਰਾਂ ਲੋਕਾਂ ਦੇ ਕਿਸੇ ਭਾਗ ਨੂੰ ਇਸ ਹੱਦ ਤਕ ਲੈ ਜਾਣੋ ਸੰਕੋਚ ਕਰਦੀਆਂ ਹਨ, ਜਿਥੇ ਜਾ ਕੇ ਲੋਕਾਂ ਲਈ ਜਿਉਂਦੇ ਰਹਿਣ ਤੇ ਮਰ ਜਾਣ ਦੀਆਂ ਸਥਿਤੀਆਂ ਵਿਚ ਬਹੁਤਾ ਅੰਤਰ ਨਾ ਰਹਿ ਜਾਵੇ। ਫਿਰ ਕਿਸੇ ਸਰਕਾਰ ਨੂੰ ਲੋਕਾਂ ਦੇ ਕਿਸੇ ਭਾਗ ਨਾਲ ਇਸ ਸੀਮਾ ਤਕ ਲੜਾਈ ਕਰਨ ਦੀ ਲੋੜ ਵੀ ਕੀ ਹੁੰਦੀ ਹੈ? ਅਜੋਕੀਆਂ ਸਰਕਾਰਾਂ ਤਾਂ ਖਾਨਦਾਨੀ ਅਥਵਾ ਰਾਜਵੰਸ਼ੀ ਨਹੀਂ ਹਨ। ਇਥੇ ਤਾਂ ਇਕ ਪ੍ਰਧਾਨ ਮੰਤਰੀ ਤੋਂ ਪਿਛੋਂ ਜ਼ਰੂਰੀ ਨਹੀਂ ਕਿ ਉਸ ਦੇ ਪਰਿਵਾਰ ਦਾ ਕੋਈ ਵਿਅਕਤੀ ਹੀ ਪ੍ਰਧਾਨ ਮੰਤਰੀ ਬਣੇ। ਕਈ ਵਾਰੀ ਉਸ ਦਾ ਰਾਜਸੀ ਵਿਰੋਧੀ ਵੀ ਉਸ ਦੀ ਪਦਵੀ ਉਤੇ ਆ ਸਕਦਾ ਹੈ।

ਭਾਰਤੀ ਸੰਘ ਵਿਚ ਇਹ ਤੱਥ ਵਧੇਰੇ ਹੀ ਸਪਸ਼ਟ ਹੈ। ਅਜੋਕੇ ਸਮਾਚਾਰ ਵਿਚ ਵੀ ਭਾਰਤੀ ਸੰਘ ਦੇ ਸੀਮਾਵਰਤੀ ਰਾਜ ਅਸਾਮ, ਬੰਗਾਲ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਆਦਿ ਉਸ ਅਖੰਡਤਾਂ ਦੀਆਂ ਟਾਹਰਾਂ ਉਤਨੀਆਂ ਨਹੀਂ ਮਾਰਦੇ, ਜਿਹੜੀਆਂ ਮਧ ਵਰਤੀ ਰਾਜਾਂ ਦੇ ਰਾਜਸੀ ਆਗੂ ਤੇ ਮਧ ਸ਼੍ਰੇਣੀ ਚੇਤਨਾ ਵਾਲੇ ਬਹੁਤੇ ਲੋਕ ਮਾਰਦੇ ਹਨ। ਭਾਰਤੀ ਸੰਘ ਦੇ ਵਖ-ਵਖ ਰਾਜਾਂ ਵਿਚ ਲੋਕ ਭਾਵਨਾ ਤੇ ਸਿਮਰਤੀਆਂ ਤੇ ਪਰੰਪਰਾਵਾਂ ਬਹੁਤੀਆਂ ਇਕ ਰੂਪ ਨਹੀਂ। ਇਹ ਸੰਘ ਕੇਵਲ ਇਕ ਸਮਾਨ ਰਾਜਸੀ ਰੂਪ ਤੇ ਬਣਤਰ ਵਾਲੇ ਰਾਜਾਂ ਦਾ ਸੰਘ ਰਹਿ ਕੇ ਸਥਿਰ ਨਹੀਂ ਰਹਿ ਸਕਦਾ ਸਗੋਂ ਇਸ ਦੀ ਸਥਿਰਤਾ ਰਾਜਾਂ ਦੀਆਂ ਭਾਸ਼ਾਵਾਂ ਵਾਂਗ ਉਨ੍ਹਾਂ ਦੇ ਰਾਜਸੀ ਰੂਪ ਵਿਧਾਨ ਵੀ, ਉਨ੍ਹਾਂ ਦੀ ਪਰੰਪਰਾ ਤੇ ਭਾਵਨਾ ਅਨੁਸਾਰ ਵਖਰੇ ਤੇ ਵੰਨ-ਸੁਵੰਨੇ ਰੱਖ ਕੇ ਹੀ ਲੰਮੇ ਸਮੇਂ ਲਈ ਰਖੀ ਜਾ ਸਕਦੀ ਹੈ।

# ਮਿਲਣ ਦੀਆਂ ਮੁਰਾਦਾਂ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਸੀ ਕਿ ਰਾਹਾਂ ਰਾਹੀਂ ਬਣੇ ਰਿਸ਼ਤੇ ਤਾਅ ਉਮਰ ਨਿੱਭਦੇ ਅਤੇ ਰਾਹਾਂ ਦੇ ਸਦਕੇ ਜਾਂਦੇ। ਇਸ ਲਈ ਜਰੂਰੀ ਹੈ ਕਿ ਜ਼ਿੰਦਗੀ ਦੀਆਂ ਰਾਹਾਂ 'ਤੇ ਤੁਰਦੇ ਰਹੀਏ ਅਤੇ ਇਨ੍ਹਾਂ 'ਤੇ ਤੁਰਦਿਆਂ ਬਣੇ ਰਿਸ਼ਤਿਆਂ ਨੂੰ ਸਦਾ ਨਿਭਾਉਂਦੇ ਰਹੀਏ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਇਕੱਲ ਭੰਨਣ ਲਈ ਮਿਲਣ ਦੀਆਂ ਮੁਰਾਦਾਂ ਤਾਂਘਣ ਦੇ ਹੋਕਰੇ ਲਾਏ ਹਨ, 'ਮਿਲਣਾ ਸਮਾਜਿਕ ਸਬੰਧਾਂ ਦੀ ਮਜ਼ਬੂਤੀ ਦੇ ਨਾਲ-ਨਾਲ ਮਾਨਸਿਕ ਤੇ ਸਰੀਰਕ ਤੰਦਰੁਸਤੀ ਲਈ ਵੀ ਅਹਿਮ; ਕਿਉਂਕਿ ਇਕੱਲ ਤਾਂ ਬੰਦੇ ਨੂੰ ਹਜ਼ਮ ਕਰਨ ਲਈ ਕਾਹਲੀ।' ਪਰ ਤ੍ਰਾਸਦੀ ਇਹ ਹੈ ਕਿ ਮਿਲਾਪ ਤੋਂ ਮੁਨਕਰੀ ਨੇ ਮਨੁੱਖ ਨੂੰ ਇਕੱਲ ਹਵਾਲੇ ਕਰ ਦਿੱਤਾ। ਉਹ ਖੁਦ ਨੂੰ ਨਹੀਂ ਮਿਲਦਾ ਅਤੇ ਖੁਦ ਵਿਚੋਂ ਖੁਦ ਦੀ ਜਾਮਾ-ਤਲਾਸ਼ੀ ਕਰਕੇ ਆਪਣੀਆਂ ਕਮਜ਼ੋਰੀਆਂ ਤੇ ਤਾਕਤਾਂ ਨੂੰ ਨਹੀਂ ਪਛਾਣਦਾ। ਡਾ. ਭੰਡਾਲ ਮੁਤਾਬਿਕ 'ਮਿਲਣਾ ਰੂਹ ਨੂੰ ਸਕੂਨ, ਮਨ ਦੀ ਤਾਜਗੀ, ਭਾਵੁਕਤਾ ਨੂੰ ਹੁਲਾਸ ਅਤੇ ਜੀਭ 'ਤੇ ਲੱਗੀ ਉੱਲੀ ਨੂੰ ਲਾਹੁਣ ਦਾ ਕਾਰਜ; ਪਰ ਸਭ ਤੋਂ ਅਹਿਮ ਹੈ ਮਨ ਦਾ ਮਨ ਨਾਲ ਜੁੜਨਾ।'***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮਿਲਣਾ, ਭਾਵੁਕ, ਸਰੀਰਕ, ਸਮਾਜਿਕ, ਰਾਜਨੀਤਕ, ਧਾਰਮਿਕ ਜਾਂ ਆਰਥਿਕ ਸਾਂਝ ਦਾ ਪ੍ਰਤੀਕ। ਸਾਂਝਾਂ ਨੂੰ ਪਕੇਰਾ ਕਰਨਾ ਅਤੇ ਪੁਰਾਣੀਆਂ ਯਾਦਾਂ ਨੂੰ ਸਮੇਂ ਦੇ ਬੀਤਣ ਨਾਲ ਤਰੋ-ਤਾਜ਼ਾ ਕਰਨਾ।

ਅਸੀਂ ਮਿਲਦੇ ਹਾਂ ਪੁਰਾਣੇ ਮਿੱਤਰਾਂ, ਸਾਬਕਾ ਅਧਿਆਪਕਾਂ, ਸੰਗੀਆਂ-ਸਾਥੀਆਂ, ਸਹਿਕਰਮੀਆਂ ਅਤੇ ਬਚਪਨ ਦੇ ਉਨ੍ਹਾਂ ਦੋਸਤਾਂ ਨੂੰ ਜਿਨ੍ਹਾਂ ਨਾਲ ਅਸੀਂ ਜੀਵਨ ਦੇ ਬੇਫਿਕਰੀ ਵਾਲੇ ਬਿਹਰਤੀਨ ਪਲ ਮਾਣੇ ਹੁੰਦੇ।

ਮਿਲਣਾ ਮਨੁੱਖ ਲਈ ਜਰੂਰੀ। ਦਿਲ ਦੀਆਂ ਗੱਲਾਂ ਕਰਨ ਲਈ, ਸੋਚਾਂ 'ਤੇ ਅੰਬਰ ਦਾ ਸਿਰਨਾਵਾਂ ਦੇਣ ਲਈ, ਸਲਾਹਾਂ ਕਰਨ, ਸਮਝੌਤੀਆਂ ਦੇਣ/ਲੈਣ, ਸੁਣਨ/ਸੁਣਾਉਣ ਲਈ ਜਾਂ ਸਿਫਤਾਂ/ਚੁਗਲੀਆਂ ਕਰਨ ਲਈ।

ਮਿਲਣਾ ਰੂਹ ਨੂੰ ਸਕੂਨ, ਮਨ ਦੀ ਤਾਜਗੀ, ਭਾਵੁਕਤਾ ਨੂੰ ਹੁਲਾਸ ਅਤੇ ਜੀਭ 'ਤੇ ਲੱਗੀ ਉਲੀ ਨੂੰ ਲਾਹੁਣ ਦਾ ਕਾਰਜ। ਬਹੁਤ ਸਾਰੀਆਂ ਬਾਤਾਂ ਜਮ੍ਹਾਂ ਹੋ ਕੇ ਮਨ ਵਿਚ ਖੌਰੂ ਪਾਉਂਦੀਆਂ। ਇਸ ਦੇ ਰਾਹਤ ਲਈ ਮਿੱਤਰ-ਪਿਆਰਿਆਂ ਜਾਂ ਸਕੇ-ਸਬੰਧੀਆਂ ਨੂੰ ਮਿਲਣਾ ਅਤਿ-ਜਰੂਰੀ।

ਮਿਲਣਾ, ਇਕੱਲੇ ਜਾਂ ਪਰਿਵਾਰ ਵਿਚ ਰਹਿੰਦਿਆਂ, ਮਹਿਲ ਜਾਂ ਕੁੱਲੀ ਵਿਚ ਰਹਿਣ ਵਾਲਿਆਂ ਦੀ ਪ੍ਰਮੁੱਖ ਲੋੜ। ਚੁੱਪ ਤਾਂ ਜੰਗਲ ਦੀ ਬਹੁਤ ਡਰਾਉਣੀ ਹੁੰਦੀ। 'ਕੱਲਾ ਕਿਸ ਨੂੰ ਮਿਲੇ? ਤਾਂ ਹੀ ਕੈਦੀਆਂ ਨੂੰ ਵੱਖੋ-ਵੱਖਰੀਆਂ ਕੋਠੜੀਆਂ ਵਿਚ ਕੈਦ ਕਰਨਾ ਵੀ ਇਕ ਸਜ਼ਾ ਤਾਂ ਕਿ ਉਹ ਕਿਸੇ ਨੂੰ ਮਿਲ ਨਾ ਸਕਣ। ਸਿਰਫ ਕੰਧਾਂ ਨੂੰ ਮਿਲਣ ਤੀਕ ਹੀ ਸੀਮਤ ਹੋ ਕੇ ਰਹਿ ਜਾਂਦੀ ਏ ਉਨ੍ਹਾਂ ਦੀ ਜ਼ਿੰਦਗੀ।

ਮਿਲਣਾ ਸਮਾਜਿਕ ਸਬੰਧਾਂ ਦੀ ਮਜ਼ਬੂਤੀ ਦੇ ਨਾਲ-ਨਾਲ ਮਾਨਸਿਕ ਤੇ ਸਰੀਰਕ ਤੰਦਰੁਸਤੀ ਲਈ ਵੀ ਅਹਿਮ। ਤਾਂ ਹੀ ਅਸੀਂ ਅਕਸਰ ਕਿਸੇ ਨੂੰ ਮਿਲਣ ਲਈ ਵਿਹਲ ਕੱਢਦੇ, ਵੱਲ ਪਾ ਕੇ ਮਿਲਦੇ। ਅਜੋਕੀ ਜੀਵਨ ਸ਼ੈਲੀ ਨੇ ਮਿਲਾਪ ਨੂੰ ਵੀ ਸੀਮਤ ਅਤੇ ਨਿਯਮਿਤ ਕਰ ਦਿੱਤਾ। ਨਹੀਂ ਰਹੀ ਉਹ ਬੇਫਿਕਰੀ ਕਿ ਅਸੀਂ ਕਦੇ ਵੀ ਕਿਸੇ ਦਾ ਬੂਹਾ ਖੋਲ੍ਹ ਅੰਦਰ ਵੜ ਸਕੀਏ? ਹੁਣ ਤਾਂ ਮਿਲਣ ਲਈ ਟਾਈਮ ਲੈਣਾ ਪੈਂਦਾ। ਮਿਲਾਪ ਤੋਂ ਮੁਨਕਰੀ ਨੇ ਮਨੁੱਖ ਨੂੰ ਇਕੱਲ ਹਵਾਲੇ ਕਰ ਦਿੱਤਾ। ਬਹੁਤ ਇਕੱਲਾ ਰਹਿ ਗਿਆ ਏ ਆਦਮੀ। ਇਸ ਕਾਰਨ ਹੀ ਅੰਤਰੀਵ ਵਿਚ ਬੈਠੀ ਮਾਯੂਸੀ ਤੇ ਉਦਾਸੀ ਵਿਅਕਤੀ ਨੂੰ ਖੁਦਕੁਸ਼ੀ ਦੇ ਰਾਹ ਤੋਰਦੀ ਹੈ। ਕਦੇ ਇਕੱਲੇ ਰਹਿੰਦੇ ਕਿਸੇ ਬਜੁਰਗ ਨੂੰ ਮਿਲੋ ਤਾਂ ਪਤਾ ਲਗੇਗਾ ਕਿ ਉਹ ਗੱਲਾਂ ਕਰਨ ਲਈ ਕਿੰਨਾ ਉਤਾਵਲਾ ਹੈ? ਤੁਹਾਡੀ ਕਾਹਲ ਦੇ ਬਾਵਜੂਦ ਆਪਣੀ ਕਹਾਣੀ ਸੁਣਾਉਣ ਤੋਂ ਨਹੀਂ ਹੱਟਦਾ। ਦਰਅਸਲ ਉਸ ਦੀ ਇਕੱਲ ਨੂੰ ਭੰਗ ਕਰਨ ਲਈ ਤੁਸੀਂ ਇਕ ਬਹਾਨਾ। ਉਹ ਗੱਲਾਂ ਕਰਕੇ ਇਕੱਲ ਤੋਂ ਬਹੁਤ ਦੂਰ ਜਾਣਾ ਲੋਚਦਾ। ਮਿੱਤਰ ਪਿਆਰਾ ਸੇਵਾ-ਮੁਕਤ ਹੈ ਅਤੇ ਵੱਡੇ ਘਰ ਵਿਚ ਇਕੱਲਾ ਹੈ। ਕਦੇ ਫੋਨ ਕਰਾਂ ਤਾਂ ਉਸ ਦਾ ਇਹੀ ਗਿਲਾ ਹੁੰਦਾ ਕਿ ਯਾਰ ਜਲਦੀ ਫੋਨ ਕਰਿਆ ਕਰ। ਘਰ ਵਿਚ ਕੰਧਾਂ ਨਾਲ ਕੀਕਣ ਗੱਲ ਕਰਾਂ? ਜਦ ਢੇਰ ਸਾਰੀਆਂ ਗੱਲਾਂ ਕਰ ਲਵੇ ਤਾਂ ਕਹੇਗਾ ਹੁਣ ਮੂੰਹ ਦੁਖਣ ਲੱਗ ਪਿਆ। ਕੱਲ ਨੂੰ ਫਿਰ ਫੋਨ ਕਰੀਂ। ਇਕੱਲ ਤਾਂ ਬੰਦੇ ਨੂੰ ਹਜ਼ਮ ਕਰਨ ਲਈ ਕਾਹਲੀ।


ਮਿਲਾਪ ਤਾਂ ਕਰਮ ਦਾ ਧਰਮ ਨਾਲ, ਸੁਪਨਿਆਂ ਦਾ ਸਫਲਤਾ ਨਾਲ, ਅੱਖਰਾਂ ਦਾ ਅਰਥਾਂ ਨਾਲ, ਵਰਕਿਆਂ ਦਾ ਵਾਕਾਂ ਨਾਲ ਅਤੇ ਕਲਮ ਦਾ ਕਿਤਾਬਾਂ ਨਾਲ ਵੀ ਹੁੰਦਾ। ਇਸ ਵਿਚੋਂ ਹੀ ਨਵੀਆਂ ਕਿਰਤਾਂ, ਕਲਾਕਾਰੀਆਂ ਅਤੇ ਕਰਾਮਤਾਂ ਜਨਮ ਲੈਂਦੀਆਂ।

ਪਰ ਜਦ ਕੋਹਜ ਦਾ ਕੁਕਰਮ, ਕੁਰਹਿਤ ਅਤੇ ਕਮੀਨਗੀ ਨਾਲ ਮਿਲਾਪ ਹੁੰਦਾ ਤਾਂ ਕੀਰਨਿਆਂ, ਵਿਰਲਾਪਾਂ ਅਤੇ ਵੈਣਾਂ ਨਾਲ ਭਰੀ ਫਿਜ਼ਾ ਹਿੱਚਕੀਆਂ ਲੈਣ ਲਈ ਮਜ਼ਬੂਰ ਹੁੰਦੀ।

ਮਿਲਾਪ ਜਦ ਇਕ ਬੱਚੇ ਦਾ ਬਜੁਰਗ ਨਾਲ ਹੁੰਦਾ ਤਾਂ ਉਹ ਆਪਣੇ ਵਿਚੋਂ ਬੱਚੇ ਦੀ ਬੇਫਿਕਰੀ ਅਤੇ ਅਲਮਸਤ ਜ਼ਿੰਦਗੀ ਨੂੰ ਨਿਹਾਰਦਾ, ਜੋ ਆਪਣੀ ਨੀਂਦੇ ਜਾਗਦਾ, ਸੌਂਦਾ, ਹੱਸਦਾ, ਖੇਡਦਾ, ਰੋਂਦਾ, ਰੁੱਸਦਾ ਤੇ ਰਿਹਾੜ ਕਰਦਾ। ਬਜੁਰਗੀ ਵਿਚੋਂ ਬੱਚੇ ਨੂੰ ਨਿਹਾਰਨ ਵਾਲੇ ਲੋਕ ਜ਼ਿੰਦਗੀ ਦਾ ਸੁੱਚਮ, ਜਿਨ੍ਹਾਂ ਨੂੰ ਸਾਹਾਂ ਦੀ ਸਾਰਥਿਕਤਾ ਵਿਚੋਂ ਜੀਵਨ ਦਾ ਆਨੰਦ ਤੇ ਹੁਲਾਸ ਮਿਲਦਾ।

ਕਦੇ ਮਾਂ ਦੀ ਗੋਦ ਵਿਚ ਖੇਡਦਾ ਬਾਲ ਅਤੇ ਬੱਚੇ ਨਾਲ ਇਕਸੁਰ ਹੋਈ ਤੇ ਮਮਤਾਈ ਵਿਸਮਾਦ ਵਿਚ ਲੀਨ ਮਾਂ ਨੂੰ ਦੇਖਣਾ। ਇਸ ਮਿਲਾਪ 'ਤੇ ਤਾਂ ਖੁਦਾ ਵੀ ਰਸ਼ਕ ਕਰਦਾ ਹੋਵੇਗਾ।

ਘਰ ਤੋਂ ਬਾਹਰ ਪੈਰ ਰੱਖਦੇ, ਪਰਦੇਸ ਨੂੰ ਜਾਂਦੇ ਪੁੱਤ ਨੂੰ ਗਲਵੱਕੜੀ ਵਿਚ ਲਏ ਹੋਏ ਬਾਪ ਦੀਆਂ ਅੱਖਾਂ ਵਿਚ ਉਤਰੇ ਨੀਰ ਅਤੇ ਭਾਵੀ ਵਿਛੋੜੇ ਦਾ ਕਿਆਸ ਲਰਜ਼ਦਾ ਦੇਖ ਕੇ, ਦਰਾਂ ਨੂੰ ਤਰੇਲੀ ਆ ਜਾਂਦੀ। ਇਨ੍ਹਾਂ ਹੀ ਦਰਾਂ 'ਤੇ ਉਕਰੀ ਜਾਣੀ ਏ ਉਡੀਕ ਅਤੇ ਕੰਧਾਂ 'ਤੇ ਉਗ ਆਉਣੀਆਂ ਨੇ ਲੀਕਾਂ, ਪਰ ਮਿਲਾਪ ਦੀ ਇਸ ਘੜੀ ਨੇ ਘਰ ਦੀ ਹੁੰਮਸੀ ਚੁੱਪ ਤੋਂ ਨਿਜ਼ਾਤ ਪਾਉਣ ਲਈ ਬਾਪ ਨੂੰ ਹੌਸਲਾ ਤੇ ਧਰਵਾਸ ਦੇਣਾ ਹੁੰਦਾ।



ਘਰ ਤੋਂ ਵਿਦਾ ਹੋ ਰਹੀ ਧੀ ਜਦ ਮਾਂ ਦੇ ਗੱਲ ਲੱਗ, ਪੇਕੇ ਘਰ ਦੀ ਸਰਦਾਰੀ ਛੱਡ ਕੇ ਸਹੁਰੇ ਘਰ ਨੂੰ ਰਵਾਨਾ ਹੁੰਦੀ ਤਾਂ ਉਸ ਦੀ ਯਾਦ ਵਿਚ ਉਕਰੀਆਂ ਜਾਂਦੀਆਂ ਨੇ ਮਾਪਿਆਂ ਦੇ ਘਰ ਦੀਆਂ ਮੌਜਾਂ। ਨਵੀਂ ਜ਼ਿੰਦਗੀ ਸ਼ੁਰੂ ਕਰਨ ਅਤੇ ਸੁਨਹਿਰੀ ਵਕਤਾਂ ਨੂੰ ਖੁਸ਼-ਆਮਦੀਦ ਕਹਿਣ ਦਾ ਚਾਅ ਮਨ ਵਿਚ ਲਈ, ਉਹ ਰੋਂਦੀ ਹੋਈ ਨਵੇਂ ਸੁਪਨਿਆਂ ਸੰਗ ਪੇਕਿਆਂ ਤੋਂ ਵਿਦਾ ਹੁੰਦੀ। ਇਸ ਮਿਲਾਪ ਨੂੰ ਦੇਖਣ ਵਾਲਿਆਂ ਦੀਆਂ ਅੱਖਾਂ ਵੀ ਸਿੰਮਦੀਆਂ। ਘਰ ਦੀਆਂ ਕੰਧਾਂ ਨੂੰ ਰੁਆਉਣ ਵਾਲੀ ਧੀ ਦਾ ਵਿਛੋੜਾ ਝੱਲਣ ਵਾਲੀ ਮਾਂ ਦੀ ਦਿਲਗੀਰੀ ਅਤੇ ਦਿਲਜੋਈ ਲਈ, ਧੀ ਦੀ ਘਰ ਵਿਚ ਪਸਰੀ ਮਹਿਕ ਹੀ ਸੁੱਚਾ ਧਰਵਾਸ ਹੁੰਦਾ।

ਜਦ ਇਕ ਸ਼ਿਸ਼ ਆਪਣੇ ਗੁਰੂ ਦੇ ਚਰਨਾਂ ਵਿਚ ਨਤਮਸਤਕ ਹੁੰਦਾ ਤਾਂ ਇਸ ਮਿਲਾਪ ਵਿਚ ਜਿਥੇ ਅਦਬ, ਸਤਿਕਾਰ ਅਤੇ ਸ਼ੁਕਰਾਨੇ ਦੀ ਭਾਵਨਾ ਪੈਦਾ ਹੁੰਦੀ, ਉਥੇ ਹੀ ਗੁਰੂ ਨੂੰ ਆਪਣੇ ਚੇਲੇ ਦੀਆਂ ਪ੍ਰਾਪਤੀਆਂ 'ਤੇ ਨਾਜ਼, ਮਾਰੀਆਂ ਮੰਜ਼ਿਲਾਂ 'ਤੇ ਮਾਣ ਹੁੰਦਾ। ਉਹ ਆਪਣੇ ਚੇਲੇ ਵਿਚ ਆਪਣੇ ਉਨ੍ਹਾਂ ਸੁਪਨਿਆਂ ਦਾ ਸੱਚ ਨਿਹਾਰਦਾ, ਜਿਹੜੇ ਉਸ ਨੇ ਉਸ ਨੂੰ ਪੜ੍ਹਾਉਂਦੇ ਸਮੇਂ ਦੇਖੇ ਸਨ। ਕੇਹਾ ਇਲਾਹੀ ਆਲਮ ਹੁੰਦਾ, ਚੇਲੇ ਦਾ ਗੁਰੂ ਦੇ ਪੈਰਾਂ ਵਿਚ ਬੈਠਣਾ ਅਤੇ ਗੁਰੂ ਵਲੋਂ ਅਸੀਸਾਂ ਦੀ ਬਖਸ਼ਿਸ਼ ਕਰਨਾ।

ਪੁਰਾਣੇ ਸੰਗੀ ਸਾਥੀ ਮਿਲਦੇ ਤਾਂ ਉਨ੍ਹਾਂ ਦੀਆਂ ਗੱਲਾਂ ਵਿਚ ਬੀਤੀਆਂ ਕਹਾਣੀਆਂ, ਸ਼ਰਾਰਤਾਂ, ਇੱਲਤਾਂ, ਰਮਜ਼ਾਂ ਅਤੇ ਉਨ੍ਹਾਂ ਪਲਾਂ ਦਾ ਜ਼ਿਕਰ ਹੁੰਦਾ, ਜਿਨ੍ਹਾਂ ਵਿਚੋਂ ਉਨ੍ਹਾਂ ਨੇ ਜ਼ਿੰਦਗੀ ਦੇ ਉਹ ਸਬਕ ਪੜ੍ਹੇ, ਜਿਹੜੇ ਉਨ੍ਹਾਂ ਨੂੰ ਪੜ੍ਹਨ ਲਈ ਫਿਰ ਨਾ ਮਿਲੇ। ਉਹ ਵਾਰ ਵਾਰ ਬਚਪਨੇ 'ਚ ਪਰਤਣਾ ਲੋਚਦੇ ਰਹੇ, ਪਰ ਜ਼ਿੰਦਗੀ ਦੇ ਰੁਝੇਵਿਆਂ ਨੇ ਮਿਲਾਪ ਦੀਆਂ ਘੜੀਆਂ ਨੂੰ ਦੂਰ ਕਰੀ ਰੱਖਿਆ। ਉਹ ਮਿਲ ਕੇ ਵੀ ਹੋਰ ਮਿਲਣ ਦੀ ਤਾਂਘ ਮਨ ਵਿਚ ਪਾਲਦੇ ਰਹੇ।

ਜਦ ਦੋ ਪ੍ਰੇਮੀ ਮਿਲਦੇ ਤਾਂ ਇਸ ਮਿਲਣੀ ਵਿਚ ਸਮਾਂ ਸਿਮਟ ਜਾਂਦਾ। ਗੱਲਾਂ ਦਾ ਬੇਪ੍ਰਵਾਹ ਵਹਾਅ, ਸੁੱਚੀਆਂ ਸੋਚਾਂ ਦਾ ਦਾਨ-ਪ੍ਰਦਾਨ, ਰੂਹ ਤੋਂ ਰੂਹ ਤੀਕ ਦੀ ਯਾਤਰਾ, ਇਕ ਦੂਜੇ ਵਿਚ ਸਮਾਅ ਜਾਣ ਦੀ ਤਮੰਨਾ, ਅਰਪਿੱਤ ਹੋਣ ਦੀਆਂ ਕਸਮਾਂ, ਸੰਦਲੀ ਰਾਹਾਂ ਦੀ ਦੱਸ ਅਤੇ ਸੁਰਖ ਸਮਿਆਂ ਦੀ ਬੀਹੀ ਵਿਚ ਟਹਿਲਣ ਦੀ ਧਾਰਨਾ। ਕਈ ਵਾਰ ਉਹ ਚੁੱਪ ਰਹਿ ਕੇ ਬਹੁਤ ਕੁਝ ਕਹਿ ਜਾਂਦੇ, ਜੋ ਹੱਥਾਂ ਦੀ ਛੋਹ, ਅੱਖਾਂ ਦੀ ਤੱਕਣੀ ਜਾਂ ਸਰੀਰਕ ਤੇ ਮਾਨਸਿਕ ਹਾਵ-ਭਾਵਾਂ ਨੇ ਪ੍ਰਗਟਾਉਣਾ ਹੁੰਦਾ। ਸਿਰਫ ਉਹੀ ਸਮਝ ਸਕਦੇ, ਜਿਨ੍ਹਾਂ ਨੇ ਰਾਹਾਂ, ਸਾਹਾਂ, ਦੁਆਵਾਂ, ਭਾਵਾਂ ਅਤੇ ਚਾਅਵਾਂ ਦੀ ਸਾਂਝ ਦੀ ਸਹੁੰ ਖਾਧੀ ਹੋਵੇ। ਅਜਿਹੀ ਮਿਲਣੀ ਵਿਚ ਪਾਕੀਜ਼ਗੀ ਦੀ ਰੁਮਕਣੀ, ਉਨ੍ਹਾਂ ਦੀਆਂ ਮਨੋਭਾਵਨਾਵਾਂ ਨੂੰ ਆਲੇ-ਦੁਆਲੇ 'ਚ ਫੈਲਾਉਣ ਵਿਚ ਸਹਾਈ ਅਤੇ ਸੁੱਚੇ ਰੰਗ ਵਿਚ ਰੰਗੇ ਚੌਗਿਰਦੇ ਨੂੰ ਸੂਹੀ ਰੰਗਤ ਬਖਸ਼ਦੇ।

ਦਰਅਸਲ ਮਿਲਾਪ ਹੁੰਦਾ ਏ ਪਾਣੀ ਦਾ ਪਾਣੀ ਵਿਚ ਅਭੇਦ ਹੋਣਾ, ਹਵਾ ਵਿਚ ਖੁਸ਼ਬੂ ਦਾ ਤਾਰੀ ਹੋਣਾ, ਬੱਦਲਾਂ ਵਿਚ ਜਲਵਾਸ਼ਪਾਂ ਦਾ ਰੈਣ-ਬਸੇਰਾ, ਬੀਜ ਦੀ ਕੁੱਖ ਵਿਚ ਪੁੰਗਾਰੇ ਦਾ ਛਹਿ ਜਾਣਾ, ਟਾਹਣੀ ਦੇ ਪਿੰਡੇ 'ਤੇ ਅਦਿੱਖ ਕੂਲੀਆਂ ਲਗਰਾਂ ਦੀ ਬਸਤੀ, ਸਮੁੰਦਰ ਦੀ ਹਿੱਕ ਵਿਚ ਲਹਿਰਾਂ ਦਾ ਸਮਾ ਜਾਣਾ, ਪੌਣ ਵਿਚੋਂ ਅਛੋਪਲੇ ਜਿਹੇ ਪੈਦਾ ਹੋਈ ਰੁਮਕਣੀ, ਫੁੱਲਾਂ ਵਿਚ ਸਮਾਏ ਹੋਏ ਰੰਗਾਂ ਤੇ ਮਹਿਕ ਦਾ ਪਟਾਰਾ, ਅੱਖਰਾਂ ਵਿਚ ਜਜ਼ਬ ਹੋਏ ਅਰਥ, ਨੈਣਾਂ ਵਿਚ ਸੁਪਨਿਆਂ ਦੀ ਤਸਵੀਰ ਤੇ ਤਵਾਰੀਖ, ਬੋਲਾਂ ਵਿਚ ਸਮਾਇਆ ਵਿਅਕਤੀਤਵ, ਮਨ ਦੀ ਕੈਨਵਸ 'ਤੇ ਉਕਰੇ ਹੋਏ ਖਿਆਲਾਂ-ਖਾਬਾਂ ਦੇ ਚਿੱਤਰ, ਰੂਹ ਵਿਚ ਬੈਠੀ ਰਾਜਦਾਰੀ, ਪੈਰਾਂ ਵਿਚ ਉਗਣ ਵਾਲਾ ਸਫਰ। ਇਹ ਮਿਲਾਪ ਅਗੰਮੀ, ਅਨਾਇਤੀ, ਅਸਗਾਹ ਤੇ ਅਥਾਹ। ਇਸ ਦੀ ਅਸੀਮਤਾ ਤੇ ਅਨਿੱਖੜਤਾ ਵਿਚੋਂ ਹੀ ਜ਼ਿੰਦਗੀ ਲਈ ਨਵੇਂ ਸਰੋਕਾਰਾਂ ਅਤੇ ਸੰਭਾਵਨਾਵਾਂ ਨੂੰ ਉਗਣ ਅਤੇ ਸਮਿਆਂ ਦੇ ਨਾਮ ਕਰਨ ਦਾ ਸਬੱਬ ਮਿਲਦਾ।

ਮਿਲਾਪ ਤਾਂ ਹਿੰਮਤ ਦਾ ਕਿਸੇ ਕਸ਼ਟ, ਔਕੜ ਅਤੇ ਮੁਸ਼ਕਿਲ ਨਾਲ ਵੀ ਹੁੰਦਾ, ਜਦ ਤੁਸੀਂ ਇਨ੍ਹਾਂ ਨੂੰ ਹਰਾਉਂਦੇ ਅਤੇ ਅਕੀਦੇ ਪ੍ਰਤੀ ਧਾਰਨਾ ਨੂੰ ਅਮਲੀ ਜਾਮਾ ਪਹਿਨਾਉਂਦੇ।

ਮਿਲਾਪ ਤਾਂ ਸਦੀਵੀ ਰਿਹਾ ਹੈ ਦੁੱਖ ਤੇ ਸੁੱਖ ਦਾ, ਹਾਸੇ ਤੇ ਰੋਣੇ ਦਾ, ਸੁਪਨੇ ਤੇ ਸੱਚ ਦਾ, ਦਿਨ ਤੇ ਰਾਤ ਦਾ, ਅੰਬਰ ਤੇ ਧਰਤ ਦਾ, ਤਾਰਿਆਂ ਤੇ ਚੰਨ ਦਾ। ਇਸ ਮਿਲਾਪ ਵਿਚੋਂ ਹੀ ਜ਼ਿੰਦਗੀ ਦਾ ਸੁੱਚਮ ਪ੍ਰਗਟਦਾ। ਤਾਂ ਹੀ ਪਤਾ ਲੱਗਦਾ ਕਿ ਦੁਨੀਆਂ ਦੀਆਂ ਬਹੁਤ ਪਰਤਾਂ, ਅਨੇਕਾਂ ਰੰਗ ਅਤੇ ਇਨ੍ਹਾਂ ਦੇ ਸੁਮੇਲ ਵਿਚੋਂ ਹੀ ਸਤਰੰਗੀ ਉਘੜਦੀ।

ਬੰਦਾ ਸਾਰੀ ਉਮਰ ਭਟਕਦਾ, ਬਾਹਰ-ਭੱਜਾ ਫਿਰਦਾ। ਤ੍ਰਿਪਤੀ, ਤਲਾਸ਼, ਤਾਂਘ, ਤਮੰਨਾ ਅਤੇ ਤੜਫਣੀ ਦੇ ਜੰਗਲ ਵਿਚ ਭਟਕਦਾ, ਆਪਣੀ ਅਉਧ ਗਵਾਉਂਦਾ, ਪਰ ਕਦੇ ਵੀ ਆਪਣੇ ਅੰਦਰ ਝਾਤੀ ਨਹੀਂ ਮਾਰਦਾ। ਉਹ ਖੁਦ ਨੂੰ ਨਹੀਂ ਮਿਲਦਾ ਅਤੇ ਖੁਦ ਵਿਚੋਂ ਖੁਦ ਦੀ ਜਾਮਾ-ਤਲਾਸ਼ੀ ਕਰਕੇ ਆਪਣੀਆਂ ਕਮਜ਼ੋਰੀਆਂ ਤੇ ਤਾਕਤਾਂ ਨੂੰ ਨਹੀਂ ਪਛਾਣਦਾ। ਉਸ ਦੀ ਅੰਤਰ-ਧਿਆਨਤਾ ਹੀ ਉਸ ਤੋਂ ਬੇਮੁੱਖ। ਇਸ ਬੇਮੁੱਖਤਾ ਕਾਰਨ ਸਿਰਫ ਨਿਰਾਸ਼ਾ ਉਸ ਦੇ ਪੱਲੇ ਪੈਂਦੀ। ਜਦ ਕੋਈ ਖੁਦ ਨੂੰ ਮਿਲਦਾ ਤਾਂ ਉਸ ਦੀ ਭਟਕਣਾ ਨੂੰ ਰਾਹਤ, ਲਾਲਸਾਵਾਂ ਨੂੰ ਟਿਕਾਅ, ਅਵਾਰਗੀ ਨੂੰ ਅਲਮਸਤਾ ਅਤੇ ਯਾਤਨਾਵਾਂ ਨੂੰ ਜਗਿਆਸਾ ਦਾ ਜਾਗ ਲੱਗਦਾ। ਖੁਦ ਦਾ ਖੁਦ ਸੰਗ ਮਿਲਾਪ ਸਭ ਤੋਂ ਅਨੂਠਾ, ਅਲੱਗ, ਅਨੰਦਮਈ, ਇਲਹਾਮੀ ਅਤੇ ਆਵੇਸ਼ ਭਰਪੂਰ। ਮਹੱਤਵਪੂਰਨ ਰਚਨਾਵਾਂ ਜਾਂ ਕਿਰਤਾਂ ਇਸ ਮਿਲਾਪ ਦੀ ਦੇਣ। ਫੱਕਰ ਫਕੀਰ ਉਹ ਲੋਕ ਹੁੰਦੇ, ਜੋ ਆਵੇਸ਼ ਵਿਚੋਂ ਅਜਿਹੀਆਂ ਕਿਰਤਾਂ ਜਾਂ ਲਿਖਤਾਂ ਨੂੰ ਮਨੁੱਖਤਾ ਦੇ ਨਾਮ ਕਰਦੇ, ਜਿਹੜੀਆਂ ਮਾਨਵਤਾ ਦਾ ਮੁੱਖ ਉਜਲਾ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ। ਅਜਿਹੇ ਲੋਕਾਂ ਦੀ ਜ਼ਿੰਦਗੀ ਨਿਰਉਚੇਚ, ਨਿਰ-ਸੁਆਰਥ, ਨੇਕਨਾਮੀ ਨਾਲ ਭਰੀ, ਨਿਆਮਤਾਂ ਦੀ ਬਖਸ਼ਣਹਾਰੀ ਤੇ ਨਿਆਰੀ।

ਸਮਾਜ ਵਿਚ ਜ਼ਿਆਦਾਤਰ ਲੋਕ ਸਰੀਰਕ ਮਿਲਾਪ ਲਈ ਤਾਂਘਦੇ। ਥੋੜ੍ਹ-ਚਿਰੀਆਂ ਖੁਸ਼ੀਆਂ ਅਤੇ ਤ੍ਰਿਸ਼ਨਾਵਾਂ ਦੀ ਪੂਰਤੀ ਤੀਕ ਸੀਮਤ। ਸਭ ਤੋਂ ਅਹਿਮ ਹੈ ਮਨ ਦਾ ਮਨ ਨਾਲ ਜੁੜਨਾ, ਭਾਵਨਾਵਾਂ ਦੀ ਸਾਂਝ, ਸੁਪਨਿਆਂ ਤੇ ਅਕੀਦਿਆਂ ਦਾ ਮਿਲਾਪ। ਸੇਧ ਤੇ ਸਮਰੱਥਾਵਾਂ ਦਾ ਸੰਗਮ। ਬੋਲਾਂ, ਵਿਚਾਰਾਂ, ਸੋਚਾਂ, ਸਾਧਨਾਂ ਅਤੇ ਸਵੀਕ੍ਰਿਤੀਆਂ ਦਾ ਮਿਲਾਪ। ਅਜਿਹੇ ਮਿਲਾਪ ਵਿਚ ਵਕਤ ਨੂੰ ਪਰ ਲੱਗਦੇ, ਜਿਸ ਨਾਲ ਨਵੇਂ ਦਿਸਹੱਦਿਆਂ ਦੀ ਸੂਹ ਮਿਲਦੀ। ਲੋੜ ਹੈ, ਭਾਵਨਾਤਮਿਕ ਪੱਧਰ ਤੇ ਮਾਨਸਿਕ ਅਵਸਥਾ ਨੂੰ ਇਕਸੁਰ ਕਰ, ਅਜਿਹੇ ਮਿਲਾਪ ਨੂੰ ਸਿਰਜੀਏ, ਜਿਸ ਵਿਚੋਂ ਸਬਰ, ਸੰਤੋਖ ਅਤੇ ਸੰਤੁਸ਼ਟੀ ਦੀ ਆਬੋ-ਹਵਾ ਰੁਮਕੇ। ਖੁਦ ਲਈ ਅਸੀਂ ਸਾਰੇ ਕੁਝ ਨਾ ਕੁਝ ਕਰਦੇ ਹਾਂ। ਕਦੇ-ਕਦਾਈਂ ਦੂਸਰਿਆਂ ਲਈ ਕੁਝ ਅਜਿਹਾ ਕਰੀਏ ਕਿ ਉਨ੍ਹਾਂ ਦੀ ਸੁਪਨਗੋਈ ਵੀ ਖੁਸ਼ੀਆਂ-ਖੇੜਿਆਂ ਦਾ ਹਾਸਲ ਬਣੇ।

ਮਿਲਣ ਲਈ ਚਾਹ ਦੇ ਕੱਪ 'ਤੇ ਹਮ-ਖਿਆਲੀਆਂ ਦਾ ਜੁੜਨਾ, ਪੁਰਾਣੇ ਸਾਥੀਆਂ ਦੀ ਮਹਿਫਿਲ, ਹਮਪਿਆਲੇ ਯਾਰਾਂ ਦਾ ਮਿਲਣਾ, ਸਹਿਕਰਮੀਆਂ ਦਾ ਇਕੱਠ ਜਾਂ ਸੱਭਿਆਚਾਰਕ ਜਾਂ ਸਾਹਿਤਕ ਕਰਮੀਆਂ ਦਾ ਮਿਲ ਬੈਠਣਾ ਜਰੂਰੀ। ਇਹ ਆਧਾਰ ਹੁੰਦਾ ਕੁਝ ਨਵਾਂ ਸੋਚਣ, ਸਿਰਜਣ, ਸੁਨੇਹਾ ਦੇਣ ਦਾ, ਕਿਉਂਕਿ ਕਈ ਵਾਰ ਅਚੇਤ ਮਨਾਂ ਵਿਚ ਵੀ ਚੇਤਨਾ, ਚਾਹਤ ਅਤੇ ਚੰਗਿਆਈ ਦੀ ਚਾਹਤ ਪੈਦਾ ਹੁੰਦੀ। ਸੰਸਥਾਵਾਂ ਮਿਲਾਪ ਦਾ ਸੁੰਦਰ ਸਬੱਬ। ਇਸ ਨਾਲ ਹੀ ਉਸਰਦੀਆਂ ਨੇ ਨਵੀਆਂ ਸਕੀਰੀਆਂ, ਸਾਂਝਾਂ, ਸਾਥ, ਸਾਕ ਅਤੇ ਸਬੰਧ।

ਯਾਦ ਰੱਖਣਾ! ਮਿਲਾਪ, ਸਿਰਫ ਮਨੁੱਖ ਦੀ ਹੀ ਲੋੜ ਨਹੀਂ। ਹਰ ਜੀਵ ਦੀ ਜਰੂਰਤ। ਤਾਂ ਹੀ ਪੰਛੀ, ਪਰਿੰਦੇ ਅਤੇ ਜਾਨਵਰ ਇਕੱਠ ਦੇ ਰੂਪ ਵਿਚ ਰਹਿੰਦੇ। ਉਹ ਆਪਣੀ ਬੋਲੀ ਵਿਚ ਭਾਵਨਾਵਾਂ ਦੀ ਭਿਆਲੀ ਪਾਉਂਦੇ ਅਤੇ ਗੁੱਝੀਆਂ ਰਮਜ਼ਾਂ ਰਾਹੀਂ ਆਪਣੀ ਭੁੱਖ, ਲੋੜ, ਚਾਹਨਾ ਜਾਂ ਸਾਥ ਦੀ ਲੋਚਾ ਪ੍ਰਗਟਾਉਂਦੇ।

ਨਿਯਮਿਤ ਸਰੀਰਕ ਮਿਲਾਪ, ਮਨੁੱਖੀ ਉਤਪਤੀ ਲਈ ਜਰੂਰੀ। ਮਨੁੱਖ ਦੀਆਂ ਸਰੀਰਕ ਅਤੇ ਮਾਨਸਿਕ ਲੋੜਾਂ ਦੀ ਪੂਰਤੀ ਲਈ ਅਹਿਮ। ਸੁੱਤੀਆਂ ਅਤੇ ਬੇਲਗਾਮ ਭਾਵਨਾਵਾਂ ਨੂੰ ਸਾਧਨ ਦਾ ਸਾਧਨ। ਇਸ ਤੋਂ ਬੇਮੁੱਖਤਾ ਅਸਾਵੇਂਪਣ ਨੂੰ ਜਨਮਦੀ, ਜੋ ਬਹੁਤ ਸਾਰੀਆਂ ਮਾਨਸਿਕ ਤੇ ਸਮਾਜਿਕ ਕੁਰੀਤੀਆਂ ਦੀ ਧਰਾਤਲ ਬਣਦਾ। ਇਸ ਤੋਂ ਮੁਨਕਰੀ ਬੰਦੇ ਦਾ ਖੁਦ ਤੋਂ ਮੁਨਕਰ ਹੋਣਾ, ਜਿਹੜਾ ਅਸੰਭਵ ਹੈ। ਭਲਾ ਖੁਦ ਤੋਂ ਮੁੱਨਕਰੀ ਵਿਚੋਂ ਜੀਵਨ ਨੂੰ ਕਿਵੇਂ ਕਿਆਸਿਆ ਜਾ ਸਕਦਾ?

ਮਿਲਾਪ ਕਦੇ ਹੱਥਾਂ ਦੀ ਛੋਹ, ਕਦੇ ਪੈਰ ਨੂੰ ਪੈਰ ਨਾਲ ਛੂਹਣਾ, ਕਦੇ ਤਿਰਛੀ ਨਜ਼ਰ ਨਾਲ ਤੱਕਣਾ, ਕਦੇ ਸ਼ਬਦਾਂ ਦਾ ਸ਼ਬਦਾਂ ਨਾਲ, ਕਦੇ ਬੋਲਾਂ ਵਿਚੋਂ ਬੋਲਬਾਣੀ ਦਾ ਪੈਦਾ ਹੋਣਾ। ਹਰ ਮਿਲਾਪ ਵੱਖਰਾ ਤੇ ਅਲੋਕਾਰਾ ਅਤੇ ਇਸ ਨੂੰ ਇਸ ਦੇ ਸੰਦਰਭ ਵਿਚ ਜਾਣ ਕੇ ਅਸੀਂ ਇਸ ਮਿਲਾਪ ਨੂੰ ਜੀਵਨੀ ਸੁੰਦਰਤਾ ਵਧਾਉਣ ਲਈ ਅਰਪਿੱਤ ਕਰਦੇ।

ਜੀਵਨ ਵਿਚ ਕਦੋਂ ਅਤੇ ਕਿਹੜੇ ਵੇਲੇ ਮਿਲਣਾ, ਇਹ ਤਾਂ ਸਮਾਂ ਤੈਅ ਕਰਦਾ। ਕਿਸ ਨਾਲ ਮਿਲਾਪ ਹੋਣਾ, ਇਹ ਦਿਲ ਦੀ ਮਰਜੀ! ਕਿਸ ਦੇ ਦਿਲ ਵਿਚ ਸਦਾ ਰਹਿਣਾ, ਇਹ ਮਨੁੱਖੀ ਵਿਹਾਰ ਨਿਸ਼ਚਿਤ ਕਰਦਾ।

ਮਿਲਾਪ ਤਾਂ ਦਿਲਾਂ ਦੇ ਹੁੰਦੇ। ਜਦ ਦਿਮਾਗ ਮਤਲਬ ਲਈ ਤਾਂਘਣ ਲੱਗ ਪਵੇ ਤਾਂ ਇਹ ਮਿਲਾਪ ਸਿਰਫ ਮਤਲਬੀ ਹੁੰਦਾ। ਮਿਲਾਪ ਨੂੰ ਪਾਸੇ ਕਰਕੇ ਹੀ ਜੀਵਨੀ ਮਿਲਾਪ ਸਿਰਜੇ ਜਾਂਦੇ।

ਮਿਲਾਪ ਸਿਰਫ ਵਾਰਤਾਲਾਪ, ਅਲਾਪ ਜਾਂ ਜਾਪ ਨਹੀਂ ਹੁੰਦਾ। ਇਹ ਤਾਂ ਦੋ ਰੂਹਾਂ ਦਾ ਅਜ਼ਲੀ ਮਿਲਾਪ। ਸਮਿਆਂ, ਸਰਹੱਦਾਂ, ਸੰਯੋਗਾਂ ਤੋਂ ਪਰੇ; ਪਰ ਸੁਪਨਿਆਂ ਤੇ ਸੋਚਾਂ ਦੇ ਕੋਲ-ਕੋਲ।

ਕਦੇ ਘਰ ਦੇ ਬੂਹੇ ਸਦਾ ਖੁੱਲ੍ਹੇ ਰਹਿੰਦੇ ਸਨ, ਆਉਣ ਵਾਲਿਆਂ ਲਈ। ਫਿਰ ਲੋਕ ਬੂਹੇ ਢੋਣ ਲੱਗ ਪਏ ਤਾਂ ਮਿਲਣ ਵਾਲੇ ਘੱਟ ਗਏ। ਬਾਅਦ 'ਚ ਬੂਹਿਆਂ ਦੇ ਅੰਦਰ ਕੁੰਡੇ ਲਗਵਾ ਲਏ ਤਾਂ ਆਉਣ ਵਾਲਿਆਂ ਲਈ ਮਰਜ਼ੀ ਨਾਲ ਹੀ ਬੂਹਾ ਖੁੱਲ੍ਹਦਾ; ਪਰ ਅੱਜ ਕੱਲ੍ਹ ਬੂਹੇ ਦੇ ਬਾਹਰ ਹੀ ਲਿਖਿਆ ਹੁੰਦਾ ਕਿ ਕੁੱਤੇ ਤੋਂ ਸਾਵਧਾਨ। ਦੱਸੋ! ਕਿਹੜਾ ਬੰਦਾ ਮਿਲਣ ਲਈ ਘਰ ਦੀ ਬੈੱਲ ਵਜਾਵੇਗਾ? ਕੀ ਇਹ ਮਿਲਾਪ ਤੋਂ ਮੁਨਕਰੀ ਨਹੀਂ?

ਮਿਲਾਪ ਨੂੰ ਸੀਮਤ ਅਰਥਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਇਸ ਦੀਆਂ ਬਹੁ-ਪਰਤਾਂ ਵਿਚੋਂ ਜੀਵਨ ਦੇ ਸੁੱਚ ਤੇ ਸਮੁੱਚ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ।

ਮਿਲਾਪ ਤਾਂ ਮਾਨਵਤਾ ਦਾ ਮੁਹਾਂਦਰਾ ਨਿਖਾਰਦਾ। ਬੰਦਗੀ ਅਤੇ ਭਲਿਆਈ ਦਾ ਨਾਮਕਰਣ। ਨਿਆਮਤਾਂ, ਨਿਆਜ਼ਾਂ ਅਤੇ ਨਿਮਰਤਾ ਦਾ ਅਨਮੋਲ ਖਜਾਨਾ।

ਉਮਰ ਦੇ ਢਲਦੇ ਪ੍ਰਛਾਂਵਿਆਂ 'ਚ, ਬਚਪਨ ਦੇ ਸੰਗੀਆਂ ਨੂੰ ਮਿਲਣ ਦੀ ਲੋਚਾ ਵਿਚੋਂ ਸ਼ਬਦ ਫੜਫੜਾਉਂਦੇ ਕਿ,

ਮਿਲਾਂਗੇ ਸੱਜਣ
ਅੰਬਰ ਦੀ ਛੱਤ ਹੇਠ
ਤਾਰਿਆਂ ਦੀ ਛਾਂਵੇਂ
ਚਾਨਣੀ ਦੀ ਬੁੱਕਲ ਮਾਰ
ਪੌਣ ਦੀ ਰੁਮਕਣੀ 'ਚ
ਆਲ੍ਹਣਿਆਂ ਦੀਆਂ ਸਰਗੋਸ਼ੀਆਂ ਵੇਲੇ
ਪੱਤਿਆਂ ਦੀ ਸੰਗੀਤਕ ਫਿਜ਼ਾ 'ਚ
ਬਿਰਖਾਂ ਦੇ ਝੁਰਮਟੀਂ
ਅਤੇ ਵਗਦੇ ਪਾਣੀ ਦੇ ਕੰਢੇ।

ਮਿਲਾਂਗੇ ਸੱਜਣ
ਜੀਕੂੰ ਧੁੱਪ ਵਿਚ ਸਮਾਇਆ ਸੇਕ
ਫੁੱਲਾਂ 'ਚ ਮਹਿਕ-ਬਸੇਰਾ
ਟਾਹਣੀ ਦੀ ਕੁੱਖ 'ਚ ਲੱਗਰਾਂ
ਪਾਣੀ 'ਚ ਪਾਣੀ ਦਾ ਰਲੇਵੇਂ
ਤੇ ਰੂਹ 'ਚ ਰਮਾਈ ਰੂਹ।

ਮਿਲਾਂਗੇ ਈਕੂੰ, ਜਿਵੇਂ
ਕੋਈ ਨਹੀਂ ਮਿਲ ਸਕਿਆ

(ਬਾਕੀ ਅਗਲੇ ਸਫੇ 'ਤੇ)

# ਵਡੇਰੀ ਉਮਰ ਦਾ ਸੁਹੱਪਣ

***ਅਰੁਕ ਅਤੇ ਅਰੋਕ ਵਕਤ ਤੁਰਦਾ ਹੈ ਤਾਂ ਬੜਾ ਕੁਝ ਬਦਲਦਾ ਹੈ। ਤਬਦੀਲੀ ਕੁਦਰਤ ਦਾ ਅਮੋੜ ਨੇਮ ਹੈ ਪਰ ਜਦੋਂ ਵੀ ਕਦੀ ਮਨੁੱਖ ਦਾ ਪ੍ਰਸੰਗ ਛਿੜਦਾ ਹੈ ਤਾਂ ਮਨੁੱਖ ਵਕਤ ਦੇ ਨਾਲ-ਨਾਲ ਵਧਦੀ ਉਮਰ ਤੋਂ ਔਖਾ ਮਹਿਸੂਸ ਕਰਦਾ ਹੈ; ਖਾਸ ਕਰ ਉਦੋਂ, ਜਦੋਂ ਉਮਰ ਦਾ ਢਲਦਾ ਪਹਿਰ ਆਰੰਭ ਹੁੰਦਾ ਹੈ। ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਨੇ ਆਪਣੇ ਇਸ ਲੇਖ ਵਿਚ ਵਡੇਰੀ ਉਮਰ ਦੀ ਹਕੀਕਤ ਨੂੰ ਤਸਲੀਮ ਕਰਦਿਆਂ ਕੁਝ ਸੂਖਮ ਅਤੇ ਸੱਚੀਆਂ ਗੱਲਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਗੱਲਾਂ-ਬਾਤਾਂ ਨੂੰ ਜੇ ਸੰਜੀਦਗੀ ਨਾਲ ਵਿਚਾਰ ਲਿਆ ਜਾਵੇ ਤਾਂ ਸੱਚਮੁੱਚ, ਵਡੇਰੀ ਉਮਰ ਦਾ ਸੁਹੱਪਣ ਡੁੱਲ੍ਹ-ਡੁੱਲ੍ਹ ਪੈਂਦਾ ਲਗਦਾ ਹੈ।***



ਧਨਾਢ ਬਣਨ ਦੀ ਇੱਛਾ ਨਾ ਹੋਵੇ, ਅਮੀਰ ਕਹਾਉਣ ਦੀ ਚਾਹਤ ਨਾ ਹੋਵੇ, ਮਾਇਕ ਥੁੜ੍ਹ ਨਾਲ ਆਜਿਜ਼ ਦੀ ਨੌਬਤ ਨਾ ਆਵੇ, ਕੋਈ ਅਣਹੋਣੀ ਘਟਨਾ ਜਾਂ ਲਾਇਲਾਜ ਦਰਦਨਾਕ ਬਿਮਾਰੀ ਵਿਚ ਇਨਸਾਨ ਮੁਬਤਿਲਾ ਨਾ ਹੋਵੇ ਅਤੇ ਕੁਦਰਤ ਵਲੋਂ ਬਖਸ਼ੀ ਸਹੀ ਸੋਚ ਮਿਲ ਜਾਵੇ, ਫਿਰ ਬੁਢਾਪੇ ਵਿਚ ਮੌਜਾਂ ਹੀ ਮੌਜਾਂ! ਬੜੀ ਖੁਸ਼ੀ ਨਾਲ ਕਹੋ, ਵਡੇਰੀ ਉਮਰ ਤੇਰੀ ਉੱਤਮ ਜਾਤ, ਇਕ ਵਡਮੁੱਲੀ ਦਾਤਿ, ਵਕਤਿ ਪੀਰੀ ਇਕ ਖੂਬਸੂਰਤ ਅੰਦਾਜ਼। ਢਲਦੀ ਉਮਰ ਸਤਰੰਗੀ ਪੀਂਘ, ਸੁਰਗ ਦਾ ਝੂਟਾ। ਹੋਰ ਸ਼ੈਅ ਨਾਲ ਪ੍ਰੇਮ ਦਾ ਅਹਿਸਾਸ!

ਜਾਗਣ ਅਤੇ ਨੀਂਦ ਲਈ ਖੁੱਲ੍ਹਾ ਸਮਾਂ ਅਤੇ ਕਿਸੇ ਵੀ ਸ਼ੌਕੀਆ ਆਹਰ ਵਿਚ ਸਖਤ ਅਤੇ ਕਰੜੀ ਜ਼ਿੰਮੇਵਾਰੀ ਨਹੀਂ। ਹੋਰ ਰੱਬ ਤੋਂ ਕੀ ਮੰਗਣਾ!



ਅਨੇਕ ਪ੍ਰਕਾਰ ਦੇ ਡਰਾਂ ਵਿਚੋਂ ਮੌਤ ਦਾ ਡਰ ਬਹੁਤ ਭਿਆਨਕ ਹੈ ਪਰ ਢਲਦੀ ਉਮਰ ਵਿਚ ਲਗਭਗ ਸਾਰੇ ਲੋਕਾਂ ਦੀ ਮੌਤ

**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
ਫੋਨ: 925-683-1982

ਦੇਖਦਿਆਂ ਬੁਢਾਪੇ ਵਿਚ ਸੁਭਾਵਿਕ ਜਿਹੀ ਗੱਲ ਲਗਦੀ ਹੈ, ਫਿਰ ਡਰ ਕਿਸ ਲਈ? ਹਰ ਬੰਦੇ ਦੀ ਜੀਵਨ ਲਹਿਰ ਦਾ ਵੱਡੀ ਅਤੇ ਕਦੀ ਨਾ ਰੁਕਣ ਵਾਲੀ ਲਹਿਰ ਵਿਚ ਸਮਾਅ ਜਾਣਾ ਹੀ ਤਾਂ ਮੌਤ ਹੈ। ਸ਼ਾਇਦ ਇਸੇ ਕਰਕੇ ਫਰਮਾਨ ਹੈ:

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥

ਪੁਰਾਣੇ ਸਮੇਂ ਵਿਚ ਆਵਾਜਾਈ ਦੇ ਸਾਧਨ ਘੱਟ ਸਨ। ਬਹੁਤੇ ਆਦਮੀ ਆਪਣੀ ਜਨਮ ਭੂਮੀ ਵਿਚ ਹੀ ਅਖੀਰਲਾ ਸੁਆਸ ਲੈਂਦੇ ਸਨ। ਅੱਜ ਕੱਲ੍ਹ ਬਜ਼ੁਰਗ ਲੋਕ ਵਿਦੇਸ਼ਾਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ ਪਰ ਉਨ੍ਹਾਂ ਦਾ ਵਿਸ਼ਵਾਸ ਆਪਣੀ ਹੀ ਜਨਮ ਮਿੱਟੀ ਵਿਚ, ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਵਿਚ ਹੀ ਦਮ ਤੋੜਦਾ ਹੈ। ਉਨ੍ਹਾਂ ਨੂੰ ਇਸ ਇੱਛਾ ਦੀ ਪੂਰਤੀ ਦਾ ਫਿਕਰ ਲੱਗਿਆ ਰਹਿੰਦਾ ਹੈ। ਇਸ ਫਿਕਰ ਤੋਂ ਮੁਕਤ ਹੋਣਾ ਹੀ ਚੰਗੀ ਜੀਵਨ-ਜਾਚ ਹੈ। ਕਰੋਨਾ ਦੇ ਕਹਿਰ ਨੇ ਦੁਨੀਆ ਦਾ ਨਕਸ਼ਾ ਹੀ ਬਦਲ ਦਿੱਤਾ ਹੈ ਪਰ ਇਸ ਦੇ ਇਕ ਪਹਿਲੂ ਨੇ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਇਸ ਦੇ ਮਰੀਜ਼ਾਂ ਦੇ ਸੰਸਕਾਰ ਲਈ ਨਜ਼ਦੀਕੀਆਂ ਅਤੇ ਰਿਸ਼ਤੇਦਾਰਾਂ ਨਾਲੋਂ ਲੋਕ ਸੇਵਕ ਸੰਸਥਾਵਾਂ ਕਈ ਗੁਣਾ ਵੱਧ ਮਦਦਗਾਰ ਸਾਬਤ ਹੋਈਆਂ ਹਨ। ਇਸ ਲਈ ਇਹ ਚਿੰਤਾ ਬੇਮਾਇਨੀ! ਸੇਕਸ਼ਪੀਅਰ ਦਾ ਕਥਨ ਹੈ: ਹੈਂਗਿੰਗ ਐਂਡ ਵਾਈਵਿੰਗ ਗੋ ਬਾਈ ਡੈਸਟਿਨੀ। ਇਨਸਾਨ ਨੇ ਕਿਥੇ, ਕਿਸ ਤਰ੍ਹਾਂ ਅਤੇ ਕਦੋਂ ਮਰਨਾ ਹੈ, ਇਹ ਕੁਦਰਤ ਦੇ ਹੱਥ ਹੈ। ਸੋ ਇਸ ਫਿਕਰ ਨੂੰ ਹਵਾ ਵਿਚ ਉਡਾ ਦਿਓ!

ਬੜੀ ਦਿਲਚਸਪ ਘਟਨਾ ਯਾਦ ਆ ਗਈ ਹੈ। ਵੀਹ ਕੁ ਸਾਲ ਪਹਿਲਾਂ ਮੈਂ ਕੈਲੀਫੋਰਨੀਆ ਦੀ ਲੋਕਲ ਬੱਸ ਵਿਚ ਸਫਰ ਕਰ ਰਿਹਾ ਸੀ। ਮੇਰੇ ਨਾਲ ਦੀ ਖਾਲੀ ਸੀਟ ਉਪਰ ਭਾਰਤੀ ਬਜ਼ੁਰਗ ਬੀਬੀ ਆ ਬੈਠੀ। ਉਹ ਪੱਛਮੀ ਬੰਗਾਲ ਤੋਂ ਆਈ ਸੀ। ਮੈਂ ਉਸ ਨੂੰ ਬੜੇ ਸਤਿਕਾਰ ਨਾਲ ਨਮਸਕਾਰ ਕੀਤੀ। ਥੋੜ੍ਹੀ ਦੇਰ ਪਿਛੋਂ ਬਗੈਰ ਕਿਸੇ ਵਿਸ਼ੇ ਤੋਂ ਉਹ ਕਹਿਣ ਲੱਗੀ, 'ਮੇਰਾ ਰਿਸ਼ਤਾ ਭਾਰਤ ਦੇ ਮਸ਼ਹੂਰ ਏਅਰ ਮਾਰਸ਼ਲ ਮੁਕਰਜੀ ਨਾਲ ਤੈਅ ਹੋਇਆ ਸੀ ਪਰ ਅਸੀਂ ਹੀ ਠੁਕਰਾ ਦਿੱਤਾ।' ਇਹ ਸੁਣ ਕੇ ਮੈਨੂੰ ਉਸ ਦੇ ਬੁਢਾਪੇ ਦੀ ਉਦਾਸ ਸੋਚ 'ਤੇ ਤਰਸ ਆਇਆ। ਇਸੇ ਤਰ੍ਹਾਂ ਇਕ ਨਜ਼ਦੀਕੀ ਸੀਨੀਅਰ ਇੰਜੀਨੀਅਰ ਨੇ ਇਕ ਦਿਨ ਮੈਨੂੰ ਕਿਹਾ, 'ਫਲਾਣੇ ਬਹੁਤ ਅਮੀਰ ਘਰ ਤੋਂ ਮੈਨੂੰ ਰਿਸ਼ਤਾ ਆਉਂਦਾ ਸੀ ਪਰ ਮੇਰੀ ਮਾਂ ਦੇ ਸਾਧਾਰਨ ਕੱਪੜੇ ਦੇਖ ਕੇ ਉਨ੍ਹਾਂ ਨਾਂਹ ਕਰ ਦਿੱਤੀ।' ਬਹੁਤ ਸਾਰੇ ਲੋਕ ਇਹੋ ਜਿਹੀਆਂ ਫਜ਼ੂਲ ਗੱਲਾਂ ਦੇ ਸ਼ਿਕਾਰ ਹਨ। ਢਲਦੀ ਉਮਰ ਵਿਚ ਉਨ੍ਹਾਂ ਨੂੰ ਸ਼ੇਕਸਪੀਅਰ ਦਾ ਕਥਨ ਯਾਦ ਰੱਖਣਾ ਚਾਹੀਦਾ ਹੈ-ਵਾਈਵਿੰਗ ਗੋ ਬਾਈ ਡੈਸਟਿਨੀ!

ਰਿਸ਼ਤੇ-ਨਾਤਿਆਂ ਦੀ ਦੁਖਦਾਈ ਲਹਿਰ ਅੱਜ ਕੱਲ੍ਹ ਵਿਦੇਸ਼ਾਂ ਵਿਚ ਰਹਿੰਦੇ ਬਜ਼ੁਰਗਾਂ ਨੂੰ ਕਾਫੀ ਤੰਗ ਕਰ ਰਹੀ ਹੈ। ਉਨ੍ਹਾਂ ਦੇ ਬੱਚਿਆਂ ਦੇ ਵਿਆਹ ਟੁੱਟ ਰਹੇ ਹਨ। ਉਹ ਬਹੁਤ ਗਮਗੀਨ ਹਨ। ਕਈ ਵਾਰ ਆਪਣੇ ਆਪ ਨੂੰ ਕਸੂਰਵਾਰ ਸਮਝਦੇ ਹਨ ਅਤੇ ਕਈ ਵਾਰ ਵਿਚੋਲਿਆਂ ਨੂੰ ਦੋਸ਼ੀ ਗਰਦਾਨਦੇ ਹਨ। ਅਸਲੀਅਤ ਕੁਝ ਹੋਰ ਹੈ। ਜਾਣ ਬੁਝ ਕੇ ਕੋਈ ਗਲਤੀ ਨਹੀਂ ਕਰਦਾ। ਅਣਗਹਿਲੀ ਅਤੇ ਅਗਿਆਨਤਾ ਦੇ ਅਸੀਂ ਬਹੁਤ ਵਾਰ ਸ਼ਿਕਾਰ ਹੁੰਦੇ ਹਾਂ। ਕਈ ਲੋਕ ਅਗਾਂਹਵਧੂ ਸੋਚ ਅਧੀਨ ਮਹਿਸੂਸ ਕਰਦੇ ਹਨ ਕਿ ਕਿਸੇ ਵੀ ਨੂੰਹ ਜੁਆਈ ਨੂੰ ਅਸੀਂ ਆਪਣੀ ਚੰਗਿਆਈ ਅਤੇ ਇਮਾਨਦਾਰੀ ਦੀ ਬੱਝਵੀਂ ਰੋਸ਼ਨੀ ਨਾਲ ਭਖਦੀ ਲਾਟ ਬਣਾ ਦਿਆਂਗੇ, ਉਨ੍ਹਾਂ ਨੂੰ ਪੱਥਰ ਤੋਂ ਹੀਰਾ ਬਣਾ ਦਿਆਂਗੇ ਪਰ ਬਹੁਤ ਵਾਰ ਇਹ ਧਾਰਨਾ ਠੀਕ ਨਹੀਂ ਬੈਠਦੀ ਕਿਉਂਕਿ ਕਿਹਾ ਜਾਂਦਾ ਹੈ ਕਿ ਕੋਲੇ ਨੂੰ ਭਾਵੇਂ ਦੁੱਧ ਦਹੀਂ ਵਿਚ ਧੋ ਲਈਏ, ਇਹ ਕਾਲਾ ਕੋਲਾ ਹੀ ਰਹੇਗਾ। ਸੱਪਾਂ ਦੇ ਪੁੱਤ ਮਿੱਤ ਨਾ ਹੁੰਦੇ, ਚਾਹੇ ਕਿੰਨਾ ਦੁੱਧ ਪਿਲਾਈਏ!...ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।

ਸੱਤਵੀਂ ਜਮਾਤ ਵਿਚ ਫਾਰਸੀ ਪੜ੍ਹਦਿਆਂ ਇਕ ਟੋਟਕਾ ਅੱਜ ਤੱਕ ਯਾਦ ਹੈ।

ਖਰੇ ਈਸਾ ਗਰ ਬੇ-ਮੱਕਾ ਰਵੱਦ
ਚੂੰ ਬਿਆਦ ਖਰੇ ਬਾਸ਼ਿਦ

ਭਾਵ, ਜੇ ਈਸਾ ਦੇ ਗਧੇ ਨੂੰ ਮੱਕੇ ਜਿਹੀ ਪਵਿੱਤਰ ਜਗ੍ਹਾ 'ਤੇ ਲੈ ਜਾਈਏ, ਵਾਪਸ ਆ ਕੇ ਉਹ ਗਧਾ ਹੀ ਰਹੇਗਾ।

ਸੋ ਕਿਸੇ ਨੂੰ ਵੀ ਦੋਸ਼ ਦੇਣਾ ਠੀਕ ਨਹੀਂ, ਸਾਡੀ ਆਪਣੀ ਹੀ ਗਿਣਤੀ-ਮਿਣਤੀ ਕੰਮ ਨਹੀਂ ਆਈ।

ਯਹ ਸ਼ੱਬੇ-ਗਮ (ਗਮ ਦੀ ਰਾਤ ਜਾਂ ਸ਼ਾਮ) ਹਰ ਕਿਸੀ ਘਰ ਤੋ ਨਹੀਂ ਆਤੀ
ਯਹ ਬਲਾ ਹਮ ਨੇ ਖੁਦ ਬਲਾਈ ਹੈ।

ਸੋ, ਖਿੜੇ ਮੱਥੇ ਨਤੀਜੇ ਭੁਗਤੋ, ਮਾਨਿਸਕਤਾ ਨੂੰ ਲਕੋਈ ਰੱਖਣ ਦਾ ਇਹ ਹੀ ਹੁਨਰ ਹੈ।

ਉਰਦੂ ਬਹੁਤ ਮਿੱਠੀ ਅਤੇ ਅਮੀਰ ਜ਼ਬਾਨ ਹੈ। ਲਗਭਗ ਹਰ ਪੜ੍ਹਿਆ ਲਿਖਿਆ ਬੰਦਾ ਪੰਜਾਬੀ ਵਿਚ ਗੱਲ ਕਰਦਿਆਂ ਵੀ ਉਰਦੂ ਦਾ ਕੋਈ ਨਾ ਕੋਈ ਸ਼ਿਅਰ ਵਰਤੋਂ ਵਿਚ ਲੈ ਆਉਂਦਾ ਹੈ ਪਰ ਉਨ੍ਹਾਂ ਨੂੰ ਬਹੁਤ ਵਾਰ ਠੀਕ ਤਲੱਫਜ਼ (ਉਚਾਰਨ) ਦੀ ਪੂਰਨ ਸੂਝ ਨਹੀਂ ਹੁੰਦੀ। ਮੈਨੂੰ ਵੀ ਬਹੁਤੀ ਨਹੀਂ, ਫਿਰ ਵੀ ਜੁਆਨ ਅਵਸਥਾ ਵਿਚ ਹੋਰ ਲੋਕਾਂ ਦਾ ਗਲਤ ਉਚਾਰਨ ਚੰਗਾ ਨਹੀਂ ਸੀ ਲਗਦਾ। ਹੁਣ ਵਧਦੀ ਉਮਰ ਨੇ ਮੌਜ ਬਣਾ ਦਿੱਤੀ ਅਤੇ ਮਹਿਸੂਸ ਕਰਾ ਦਿੱਤਾ ਕਿ

ਨਹੀਂ ਖੇਲ ਐ ਦਾਗ ਯਾਰੋਂ ਸੇ ਕਹਿ ਦੋ,
ਕਿ ਆਤੀ ਹੈ ਉਰਦੂ ਜ਼ਬਾਂ ਆਤੇ-ਆਤੇ।

ਅੰਦਰੂਨੀ ਭਾਵ ਸਮਝ ਆ ਜਾਵੇ ਤਾਂ ਸਭ ਠੀਕ ਹੈ, ਕਿਸੇ ਨੂੰ ਵੀ ਨਾ ਟੋਕੋ।

ਬਜ਼ੁਰਗ ਅਵਸਥਾ ਵਿਚ ਆਮ ਬੰਦਿਆਂ ਦਾ ਪਾਠ ਪੂਜਾ ਵਿਚ ਰੁਝਾਨ ਹੋ ਜਾਂਦਾ ਹੈ। ਧਰਮ ਸਥਾਨਾਂ ਵੱਲ ਜਾਣ ਦੀ ਰੁਚੀ ਭਾਰੂ ਹੋ ਜਾਂਦੀ ਹੈ। ਨੌਜੁਆਨ ਪੀੜ੍ਹੀ ਬਹੁਤ ਵਾਰ ਇਸ ਪ੍ਰਥਾ ਤੋਂ ਮੁਨਕਿਰ ਹੈ। ਕਈ ਮਾਪੇ ਬੱਚਿਆਂ ਦੀ ਇਸ ਆਦਤ ਨੂੰ ਚੰਗਾ ਨਹੀਂ ਸਮਝਦੇ ਅਤੇ ਦੁਖੀ ਰਹਿੰਦੇ ਹਨ। ਇਹ ਗੱਲ ਠੀਕ ਨਹੀਂ। ਉਹ ਆਪਣੀ ਜਵਾਨੀ ਦੇ ਦਿਨਾਂ ਵੱਲ ਝਾਤ ਮਾਰਨ। ਪਤਾ ਲੱਗ ਜਾਵੇਗਾ ਕਿ ਸਾਡੀ ਉਮਰ ਵਿਚ ਪਹੁੰਚ ਕੇ ਇਹ ਵੀ ਸਾਡੇ ਜਿਹੇ ਹੀ ਹੋ ਜਾਣਗੇ ਜਾਂ ਨਿਸਚਿੰਤ ਹੋ ਕੇ ਗੁਰਬਾਣੀ ਵਿਚ ਭਰੋਸਾ ਕਰੋ:

ਏਹੁ ਤਿਨ ਕੈ ਮੰਨਿ ਵਸਿਆ
ਜਿਨ ਧੁਰਹੁ ਲਿਖਿਆ ਆਇਆ॥

ਮੇਰੀ ਜਾਣ-ਪਛਾਣ ਵਾਲੇ ਕਈ ਸਾਥੀ ਬਹੁਤ ਸ਼ਿਕਵਾ ਕਰਦੇ ਹਨ ਕਿ ਹੁਣ ਪਹਿਲਾਂ ਵਾਂਗ ਸਾਨੂੰ ਕੋਈ ਮਿਲਣ ਲਈ ਆਉਂਦਾ। ਉਹ ਭੋਲੇ ਪੰਛੀ ਇਸ ਹਕੀਕਤ ਤੋਂ ਅਣਜਾਣ ਹਨ:

ਵਕਤਿ ਪੀਰੀ ਦੋਸਤੋਂ ਕੀ ਬੇਰੁਖੀ ਕਾ ਕਿਆ ਗਿਲਾ
ਬਚ ਕੇ ਚਲਤਾ ਹਰ ਕੋਈ ਗਿਰਤੀ ਹੂਈ ਦੀਵਾਰ ਸੇ।

ਉਨ੍ਹਾਂ ਨੂੰ ਚਾਹੀਦਾ ਹੈ ਕਿ ਬੁਢਾਪੇ ਨੂੰ ਕੁਦਰਤ ਦੀ ਬਖਸ਼ੀ ਦਾਤਿ ਸਮਝਦਿਆਂ ਹਿੰਮਤ ਕਰਨ। ਸਭ ਲਈ ਬਹੁਤ ਸਾਰੇ ਸ਼ੌਕ ਹਾਜ਼ਰ ਹਨ, ਜਿਵੇਂ ਮਿਊਜ਼ਿਕ ਸੁਣਨਾ, ਟੀ.ਵੀ. ਦੇ ਬੇਅੰਤ ਪ੍ਰੋਗਰਾਮ, ਗੂਗਲ ਰਾਹੀਂ ਦੁਨੀਆ ਭਰ ਦੀ ਜਾਣ-ਪਛਾਣ, ਬਾਗਬਾਨੀ। ਜੇ ਘਰ ਵੱਡਾ ਹੋਵੇ, ਔਰਗੈਨਿਕ ਸਬਜ਼ੀਆਂ ਦੀ ਕਾਸ਼ਤ ਵਗੈਰਾ ਵਗੈਰਾ। ਆਪੋ-ਆਪਣੀ ਤਬੀਅਤ ਅਨੁਸਾਰ ਇਨ੍ਹਾਂ ਵਿਚੋਂ ਕੋਈ ਨਾ ਕੋਈ ਸ਼ੌਕ ਉਨ੍ਹਾਂ ਦਾ ਮਨ ਪ੍ਰਚਾਵਾ ਬਣ ਸਕਦਾ ਹੈ। ਇਕੱਲਤਾ ਮਹਿਸੂਸ ਨਹੀਂ ਹੋਵੇਗੀ। ਸਾਰੇ ਤਾਂ ਨਹੀਂ, ਐਸੇ ਬਜ਼ੁਰਗ ਵੀ ਹਨ ਜਿਨ੍ਹਾਂ ਨੂੰ ਸੈਰ ਕਰਦਿਆਂ ਜੋ ਕੋਈ ਵੀ ਮਿਲਦਾ, ਨਮਸਕਾਰ ਕਰ ਦੇਵੇ ਤਾਂ ਉਸ ਨੂੰ ਆਪਣੀਆਂ ਸਫਲਤਾਵਾਂ ਅਤੇ ਗਿਆਨ ਨਸੀਹਤਾਂ ਦੇਣ ਲੱਗ ਜਾਂਦੇ ਹਨ। ਇਹ ਸੁਭਾਅ ਠੀਕ ਨਹੀਂ। ਯਾਦ ਰੱਖੋ:

ਬਿਨ ਗਾਹਕ ਗੁਣ ਵੇਚੀਏ ਤਓ ਗੁਣ ਸਹਿਗੋ ਜਾਏ
ਗੁਣ ਕਾ ਗਾਹਕ ਜੋ ਮਿਲੇ ਤਓ ਗੁਣ ਲਾਖ ਬਿਕਾਏ।

ਇਸ ਲਈ ਜੇ ਕੋਈ ਬਹੁਤ ਸਤਿਕਾਰ ਨਾਲ ਇਨ੍ਹਾਂ ਨੂੰ ਬੇਨਤੀ ਕਰੇ ਤਾਂ ਜ਼ਰੂਰ ਆਪਣੀ ਗਿਆਨਤਾ ਦਾ ਮੁੱਲ ਪੁਆਉਣ।

ਵਧਦੀ ਉਮਰ ਅਜੀਬ ਖੇਡ ਹੈ। ਮੈਨੂੰ ਸੇਵਾ ਮੁਕਤ ਹੋਏ ਕਈ ਬੰਦਿਆਂ ਨੇ ਕਿਹਾ ਹੈ- ਅਸੀਂ ਤਾਂ ਸਾਰੀ ਉਮਰ ਇਮਾਨਦਾਰੀ ਨਾਲ ਨੌਕਰੀ ਕੀਤੀ, ਅਸੀਂ ਵੀ ਜੇ ਰਿਸ਼ਵਤ ਦੀ ਵਹਿੰਦੀ ਗੰਗਾ ਵਿਚ ਚੁੱਭੀ ਲਾ ਲੈਂਦੇ, ਮੌਜਾਂ ਕਰਨੀਆਂ ਸੀ।...ਕਈ ਸੋਚਦੇ ਹਨ ਕਿ ਜੇ ਥੋੜ੍ਹੀ ਕੋਸ਼ਿਸ਼ ਕਰਦੇ, ਬਹੁਤ ਉੱਚੀ ਨੌਕਰੀ ਮਿਲ ਜਾਣੀ ਸੀ। ਇਹੋ ਜਿਹੇ ਪਛਤਾਵੇ ਚੰਗੀ ਸੋਚ ਨਹੀਂ। ਸਾਨੂੰ ਆਪਣੀ ਇਮਾਨਦਾਰੀ 'ਤੇ ਖੁਸ਼ ਰਹਿਣਾ ਚਾਹੀਦਾ ਹੈ। ਕਿਸੇ ਨੂੰ ਵੀ ਪੂਰਨ ਤਸੱਲੀ ਨਸੀਬ ਨਹੀਂ ਹੁੰਦੀ।

ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ।
ਕਭੀ ਜ਼ਮੀਂ, ਕਭੀ ਆਸਮਾਨ ਨਹੀਂ ਮਿਲਤਾ।

ਭਾਰਤੀ ਸਮਾਜ ਆਮ ਕਰਕੇ, ਤੇ ਪੰਜਾਬੀ ਸਮਾਜ ਖਾਸ ਕਰਕੇ ਲੜਕੀਆਂ ਨੂੰ ਪੂਰਾ ਹੱਕ ਮਿਲਣ ਦੇ ਬਾਵਜੂਦ ਘਰ ਵਿਚ ਬੱਚੀਆਂ ਦੀ ਆਮਦ ਨੂੰ ਮੁੰਡਿਆਂ ਦੀ ਆਮਦ ਜਿਹੀ ਖੁਸ਼-ਆਮਦੀਦ ਨਹੀਂ ਕਹਿੰਦੇ। ਪੇਂਡੂ ਬਜ਼ੁਰਗ ਖਾਸ ਕਰਕੇ ਚੰਗੀਆਂ ਜ਼ਮੀਨਾਂ ਦੇ ਮਾਲਕ ਤਾਂ ਲੜਕੀਆਂ ਦੇ ਜਨਮ ਦਿਨ ਵੀ ਨਹੀਂ ਮਨਾਉਂਦੇ। ਇਹ ਬਹੁਤ ਨਿੰਦਣਯੋਗ ਧਾਰਨਾ ਹੈ। ਉਹ ਵੀ ਯਾਦ ਰੱਖਣ ਕਿ ਧੀਆਂ, ਪੋਤੀਆਂ ਅਤੇ ਦੋਹਤੀਆਂ ਬਜ਼ੁਰਗਾਂ ਨੂੰ ਵੱਧ ਪਿਆਰ ਦਿੰਦੀਆਂ ਹਨ। ਅੱਜ ਕੱਲ੍ਹ ਖੇਡਾਂ, ਇਮਤਿਹਾਨਾਂ, ਹਵਾਈ ਜਹਾਜ਼ਾਂ ਦੀਆਂ ਉਡਾਣਾਂ, ਨਾਸਾ ਦੇ ਪ੍ਰਿਥਵੀ ਦੁਆਲੇ ਚੱਕਰਾਂ; ਗੱਲ ਕੀ ਹਰ ਖੇਤਰ ਵਿਚ ਲੜਕੀਆਂ ਲੜਕਿਆਂ ਨਾਲੋਂ ਵੱਧ ਕੁਸ਼ਲਤਾ ਨਾਲ ਕੰਮ ਕਰ ਰਹੀਆਂ ਹਨ। ਬੇਅੰਤ ਬਜ਼ੁਰਗਾਂ ਦੇ ਆਖਰੀ ਸੁਆਸ ਧੀਆਂ ਦੇ ਘਰਾਂ ਵਿਚ ਹੀ ਪੂਰੇ ਹੁੰਦੇ ਹਨ। ਸੋ, ਧੀਆਂ ਪੁੱਤ ਸਭ ਕੁਦਰਤ ਦੀ ਬਖਸ਼ਿਸ਼ ਹਨ। ਖਿੜੇ ਮੱਥੇ ਇਨ੍ਹਾਂ ਦੀ ਆਮਦ ਨੂੰ ਸਵੀਕਾਰ ਕਰੋ ਅਤੇ ਬੁਢਾਪੇ ਨੂੰ ਪਛਤਾਵੇ ਦਾ ਮੰਜ਼ਰ ਨਾ ਬਣਾਓ।

ਕੁਝ ਸ਼ਖਸ ਸਾਰੀ ਉਮਰ ਤੰਦਰੁਸਤ ਰਹਿਣ ਕਰਕੇ ਵਧਦੀ ਉਮਰ ਵਿਚ ਛੋਟੀਆਂ-ਛੋਟੀਆਂ ਬਿਮਾਰੀਆਂ ਨੂੰ ਕਬੂਲ ਨਹੀਂ ਕਰਦੇ। ਉਨ੍ਹਾਂ ਨੂੰ ਇਹ ਝੋਰਾ ਬਹੁਤ ਪ੍ਰੇਸ਼ਾਨ ਕਰਦਾ ਹੈ। ਉਹ ਕਹਿੰਦੇ ਹਨ, ਮੇਰੀ ਨਿਗ੍ਹਾ ਕਿਉਂ ਘਟ ਗਈ, ਮੇਰੇ ਗੋਡੇ ਕਿਉਂ ਦੁਖਦੇ ਹਨ, ਮੈਨੂੰ ਕਬਜ਼ ਬਹੁਤ ਤੰਗ ਕਰਦੀ ਹੈ। ਗੱਲ ਕੀ, ਉਹ ਇਨ੍ਹਾਂ ਸਾਧਾਰਨ ਅਲਾਮਤਾਂ ਤੋਂ ਬਹੁਤ ਪ੍ਰੇਸ਼ਾਨ ਰਹਿੰਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਹ ਮੁਸ਼ਕਿਲਾਂ ਬੁਢਾਪੇ ਦੀਆਂ ਨਿਸ਼ਾਨੀਆਂ ਹਨ। ਇੱਕ ਦਾ ਇਲਾਜ ਕਰੋ, ਫਿਰ ਕੁਝ ਦੇਰ ਪਿਛੋਂ ਦੂਜੀ ਆ ਖਲੋਂਦੀ ਹੈ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਜੋ ਕਹਿੰਦੇ ਹਨ, ਉਸ ਦਾ ਭਾਵ ਇਹੀ ਹੈ ਕਿ ਜੇ ਵੱਡੀ ਉਮਰ ਨੂੰ ਕਿਸੇ ਤਰੀਕੇ ਨਾਲ ਦੂਰ ਕਰੋਗੇ ਤਾਂ ਕੋਈ ਹੋਰ ਭੇਸ ਧਾਰ ਕੇ ਸਾਹਮਣੇ ਆ ਜਾਵੇਗੀ। ਸੋ, ਐਵੇਂ ਔਖੇ ਨਾ ਹੋਵੋ, ਇਨ੍ਹਾਂ ਅਲਾਮਤਾਂ ਦਾ ਢੁਕਵਾਂ ਇਲਾਜ ਕਰਾਓ ਅਤੇ ਖੁਸ਼ ਰਹੋ। ਲੋੜੀਦੀਆਂ ਦਵਾਈਆਂ ਅਤੇ ਵਿਟਾਮਿਨ ਨੂੰ ਥੋੜ੍ਹੇ ਕੌੜੇ ਮੇਵੇ ਸਮਝ ਕੇ ਖਾ ਲਵੋ। ਇਹ ਨਿਮਾਣਾ ਜਿਹਾ ਲੇਖ ਸਿੱਧੇ ਸਾਦੇ ਬਜ਼ੁਰਗਾਂ ਦੇ ਜੀਵਨ ਵਿਚ ਮਾਯੂਸੀ ਦੀ ਥਾਂ ਖੇੜਾ ਲਿਆਉਣ ਦਾ ਉਪਰਾਲਾ ਹੈ। ਬੁੱਧੀਜੀਵੀ, ਵਿਦਵਾਨ ਅਤੇ ਉਚ ਪਦਵੀ ਦੇ ਸਾਹਿਤਕਾਰ ਇਨ੍ਹਾਂ ਸਾਧਾਰਨ ਦਲੀਲਾਂ ਨਾਲੋਂ ਬਹੁਤ ਉੱਚੇ ਹਨ। ਮੇਰੀ ਉਨ੍ਹਾਂ ਨੂੰ ਸਤਿਕਾਰ ਭਰੀ ਨਮਸਕਾਰ।

ਅੱਜ ਕੱਲ੍ਹ ਇਕ ਸਵਾਲ ਚਰਚਾ ਦਾ ਵਿਸ਼ਾ ਹੈ; ਉਹ ਹੈ- ਇਸ ਦੁਨੀਆ ਵਿਚ ਰਿਸ਼ਵਤ, ਬਦਅਮਨੀ ਅਤੇ ਬਹੁਤ ਅਣਸੁਖਾਵੀਂਆਂ ਘਟਨਾਵਾਂ ਦਾ ਬੋਲਬਾਲਾ ਹੈ। ਲੋਕਾਈ ਦਾ ਕੀ ਭਵਿੱਖ ਹੈ?

ਇਸ ਦਾ ਜਵਾਬ ਸੌਖਾ ਨਹੀਂ। ਫਿਰ ਵੀ ਹਰ ਕੋਈ ਆਪੋ-ਆਪਣਾ ਕਿਆਸ ਜ਼ਰੂਰ ਲਗਾਉਂਦਾ ਹੈ। ਮੇਰੀ ਤੁੱਛ ਬੁੱਧੀ ਅਨੁਸਾਰ ਸਭ ਕੁਝ ਸਮੇਂ ਨਾਲ ਠੀਕ ਹੋ ਜਾਵੇਗਾ। ਡਿਕਟੇਟਰਾਂ ਦਾ ਅੰਤ ਕਦੀ ਵੀ ਕੁਦਰਤੀ ਨਹੀਂ ਹੁੰਦਾ। ਕੋਈ ਹਵਾਈ ਜਹਾਜ਼ ਕਰੈਸ਼ ਵਿਚ ਮਰਦਾ ਹੈ, ਕਈਆਂ ਨੂੰ ਅੰਗ ਰੱਖਿਅਕ ਮਾਰ ਦਿੰਦੇ ਹਨ ਅਤੇ ਕਈ ਦੇਸ਼ ਤੋਂ ਭੱਜ ਜਾਂਦੇ ਹਨ। ਕਿਸੇ ਹੰਕਾਰੀ ਨੇ ਜਿੰਨੇ ਜ਼ੁਲਮ ਅਤੇ ਬੇਇਨਸਾਫੀ ਦੀ ਵਰਤੋਂ ਕੀਤੀ ਹੋਵੇ, ਉਤਨੀ ਹੀ ਉਸ ਦੇ ਜਾਣ ਪਿੱਛੋਂ ਜਨਤਾ ਸੂਝਵਾਨ ਅਤੇ ਸੰਵੇਦਨਸ਼ੀਲ ਹੁੰਦੀ ਹੈ। ਸਮੇਂ ਦੀ ਖੂਬੀ ਹੈ ਕਿ ਇਹ ਗੁਜ਼ਰ ਜਾਂਦਾ ਹੈ। ਬੁਰਾ ਹੋਵੇ ਜਾਂ ਭਲਾ ਹੋਵੇ। ਸੋ, ਚੜ੍ਹਦੀ ਕਲਾ ਵਿਚ ਰਹੀਏ:

ਰਾਤ ਜਿਤਨੀ ਭੀ ਸੰਗੀਨ ਹੋਗੀ
ਸੁਬ੍ਹਾ ਉਤਨੀ ਹੀ ਰੰਗੀਨ ਹੋਗੀ।

ਪਿਛਲੇ ਪੰਜ ਮਹੀਨਿਆਂ ਤੋਂ ਸ਼ੁਰੂ ਹੋਈ ਮੇਰੀ ਅੱਖ ਦੀ ਤਕਲੀਫ ਬਾਬਤ ਲਿਖਣ ਨੂੰ ਮਨ ਕਰ ਆਇਆ। ਡਾਕਟਰਾਂ ਦੀ ਬਹੁਤ ਚੰਗੀ ਰਹਿਨੁਮਾਈ ਹੈ। ਫਿਰ ਵੀ ਇਸ ਵਿਚ ਰੋਸ਼ਨੀ ਡਗਮਗਾ ਰਹੀ ਹੈ। ਇਸ ਲੰਮੀ ਉਮਰ ਵਿਚ ਇਨ੍ਹਾਂ ਅੱਖਾਂ ਨੇ ਬਹੁਤ ਰੰਗ ਦੇਖੇ ਹਨ। ਸਤਰੰਗੀ ਪੀਂਘ ਦੇ ਹੁਲਾਰੇ ਨੇ ਇਨ੍ਹਾਂ ਦੀਦਿਆਂ ਵਿਚ ਮਾਯੂਸੀ ਦੀ ਥਾਂ ਨਵੀਂ ਨਰੋਈ ਤਾਕਤ ਬਖਸ਼ੀ ਹੈ। ਇਹ ਦਿਲ ਨੂੰ ਕਹਿ ਰਹੀਆਂ ਹਨ ਕਿ ਤੈਨੂੰ ਅਤੇ ਸਾਨੂੰ ਕੁਦਰਤ ਨੇ ਜੀਵਨ ਤੇਲ ਦੀ ਦਾਤਿ ਦਿੱਤੀ ਹੈ। ਕਿਸ ਵਿਚ ਇਹ ਤੇਲ ਪਹਿਲਾਂ ਮੁੱਕ ਜਾਵੇ, ਇਹ ਉਪਰ ਵਾਲਾ ਜਾਣੇ।

ਅਸੀਂ ਬਹੁਤ ਭਰੋਸੇ ਨਾਲ ਕਹਿੰਦੀਆਂ ਹਾਂ-
ਐ ਦਿਲੇ-ਨਾਦਾਂ, ਐ ਦਿਲੇ-ਬੇਖਬਰ,
ਐ ਦਿਲੇ-ਬੇਕਰਾਰ
ਇਹ ਦੀਪ ਬੁਝਦੇ ਜਗਦੇ
ਤੇਰੇ ਨਾਲ ਰੋਂਦੇ ਹੱਸਦੇ
ਤੇਰੇ ਸੰਗ ਫਿਰਦੇ ਤੁਰਦੇ
ਤੈਨੂੰ ਰੱਜ ਕੇ ਪਿਆਰ ਕਰਦੇ

ਜੇ ਤੈਥੋਂ ਰੁਖਸਤ ਮੰਗ ਲੈਣ, ਸਾਡੀ ਇਲਤਜਾ (ਬੇਨਤੀ) ਹੈ ਕਿ ਇਨ੍ਹਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਭਰੀ ਅਲਵਿਦਾ ਕਹੀਂ ਅਤੇ ਚੜ੍ਹਦੀ ਕਲਾ ਵਿਚ ਰਹੀਂ।

ਅੰਤ ਵਿਚ ਮੇਰਾ ਇਸ ਕਮਜ਼ੋਰ ਹੋ ਰਹੀ ਨਜ਼ਰ ਨੂੰ ਸਲਾਮ!

---

## ਮਿਲਣ ਦੀਆਂ ਮੁਰਾਦਾਂ

*(ਪਿਛਲੇ ਸਫੇ ਦੀ ਬਾਕੀ)*

ਨਹੀਂ ਰਮਾ ਸਕਿਆ
ਨਹੀਂ ਸਮਾ ਸਕਿਆ
ਕਿਸੇ ਨੇ ਨਹੀਂ ਕਿਆਸਿਆ
ਨਾ ਹੀ ਕਿਸੇ ਲੋਚਿਆ
ਨਾ ਹੀ ਸੋਚਿਆ
ਤੇ ਨਾ ਹੀ ਚਿਤਵਿਆ।

ਮਿਲਾਂਗੇ ਸੱਜਣ
ਜਿਵੇਂ ਸਰੀਰ ਨੂੰ ਸਾਹ
ਮੰਜ਼ਿਲਾਂ ਨੂੰ ਰਾਹ
ਅੱਖਰਾਂ ਵਿਚ ਸ਼ਬਦ
ਸ਼ਬਦਾਂ ਵਿਚ ਅਰਥ
ਅਤੇ ਅਰਥਾਂ ਵਿਚ ਲੋਅ।

ਮਿਲਾਂਗੇ ਸੱਜਣ ਕੁਝ ਇਸ ਤਰ੍ਹਾਂ ਕਿ
ਇਹ ਖੁਦੀ ਨੂੰ ਮਿਟਾਉਣ ਦਾ ਮੂਲ-ਮੰਤਰ ਬਣੇ।

ਸੱਜਣਾ!
ਮਿਲ ਕੇ ਗੱਲਾਂ ਬਹੁਤ ਕਰਨੀਆਂ
ਮੰਡ ਵਿਚ ਚਾਰੇ ਪਸ਼ੂ
ਬਿਆਸ 'ਚ ਲਾਈਆਂ ਤਾਰੀਆਂ
ਕੱਚੀ-ਪੱਕੀ ਦੇ ਸਕੂਲ
ਡੋਬਾ ਲੈਣ ਤੋਂ ਹੋਈ ਲੜਾਈ
ਕੈਂਚੀ ਸਾਈਕਲ ਚਲਾਉਣ ਤੋਂ
ਮੱਡਗਾਰਡ 'ਤੇ ਕੀਤੀ ਸਵਾਰੀ
ਕਾਰ ਤੋਂ ਹਵਾਈ ਸਫਰ
ਸੁਪਨਿਆਂ ਦੀ ਚੀਸ ਤੋਂ
ਸੁਪਨ-ਸੱਚ ਦੀ ਜੂਹ
ਪਿੰਡ ਤੋਂ ਮਹਾਂਨਗਰ ਦੀ
ਤੇ ਦੇਸ਼ ਤੋਂ ਵਿਦੇਸ਼ ਦੀ
ਸਿੱਕਲੀਗਰੀ ਦੀਆਂ
ਅਤੇ
ਗੱਲਾਂ ਵਿਚ ਹੀ ਬੀਤ ਜਾਵੇਗਾ
ਉਮਰ ਦਾ ਬਾਕੀ ਪੈਂਡਾ।

ਇਹ ਮਿਲਣਾ
ਯਾਦਾਂ ਦੀਆਂ ਤਹਿਆਂ ਫਰੋਲਦਿਆਂ
ਤੇ ਅੰਤਰੀਵ ਦੀ ਪਰਿਕਰਮਾ ਕਰਦਿਆਂ
ਰੂਹ ਤੋਂ ਰੂਹ ਤੀਕ ਦਾ ਮੁਹੱਬਤਨਾਮਾ ਹੋਵੇਗਾ।

ਕਈ ਵਾਰ ਅਜਿਹੀ ਹਾਲਾਤ ਵੀ ਹੁੰਦੀ ਕਿ ਮਿਲਣੀ ਦੀ ਬੇਉਮੀਦੀ ਵਿਚੋਂ ਵੀ ਕਦੇ ਕਦਾਈਂ ਕਿਸੇ ਲਿਸ਼ਕੋਰ ਦਾ ਭੁਲੇਖਾ ਪੈਂਦਾ। ਇਸ ਦੀ ਉਡੀਕ ਵਿਚ ਇੰਤਜ਼ਾਰ ਕਰਦਾ ਕਰਦਾ ਵਿਅਕਤੀ, ਚਾਂਦੀ ਰੰਗੇ ਵਾਲਾਂ ਵਿਚ ਹੱਥ ਫੇਰਨ ਲਈ ਮਜ਼ਬੂਰ ਹੋ ਜਾਂਦਾ।

ਦਿਲਦਾਰ ਨਾਲ ਮੁਲਾਕਾਤ ਕਰਨ ਲਈ ਤਾਂ ਕਈ ਵਾਰ ਬੰਦਾ ਮੌਤ ਨੂੰ ਠਹਿਰ ਜਾਣ ਲਈ ਕਹਿ ਦਿੰਦਾ, ਕਿਉਂਕਿ ਇੰਤਜ਼ਾਰ ਵਿਚ ਉਸ ਦੀ ਰੂਹ ਕੂਕਦੀ ਕਿ ਕਰਨੀ ਯਾਰ ਦੇ ਦਰੀਂ ਜ਼ਿਆਰਤ ਬਾਕੀ ਹੈ। ਸਾਂਝੇ ਯਾਰ ਨਾਲ ਕਰਨੇ ਜਜ਼ਬਾਤ ਬਾਕੀ ਹੈ। ਯਾਰ ਦੇ ਦਰਾਂ ਦੀ ਕਰਨੀ ਸਦਾਕਤ ਬਾਕੀ ਏ। ਯਾਰ ਨਾਲ ਕਰਨੀ ਕੌਲ-ਏ-ਕਰਾਮਾਤ ਬਾਕੀ ਏ। ਮੇਰੀ ਸੱਜਣ ਨਾਲ ਤਾਂ ਇਕ ਮੁਲਾਕਾਤ ਬਾਕੀ ਹੈ। ਮੌਤ ਆਈਂ ਏ ਤਾਂ ਜਰਾ ਕੁ ਠਹਿਰ ਜਾ, ਯਾਰ ਦੇ ਸਾਥ 'ਚ ਬਿਤਾਉਣੀ ਇਕ ਚਾਨਣੀ ਰਾਤ ਏ।

ਮਿਲਣਾ, ਮਨਮਰਜੀ, ਮੁਹੱਬਤ, ਮੋਹ ਅਤੇ ਮੌਜ ਦਾ ਮੰਦਰ। ਇਹ ਮੰਦਰ ਸਾਡੇ ਅੰਦਰ; ਪਰ ਅਸੀਂ ਕਦੇ ਵੀ ਇਸ ਵਿਚ ਨਹੀਂ ਬੈਠਦੇ ਅਤੇ ਨਾ ਹੀ ਖੁਦ ਦੀ ਅਰਾਧਨਾ ਕਰਦੇ। ਕਦੇ ਇਸ ਵਿਚ ਬੈਠ ਕੇ ਜੀਵਨ-ਮੰਤਰ ਉਚਾਰਨਾ, ਜੀਵਨ ਦੀ ਸੋਝੀ ਤੇ ਸਿਆਣਪ ਚਹੁੰ ਕੁੰਟਾਂ ਵਿਚ ਗੂੰਜੇਗੀ। ਇਸ ਧੁਨੀ ਵਿਚੋਂ ਤੁਸੀਂ ਪਰਮ ਮਨੁੱਖ ਬਣਨ ਵੱਲ ਚੇਤਨਾ ਨੂੰ ਪ੍ਰਵਰਤਿੱਤ ਕਰੋਗੇ ਅਤੇ ਤੁਹਾਡੀ ਮਾਨਸਿਕ ਉਤੇਜਨਾ ਨੂੰ ਨਵਾਂ ਹੁਲਾਰ ਅਤੇ ਹੁਲਾਸ ਮਿਲੇਗਾ।

# ਸਮਾਲਸਰ ਮੇਰਾ ਪਿੰਡ: ਜੱਗੀ ਬਰਾੜ ਸਮਾਲਸਰ


ਪੰਜਾਬੀ ਖੇਡ ਸਾਹਿਤ 57



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਉਹ ਪੁੱਛਦੇ ਧੀਏ, ਨਾਂ ਨਾਲ ਤੂੰ ਅਜੇ ਵੀ
ਆਪਣੇ ਪਿੰਡ ਦਾ ਕਿਉਂ ਲਿਖਦੀ ਹੈਂ ਨਾਂ?
ਮੈਂ ਇਸ ਕਰਕੇ ਪਿੰਡ ਦਾ ਲਿਖਦੀ ਹਾਂ ਨਾਂ
ਕੋਈ ਮੈਨੂੰ ਵੀ ਕਰੇਗਾ ਮਰਨ ਬਾਅਦ ਯਾਦ
ਮੇਰੇ ਬਾਪ ਦਾ ਵੀ ਲਵੇਗਾ ਹੋਰਨਾਂ ਵਾਂਗ ਨਾਂ
ਮੇਰੇ ਹੱਥ ਤਾਂ ਕਲਮ ਹੈ, ਨਹੀਂ ਕੋਈ ਜਰੀਬ
ਹਰਫਾਂ ਨਾਲ ਮੈਂ ਚਾਹਾਂ ਰਹਿਣਾ ਥੋੜੇ ਕਰੀਬ
ਇਸੇ ਕਰਕੇ ਅਤੇ ਬੱਸ ਇਸੇ ਕਰਕੇ 'ਜੱਗੀ'
ਆਪਣੇ ਨਾਂ ਨਾਲ ਸਮਾਲਸਰ ਦਾ ਲਿਖਦੀ ਨਾਂ।

ਸਚਿੱਤਰ ਪੁਸਤਕ 'ਸਮਾਲਸਰ ਮੇਰਾ ਪਿੰਡ' ਬੀਬੀ ਜੱਗੀ ਬਰਾੜ ਸਮਾਲਸਰ ਵੱਲੋਂ ਆਪਣੇ ਬਾਬਲ ਪਿੰਡ ਨੂੰ ਭੇਟ ਕੀਤਾ ਅਨਮੋਲ ਤੋਹਫਾ ਹੈ। ਪਿੰਡ ਦੀਆਂ ਅਗਲੀਆਂ ਪਿਛਲੀਆਂ ਪੀੜ੍ਹੀਆਂ ਲਈ ਆਪਣਾ ਇਤਿਹਾਸਕ ਖਜਾਨਾ! ਬਰੈਂਪਟਨ ਵਿਚ ਇਹ ਪੁਸਤਕ ਰਿਲੀਜ਼ ਕਰਦਿਆਂ ਮੈਨੂੰ ਸਮਾਲਸਰ ਦੇ ਗੁਆਂਢੀ ਪਿੰਡ ਰੋਡੇ ਦਾ ਟੂਰਨਾਮੈਂਟ ਯਾਦ ਆ ਗਿਆ, ਜੋ ਮੈਂ ਚੜ੍ਹਦੀ ਜੁਆਨੀ 'ਚ ਵੇਖਿਆ ਸੀ। ਉਦੋਂ ਉਹ ਪੰਜਾਬ ਦਾ ਅੱਵਲ ਨੰਬਰ ਪੇਂਡੂ ਟੂਰਨਾਮੈਂਟ ਗਿਣਿਆ ਜਾਂਦਾ ਸੀ। ਉਥੇ ਰੋਡਿਆਂ ਦੇ ਇਕ ਬਾਬੇ ਨੇ ਪੈਰਾਂ ਤਕ ਲੰਮੀ ਦਾੜ੍ਹੀ ਨਾਲ ਸਟੇਡੀਅਮ ਦਾ ਗੇੜਾ ਲਾਇਆ ਸੀ। ਮਾਈਕ ਤੋਂ ਕਿਹਾ ਜਾ ਰਿਹਾ ਸੀ, 'ਦੇਖੋ ਸਾਡੇ ਬਜ਼ੁਰਗਾਂ ਦੀਆਂ ਦਾੜ੍ਹੀਆਂ ਕਿੰਨੀਆਂ ਲੰਮੀਆਂ, ਪਰ ਲੋਕ ਸਾਨੂੰ ਫੇਰ ਵੀ ਰੋਡੇ ਭੋਡੇ ਕਹੀ ਜਾਂਦੇ ਐ!' ਪਿੱਛੋਂ ਰੋਡਿਆਂ ਦੇ ਹੀ ਜੰਮਪਲ ਜਰਨੈਲ ਸਿੰਘ ਬਰਾੜ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਣੇ। ਨਾਲ ਦਾ ਪਿੰਡ ਲੰਡੇ ਵੀ ਮੈਨੂੰ ਯਾਦ ਆ ਗਿਆ। ਰਾਜੇਆਣਾ, ਮੱਲਕੇ ਤੇ ਵੈਰੋਕਿਆ ਦੇ ਕਬੱਡੀ ਖਿਡਾਰੀ ਯਾਦ ਆਏ, ਜਿਹੜੇ ਰੋਡਿਆਂ ਦੇ ਟੂਰਨਾਮੈਂਟ ਨੂੰ ਰੰਗ ਭਾਗ ਲਾਉਂਦੇ ਰਹੇ। ਫਿਰ ਮੈਂ ਤਖਤੂਪੁਰੇ ਦੇ ਟੂਰਨਾਮੈਂਟ ਦੀਆਂ ਯਾਦਾਂ 'ਚ ਖੋ ਗਿਆ ਤੇ ਸੱਤਰ ਸਾਲ ਪਿੱਛੇ 1950ਵਿਆਂ ਵਿਚ ਪੁੱਜ ਗਿਆ...।

ਮੈਂ ਪਹਿਲਾ ਟੂਰਨਾਮੈਂਟ ਤਖਤੂਪੁਰੇ ਦੇ ਮੇਲੇ ਵਿਚ ਵੇਖਿਆ ਸੀ। ਫਿਰ ਸੱਠਾਂ ਸਾਲਾਂ ਦਾ ਹੋ ਕੇ ਆਪਣੀ ਪੁਸਤਕ 'ਖੇਡ ਜਗਤ ਦੀਆਂ ਬਾਤਾਂ' ਵਿਚ ਲਿਖਿਆ: ਹੁਣ ਤਾਂ ਲੰਡਨ ਦੀ ਚੰਡੋਲ ਦਾ ਝੂਟਾ ਵੀ ਲੈ ਲਿਆ ਤੇ ਟੋਰਾਂਟੋ ਦੇ ਸੀ. ਐੱਨ. ਐੱਨ. ਟਾਵਰ 'ਤੇ ਚੜ੍ਹ ਕੇ ਵੀ ਵੇਖ ਲਿਐ। ਨਿੱਕੇ ਹੁੰਦਿਆਂ ਗੁਰਦਵਾਰੇ ਦੀ ਤੀਜੀ ਮੰਜ਼ਿਲ 'ਤੇ ਚੜ੍ਹ ਕੇ ਤਖਤੂਪੁਰੇ ਦਾ ਮੇਲਾ ਵੇਖਣਾ ਹੀ ਵੱਡੀ ਮੱਲ ਮਾਰਨਾ ਸੀ। ਉਹ ਮੇਲਾ ਸਾਡੇ ਲਈ ਖੁਸ਼ੀਆਂ ਦਾ ਸਰਚਸ਼ਮਾ ਸੀ। ਉਥੇ ਚਕਰਚੂੰਡੇ ਸਨ, ਝੂਟੇ ਮਾਟੇ ਸਨ ਤੇ ਖਾਣ-ਪੀਣ ਲਈ ਗੰਨਿਆਂ ਦੇ ਰਹੁ ਤੋਂ ਲੈ ਕੇ ਲੱਡੂ ਬਰਫੀਆਂ ਤੇ ਗਰਮ ਕਰਾਰੇ ਪਕੌੜੇ ਸਨ। ਅਸੀਂ ਬੱਚਿਆਂ ਨੇ ਕਈ ਕਈ ਮਹੀਨੇ ਉਸ ਮੇਲੇ ਨੂੰ ਉਡੀਕਦੇ ਰਹਿਣਾ। ਹੁਣ ਛੇ ਮਹੀਨੇ ਰਹਿ'ਗੇ, ਹੁਣ ਚਾਰ, ਹੁਣ ਇਕ ਤੇ ਬੱਸ ਹੁਣ ਗਿਣਤੀ ਦੇ ਦਿਨ।

ਉਦੋਂ ਸਾਡੇ ਘਰਾਂ 'ਚ ਨਾ ਕੋਈ ਰੇਡੀਓ ਹੁੰਦਾ ਸੀ, ਨਾ ਟੇਪ ਰਿਕਾਰਡ ਤੇ ਨਾ ਕੋਈ ਇਹੋ ਜਿਹਾ ਹੋਰ ਯੰਤਰ। ਟੀਵੀਆਂ-ਸ਼ੀਵੀਆਂ ਬੜੀ ਦੇਰ ਬਾਅਦ ਆਈਆਂ ਤੇ ਮੋਬਾਈਲ ਫੋਨ ਤਾਂ ਸੁਫਨੇ ਵਿਚ ਵੀ ਨਹੀਂ ਸਨ। ਸਾਡਾ ਬਚਪਨ ਚੰਨ-ਚਾਨਣੀਆਂ 'ਚ ਖੇਡਿਆ ਤੇ ਧੁੱਪਾਂ 'ਚ ਪੱਕਿਆ। ਅਸੀਂ ਧੂਣੀਆਂ ਸੇਕੀਆਂ ਤੇ ਚੁੱਲ੍ਹਿਆਂ ਦਾ ਨਿੱਘ ਮਾਣਿਆ। ਤਖਤੂਪੁਰੇ ਦੇ ਮੇਲੇ 'ਚੋਂ ਚੁਰਾਏ ਚਿੱਠੇ ਅਸੀਂ ਦੀਵਿਆਂ ਦੀ ਲੋਅ 'ਚ ਚੋਰੀ ਚੋਰੀ ਪੜ੍ਹਦੇ। ਪਿੰਡ 'ਚ ਇਕੋ ਲਾਊਡ ਸਪੀਕਰ ਹੁੰਦਾ ਸੀ, ਜੀਹਦੇ 'ਚੋਂ ਤਵੇ ਗੂੰਜਦੇ: ਕਲਹਿਰੀਆ ਮੋਰਾ ਵੇ ਮੈਂ ਨਾ ਤੇਰੇ ਰਹਿੰਦੀ; ਸਾਡੇ ਬਾਹਰੇ ਭਿੱਜ'ਗੇ ਚਰਖੇ, ਭਿੱਜ ਗਈਆਂ ਨਣਾਨੇ ਪੂਣੀਆਂ; ਭਰਿਆ ਤ੍ਰਿੰਜਣ ਛੱਡ ਜਾਣਾ ਚਿੱਠੀ ਆ'ਗੀ ਜ਼ੋਰਾਵਰ ਦੀ...।

ਤੀਜੀ ਚੌਥੀ 'ਚ ਪੜ੍ਹਦੇ ਅਸੀਂ ਤ੍ਰਿੰਜਣ ਨੂੰ ਇੰਜਣ ਈ ਸਮਝਦੇ, ਜੋ ਆਟਾ ਪੀਹਣ ਵਾਲੀ ਚੱਕੀ 'ਤੇ ਲੱਗਾ ਹੁੰਦਾ ਸੀ! ਲੋਹੜੀ ਤੋਂ ਅਗਲੇ ਦਿਨ ਅਸੀਂ ਮਾਘੀ ਨਹਾਉਣ ਜਾਂਦੇ। ਸਾਡੀ ਨਿੱਕੇ ਯਾਰ ਬੇਲੀਆਂ ਦੀ ਅੱਡ ਟੋਲੀ ਹੁੰਦੀ। ਉਦੋਂ ਖੇਤਾਂ ਵਿਚ ਦੀ ਵਿੰਗ ਟੇਢ ਖਾਂਦੀ ਇਕ ਡੰਡੀ ਜਾਂਦੀ ਹੁੰਦੀ ਸੀ, ਜੀਹਦੇ ਲਾਂਭ ਚਾਂਭ ਸਰ੍ਹਵਾਂ ਦੇ ਪੀਲੇ ਫੁੱਲ ਖਿੜੇ ਹੁੰਦੇ। ਸਾਡੇ ਖੀਸਿਆਂ 'ਚ ਪਾਈ ਭਾਨ ਛਣਕਦੀ, ਜੀਹਦੇ ਨਾਲ ਹਾਸੇ ਵੀ ਛਣਕਦੇ। ਢਾਣੀਆਂ ਦੀਆਂ ਢਾਣੀਆਂ, ਡੰਡੀਓ-ਡੰਡੀ ਤੇ ਵੱਟੋ-ਵੱਟ ਪਈਆਂ ਤਖਤੂਪੁਰੇ ਨੂੰ ਤੁਰੀਆਂ ਜਾਂਦੀਆਂ। 'ਗਾਂਹਾਂ ਮੇਲੇ ਵਿਚ ਗਰਦਾਂ ਉਡਦੀਆਂ, ਲਾਊਡ ਸਪੀਕਰ ਗੂੰਜਦੇ, ਗੁੰਬਦਾਂ ਦੇ ਕਲਸ ਲਿਸ਼ਕਦੇ ਤੇ ਮੈਚਾਂ ਦੀਆਂ ਵਿਸਲਾਂ ਵੱਜਦੀਆਂ। ਮੈਂ ਉਨ੍ਹਾਂ ਵਿਸਲਾਂ ਵੱਲ ਖਿੱਚਿਆ ਜਾਂਦਾ ਤੇ ਘੰਟਿਆਂ ਬੱਧੀ ਖੇਡਾਂ ਖਿਡਾਰੀਆਂ ਨੂੰ ਵੇਖਦਾ ਰਹਿੰਦਾ। ਮੇਰੇ ਨਾਲ ਦੇ ਸਾਥੀ ਸਾਰਾ ਮੇਲਾ ਵੇਖ ਕੇ ਮੈਨੂੰ ਉਥੋਂ ਈ ਆ ਨਾਲ ਰਲਾਉਂਦੇ। ਮੁੜਦਿਆਂ ਮੈਂ ਅੱਖੀਂ ਡਿੱਠੇ ਮੈਚਾਂ ਦੀਆਂ ਗੱਲਾਂ ਸੁਣਾਉਂਦਾ ਆਉਂਦਾ।

ਤਖਤੂਪੁਰੇ ਦੇ ਮੇਲੇ, ਰੋਡੇ ਦੇ ਟੂਰਨਾਮੈਂਟ ਤੇ ਕਿਲਾ ਰਾਇਪੁਰ ਦੀਆਂ ਖੇਡਾਂ ਵੇਖਦਿਆਂ ਜੋ ਪ੍ਰਭਾਵ ਮੇਰੇ ਬਾਲ ਮਨ 'ਤੇ ਪਏ, ਉਹੀ ਸਮੇਂ ਨਾਲ ਮੈਨੂੰ ਖੇਡ ਲੇਖਕ ਤੇ ਖੇਡ ਬੁਲਾਰਾ ਬਣਾਉਣ 'ਚ ਨਮੂਦਾਰ ਹੋਏ। ਜੱਗੀ ਬਰਾੜ ਦੀ ਪੁਸਤਕ ਪੜ੍ਹਦਿਆਂ ਮੈਨੂੰ ਬਚਪਨ ਦੀਆਂ ਅਨੇਕਾਂ ਯਾਦਾਂ ਆਈਆਂ। ਬਚਪਨ ਭਾਵੇਂ ਕਿੰਨਾ ਵੀ ਮੰਦੇ ਹਾਲੀਂ ਗੁਜ਼ਰਿਆ ਹੋਵੇ, ਮਾਪਿਆਂ ਤੇ ਮਾਸਟਰਾਂ ਤੋਂ ਭਾਵੇਂ ਕਿੰਨੀ ਵੀ ਕੁੱਟ ਖਾਧੀ ਹੋਵੇ, ਯਾਦ ਕਰ ਕੇ ਹੁਲਾਰਾ ਆ ਹੀ ਜਾਂਦੈ! ਮਨੋਵਿਗਿਆਨੀ ਦਸਦੇ ਹਨ ਕਿ ਮਨੁੱਖ ਵਰਤਮਾਨ ਤੋਂ ਅਸੰਤੁਸ਼ਟ ਰਹਿੰਦੈ ਤੇ ਭੂਤਕਾਲ ਜਾਂ ਭਵਿੱਖ 'ਚੋਂ ਰੂਹ ਦਾ ਰੱਜ ਭਾਲਦੈ। ਤਦੇ ਕਿਹਾ ਜਾਂਦੈ ਕਿ ਪੁਰਾਣੇ ਦੀ ਰੀਸ ਨਵਾਂ ਕਿਥੇ ਕਰ-ਲੂ ਜਾਂ ਫੇਰ ਗਾਰਗੀ ਦੇ ਇਕ ਨਾਟਕ ਵਿਚ ਸੀਰੀ ਦੇ ਕਹਿਣ ਵਾਂਗ 'ਬੇਹੇ ਕੜਾਹ ਦੀ ਰੀਸ ਸੱਜਰਾ ਕਿਥੋਂ ਕਰ-ਲੂ'!

1960 'ਚ ਗਿਆਨੀ ਗੁਰਦਿੱਤ ਸਿੰਘ ਨੇ 'ਮੇਰਾ ਪਿੰਡ' ਨਾਂ ਦੀ ਕਿਤਾਬ ਲਿਖੀ ਸੀ, ਜੋ ਪਾਠਕਾਂ ਵਿਚ ਬੜੀ ਮਕਬੂਲ ਹੋਈ। ਉਵੇਂ ਹੀ ਜੱਗੀ ਬਰਾੜ ਸਮਾਲਸਰ ਨੇ 'ਸਮਾਲਸਰ ਮੇਰਾ ਪਿੰਡ' ਲਿਖੀ ਹੈ। ਗਿਆਨੀ ਜੀ ਨੇ 'ਮੇਰਾ ਪਿੰਡ' ਪੁਸਤਕ ਵਿਚ ਆਪਣੇ ਪਿੰਡ ਵਾਸੀਆਂ ਰਾਹੀਂ ਪੰਜਾਬੀਆਂ ਦਾ ਪੁਰਾਣਾ ਸਭਿਆਚਾਰ ਵਿਖਾਇਆ, ਜਦ ਕਿ ਜੱਗੀ ਬਰਾੜ ਦਾ ਜ਼ੋਰ ਸਮਾਲਸਰ ਦੇ ਪਿਛੋਕੜ ਅਤੇ ਸਮਾਲਸਰੀਆਂ ਦੀ ਵਿਅਕਤੀਗਤ ਸੂਚਨਾ ਦੇਣ ਉਪਰ ਹੈ। ਇਹ ਕੁਝ ਕਰਦਿਆਂ ਜੱਗੀ ਬਰਾੜ ਨੇ ਸਮਾਲਸਰ ਨਾਲ ਲੱਗਦੇ ਪਿੰਡਾਂ ਦੇ ਦਰਸ਼ਨ ਵੀ ਕਰਵਾ ਦਿੱਤੇ ਹਨ। ਤਦੇ ਮੈਨੂੰ ਉਨ੍ਹਾਂ ਪਿੰਡਾਂ 'ਚੋਂ ਰੋਡਿਆਂ ਦਾ ਟੂਰਨਾਮੈਂਟ ਯਾਦ ਆਇਆ, ਜੋ ਮੇਰੀ ਲੇਖ ਲੜੀ ਦਾ ਵਿਸ਼ਾ ਹੈ।

ਇਸ ਤੋਂ ਪਹਿਲਾਂ ਕਿ ਖੇਡਾਂ ਖਿਡਾਰੀਆਂ ਦੀ ਗੱਲ ਕਰੀਏ, ਜੱਗੀ ਬਰਾੜ ਦੀ ਜਾਣ-ਪਛਾਣ ਕਰਾਉਣੀ ਜ਼ਰੂਰੀ ਹੈ। ਜੱਗੀ ਬਰਾੜ ਮੂਲ ਰੂਪ ਵਿਚ ਕਵਿੱਤਰੀ ਹੈ, ਜਿਸ ਨੇ ਕਾਲਜ ਵਿਚ ਪੜ੍ਹਦਿਆਂ ਡਾਇਰੀ ਲਿਖਣ ਦਾ ਸ਼ੌਕ ਪਾਲਿਆ ਤੇ ਕਵਿਤਾ ਲਿਖਣੀ ਸ਼ੁਰੂ ਕੀਤੀ। ਉਸ ਦੀ ਪਹਿਲੀ ਪੁਸਤਕ 'ਉਹਦੀ ਡਾਇਰੀ ਦੇ ਪੰਨੇ' 1988 'ਚ ਛਪੀ। 2014 ਵਿਚ ਉਸ ਦਾ ਕਾਵਿ ਸੰਗ੍ਰਹਿ 'ਕਸਤੂਰੀ' ਛਪਿਆ ਤੇ 2016 ਵਿਚ ਕਾਵਿ ਸੰਗ੍ਰਹਿ 'ਵੰਝਲੀ' ਵਜੂਦ ਵਿਚ ਆਇਆ। ਫਿਰ ਉਸ ਨੇ ਪੀਐਚ.ਡੀ. ਦਾ ਖੋਜ ਪ੍ਰਬੰਧ ਲਿਖਣ ਵਾਂਗ ਕਈ ਸਾਲ ਸਮਾਲਸਰ ਦੀ ਇਤਿਹਾਸਕ ਖੋਜ ਕਰਨ ਤੇ ਸਮਾਲਸਰੀਆਂ ਦੇ ਅਨੇਕਾਂ ਵੇਰਵੇ ਇਕੱਤਰ ਕਰਨ 'ਤੇ ਲਾਏ, ਜਿਸ ਦੇ ਫਲਸਰੂਪ 2020 ਵਿਚ 372 ਸਫਿਆਂ ਦੀ ਵੱਡਅਕਾਰੀ ਪੁਸਤਕ 'ਸਮਾਲਸਰ ਮੇਰਾ ਪਿੰਡ' ਵਜੂਦ ਵਿਚ ਆਈ।


ਸਮਾਲਸਰ ਜੱਗੀ ਦਾ ਜੱਦੀ ਪੁਸ਼ਤੀ ਪੇਕਾ ਪਿੰਡ ਹੈ। ਉਸ ਦਾ ਜਨਮ 18 ਅਗਸਤ 1968 ਨੂੰ ਉਹਦੇ ਨਾਨਕੇ ਪਿੰਡ ਢੁੱਡੀਕੇ ਵਿਚ ਹੋਇਆ। ਲਾਲਾ ਲਾਜਪਤ ਰਾਏ ਦਾ ਜਨਮ ਵੀ ਆਪਣੇ ਨਾਨਕੇ ਪਿੰਡ ਢੁੱਡੀਕੇ ਵਿਚ ਹੀ ਹੋਇਆ ਸੀ। ਜੱਗੀ ਬਰਾੜ ਨੇ ਦਸਵੀਂ ਤਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਸਮਾਲਸਰ ਤੇ ਬੀ. ਏ. ਦੀ ਪੜ੍ਹਾਈ ਗੁਰੂ ਨਾਨਕ ਸਰਕਾਰੀ ਕਾਲਜ ਗੁਰੂ ਤੇਗ ਬਹਾਦਰਗੜ੍ਹ (ਰੋਡੇ) ਤੋਂ ਕੀਤੀ। ਨਾਲ ਹੀ ਪਿੰਡ ਲੰਡੇ ਲੱਗਦਾ ਹੈ, ਜਿਸ ਦਾ ਨਾਂ ਬਦਲ ਕੇ ਹਰਗੋਬਿੰਦਪੁਰ ਰੱਖ ਲਿਆ ਗਿਆ ਹੈ। ਜੌੜੇ ਪਿੰਡਾਂ ਦੇ ਨਾਂ ਬੇਸ਼ਕ ਗੁਰੂ ਤੇਗ ਬਹਾਦਰਗੜ੍ਹ ਤੇ ਹਰਗੋਬਿੰਦਪੁਰ ਰੱਖ ਲਏ ਗਏ ਹਨ, ਪਰ ਇਨ੍ਹਾਂ ਪਿੰਡਾਂ ਦੀ ਪਛਾਣ ਅਜੇ ਵੀ ਰੋਡੇ-ਲੰਡੇ ਕਰਕੇ ਹੀ ਹੁੰਦੀ ਹੈ! ਲੰਡੇ ਬਾਰੇ ਤਾਂ ਸੁਦਾਗਰ ਸਿੰਘ ਬਰਾੜ ਨੇ ਕਿਤਾਬ ਵੀ ਲਿਖੀ ਹੈ, ਜਿਸ ਦਾ ਨਾਂ 'ਢਾਈ ਸਦੀਆਂ ਦਾ ਹਾਣੀ ਪਿੰਡ ਲੰਡੇ' (ਹਰਿਗੋਬਿੰਦਪੁਰ) ਰੱਖਿਆ ਹੈ। ਉਸ ਦੇ ਮੁੱਢਲੇ ਸ਼ਬਦ ਹਨ: ਇਤਿਹਾਸ ਲਿਖਣਾ ਇਕ ਮੁਸ਼ਕਿਲ ਤੇ ਜ਼ੋਖਮ ਭਰਿਆ ਕਾਰਜ ਹੈ। ਇਤਿਹਾਸ ਤੱਥਾਂ 'ਤੇ ਨਿਰਭਰ ਹੁੰਦਾ ਹੈ ਅਤੇ ਤੱਥ ਇਕੱਠੇ ਕਰ ਕੇ, ਤਰਤੀਬ ਵਿਚ ਲਿਖਣ ਨੂੰ ਇਤਿਹਾਸ ਕਿਹਾ ਜਾਂਦਾ ਹੈ। ਇਤਿਹਾਸ ਪੂਰਾ ਸੱਚ ਹੋਣ ਕਰਕੇ ਇਸ ਨੂੰ ਜ਼ਬਤਬੱਧ ਸ਼ੈਲੀ ਵਿਚ ਲਿਖਣਾ ਪੈਂਦਾ ਹੈ। ਜ਼ੋਖਮ ਭਰੇ ਅਜਿਹੇ ਕਾਰਜ ਨੂੰ ਲਿਖਣ ਜਾਂ ਹੱਥ ਪਾਉਣ ਤੋਂ ਸਾਡੇ ਬੁੱਧੀਜੀਵੀ ਅਕਸਰ ਪਾਸਾ ਵੱਟਦੇ ਹਨ, ਉਹ ਮੱਥਾ ਮਾਰਨ ਤੇ ਮਿਹਨਤ ਕਰਨ ਤੋਂ ਡਰਦੇ ਹਨ। ਕਿਸੇ ਵੀ ਪਿੰਡ ਬਾਰੇ ਕਿਤਾਬ ਲਿਖਣੀ ਸੌਖੀ ਨਹੀਂ ਹੁੰਦੀ।

ਜੱਗੀ ਦਾ ਜਨਮ ਸ. ਗੁਰਨਾਮ ਸਿੰਘ ਦੇ ਘਰ ਮਾਤਾ ਅਮਰਜੀਤ ਕੌਰ ਦੀ ਕੁੱਖੋਂ ਹੋਇਆ ਸੀ। ਉਸ ਦੇ ਪਿਤਾ ਅਧਿਆਪਕ ਸਨ ਅਤੇ ਲੜਕੀਆਂ ਨੂੰ ਉੱਚ ਵਿੱਦਿਆ ਦਿਵਾਉਣ ਦੇ ਹੱਕ ਵਿਚ ਸਨ। ਉਨ੍ਹਾਂ ਦੀਆਂ ਚਾਰ ਧੀਆਂ ਵਿਚੋਂ ਜੱਗੀ ਦੂਜੀ ਧੀ ਹੈ, ਜੋ ਪੜ੍ਹਾਈ ਵਿਚ ਮੁੱਢੋਂ ਹੀ ਹੁਸ਼ਿਆਰ ਸੀ। ਉਸ ਨੇ ਬੀ. ਏ. ਕਰਨ ਪਿੱਛੋਂ ਗੁਰੂਸਰ ਸੁਧਾਰ ਕਾਲਜ ਤੋਂ ਅੰਗਰੇਜ਼ੀ ਦੀ ਐਮ. ਏ. ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੁਲੀਟੀਕਲ ਸਾਇੰਸ ਦੀ ਮਾਸਟਰ ਡਿਗਰੀ ਕੀਤੀ। ਉਹ ਕਾਲਜ ਪੜ੍ਹਦਿਆਂ ਹੀ ਕਵਿਤਾਵਾਂ ਤੇ ਕਹਾਣੀਆਂ ਲਿਖਣ ਲੱਗੀ। ਕਹਾਣੀਆਂ ਦੀ ਪਹਿਲੀ ਕਿਤਾਬ 'ਉਹਦੀ ਡਾਇਰੀ ਦੇ ਪੰਨੇ' ਕਾਲਜ ਪੜ੍ਹਦਿਆਂ ਹੀ ਛਪੀ। ਫਿਰ ਰੇਡੀਓ ਸੁਣਨ ਲੱਗੀ ਤੇ ਮਿੰਨੀ ਕਹਾਣੀਆਂ ਅਤੇ ਕਵਿਤਾਵਾਂ ਦੇ ਪ੍ਰੋਗਰਾਮ 'ਦੇਸ਼ ਪੰਜਾਬ ਗੁਲਦਸਤਾ' ਵਿਚ ਪੇਸ਼ ਕਰਨ ਲੱਗੀ। ਸਵੇਰੇ ਸਵੇਰੇ 'ਸਿਰਜਣਾ' ਵਿਚ ਕਹਾਣੀਆਂ ਪੜ੍ਹੀਆਂ ਜਾਂਦੀਆਂ। ਉਹਦੀਆਂ ਕੁਝ ਕਹਾਣੀਆਂ ਅਖਬਾਰਾਂ ਵਿਚ ਵੀ ਛਪੀਆਂ।

1996 ਵਿਚ ਉਹ ਪਰਿਵਾਰ ਸਮੇਤ ਕੈਨੇਡਾ ਪੁੱਜ ਗਈ। ਉਸ ਦਾ ਵਿਆਹ ਜਗਰਾਓਂ ਦੇ ਜਸਵਿੰਦਰ ਸਿੱਧੂ ਜੱਸ ਨਾਲ ਹੋ ਗਿਆ, ਜਿਸ ਨੇ ਲੰਮਾ ਸਮਾਂ ਟੋਰਾਂਟੋ ਖੇਤਰ ਵਿਚ ਪੰਜਾਬੀ ਰੇਡੀਓ ਹੋਸਟ ਦਾ ਕਾਰਜ ਕੀਤਾ। ਉਹਦੀ ਮੀਡੀਆ ਵਿਚ ਬੱਲੇ ਬੱਲੇ ਰਹੀ। ਕੈਨੇਡਾ ਆ ਕੇ ਜੱਗੀ ਨੇ ਕਾਫੀ ਸਮਾਂ ਕੁਝ ਵੀ ਨਾ ਲਿਖਿਆ। 2003 ਦੀ ਲੋਹੜੀ ਵਾਲੇ ਦਿਨ ਉਨ੍ਹਾਂ ਦੇ ਬੇਟੇ ਸ਼ਾਨ ਦੀ ਸੜਕ ਹਾਦਸੇ ਵਿਚ ਅਚਾਨਕ ਮੌਤ ਹੋ ਜਾਣ ਨਾਲ ਦੋਹਾਂ ਦੀ ਜ਼ਿੰਦਗੀ ਉੱਥਲ ਪੁੱਥਲ ਹੋ ਗਈ। ਫਿਰ ਸਮੇਂ ਨੇ ਪਾਸਾ ਪਰਤਿਆ, ਬੇਟੀ ਹਸਰਤ ਅਤੇ ਬੇਟਾ ਹਰਜੱਸ ਪੈਦਾ ਹੋਏ। ਗੋਦ ਭਰਨ ਪਿੱਛੋਂ ਜੱਗੀ ਨੇ ਕਵਿਤਾ ਵੱਲ ਮੁੜ ਮੁਹਾਰਾਂ ਮੋੜੀਆਂ ਤੇ ਦੋ ਕਾਵਿ ਸੰਗ੍ਰਹਿ ਛਪਵਾਏ। 'ਖਬਰਨਾਮਾ ਵੀਕਲੀ' ਵਿਚ ਕਹਾਣੀਆਂ ਛਪੀਆਂ ਜਿਵੇਂ ਧੀਆਂ, ਪਾਰੋ, ਮੁਰਦਾ ਖ਼ਤ, ਅਣਛਪੀ, ਤੇਈ ਸਾਲ, ਬੱਚਿਆਂ ਵਾਲੀ, ਮੇਰਾ ਹੱਥ, ਇੱਕੋ ਫਲਾਈਟ, ਆਪੋ ਆਪਣੀ ਥਾਂ, ਨਾਨਕੀ ਢੇਰੀ, ਉਦਰੇਵਾਂ, ਛੋਟੀ ਮੌਮ, ਤਿੰਨ ਗੋਤਰ ਅਤੇ ਗੂੰਗੀ ਚੀਖ ਆਦਿ। ਹੋਰਨਾਂ ਅਖਬਾਰਾਂ ਵਿਚ ਵੀ ਦਰਜਨਾਂ ਰਚਨਾਵਾਂ ਛਪੀਆਂ ਤੇ ਲਿਖਣਾ ਜਾਰੀ ਹੈ।

'ਸਮਾਲਸਰ ਮੇਰਾ ਪਿੰਡ' ਮੂਲ ਰੂਪ ਵਿਚ ਇਤਿਹਾਸਕ ਪੁਸਤਕ ਹੈ। ਇਸ ਵਿਚ ਏਨਾ ਮੈਟਰ ਹੈ ਕਿ ਤਤਕਰਾ ਹੀ ਪੰਜ ਸਫਿਆਂ ਵਿਚ ਛਪਿਆ ਹੈ। ਦਰਜਨਾਂ ਅਧਿਆਏ ਹਨ: ਮਨ ਦੀਆਂ ਗੱਲਾਂ, ਮੇਰੀ ਕਲਮ ਤੋਂ, ਜਬ ਲਗੁ ਦੁਨੀਆ ਰਹੀਐ ਨਾਨਕ, ਸਮਾਲਸਰ ਦੀ ਮੋਹੜੀ ਗੱਡਣ ਤੋਂ ਕੁਝ ਸਾਲ ਪਹਿਲਾਂ, ਸਮਾਲਸਰ ਦੀ ਕਹਾਣੀ, ਸਮਾਲਸਰ ਦੇ ਮੋੜ੍ਹੀਗੱਡ ਬਾਬਾ ਸੱਫੀ ਬਰਾੜ ਦੇ ਵੱਡ-ਵਡੇਰੇ, ਪਿੰਡ ਬੱਝਣਾ, ਭੂਗੋਲਿਕ-ਰਾਜਨੀਤਕ-ਪ੍ਰਸ਼ਾਸਨਿਕ ਰੱਦੋ-ਬਦਲ, ਪਿੰਡ ਦੇ ਸਾਂਝੇ ਖੂਹ, ਮੇਰੇ ਪਿੰਡ ਦਾ ਸਬਦਕੋਸ਼, ਅੱਲਾਂ ਪੈਣ ਦੇ ਕਾਰਨ, ਮੇਰਾ ਪਿੰਡ ਮੇਰੇ ਲੋਕ, ਵਾਗੀ, ਸਪੀਕਰਾਂ ਵਾਲੇ, ਮਹਿਰੇ, ਲਾਗੀ, ਮਾਸੀ ਜਗੀਰੋ, ਹੱਟੀਆਂ, ਭੱਠੀਆਂ, ਦਰਜ਼ੀ, ਡਾਕੀਆ, ਮਹੰਤ, ਫੋਟੋਗ੍ਰਾਫਰ, ਤਰਖਾਣ, ਜੁਲਾਹੇ, ਘੁਮਿਆਰ, ਮੋਚੀ, ਹਲਵਾਈ, ਦਾਈ, ਸਲੋਤਰੀ, ਸੀਰੀ-ਸਾਂਝੀ, ਸਰਾਫ, ਝਟਕਈ, ਆਜੜੀ, ਲਲਾਰੀ, ਆੜ੍ਹਤੀਏ, ਭਾਂਡੇ ਕਲੀ ਕਰਨ ਵਾਲੇ, ਲਲਾਰੀ, ਪੱਤਰਕਾਰ, ਠੇਕੇਦਾਰ, ਸਾਈਕਲਾਂ ਵਾਲੇ ਤੇ ਇਲੈਕਟ੍ਰੀਸ਼ਨ। ਅਨੇਕਾਂ ਖਾਨਦਾਨਾਂ ਦੇ ਸਜ਼ਰੇ ਛਾਪੇ ਹਨ, ਵੰਸ਼ਾਂ ਦੇ ਕੁਰਸੀਨਾਮੇ ਹਨ, ਬੰਸਾਵਲੀਆਂ, ਗੋਤ, ਪੱਤੀਆਂ, ਅਗਵਾੜ, ਸੱਥਾਂ, ਧਰਮਸ਼ਾਲਾਂ, ਮੰਦਰ, ਮਸੀਤਾਂ, ਗੁਰਦਵਾਰੇ, ਨਹਿਰੀ ਆਰਾਮ ਘਰ, ਬੱਸ ਸਟੈਂਡ, ਲੇਖਕ, ਗਾਇਕ, ਗੀਤਕਾਰ, ਸ਼ਿਲਪਕਾਰ, ਨੌਕਰੀਪੇਸ਼ਾ, ਪਿੰਡ ਦੀ ਨਹਿਰ, ਨੈਣ, ਨਾਈ ਤੇ ਲਾਗੀ ਆਦਿ। ਸਾਰੇ ਤਤਕਰੇ ਦਾ ਇਹ ਚੌਥਾ ਹਿੱਸਾ ਵੀ ਨਹੀਂ। ਇਕ ਅਧਿਆਏ ਖੇਡਾਂ ਦੀਆਂ ਪ੍ਰਾਪਤੀਆਂ ਬਾਰੇ ਅਤੇ 'ਪੜ੍ਹਾਈ ਤੇ ਖੇਡਾਂ ਨਾਲ ਪਿਆਰ' ਬਾਰੇ ਹੈ। ਖੇਡ ਸਟੇਡੀਅਮ ਸਮਾਲਸਰ, ਯੂ ਫਿੱਟ ਹੈੱਲਥ ਕਲੱਬ, ਸੰਤ ਬਾਬਾ ਕੌਲ ਦਾਸ ਯੂਥ ਸਪੋਰਟਸ ਐਂਡ ਵੈਲਫੇਅਰ ਕਲੱਬ, ਕਬੱਡੀ ਤੇ ਮੇਰਾ ਪਿੰਡ, ਕਬੱਡੀ ਦੇ ਚਾਰ ਦਹਾਕੇ ਮਾਣਨ ਵਾਲਾ ਖਿਡਾਰੀ ਜਿੰਦਾ ਸਰਾਂ, ਮਹਾਨ ਖਿਡਾਰੀਆਂ ਦਾ ਪਿੰਡ ਤੇ ਪੰਡਤ ਰਾਜੇਆਣੀਏ ਬਾਰੇ ਖੇਡ ਲਿਖਤਾਂ ਹਨ। ਬਹੁਵੰਨਗੀ ਵਾਲੀ ਇਸ ਪੁਸਤਕ ਵਿਚ ਖੇਡ ਸਾਹਿਤ ਤੇ ਖੇਡ ਸਭਿਆਚਾਰ ਦੇ ਭਰਪੂਰ ਅੰਸ਼ ਮੌਜੂਦ ਹਨ। ਪੇਸ਼ ਹੈ ਇਕ ਖੇਡ ਲੇਖ,






### ਕਬੱਡੀ ਤੇ ਮੇਰਾ ਪਿੰਡ: ਸੂਰਜ ਭਾਨ

ਪਾਠਕਾਂ ਨੂੰ ਇਹ ਸਿਰਲੇਖ ਕੁਝ ਓਪਰਾ ਲੱਗ ਸਕਦਾ ਹੈ, ਕਿਉਂਕਿ ਖੇਡਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ, ਪਰ ਇਥੇ ਮੈਂ ਸਿਰਫ ਆਪਣੇ ਪਿੰਡ ਸਮਾਲਸਰ ਦੇ ਕਬੱਡੀ ਖਿਡਾਰੀਆਂ ਦੀ ਗੱਲ ਕਰ ਰਿਹਾ ਹਾਂ। ਕਿਹਾ ਜਾਂਦਾ ਹੈ ਕਿ ਪੰਜਾਬ ਗੁਰੂਆਂ, ਪੀਰਾਂ, ਪੈਗੰਬਰਾਂ, ਯੋਧਿਆਂ ਤੇ ਸੂਰਬੀਰਾਂ ਦੇ ਨਾਂ 'ਤੇ ਵੱਸਦਾ ਹੈ। ਇਸ ਦੀ ਖਾਸੀਅਤ ਹੈ ਕਿ ਇਥੋਂ ਦੇ ਲੋਕ ਖੁੱਲ੍ਹੇ ਸੁਭਾਅ, ਖੁੱਲ੍ਹੇ ਰਹਿਣ-ਸਹਿਣ ਤੇ ਖੁੱਲ੍ਹਾ ਖਾਣ-ਪੀਣ ਵਾਲੇ ਹਨ। ਇਨ੍ਹਾਂ ਨੇ ਹਮੇਸ਼ਾਂ ਹਿੱਕ ਦੇ ਜ਼ੋਰ ਦੇ ਨਾਲ ਵੱਡੇ-ਵੱਡੇ ਜਰਵਾਣਿਆਂ ਦੇ ਮੂੰਹ ਮੋੜੇ ਹਨ। ਇਸੇ ਬਲ ਦੇ ਸਿਰ 'ਤੇ ਇਨ੍ਹਾਂ ਨੇ ਵੱਖ-ਵੱਖ ਖੇਡਾਂ ਨੂੰ ਸੁਰਜੀਤ ਰੱਖਿਆ ਹੈ। ਇਹ ਵੱਖ-ਵੱਖ ਖੇਡਾਂ ਖੇਡਦੇ ਹਨ। ਉਨ੍ਹਾਂ ਖੇਡਾਂ ਵਿਚ ਕਬੱਡੀ ਇਨ੍ਹਾਂ ਮਾਂ ਖੇਡ ਹੈ।

ਹਰੇਕ ਪਿੰਡ ਵਿਚ ਬੱਚਿਆਂ ਤੋਂ ਲੈ ਕੇ ਨੌਜੁਆਨਾਂ ਤਕ ਕਬੱਡੀ ਖੇਡੀ ਜਾਂਦੀ ਹੈ। ਜਦੋਂ ਅਸੀਂ ਬਚਪਨ ਵਿਚ ਪਹਿਲਾਂ ਖੇਡਦੇ ਰਹੇ ਖਿਡਾਰੀਆਂ ਨੂੰ ਦੇਖਦੇ ਸਾਂ ਤਾਂ ਖੁਦ ਖੇਡਣ ਲਈ ਉਤਸ਼ਾਹਿਤ ਹੁੰਦੇ ਸਾਂ। ਮੈਂ ਪ੍ਰਾਇਮਰੀ ਸਕੂਲ ਵਿਚ ਕਬੱਡੀ ਖੇਡਣੀ ਸ਼ੁਰੂ ਕੀਤੀ ਸੀ ਭਾਵੇਂ ਕਿ ਗਰੀਬੀ ਕਾਰਨ ਪੂਰੀ ਖੁਰਾਕ ਵੀ ਨਹੀਂ ਸੀ ਮਿਲਦੀ। ਜਦ ਮੈਂ ਪਹਿਲੀ ਵਾਰ ਸਕੂਲੋਂ ਭੱਜ ਕੇ ਰੋਡੇ ਦੇ ਪ੍ਰਾਇਮਰੀ ਸਕੂਲ ਵਿਚ ਕਬੱਡੀ ਖੇਡਣ ਗਿਆ ਤਾਂ ਚਾਅ ਨਹੀਂ ਸੀ ਚੁੱਕ ਹੁੰਦਾ। ਫਿਰ ਮੈਂ ਗੁਰੂ ਤੇਗ ਬਹਾਦਰਗੜ੍ਹ ਸਕੂਲ ਵਿਚ ਦਾਖਲਾ ਲੈ ਲਿਆ ਤੇ ਕੌਡੀ ਖੇਡਣੀ ਜਾਰੀ ਰੱਖੀ। ਉਥੇ ਹੁੰਦਾ ਮਹਾਨ ਟੂਰਨਾਮੈਂਟ ਵੇਖਣ ਦਾ ਵੀ ਮੌਕਾ ਮਿਲਿਆ। ਫਿਰ ਮੈਂ ਵੀ ਉਨ੍ਹਾਂ ਗਰਾਊਂਡਾਂ ਵਿਚ ਚੁੰਗੀਆਂ ਭਰਨ ਲੱਗਾ।

ਜਦ ਅਸੀਂ ਆਪਣੇ ਨਾਲ ਵੱਡਿਆਂ ਨੂੰ ਖੇਡਣ ਆਏ ਵੇਖਦੇ ਤਾਂ ਉਨ੍ਹਾਂ ਤੋਂ ਮਾੜੇ ਹੁੰਦੇ ਹੋਏ ਵੀ ਵੱਡਿਆਂ ਨਾਲ ਖੇਡ ਪੈਂਦੇ। ਉਦੋਂ ਪੰਜਾਬ ਪੱਧਰ ਦੇ ਖਿਡਾਰੀ ਰੋਡਿਆਂ ਦੇ ਟੂਰਨਾਮੈਂਟ ਵਿਚ ਖੇਡਣ ਆਉਂਦੇ। ਸਾਡੇ ਪਿੰਡ ਦੇ ਵੀ ਕਈ ਖਿਡਾਰੀ ਵੱਡੀਆਂ ਟੀਮਾਂ ਵਿਚ ਖੇਡਣ ਲੱਗ ਪਏ। ਅਸੀਂ ਵਾਰ-ਵਾਰ ਸੁਣਦੇ ਸਾਂ ਕਿ ਇਨ੍ਹਾਂ ਕਿਹੜਾ ਰੋਡਿਆਂ ਆਲਾ ਟੂਰਨਾਮੈਂਟ ਜਿੱਤ ਲੈਣਾ? ਇਕ ਵਾਰ ਰੋਡਿਆਂ ਵਾਲੇ ਟੂਰਨਾਮੈਂਟ 'ਤੇ ਕਿਸੇ ਨੇ ਇਹ ਵੀ ਕਹਿ ਦਿੱਤਾ ਕਿ ਤੁਸੀਂ ਵੀ ਲਾ ਲਓ ਜ਼ੋਰ, ਪਰ ਸਮਾਲਸਰ ਤੂਤਕੜਾ ਹੀ ਰਹੇਗਾ। ਜਦੋਂ ਬਾਅਦ ਵਿਚ ਇਸ ਗੱਲ ਦੀ ਸਮਝ ਆਈ ਤਾਂ ਮਨ 'ਚ ਧਾਰ ਲਿਆ ਕਿ ਪਿੰਡ ਦੇ ਮੱਥੇ ਤੋਂ ਇਹ ਹਾਰ ਦਾ ਦਾਗ ਮਿਟਾ ਕੇ ਜਿੱਤ ਦਾ ਨਿਸ਼ਾਨ ਲਾਵਾਂਗੇ।

ਸਾਨੂੰ ਬਾਅਦ 'ਚ ਪਤਾ ਲੱਗਾ ਕਿ ਇਹ ਖੇਡਾਂ ਸ. ਬ. ਕੈਪਟਨ ਭਗਵਾਨ ਸਿੰਘ ਮੈਮੋਰੀਅਲ ਟੂਰਨਾਮੈਂਟ ਨਾਂ 'ਤੇ ਸਨ, ਪਰ ਪ੍ਰਸਿੱਧੀ ਰੋਡਿਆਂ ਵਾਲਾ ਟੂਰਨਾਮੈਂਟ ਕਰਕੇ ਸੀ। ਜਿਸ ਮੈਚ ਨੇ ਮੇਰੇ ਪਿੰਡ ਦੇ ਮੱਥੇ ਤੋਂ ਉਸ ਹਾਰ ਦਾ ਦਾਗ ਸਦਾ ਲਈ ਧੋ ਕੇ ਜਿੱਤ ਦਾ ਨਿਸ਼ਾਨ ਲਾਇਆ, ਉਸ ਲਈ ਅਸੀਂ ਬੜੀ ਮਿਹਨਤ ਕੀਤੀ ਸੀ। ਇਹ ਰੋਡਿਆਂ ਵਾਲਾ ਟੂਰਨਾਮੈਂਟ 1941 ਵਿਚ ਸ਼ੁਰੂ ਹੋਇਆ ਸੀ। ਇਹਦਾ ਇਕ ਵੱਡਾ ਕੱਪ ਹੁੰਦਾ ਸੀ, ਜੋ ਸਾਰੀਆਂ ਟੀਮਾਂ ਨੂੰ ਹਰਾਉਣ ਵਾਲੀ ਟੀਮ ਨੂੰ ਮਿਲਦਾ ਸੀ। ਅਗਲੇ ਸਾਲ ਉਹ ਕੱਪ ਮੋੜ ਕੇ ਲਿਆਉਣਾ ਪੈਂਦਾ ਸੀ। ਜੇ ਕੋਈ ਟੀਮ ਲਗਾਤਾਰ ਤਿੰਨ ਸਾਲ ਜਿੱਤਦੀ ਤਦ ਹੀ ਕੱਪ ਆਪਣੇ ਕੋਲ ਰੱਖ ਸਕਦੀ ਸੀ, ਜਿਸ ਨੂੰ ਪੱਕਾ ਕੱਪ ਕਿਹਾ ਜਾਂਦਾ ਸੀ। ਇਸ ਤਰ੍ਹਾਂ ਇਹ ਕੱਪ 1941 ਤੋਂ 1968 ਤਕ ਅਨੇਕਾਂ ਪਿੰਡਾਂ ਵਿਚ ਗਿਆ, ਜਿਨ੍ਹਾਂ 'ਚ ਰਾਜੇਆਣਾ, ਰੋਡੇ, ਵੈਰੋਕੇ, ਬਰਨਾਲਾ, ਆਈ. ਟੀ. ਆਈ. ਮੋਗਾ, ਬਠਿੰਡਾ, ਧੱਲੇਕੇ, ਮੱਲੇਆਣਾ, ਸਵੱਦੀ, ਕੋਟਲਾ ਮਿਹਰ ਸਿੰਘ ਤੇ ਦੌਧਰ ਆਦਿ ਸਨ। ਜਿੱਤਿਆ ਕੱਪ ਆਮ ਕਰ ਕੇ ਗੁਰਦਵਾਰੇ ਜਾਂ ਕਿਸੇ ਹੋਰ ਸਾਂਝੀ ਜਗ੍ਹਾ ਸਜਾ ਦਿੱਤਾ ਜਾਂਦਾ ਸੀ ਤਾਂ ਕਿ ਲੋਕ ਦਰਸ਼ਨ ਕਰਦੇ ਰਹਿਣ 'ਬਈ ਪਿੰਡ ਨੇ ਕੱਪ ਜਿੱਤਿਆ!' ਸਾਡੇ ਪਿੰਡ ਦੇ ਕੁਛ ਖਿਡਾਰੀ ਸਾਡੇ ਆਦਰਸ਼ ਸਨ। ਉਨ੍ਹਾਂ ਦੀ ਅਸੀਂ ਅੱਜ ਵੀ ਕਦਰ ਕਰਦੇ ਹਾਂ। ਉਨ੍ਹਾਂ ਵਿਚ ਨਛੱਤਰ ਸਿੰਘ ਬਰਾੜ, ਕਾਰਾ ਸਿੰਘ, ਤੁਲਸਾ ਸਿੰਘ, ਪੰਡਤ ਜਗਦੀਸ਼ ਚੰਦਰ, ਗੁਰਦੇਵ ਸਿੰਘ, ਜੰਟਾ ਸਰਾਂ, ਹਰਬੰਸ ਬਰਾੜ, ਗੁਰਨਾਮ ਸਿੰਘ, ਕਾਹਨ ਸਿੰਘ ਕਾਮਾ

*(ਬਾਕੀ ਅਗਲੇ ਸਫੇ 'ਤੇ)*

# ਜਾਣਕਾਰੀ

# ਡੈਲਟਾ ਵੇਰੀਐਂਟ



ਡਾ. ਗੁਰੂਮੇਲ ਸਿੱਧੂ
gurmel.sidhu@gmail.com


ਕੋਵਿਡ-19 ਦੇ ਨਵੇਂ ਰੂਪ, ਡੈਲਟਾ ਵੇਰੀਐਂਟ ਨੇ ਦੁਨੀਆਂ ਵਿਚ ਕਹਿਰ ਮਚਾਇਆ ਹੋਇਆ ਹੈ। ਇਹ ਕਿਵੇਂ ਹੋਂਦ ਵਿਚ ਆਇਆ ਅਤੇ ਕੋਵਿਡ-19 ਨਾਲੋਂ ਕਿਵੇਂ ਵੱਖਰਾ ਹੈ, ਇਨ੍ਹਾਂ ਸਵਾਲਾਂ ਦੇ ਉੱਤਰ ਦੇਣਾ ਇਸ ਲੇਖ ਦਾ ਮੰਤਵ ਹੈ। ਦੂਰਬੀਨੀ ਜੀਵ (Microorganism) ਲਗਾਤਾਰ ਆਪਣਾ ਰੂਪ ਵਟਾਉਂਦੇ ਰਹਿੰਦੇ ਹਨ। ਜਿਵੇਂ ਜਿਵੇਂ ਉਨ੍ਹਾਂ ਦੇ ਰਹਿਣ-ਸਹਿਣ ਦਾ ਵਾਤਾਵਰਣ (Environment) ਬਦਲਦਾ ਰਹਿੰਦਾ ਹੈ, ਉਵੇਂ ਓਵੇਂ ਉਹ ਆਪਣਾ ਰੂਪ ਬਦਲਦੇ ਰਹਿੰਦੇ ਹਨ। ਡਾਰਵਨ ਦੇ ਸਿਧਾਂਤ, 'ਯੋਗਤਾ ਦੀ ਜੈਅ (Survival of the fittest) ਦਾ ਮੁਢਲਾ ਅਸੂਲ ਹੈ ਕਿ ਹਰ ਜੀਵ ਵਾਤਾਵਰਣ ਵਿਚ ਆਈ ਤਬਦੀਲੀ ਨੂੰ ਸਹਿਣ ਕਰਨ ਲਈ ਆਪਣਾ ਰੂਪ ਬਦਲ ਲੈਂਦਾ ਹੈ। ਵਾਇਰਸ ਵੀ ਇਸੇ ਅਸੂਲ ਅਨੁਸਾਰ ਬਦਲਦੇ ਹਨ।

ਜਦ ਕੋਵਿਡ-19 ਦਾ ਭੁਆਰਾ ਵਧਿਆ ਤੇ ਲੱਖਾਂ ਲੋਕ ਇਸ ਦੇ ਸ਼ਿਕਾਰ ਹੋ ਗਏ। ਕੋਵਿਡ ਦੇ ਲਾਗੇ ਨੇ ਲੋਕਾਂ ਵਿਚ ਬੇਅੰਤ ਕਣ ਪੈਦਾ ਕੀਤੇ, ਜਿਨ੍ਹਾਂ 'ਚੋਂ ਨਵੀਆਂ ਮਿਊਟੇਸ਼ਨ ਪੈਦਾ ਹੋਈਆਂ। ਜਨੈਟਿਕ ਦੇ ਅੰਦਾਜ਼ੇ ਅਨੁਸਾਰ 10,000 ਕਣਾਂ ਮਗਰ ਇਕ ਮਿਊਟੇਸ਼ਨ ਪੈਦਾ ਹੁੰਦੀ ਹੈ। ਲੱਖਾਂ-ਕਰੋੜਾਂ ਕਣਾਂ ਮਗਰ ਕਈ ਨਵੀਆਂ ਮਿਊਟੇਸ਼ਨਜ਼ ਪੈਦਾ ਹੋਈਆਂ ਹੋਣਗੀਆਂ। ਇਨ੍ਹਾਂ ਨੂੰ ਵਿਗਿਆਨੀਆਂ ਨੇ ਯੁਨਾਨੀ ਭਾਸ਼ਾ ਦੀ ਵਰਣਮਾਲਾ ਦੇ ਨਾਂ ਦਿੱਤੇ।


## ਮਿਊਟੇਸ਼ਨਜ਼ ਕਿਵੇਂ ਪੈਦਾ ਹੁੰਦੀਆਂ ਹਨ?

ਹਰ ਨਿੱਕੇ-ਮੋਟੇ ਜੀਵ ਵਿਚ ਡੀ. ਐਨ. ਏ. ਹੈ। ਇਹ ਚਾਰ ਕਣਾਂ (Molecules) ਦਾ ਬਣਿਆ ਹੋਇਆ ਹੈ। ਅਲੰਕਾਰਕ ਤੌਰ 'ਤੇ ਇਹ ਚਾਰ ਕਣ ਵਰਣਮਾਲਾ ਦੇ ਅੱਖਰ ਕਿਆਸ ਕੀਤੇ ਜਾ ਸਕਦੇ ਹਨ। ਇਨ੍ਹਾਂ ਕਣਾਂ ਤੋਂ ਜੀਨਜ਼ ਬਣਦੇ ਹਨ, ਜੋ ਸਰੀਰ ਵਿਚ ਐਨਜ਼ਾਇਮਜ਼ ਪੈਦਾ ਕਰਦੇ ਹਨ, ਜਿਨ੍ਹਾਂ ਦੇ ਸਹਾਰੇ ਜੀਵਨ ਗਤੀਸ਼ੀਲ ਰਹਿੰਦਾ ਹੈ। ਵਿਸਥਾਰ ਲਈ ਮੇਰੀ ਪੁਸਤਕ "ਡੀ. ਐਨ. ਏ.: ਜੀਵਨ ਦੀ ਵਰਣਮਾਲਾ" ਵਾਚੀ ਜਾ ਸਕਦੀ ਹੈ। ਜੀਵਨ ਦੇ ਵਧਣ-ਫੁੱਲਣ ਲਈ ਡੀ. ਐਨ. ਏ. ਆਪਣੀਆਂ ਕਾਪੀਆਂ ਬਣਾਉਂਦਾ ਹੈ। ਕਾਪੀਆਂ ਬਣਾਉਣ ਸਮੇਂ ਕਦੇ ਕਦੇ ਕਿਸੇ ਅੱਖਰ ਵਿਚ ਵਾਧ-ਘਾਟ ਹੋ ਜਾਂਦੀ ਹੈ, ਅਰਥਾਤ ਪਹਿਲੇ ਅੱਖਰ ਦੀ ਥਾਂ ਕੋਈ ਹੋਰ ਅੱਖਰ ਜੜਿਆ ਜਾਂਦਾ ਹੈ। ਫਲਸਰੂਪ, ਸਪੈਲਿੰਗ ਦੀ ਗਲਤੀ ਹੋ ਜਾਂਦੀ ਹੈ। ਅਜਿਹੀ ਗਲਤੀ ਮਿਊਟੇਸ਼ਨ ਦੀ ਸੂਚਕ ਬਣਦੀ ਹੈ। (ਵੇਖੋ ਚਿੱਤਰ-1)

ਚਿੱਤਰ-1 ਵਿਚ ਕੋਵਿਡ-19 ਦੇ ਮੌਲਿਕ ਡੀ. ਐਨ. ਏ. ਦੀ ਤਰਤੀਬ (T A A C T G C A GG T) ਦਿਖਾਈ ਗਈ ਹੈ, ਅਤੇ ਹੇਠਾਂ




*ਚਿੱਤਰ-1: ਮਿਊਟੇਸ਼ਨ ਕਿਵੇਂ ਪੈਦਾ ਹੁੰਦੀ ਹੈ?*



*ਚਿੱਤਰ-2: ਨਵੀਂ ਮਿਊਟਰੇਸ਼ਨ (ਲਾਲ ਰੰਗ ਵਿਚ ਦਿਖਾਈ ਗਈ ਹੈ।*

ਮਿਊਟੇਸ਼ਨ ਦੀ ਤਰਤੀਬ (TAAC C G C A GG T) ਦਿੱਤੀ ਹੈ। ਧਿਆਨ ਨਾਲ ਦੇਖਣ 'ਤੇ ਪਤਾ ਲਗਦਾ ਹੈ ਕਿ ਮਿਊਟੈਸ਼ਨ ਵਿਚ ਕੋਵਿਡ-19 ਦਾ ਅੱਖਰ ਟੀ (T), C ਅੱਖਰ ਵਿਚ ਬਦਲ ਗਿਆ ਹੈ, ਜੋ ਲਾਲ ਰੰਗ ਵਿਚ ਦਿਖਾਇਆ ਗਿਆ ਹੈ। ਇਸ ਬਦਲਾਵ ਕਾਰਨ ਕੋਵਿਡ ਦਾ ਨਵਾਂ ਵੇਰੀਐਂਟ ਪੈਦਾ ਹੋ ਗਿਆ ਹੈ, ਜਿਸ ਨੂੰ ਚਿੱਤਰ-2 ਵਿਚ ਲਾਲ ਰੰਗ ਵਿਚ ਦਿਖਾਇਆ ਗਿਆ ਹੈ।

ਵਾਤਾਵਰਣ ਵਿਚ ਆਏ ਬਦਲਾਓ ਅਨੁਸਾਰ ਡੀ. ਐਨ. ਏ. ਵਿਚ ਤਬਦੀਲੀ ਹੁੰਦੀ ਹੈ, ਤਾਂਕਿ ਜੀਵ ਉਸ ਅਨੁਸਾਰ ਢਲ਼ ਕੇ ਆਪਣਾ ਜੀਵਨ ਅੱਗੇ ਤੋਰ ਸਕੇ। ਕੋਵਿਡ-19 ਵਿਚ ਇਸ ਤਰ੍ਹਾਂ ਦੀਆਂ ਕਈ ਤਬਦੀਲੀਆਂ ਹੋਈਆਂ, ਜਿਨ੍ਹਾਂ 'ਚੋਂ ਇਕ ਦਾ ਨਾਂ ਡੈਲਟਾ ਰੱਖਿਆ ਗਿਆ।

ਵਿਸ਼ਵ ਰੋਗ-ਸੁਰੱਖਿਅਤ ਸੰਸਥਾ (WHO) ਨੇ ਕੋਵਿਡ ਵਿਚ ਆਈਆਂ ਤਬਦੀਲੀਆਂ ਨੂੰ ਯੁਨਾਨੀ ਵਰਣਮਾਲਾ ਦੇ ਅੱਖਰਾਂ ਨਾਲ ਵਖਰਾਇਆ ਹੈ, ਜਿਵੇਂ- ਈਟਾ, ਲੋਟਾ, ਕਾਪਾ, ਲੈਮਡਾ ਅਤੇ ਨਵੇਂ ਵੇਰੀਐਂਟ ਨੂੰ ਡੇਲਟਾ ਦਾ ਨਾਂ ਦਿੱਤਾ ਹੈ। ਡੈਲਟਾ ਵੇਰੀਐਂਟ (ਮਿਊਟੇਸ਼ਨ) ਇੰਡੀਆਂ ਵਿਚ ਪੈਦਾ ਹੋਇਆ ਤੇ ਇਸ ਨੂੰ B.1.617.2 ਨੰਬਰ ਦਿੱਤਾ ਗਿਆ। ਇਹ ਕੋਵਿਡ-19 ਨਾਲੋਂ ਕਿਤੇ ਵੱਧ ਛੂਤਕਾਰੀ (Contagious) ਹੈ, ਅਰਥਾਤ ਇਹ ਇਕ ਜਣੇ ਤੋਂ ਦੂਜੇ ਨੂੰ ਬਹੁਤ ਛੇਤੀ ਚਿੰਬੜ ਜਾਂਦਾ ਹੈ। ਕੈਨੇਡਾ ਅਤੇ ਸਕਾਟਲੈਂਡ ਵਿਚ ਕੀਤੇ ਤਜਰਬਿਆ ਤੋਂ ਪਤਾ ਲੱਗਿਆ ਹੈ ਕਿ ਜਿਨ੍ਹਾਂ ਲੋਕਾਂ ਵਿਚ ਡੈਲਟਾ ਵੇਰੀਐਂਟ ਦਾਗਿਆ ਗਿਆ, ਉਨ੍ਹਾਂ ਨੂੰ ਚਾਰ ਦਿਨਾਂ ਵਿਚ ਹਸਪਤਾਲ ਲਿਜਾਣਾ ਪਿਆ ਤੇ ਜਿਨ੍ਹਾਂ ਨੂੰ ਕੋਵਿਡ-19 ਦਾ ਟੀਕਾ ਲਗਾਇਆ ਗਿਆ, ਉਨ੍ਹਾਂ ਨੂੰ ਕੋਵਿਡ ਹੋਣ ਵਿਚ ਛੇ ਦਿਨ ਲੱਗੇ। ਇਨ੍ਹਾਂ ਤਜਰਬਿਆਂ ਤੋਂ ਇਹ ਵੀ ਦਰਿਆਫਤ ਹੋਇਆ ਕਿ ਜਿਨ੍ਹਾਂ ਮਰੀਜ਼ਾਂ ਨੂੰ ਦੋਵੇਂ ਟੀਕੇ ਲੱਗੇ ਹੋਏ ਸਨ, ਉਨ੍ਹਾਂ ਨੂੰ ਮਾੜੀ-ਮੋਟੀ ਕੋਵਿਡ ਦੀ ਬੀਮਾਰੀ ਹੋਈ, ਪਰ ਜਿਨ੍ਹਾਂ ਨੂੰ ਟੀਕਾ ਨਹੀਂ ਸੀ ਲੱਗਿਆ ਹੋਇਆ ਉਹ ਸਖਤ ਬੀਮਾਰ ਹੋ ਗਏ। ਇਹ ਵੀ ਗਿਆਤ ਹੋਇਆ ਕਿ ਟੀਕਾ ਲੱਗੇ ਹੋਏ ਅਤੇ ਬਿਨਾ ਟੀਕੇ ਦੇ ਮਰੀਜ਼, ਕੋਵਿਡ ਨੂੰ ਅੱਗੇ ਫੈਲਾ ਸਕਦੇ ਹਨ। ਅਮਰੀਕਾ ਦੀ ਰੋਗ-ਸੁਰੱਖਿਅਤ ਸੰਸਥਾ ਇਹ ਪਤਾ ਲਾ ਰਹੀ ਹੈ ਕਿ ਟੀਕੇ ਵਾਲੇ ਲੋਕ ਵਾਇਰਸ ਨੂੰ ਕਿਸ ਹੱਦ ਤਕ ਫੈਲਾ ਸਕਦੇ ਹਨ?

ਟੀਕਾ ਲਗਵਾ ਚੁਕੇ ਲੋਕ ਵਾਇਰਸ ਨੂੰ ਫੈਲਾ ਤਾਂ ਸਕਦੇ ਹਨ, ਪਰ ਓਨਾ ਨਹੀਂ ਜਿੰਨਾ ਟੀਕੇ ਤੋਂ ਵਗੈਰ ਫੈਲਾਉਣ ਦਾ ਕਾਰਨ ਬਣਦੇ ਹਨ। ਨਾਲੇ ਇਹ ਵੀ ਪਤਾ ਲੱਗਿਆ ਕਿ ਟੀਕੇ ਲਗਵਾ ਚੁਕੇ ਲੋਕਾਂ ਨੂੰ ਜਿੰਨੀ ਛੇਤੀ ਡੈਲਟਾ ਵੇਰੀਐਂਟ ਲਗਦਾ ਹੈ, ਓਨੀ ਛੇਤੀ ਹਟ ਵੀ ਜਾਂਦਾ ਹੈ।

## ਡੈਲਟਾ ਵੇਰੀਐਂਟ ਐਨਾ ਘਾਤਕ ਕਿਉਂ ਹੈ?

ਕੋਵਿਡ-19 ਦਾ ਜਿਹੜਾ ਜੀਨ ਵਾਇਰਸ ਨੂੰ ਸਰੀਰ ਵਿਚ ਦਾਖਲ ਹੋਣ ਦਾ ਜ਼ਿੰਮੇਦਾਰ ਹੈ, ਉਸ ਦੇ ਵਿਰੁੱਧ ਟੀਕੇ ਬੜੇ ਕਾਰਗਰ ਸਿੱਧ ਹੋਏ। ਇਸ ਜੀਨ ਵਿਚ ਨਵੀਂ ਮਿਊਟੇਸ਼ਨ ਪੈਦਾ ਹੋਣ ਕਰਕੇ ਵਾਇਰਸ ਨੇ ਸਰੀਰ ਅੰਦਰ ਵੜਨ ਦਾ ਨਵਾਂ ਰਾਹ ਲੱਭ ਲਿਆ, ਜੋ ਐਂਟੀਬੌਡੀਜ਼ ਨੂੰ ਝਕਾਨੀ ਦੇਣ ਵਿਚ ਕਾਮਯਾਬ ਹੋ ਗਿਆ। ਟੀਕਾ ਲਗਵਾ ਚੁਕੇ ਲੋਕਾਂ ਵਿਚ ਨਵੇਂ ਜੀਨ ਨੇ ਵਾਇਰਸ ਨੂੰ ਸਰੀਰ ਅੰਦਰ ਦਾਖਲ ਤਾਂ ਕਰ ਦਿੱਤਾ, ਪਰ ਐਂਟੀਬੌਡੀਜ਼ ਨਾਲ ਸਿੱਝਣ ਲਈ ਐਨਾ ਕਾਮਯਾਬ ਨਾ ਹੋਇਆ। ਫਲਸਰੂਫ, ਅਜਿਹੇ ਲੋਕਾਂ ਨੂੰ ਮਾੜੀ ਮੋਟੀ ਕੋਵਿਡ ਦੀ ਬੀਮਾਰੀ ਜ਼ਰੂਰ ਲੱਗੀ, ਪਰ ਹਸਪਤਾਲ ਜਾਣ ਅਤੇ ਮੌਤ ਦੇ ਮੂੰਹ 'ਚੋਂ ਬਚ ਗਏ। ਇਹ ਟੀਕੇ ਦਾ ਕਮਾਲ ਹੈ।

ਵੱਖ ਵੱਖ ਟੀਕੇ ਕੋਵਿਡ ਨੂੰ ਕਾਬੂ ਕਰਨ ਵਿਚ ਬੜੇ ਕਾਮਯਾਬ ਸਿੱਧ ਹੋਏ ਹਨ। ਅਮਰੀਕਾ ਵਿਚ ਸਭ ਤੋਂ ਪਹਿਲਾਂ ਫਾਇਜ਼ਰ ਅਤੇ ਮੋਡਰਨਾ ਕੰਪਨੀਆਂ ਦੇ ਟੀਕੇ ਹੋਂਦ ਵਿਚ ਆਏ। ਬਾਅਦ ਵਿਚ ਔਕਸਫੋਰਡ ਐਸਟ੍ਰਾਜੈਨੀਕਾ ਅਤੇ ਜੌਹਨ ਐਂਡ ਜੌਹਸਨ ਕੰਪਨੀਆਂ ਨੇ ਵੀ ਟੀਕੇ ਈਜਾਦ ਕੀਤੇ। ਇਨ੍ਹਾਂ 'ਚੋਂ ਫਾਇਜ਼ਰ ਸਭ ਤੋਂ ਵੱਧ ਕਾਰਗਰ ਸਿੱਧ ਹੋਇਆ। ਇਸ ਨੂੰ ਅਮਰੀਕਾ ਦੀ ਐਫ. ਡੀ. ਏ. ਏਜੰਸੀ ਨੇ ਸੰਪੂਰਨ ਮਨਜ਼ੂਰੀ ਦਿੱਤੀ ਹੈ। ਹੁਣ ਇਹ 16 ਸਾਲ ਤੋਂ ਉੱਪਰ ਦੇ ਲੋਕਾਂ ਨੂੰ ਲਗਾਇਆ ਜਾ ਸਕਦਾ ਹੈ। ਕੋਵਿਡ ਦੇ ਮਾਹਰ ਵਿਗਿਅਨੀਆਂ ਨੇ ਫਾਇਜ਼ਰ ਦਾ ਬੂਸਟਰ ਛੋਟ, ਅਰਥਾਤ ਤੀਜਾ ਟੀਕਾ ਲਗਵਾਉਣ ਲਈ ਵੀ ਕਿਹਾ ਹੈ, ਜੋ ਡੈਲਟਾ ਵੇਰੀਐਂਟ 'ਤੇ ਕਾਬੂ ਪਾ ਸਕੇਗਾ।

ਇੰਗਲੈਂਡ ਵਿਚ ਕੀਤੇ ਤਜਰਬੇ ਤੋਂ ਦਰਿਆਫਤ ਹੋਇਆ ਕਿ ਫਾਇਜ਼ਰ ਜਾਂ ਔਕਸਫੋਰਡ ਐਸਟ੍ਰਾਜੈਨੀਕਾ ਟੀਕਿਆਂ ਦੀ ਇਕ ਖੁਰਾਕ (ਡੋਜ਼) ਨਾਲ ਡੈਲਟਾ ਵੇਰੀਐਂਟ ਲੱਗਣ ਦਾ ਡਰ 33% ਘਟ ਜਾਂਦਾ ਹੈ ਅਤੇ ਦੂਜੀ ਖੁਰਾਕ ਨਾਲ ਇਹ 66% ਘਟ ਗਿਆ। ਮੁਕਾਬਲੇ 'ਤੇ ਫਾਇਜ਼ਰ ਦੀ ਦੂਜੀ ਡੋਜ਼ ਨਾਲ ਇਹ 88% ਘੱਟ ਹੋ ਜਾਂਦਾ ਹੈ। ਸਿੱਧ ਹੈ, ਫਾਇਜ਼ਰ ਦਾ ਟੀਕਾ ਡੈਲਟਾ ਵੇਰੀਐਂਟ ਦੇ ਵਿਰੁੱਧ ਵੱਧ ਕਾਰਗਰ ਹੈ।

## ਡੈਲਟਾ ਵੇਰੀਐਂਟ ਦੀਆਂ ਕੀ ਨਸ਼ਾਨੀਆਂ ਹਨ?

ਡੈਲਟਾ ਵੇਰੀਐਂਟ ਛੇਤੀ ਫੈਲਦਾ ਹੈ। ਇਸ ਦੀਆਂ ਨਿਸ਼ਾਨੀਆਂ ਵੀ ਕਰੀਬ ਕੋਵਿਡ ਵਾਲੀਆਂ ਹਨ, ਜਿਵੇਂ ਬੁਖਾਰ, ਸੁੱਕੀ ਖੰਘ, ਸਾਹ ਘੁਟਣਾ, ਕੁਝ ਚਿਰ ਲਈ ਭੋਜਨ ਦੇ ਸੁਆਦ ਅਤੇ ਸੁਗੰਧ ਵਿਚ ਘਾਟ, ਜੁਕਾਮ ਵਾਂਗ ਸਾਹ ਲੈਣ ਵਿਚ ਦਿੱਕਤ, ਪੱਠਿਆਂ ਵਿਚ ਦਰਦ ਤੇ ਥਕਾਨ ਆਦਿ। ਕੋਵਿਡ-19 ਨੂੰ ਜ਼ਾਹਰ ਹੋਣ ਵਿਚ ਕਰੀਬ 6 ਦਿਨ ਲਗਦੇ ਹਨ, ਮੁਕਾਬਲੇ 'ਤੇ ਡੈਲਟਾ ਵੇਰੀਐਂਟ ਚਾਰ ਦਿਨਾਂ ਵਿਚ ਅਸਰ ਦਿਖਾ ਦਿੰਦਾ ਹੈ।

ਯਾਦ ਰਹੇ, ਕੋਵਿਡ ਦੇ ਭੁਆਰੇ ਦੇ ਚੱਲਦਿਆ ਮਾਸਕ ਪਾਉਣਾ ਬਹੁਤ ਜ਼ਰੂਰੀ ਹੈ। ਇਸ ਵੇਲੇ ਡੈਲਡਾ ਵੇਰੀਐਂਟ ਨੇ ਕਹਿਰ ਮਚਾਇਆ ਹੋਇਆ ਹੈ, ਇਸ ਲਈ ਟੀਕੇ ਲਗਵਾ ਚੁਕੇ ਅਤੇ ਖਾਸ ਕਰਕੇ ਜਿਨ੍ਹਾਂ ਨੂੰ ਟੀਕੇ ਨਹੀਂ ਲੱਗੇ, ਉਨ੍ਹਾਂ ਲਈ ਮਾਸਕ ਪਾਉਣਾ ਬੇਹੱਦ ਜ਼ਰੂਰੀ ਹੈ। ਆਪਣੇ ਬਚਾਓ ਵਿਚ ਹੀ ਦੂਜਿਆਂ ਦਾ ਬਚਾਓ ਹੈ ਅਤੇ ਇਹ ਹਰ ਸ਼ਹਿਰੀ ਦਾ ਨੈਤਿਕ ਫਰਜ਼ ਹੈ।

## ਵੈਕਸੀਨਜ਼ ਅਤੇ ਡੈਲਟਾ ਵੇਰੀਐਂਟ

ਵੈਕਸੀਨਜ਼ ਵਾਇਰਸ ਦੀਆਂ ਨਵੀਆਂ ਮਿਊਟੇਸ਼ਨਜ਼ ਨੂੰ ਠੱਲ੍ਹਣ ਵਿਚ ਕਾਮਯਾਬ ਹਨ। ਜੇ ਟੀਕੇ ਲਗਵਾ ਚੁਕੇ ਲੋਕਾਂ ਨੂੰ ਕੋਵਿਡ ਹੋ ਵੀ ਜਾਵੇ ਤਾਂ ਉਹ ਸਖਤ ਬੀਮਾਰ ਨਹੀਂ ਹੁੰਦੇ, ਪਰ ਹਸਪਤਾਲ ਪਹੁੰਚਣ ਅਤੇ ਮਰਨ ਤੋਂ ਬਚ ਜਾਂਦੇ ਹਨ। ਯਾਦ ਰਹੇ, ਟੀਕੇ 100% ਕਾਰਗਰ ਨਹੀਂ, ਫੇਰ ਵੀ ਇਹ ਬਹੁਤ ਲਾਭਦਾਇਕ ਸਿੱਧ ਹੋਏ ਹਨ। ਜਿੰਨਾ ਚਿਰ ਕੋਵਿਡ ਦੇ ਭੁਆਰੇ ਨੂੰ ਪੂਰੀ ਤਰ੍ਹਾਂ ਠੱਲ੍ਹਿਆ ਨਹੀਂ ਜਾਂਦਾ, ਓਨਾ ਚਿਰ ਲੋਕਾਂ ਨੂੰ ਸਾਰੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ, ਜਿਵੇਂ ਮਾਸਕ ਪਾ ਕੇ ਰੱਖਣਾ, ਬਾਹਰ-ਅੰਦਰ ਜਾਣ ਮਗਰੋਂ ਹੱਥ-ਮੂੰਹ ਧੋਣਾ ਤੇ ਇੰਫੈਕਟਿੰਟ ਨਾਲ ਹੱਥ ਚੋਪੜਨੇ ਆਦਿ। ਲੋਕਾਂ ਤੋਂ ਛੇ ਫੁੱਟ ਦੀ ਦੂਰੀ ਬਣਾ ਕੇ ਰੱਖਣਾ।

---

# ਸਮਾਲਸਰ ਮੇਰਾ ਪਿੰਡ: ਜੱਗੀ ਬਰਾੜ ਸਮਾਲਸਰ

*(ਪਿਛਲੇ ਸਫੇ ਦੀ ਬਾਕੀ)*

ਤੇ ਗੁਰਮੇਲ ਸਿੰਘ ਆਦਿ।

ਹੁਣ ਤਾਂ ਪੰਚਾਇਤ ਨੇ ਪੇਂਡੂਆਂ ਦੇ ਸਹਿਯੋਗ ਨਾਲ ਵਧੀਆ ਗਰਾਊਂਡ ਬਣਾਏ ਹਨ, ਜਿਥੇ ਖਿਡਾਰੀ ਅਭਿਆਸ ਕਰ ਸਕਦੇ ਹਨ; ਪਰ ਪਹਿਲੇ ਸਮਿਆਂ ਵਿਚ ਅਸੀਂ ਅਭਿਆਸ ਵੀ ਪਿੜਾਂ ਵਿਚ ਹੀ ਕਰਦੇ ਸਾਂ। ਸਾਨੂੰ ਖੇਡਦੇ ਦੇਖ ਕੇ ਏਨੇ ਖਿਡਾਰੀ ਬਣੇ ਕਿ ਸਾਡੇ ਪਿੰਡ ਦੀਆਂ ਤਿੰਨ ਟੀਮਾਂ ਬਣ ਗਈਆਂ। ਇਨ੍ਹਾਂ ਵਿਚ ਗੁਰਨਾਮ ਗਾਮਾ, ਹਰਬੰਸ ਲਾਲ ਸ਼ਰਮਾ, ਮਹਿੰਮਾ ਸਿੰਘ, ਬਚਿੱਤਰ ਸਿੰਘ, ਤਰਸੇਮ ਚਾਵਲਾ ਤੇ ਰਾਮ ਚਾਵਲਾ ਆਦਿ ਸਾਡੇ ਤੋਂ ਵਧੀਆ ਖਿਡਾਰੀ ਸਨ। ਅੰਗਰੇਜ਼ ਸਿੰਘ, ਭਲਵਾਨ, ਹਰਿੰਦਰ 'ਹਿੰਦ', ਰੇਸ਼ਮ ਬਰਾੜ, ਮੰਦਰ ਸਿੰਘ, ਮੇਜਰ ਸਿੰਘ ਮੱਟੂ, ਰੁਪਿੰਦਰ ਗੋਰਾ, ਰਣਜੋਧ 'ਨੀਟਾ', ਸੁਰਿੰਦਰ 'ਕਾਕੂ', ਗੁਰਵਿੰਦਰ ਸੰਧੂ, ਗੁਰਦੀਪ, ਲਖਬੀਰ, ਸੁੱਖਾ ਸ਼ਮਸ਼ੇਰ ਸਿੰਘ, ਸੁਖਪ੍ਰੀਤ ਸੰਘਾ, ਟਿੱਕਾ ਖਾਨ, ਬਲਜੀਤ, ਤੀਸ਼ਾ, ਸਰਬਣ ਜੱਸੀ ਜੋ ਕੋਚ ਸੀ, ਉਨ੍ਹਾਂ 'ਚੋਂ ਬਹੁਤੇ ਮੋਟਰ ਸਾਈਕਲਾਂ ਨਾਲ ਸਨਮਾਨਿਤ ਹੋ ਚੁੱਕੇ ਹਨ। ਰਾਮ ਸਿੰਘ, ਕਰਨੈਲ ਸਿੰਘ, ਦਿਲਬਾਗ਼ ਸਰਾਂ, ਬਲਵੀਰ ਗਿੱਲ, ਵਿਜੈ, ਜੱਗਾ, ਪੱਪੂ, ਦੀਪਾ, ਹਰਜੀਤ, ਬਲਜਿੰਦਰ, ਗੁਰਮੀਤ, ਅਵਤਾਰ, ਸਤਨਾਮ, ਅਰਸ਼ਦੀਪ, ਸੋਨੂੰ, ਗੁਰਜੀਤ ਆਦਿ ਹੋਰ ਵੀ ਕਈ ਕਬੱਡੀ ਖਿਡਾਰੀ ਹਨ। ਅਸੀਂ ਚਾਰ ਭਰਾ ਹੰਸ ਰਾਜ, ਹਰਬੰਸ ਲਾਲ, ਸੁਭਾਸ਼ ਚੰਦਰ, ਸੂਰਜ ਭਾਨ ਤੇ ਪ੍ਰਿਤਪਾਲ, ਜਸਪਾਲ, ਧਰਮਪਾਲ, ਪੱਪੀ ਚਾਰੇ ਭਰਾ ਕਬੱਡੀ ਖੇਡਦੇ ਰਹੇ ਹਾਂ। ਸੁਭਾਸ਼ ਚੰਦਰ ਨੇ ਪੇਂਡੂ ਖੇਡਾਂ ਦੇ ਨਾਲ ਆਈ. ਟੀ. ਆਈ. ਦੇ ਪੰਜਾਬ ਪੱਧਰ ਦੇ ਟੂਰਨਾਮੈਂਟ ਵੀ ਖੇਡੇ।

ਰੋਡਿਆਂ ਵਾਲਾ ਟੂਰਨਾਮੈਂਟ ਫਰਵਰੀ ਵਿਚ ਹੁੰਦਾ ਸੀ। ਉਦੋਂ ਆਮ ਲੋਕ ਕੰਮਾਂ ਕਾਰਾਂ ਤੋਂ ਵਿਹਲੇ ਹੁੰਦੇ ਸਨ। ਇਕੇਰਾਂ ਮਰਹੂਮ ਜੋਗਿੰਦਰ ਸਿੰਘ ਬਰਾੜ ਨੇ ਮੈਨੂੰ ਹਰਬੰਸ ਸਿੰਘ ਬਰਾੜ ਦੇ ਘਰੋਂ ਦੇਸੀ ਘਿਉ ਦੀ ਭਰੀ ਵੱਡੀ ਬਾਲਟੀ ਲੈ ਕੇ ਦਿੱਤੀ ਸੀ। ਮੈਂ ਪੁੱਛਿਆ, ਕਿੰਨੇ ਪੈਸੇ? ਕਹਿਣ ਲੱਗਾ, ਰੋਡਿਆਂ ਆਲਾ ਟੂਰਨਾਮੈਂਟ ਜਿੱਤ ਦੇਹ, ਕੋਈ ਪੈਸਾ ਨਹੀਂ। ਟੂਰਨਾਮੈਂਟ ਆਇਆ ਤਾਂ ਅਸੀਂ ਟੀਮ ਦੀ ਚੋਣ ਕੀਤੀ। ਗੁਰਦੀਪ ਸਿੰਘ ਸੋਢੀ, ਸੁਰਿੰਦਰਪਾਲ ਸ਼ਰਮਾ (ਵੈਟਰਨ ਏਸ਼ੀਆ ਅਥਲੀਟ), ਤੇਜਾ ਸਿੰਘ ਸਰਾਂ, ਜੋਗਿੰਦਰ ਸਿੰਘ ਬਰਾੜ, ਡਾ. ਪ੍ਰਿਤਪਾਲ ਸਿੰਘ, ਡਾ. ਜਸਪਾਲ ਸਿੰਘ, ਗੁਰਮੇਲ ਸਿੰਘ ਮੇਲੂ, ਮੇਲਾ ਸਿੰਘ ਪ੍ਰਧਾਨ ਤੇ ਟੀਮ ਕਪਤਾਨ ਵਜੋਂ ਸੂਰਜ ਭਾਨ ਖੇਡੇ। ਮੈਚ ਵਾਲੇ ਦਿਨ ਸਾਡੇ ਪਿੰਡ ਵਾਸੀਆਂ ਤੇ ਇਲਾਕੇ ਦਾ ਬੜਾ ਭਾਰੀ 'ਕੱਠ ਸੀ। ਉਦੋਂ ਡੇਢ ਪੁਆਇੰਟ ਨਹੀਂ ਸੀ ਹੁੰਦਾ।

ਟੂਰਨਾਮੈਂਟ ਕਮੇਟੀ ਨੇ ਦੋ ਗਰੁੱਪ ਬਣਾਏ ਸਨ। ਇਕ ਵਿਚ ਰਾਜੇਆਣਾ ਜਿੱਤਦਾ ਆ ਰਿਹਾ ਸੀ, ਦੂਜੇ ਵਿਚ ਸਮਾਲਸਰ। ਦੂਜੇ ਦਿਨ ਸ਼ਾਮ ਨੂੰ ਫਾਈਨਲ ਮੈਚ ਰਾਜੇਆਣੇ ਤੇ ਸਮਾਲਸਰ ਵਿਚਕਾਰ ਹੋਣ ਲੱਗਾ। ਲੋਕਾਂ ਦੀਆਂ ਨਜ਼ਰਾਂ ਇਸੇ ਮੈਚ 'ਤੇ ਸਨ, ਕਿਉਂਕਿ ਸਾਡਾ ਕੱਪ ਜਿੱਤਣ ਦਾ ਤੀਜਾ ਸਾਲ ਸੀ, ਜਿਸ ਨਾਲ ਕੱਪ ਪੱਕਾ ਹੀ ਸਾਡਾ ਹੋ ਜਾਣਾ ਸੀ। ਰਾਜੇਆਣੇ ਦਾ ਕਪਤਾਨ ਓਮ ਮੂਲ ਸ਼ੰਕਰ ਬਹੁਤ ਤੇਜ਼-ਤਰਾਰ ਰੇਡਰ ਸੀ। ਟਾਸ ਉਹ ਜਿੱਤ ਗਿਆ। ਪਹਿਲੀ ਰੇਡ ਉਹਦੀ ਸੀ, ਜੀਹਦਾ ਉਹ ਪੁਆਇੰਟ ਲੈ ਗਿਆ। ਫੇਰ ਕੀ ਸੀ, ਲੋਕ ਲਲਕਾਰੇ ਤੇ ਚੀਕਾਂ ਮਾਰਨ ਲੱਗੇ। ਇਕ ਇਕ ਰੇਡ ਅਤੇ 'ਕੱਲੇ ਕੱਲੇ ਜੱਫੇ 'ਤੇ ਧੱਕਾ ਪੈਣ ਲੱਗਾ। ਰੌਲੇ-ਰੱਪੇ ਵਿਚ ਮੈਚ ਬਰਾਬਰ ਰਹਿ ਗਿਆ। ਫੇਰ 10-2-10 ਮਿੰਟ ਦਾ ਹੋਰ ਸਮਾਂ ਮਿਲਿਆ। ਮੈਚ ਫੇਰ ਬਰਾਬਰ ਰਹਿ ਗਿਆ। ਕਮੇਟੀ ਦੋਹਾਂ ਟੀਮਾਂ ਨੂੰ ਕੱਪ ਛੇ-ਛੇ ਮਹੀਨੇ ਦੇਣ ਵਾਸਤੇ ਕਹਿੰਦੀ ਸੀ, ਪਰ ਅਸੀਂ ਨਾ ਮੰਨੇ। ਫੇਰ 5-2-5 ਮਿੰਟ ਦਾ ਸਮਾਂ ਦਿੱਤਾ ਤਾਂ ਅਸੀਂ ਅੜ ਗਏ ਕਿ ਦੁਬਾਰਾ 20-5-20 ਮਿੰਟ ਦਾ ਪੂਰਾ ਸਮਾਂ ਦੇ ਕੇ ਕੱਟਾ-ਕੱਟੀ ਕੱਢੋ। ਨਾਲੇ ਪਤਾ ਲੱਗ'ਜੂ ਕੀਹਨੇ ਬੂਰੀਆਂ ਚੁੰਘੀਆਂ? ਮੇਰੇ ਅੰਦਰੋਂ ਘਿਉ ਦੀ ਬਾਲਟੀ ਬੋਲਦੀ ਸੀ। ਮੈਂ ਕਿਹਾ, ਅਸੀਂ ਤਾਂ ਕੱਪ ਪੱਕਾ ਈ ਲੈ ਕੇ ਜਾਵਾਂਗੇ।

ਟੂਰਨਾਮੈਂਟ ਕਮੇਟੀ ਨੇ ਮਜਬੂਰੀ ਵੱਸ ਸਾਡਾ ਮੈਚ ਤੀਜੇ ਦਿਨ 'ਤੇ ਪਾ ਦਿੱਤਾ। ਲੋਕ ਟਕੂਏ, ਗੰਡਾਸੇ ਤੇ ਡਾਂਗਾਂ ਲੈ ਕੇ ਮੈਚ ਦੇਖਣ ਆਏ। ਅਸੀਂ ਸਭ ਨੂੰ ਸਮਝਾਇਆ ਕਿ ਕੱਪ ਕੋਈ ਵੀ ਜਿੱਤੇ, ਕਿਸੇ ਨੇ ਲੜਾਈ ਝਗੜਾ ਨਹੀਂ ਕਰਨਾ। ਮੈਂ ਕਿਹਾ, ਕੱਪ ਜਿੱਤ ਕੇ ਲਿਜਾਵਾਂਗੇ, ਖੋਹ ਕੇ ਨਹੀਂ। ਮੈਚ ਸ਼ੁਰੂ ਹੋ ਗਿਆ। ਰੌਲਾ ਪੈਂਦਾ ਰਿਹਾ। 20-5-20 ਮਿੰਟ ਦਾ ਸਮਾਂ ਖਤਮ ਹੋ ਗਿਆ, ਪਰ ਪੁਆਇੰਟ ਬਰਾਬਰ ਰਹੇ। ਦੁਬਾਰਾ 20-5-20 ਮਿੰਟਾਂ ਦਾ ਸਮਾਂ ਦਿੱਤਾ ਗਿਆ। ਮੈਚ ਫਿਰ ਚਾਲੂ ਹੋ ਗਿਆ। ਪਹਿਲੀ ਰੇਡ ਸਾਡੀ ਸੀ। ਸਮਾਂ ਖਤਮ ਹੋਣ ਦੇ ਨੇੜੇ ਸੀ ਕਿ ਰੈਫਰੀ ਨੇ ਐਲਾਨ ਕਰ ਦਿੱਤਾ ਬਈ ਇਕ-ਇਕ ਕਬੱਡੀ ਬਾਕੀ ਹੈ। ਮੈਂ ਕਬੱਡੀ ਪਾਉਣ ਗਿਆ ਤਾਂ ਬਾਹਰੋਂ ਰੌਲਾ ਪੈ ਰਿਹਾ ਸੀ ਕਿ ਫੜ ਲਓ ਇਹਨੂੰ, ਪੈ'ਜੋ ਟੁੱਟ ਕੇ, ਜਾਵੇ ਨਾ ਹੁਣ। ਪਰ ਮੈਂ ਪੁਆਇੰਟ ਲੈ ਆਂਦਾ।

ਹੁਣ ਰਾਜੇਆਣੀਆਂ ਦੀ ਅਖੀਰਲੀ ਰੇਡ ਸੀ। ਮੈਂ ਰੇਡਰ ਸਾਂ, ਇਸ ਲਈ ਮੈਨੂੰ ਰੈਫਰੀ ਨੂੰ ਕਹਿਣਾ ਪਿਆ ਕਿ ਮੈਂ ਫੜਾਂਗਾ। ਰੈਫਰੀ ਨੇ ਐਲਾਨ ਕਰ ਦਿੱਤਾ ਕਿ ਹੁਣ ਸੂਰਜੀ ਵੀ ਫੜ ਸਕਦੈ। ਮੈਨੂੰ ਪਤਾ ਸੀ, ਆਖਰੀ ਕਬੱਡੀ ਓਮ ਪਾਊਗਾ। ਉਹੀ ਹੋਇਆ। ਮੈਂ ਉਸ ਦਾ ਗੁੱਟ ਫੜ ਕੇ ਕੈਂਚੀ ਮਾਰੀ, ਪਰ ਸਦਕੇ ਮਾਂ ਦੇ ਪੁੱਤ ਦੇ, ਉਹਨੇ ਕੈਂਚੀ ਪੱਟ'ਤੀ, ਪਰ ਗੁੱਟ ਨਾ ਛੁਡਾ ਸਕਿਆ। ਮੈਂ ਦੁਬਾਰਾ ਕੈਂਚੀ ਮਾਰੀ, ਜੋ ਇਕੋ ਲੱਤ ਨੂੰ ਪਈ ਜੀਹਨੂੰ ਉਹ ਖਿੱਚ ਗਿਆ। ਮੈਂ ਗੁੱਟ ਨਾ ਛੱਡਿਆ ਤੇ ਤੀਜੀ ਕੈਂਚੀ ਮਾਰ ਕੇ ਉਹਦੇ ਉਤੇ ਬਹਿ ਗਿਆ। ਰੈਫਰੀ ਨੇ ਕੰਨ ਨੇੜੇ ਕਰ ਕੇ ਸੁਣਿਆ ਤਾਂ ਓਮ ਦਾ ਸਾਹ ਟੁੱਟ ਚੁੱਕਾ ਸੀ। ਓਮ ਦੀਆਂ ਅੱਖਾਂ ਵਿਚ ਹਾਰ ਦੇ ਹੰਝੂ ਸਨ ਤੇ ਮੇਰੀਆਂ ਅੱਖਾਂ ਵਿਚ ਜਿੱਤ ਦੇ ਹੰਝੂ ਕਿ ਸਮਾਲਸਰੀਆਂ ਨੇ ਕੱਪ ਪੱਕਾ ਹੀ ਜਿੱਤ ਲਿਆ। ਆਖਰ ਸਮਾਲਸਰੀਆਂ ਨੇ ਆਪਣੇ ਮੱਥੇ ਤੋਂ ਹਾਰ ਦਾ ਦਾਗ ਧੋ ਹੀ ਦਿੱਤਾ!

---

# ਸਾਫਾ

"ਚਾਚੀ ਤੈਨੂੰ ਪਤਾ ਲੱਗਾ?"

"ਕੁੜੀਏ ਕਾਹਦਾ?"

"ਲੈ! ਤੈਨੂੰ ਜਮਾਂ ਨ੍ਹੀਂ ਖਬਰ! ਅੱਜ ਸਵੇਰੇ ਜਾਗਰ ਅਮਲੀ ਦੇ ਮੁੰਡੇ ਨੇ ਆਪਣੇ ਸਿਰ 'ਤੇ ਬੰਨੇ ਸਾਫੇ ਨਾਲ ਆਪਣੀ ਮੋਟਰ 'ਤੇ ਫਾਹਾ ਲੈ ਲਿਆ। ਕਹਿੰਦੇ ਨੇ, ਆੜਤੀਆਂ ਤੇ ਬੈਂਕ ਦਾ ਕਰਜ਼ਾ ਸੀ।"

"ਨੀ ਮੈਂ ਮਰ'ਜਾਂ! ਉਹਦੇ ਤਾਂ ਭੋਰਾ ਭੋਰਾ ਜਵਾਕ ਨੇ। ਅਜੇ ਬਹੁ ਵੀ ਨਿਆਣੀ ਆ, ਥੋੜ੍ਹੀ ਉਮਰ ਦੀ...ਕਮਲਿਆ ਇਹ ਕਰ ਲਿਆ!"

"ਚਾਚੀ ਇਹ ਇਕ ਮਹੀਨੇ 'ਚ ਤੀਜਾ ਕੇਸ ਆ। ਪਹਿਲਾਂ ਨਾਲ ਵਾਲੇ ਪਿੰਡ ਰਸੂਲਪੁਰ ਦੇ ਮੁੰਡੇ ਨੇ ਏਵੇਂ ਈ ਸਾਫੇ ਨਾਲ ਫਾਹਾ ਲਿਆ। ਦੂਆ, ਆ ਕੀ ਨਾਉਂ ਪਿੰਡ ਦਾ...ਰਤਨਗੜ੍ਹ, ਉਥੋਂ ਦੇ ਮੁੰਡੇ ਨੂੰ ਵੀ ਆ ਜੈ ਖਾਣਾ ਸਾਫਾ ਈ ਖਾ ਗਿਆ ਤੇ ਤੀਆ ਆਪਣੇ ਪਿੰਡ ਦੇ ਨੇ ਵੀ ਸਾਫੇ ਨਾਲ ਜਾਨ ਗਵਾਈ। ਅੱਛਾ ਚਾਚੀ ਮੈਂ ਚੱਲਦੀ ਆਂ, ਗੋਗੇ ਦੇ ਭਾਪੇ ਨੇ ਰੋਟੀ ਖਾਣੀ ਹਜੇ।" ਇੰਨਾ ਕਹਿ ਕੇ ਗਵਾਂਢਣ ਤਾਂ ਚਲੀ ਗਈ, ਪਰ ਚਾਚੀ ਨੂੰ ਡੂੰਗੀਆਂ ਸੋਚਾਂ ਵਿਚ ਡੋਬ ਗਈ।

ਚਾਚੀ ਇਕਦਮ ਉੱਠੀ, ਮੰਜੇ 'ਤੇ ਅੱਜ ਹੀ ਧੋ ਕੇ ਰੱਖੇ ਕੱਪੜਿਆਂ ਦੀ ਫੋਲਾ-ਫਾਲੀ ਕਰਨ ਲੱਗੀ। ਦੋਵੇਂ ਧੋਤੇ ਸਾਫੇ ਲੱਭ ਉਹਨੇ ਪੇਟੀ ਵਿਚ ਪਏ ਕੱਪੜਿਆਂ ਹੇਠ ਲੁਕਾ ਦਿੱਤੇ। ਭੋਲੀ ਮਾਂ ਨੂੰ ਲੱਗਿਆ, ਮੈਂ ਸਾਫੇ ਲੁਕਾ ਕੇ ਆਪਣੇ ਪੁੱਤਰ ਦੀ ਜਾਨ ਬਚਾ ਲਈ।

*-ਚਰਨਜੀਤ ਸਿੰਘ ਸਾਹੀ*

ਕਹਾਣੀ

# ਸੰਦੂਖ

**ਪਰਵਾਸ ਬਾਰੇ ਲਿਖੀ ਇਸ ਕਹਾਣੀ ਦਾ ਰੰਗ ਰਤਾ ਕੁ ਵੱਖਰਾ ਹੈ। ਲੇਖਕ ਸਿਮਰਨ ਧਾਲੀਵਾਲ ਨੇ ਇਸ ਕਹਾਣੀ ਵਿਚ ਹੇਰਵੇ ਦੀ ਗੱਲ ਤਾਂ ਕੀਤੀ ਹੈ ਪਰ ਪਿੰਡ ਤੋਂ ਉਖੜੇ ਬੰਦੇ ਦੇ ਆਲੇ-ਦੁਆਲੇ ਦੇ ਮਾਹੌਲ ਅਤੇ ਦਿਲ ਅੰਦਰ ਚੱਲ ਰਹੇ ਘੋਲ ਨੂੰ ਉਸ ਨੇ ਬੜੀ ਬਾਰੀਕੀ ਨਾਲ ਪੇਸ਼ ਕੀਤਾ ਹੈ। ਪਰਵਾਸੀ ਬਣੇ ਪੰਜਾਬੀਆਂ ਨੇ ਪਿੱਛੇ ਨਹੀਂ ਮੁੜਨਾ ਪਰ ਕਹਾਣੀ ਦਾ ਪਾਤਰ ਪਿੰਡ ਦੀ ਪਰਵਾਜ਼ ਲਈ ਪਰ ਤੋਲ ਰਿਹਾ ਜਾਪਦਾ ਹੈ।**

'ਬਾਪੂ ਨੇ ਤੀਹ ਕੁ ਸਾਲ ਤਾਂ ਕੱਟ'ਤੇ ਹੋਣੇ ਉਰੇ ਕਿ ਨਹੀਂ?' ਮੈਂ ਪੈਮ ਨੂੰ ਪੁੱਛਦਾਂ। ਉਹ ਕੰਪਿਊਟਰ ਉਪਰ ਬਿਜ਼ੀ ਹੈ। ਮੇਰੇ ਵੱਲ ਬਿਨ ਦੇਖੇ ਹੀ 'ਯਾਅ' ਆਖ ਕੇ ਸਾਰ ਦਿੰਦੀ ਹੈ। ਮੈਂ ਉਹਦੇ ਨਾਲ ਹੋਰ ਗੱਲਾਂ ਕਰਨੀਆਂ ਚਾਹੁੰਦਾਂ ਪਰ ਉਸ ਦਾ ਕੋਈ ਜ਼ਰੂਰੀ ਕੰਮ ਬਾਕੀ ਪਿਆ ਹੈ। ਇਸ ਲਈ ਮੈਂ ਹੋਰ ਕੁਝ ਨਹੀਂ ਬੋਲਦਾ। ਕਿਚਨ ਵੱਲ ਜਾਂਦਾ-ਜਾਂਦਾ ਪੁੱਛ ਲੈਂਦਾ ਹਾਂ, 'ਕੌਫੀ ਲੈਣੀ ਤੂੰ?'

'ਅੱਧਾ ਕੱਪ।' ਉਹ ਆਖ ਦਿੰਦੀ ਹੈ ਤੇ ਮੈਂ ਰਸੋਈ ਵਿਚ ਜਾ ਕੇ ਕੌਫੀ ਬਣਾਉਣ ਲੱਗਦਾਂ। ਰਸੋਈ ਵਿਚ ਖੜ੍ਹਾ ਮੈਂ ਮੁੜ ਪੁਰਾਣੀਆਂ ਗੱਲਾਂ ਵਿਚ ਗੁਆਚ ਜਾਂਦਾਂ। ਬਾਪੂ ਉਦੋਂ ਅਜੇ ਰਿਟਾਇਰ ਹੋਇਆ ਹੀ ਸੀ ਜਦੋਂ ਮੈਂ ਕਾਗਜ਼ ਭੇਜੇ ਸੀ ਇੰਡੀਆ। ਮੈਂ ਮਨ ਹੀ ਮਨ ਮੁੜ ਸਾਲਾਂ ਦਾ ਹਿਸਾਬ ਲਗਾਉਣ ਲੱਗ ਜਾਂਦਾ ਹਾਂ। ਮੈਨੂੰ ਯਾਦ ਹੈ ਵੀਜ਼ਾ ਅਪਲਾਈ ਕੀਤੇ ਤੋਂ ਪੰਦਰਾਂ ਕੁ ਦਿਨਾਂ ਬਾਅਦ ਹੀ ਅਚਾਨਕ ਸਾਹ ਦੀ ਬਿਮਾਰੀ ਨਾਲ ਬੇਬੇ ਚੱਲ ਵਸੀ ਸੀ। ਮੈਂ ਬਾਰਡਰ ਵੱਲ ਜਾ ਰਿਹਾ ਸਾਂ ਟਰਾਲਾ ਲੋਡ ਕਰੀ। ਬਾਪੂ ਦਾ ਫੋਨ ਆਇਆ। ਮੇਰੀਆਂ ਅੱਖਾਂ ਵਿਚ ਚਮਕ ਆ ਗਈ। ਸੋਚਿਆ ਬਾਪੂ ਨੇ ਦੱਸਣਾ ਹੋਣੈਂ ਕਿ



**ਸਿਮਰਨ ਧਾਲੀਵਾਲ**
ਫੋਨ: +91-94632-15168

ਬੀਰਿਆ ਮੇਰਾ ਤੇ ਮਾਂ ਤੇਰੀ ਦਾ ਵੀਜ਼ਾ ਆ ਗਿਆ ਪਰ ਕਾਲ ਦੱਬਦਿਆਂ ਸਾਰ ਬਾਪੂ ਡੁੱਬੀ ਜਿਹੀ ਆਵਾਜ਼ ਵਿਚ ਬੋਲਿਆ ਸੀ, 'ਬੱਲਿਆ ਤੂੰ ਤਾਂ ਕਨੇਡਾ ਦੀਆਂ ਟਿਕਟਾਂ ਕਟਾਉਂਦਾ ਫਿਰਦਾਂ, ਮਾਂ ਤੇਰੀ...।' ਬਾਪੂ ਫਿਸ ਪਿਆ ਸੀ। ਫੇਰ ਪਲ ਕੁ ਮਗਰੋਂ ਉਹਨੇ ਖੁਦ ਨੂੰ ਸੰਭਾਲਦਿਆਂ ਆਖਿਆ ਸੀ, 'ਆਜੋ ਮੇਰੇ ਪੁੱਤ ਤੁਸੀਂ।' ਇਸ 'ਤੁਸੀਂ' ਵਿਚ ਮੈਂ ਤੇ ਪੈਮ ਸ਼ਾਮਿਲ ਸਾਂ। ਮੈਂ ਭਵੰਤਰ ਗਿਆ। ਪੈਮ ਦਾ ਨੰਬਰ ਲਗਾਇਆ। ਅੱਗਿਓਂ ਕੰਪਿਊਟਰ ਬੋਲਿਆ। ਟੀਂ ਦੀ ਆਵਾਜ਼ ਹੋਈ ਤੇ ਮੈਂ ਮੈਸੇਜ ਛੱਡ ਦਿੱਤਾ। ਟਰਾਲਾ ਵਾਪਸ ਮੋੜ ਲਿਆ। ਸੋਚਿਆ ਟਰਾਂਸਪੋਰਟ 'ਤੇ ਜਾ ਕੇ ਗੱਲ ਕਰਦਾਂ, ਆਪੇ ਕਿਸੇ ਹੋਰ ਨੂੰ ਭੇਜ ਦੇਣਗੇ।...ਤੇ ਉਦੋਂ ਮੈਂ ਇਕੱਲਾ ਗਿਆ ਸੀ ਇੰਡੀਆ। ਜੋ ਵੀ ਮਿਲਦਾ, ਪਹਿਲਾ ਸਵਾਲ ਇਹੀ ਕਰਦਾ, 'ਬੀਰਿਆ ਪੰਮੀ ਨਹੀਂ ਆਈ?' ਮੈਂ ਭਰੀ-ਭਰਾਈ ਰੀਲ੍ਹ ਵਾਂਗ ਕੰਮ ਦੀ ਮਜਬੂਰੀ, ਬੱਚੇ ਦੀ ਜ਼ਿੰਮੇਵਾਰੀ ਤੇ ਪਤਾ ਨਹੀਂ ਕੀ-ਕੀ ਆਖ ਕੇ ਸਵਾਲਾਂ ਦੇ ਜਵਾਬ ਦਿੰਦਾ। ਭੋਗ ਪੈਣ ਤਕ ਬੇਬੇ ਤੇ ਬਾਪੂ ਦੋਨਾਂ ਦਾ ਵੀਜ਼ਾ ਆ ਗਿਆ ਸੀ ਪਰ ਬੇਬੇ ਦੇ ਕਰਮਾਂ 'ਚ ਜਿੰਦਾਂ ਕੈਨੇਡਾ ਦਾ ਪਾਣੀ ਲਿਖਿਆ ਹੀ ਨਹੀਂ ਸੀ।

'ਬੌਬ! ਪਾਣੀ ਪਿਆ ਦੇ, ਨਹੀਂ ਤਾਂ ਕੌਫੀ ਤਾਂ ਤੂੰ ਧੁੱਪੇ ਧਰੀ ਹੋਈ ਆ।' ਪੈਮ ਨੇ ਹਾਕ ਮਾਰੀ। ਮੇਰੀ ਸੁਰਤੀ ਟੁੱਟਦੀ ਹੈ। ਕੌਫੀ ਰਿੱਝ-ਰਿੱਝ ਕਮਲੀ ਹੋਈ ਪਈ ਸੀ। ਦੋ ਕੱਪਾਂ ਵਿਚ ਕੌਫੀ ਪਾ ਕੇ ਲਿਵਿੰਗ ਰੂਮ ਵਿਚ ਲੈ ਜਾਂਦਾਂ।

'ਧੁੱਪੇ ਧਰੀ ਹੁੰਦੀ ਤਾਂ ਸੱਤ ਦਿਨ ਨਹੀਂ ਸੀ ਬਣਨੀ। ਮੌਸਮ ਦੇਖਿਆ ਬਾਹਰ?' ਮੈਂ ਵਿੰਡੋ ਵਿਚਦੀ ਬਾਹਰ ਦੇਖਦਾਂ। ਅਜੇ ਵੀ ਨਿੱਕਾ-ਨਿੱਕਾ ਮੀਂਹ ਪੈ ਰਿਹਾ। ਆਸਮਾਨ ਬੱਦਲਾਂ ਨਾਲ ਭਰਿਆ ਪਿਆ। ਠੰਢੀ ਹਵਾ ਚੱਲਦੀ ਹੈ ਬਾਹਰ। ਦਸੰਬਰ ਦਾ ਦੂਜਾ ਹਫਤਾ ਹੈ।

ਮੈਂ ਤੇ ਬਾਪੂ ਜਿਸ ਦਿਨ ਚੱਲੇ ਸਾਂ ਪਿੰਡ ਤੋਂ, ਉਸ ਦਿਨ ਵੀ ਨਿੱਕਾ-ਨਿੱਕਾ ਮੀਂਹ ਪੈ ਰਿਹਾ ਸੀ। ਰਾਜਪੁਰਾ ਟੱਪੇ ਹੀ ਸਾਂ। ਬੱਦਲ ਦੇਖ ਕੇ ਬਾਪੂ ਨੂੰ ਫਿਕਰ ਪੈ ਗਿਆ ਸੀ।

'ਬੀਰਿਆ! ਚਾਚੇ ਆਪਣੇ ਨੂੰ ਲਾਈਂ ਜ਼ਰਾ ਫੋਨ। ਪਿਛਲਾ ਕਮਰਾ ਚੋਣ ਲੱਗ ਜਾਂਦਾ ਹੁੰਦਾ। ਸੰਦੂਖ ਪਿਆ ਤੇਰੀ ਬੇਬੇ ਦਾ। ਆਖਾਂ ਉਹਨੂੰ...।' ਵਿੰਡੋ ਅੱਗੇ ਖੜ੍ਹਾ ਕੌਫੀ ਦੀਆਂ ਘੁੱਟਾਂ ਭਰਦਾ ਮੈਂ ਮੁੜ ਉਹਨਾਂ ਹੀ ਗੱਲਾਂ ਵਿਚ ਗੁਆਚ ਗਿਆ। ਬੇਬੇ ਨੂੰ ਬੜਾ ਪਿਆਰਾ ਸੀ ਆਪਣਾ ਸੰਦੂਖ। ਹਜ਼ਾਰਾਂ ਵਾਰ ਉਹਨੇ ਇਸ ਸੰਦੂਕ ਦੀ ਕਥਾ ਸੁਣਾਈ ਸੀ ਸਾਨੂੰ।

'ਸਾਡੇ ਵਾਰੇ-ਪਾਰੇ ਤਾਂ ਸੰਦੂਖ ਈ ਦਿੰਦੇ ਸੀ ਦਾਜ 'ਚ। ਟਾਹਲੀ ਹੁੰਦੀ ਸੀ ਸਾਡੇ ਖੇਤ। ਇਹ ਉਹਦੀ ਲੱਕੜ ਦਾ ਬਣਿਆ। ਬਲਵਿੰਦਰ ਸਿਹੁੰ ਦੇ ਹੱਥਾਂ ਦਾ। ਹੁਣ ਤਾਂ ਉਹ ਵੀ ਵਿਚਾਰਾ ਪਤਾ ਨਹੀਂ ਕਦੋਂ ਦਾ ਮਰ ਖਪ ਗਿਆ ਹੋਣਾ।'... ਤੇ ਜਦੋਂ ਮੇਰਾ ਵਿਆਹ ਹੋਇਆ, ਬੇਬੇ ਦਾ ਸੰਦੂਖ ਪਿਛਲੇ ਕਮਰੇ ਵਿਚ ਧਰ ਦਿੱਤਾ ਗਿਆ ਸੀ। ਸ਼ਾਇਦ ਵੇਲਾ ਬਦਲਣ ਨਾਲ ਚੀਜ਼ਾਂ ਦਾ ਮੁੱਲ ਤੇ ਥਾਂ, ਦੋਨੋਂ ਬਦਲ ਜਾਂਦੇ ਨੇ। ਜਦੋਂ ਅਸੀਂ ਏਅਰਪੋਰਟ ਤੋਂ ਬਾਹਰ ਨਿਕਲੇ, ਟੈਕਸੀ ਵਿਚ ਬੈਠਾ ਬਾਪੂ ਬਾਹਰ ਦੇ ਰੰਗ ਤਮਾਸ਼ੇ ਦੇਖ ਰਿਹਾ ਸੀ।

'ਬੱਲਿਆ! ਊਂਈਂ ਨਹੀਂ ਮਰੀ ਜਾਂਦਾ ਸਾਰਾ ਪੰਜਾਬ ਕਨੇਡਾ ਆਉਣ ਨੂੰ। ਹੈ ਤਾਂ ਸਵਰਗਾਂ ਵਰਗਾ।' ਮੈਂ ਬਾਪੂ ਦੀ ਇਸ ਗੱਲ 'ਤੇ ਹੱਸ ਪਿਆ ਸਾਂ। ਉਦੋਂ ਅਜੇ ਕੰਮ ਦਾ ਵੇਲਾ ਸੀ। ਨਾ ਪੈਮ ਘਰ ਸੀ ਨਾ ਰੌਬਿਨ। ਉਹਨੂੰ ਢਾਈ ਵਜੇ ਛੁੱਟੀ ਹੋਣੀ ਸੀ ਸਕੂਲ ਤੋਂ। ਚਾਰ ਸਾਲਾਂ ਬਾਅਦ ਬਾਪੂ ਨੇ ਮਿਲਣਾ ਸੀ ਰੌਬਿਨ ਨੂੰ। ਰੌਬਿਨ ਉਦੋਂ ਅਜੇ ਬਹੁਤ ਛੋਟਾ ਸੀ ਜਦੋਂ ਅਸੀਂ ਕੈਨੇਡਾ ਆ ਗਏ ਸਾਂ। ਚਾਰ ਸਾਲਾਂ ਵਿਚ ਮੈਂ ਦੋ ਵਾਰ ਇਕੱਲਾ ਗਿਆ ਸਾਂ ਇੰਡੀਆ। ਇਕ ਵਾਰ ਕਿਸੇ ਖਾਸ ਕੰਮ ਕਰਕੇ ਤੇ ਦੂਜੀ ਵਾਰ ਬੇਬੇ ਦੀ ਮੌਤ 'ਤੇ। ਘਰ ਆ ਕੇ ਮੈਂ ਬਾਪੂ ਨੂੰ ਚਾਹ ਬਣਾ ਕੇ ਪਿਆਈ। ਸਮਾਨ ਕਮਰੇ ਵਿਚ ਰੱਖ ਕੇ ਗਰਮ ਪਾਣੀ ਬਾਥ ਟੱਬ ਵਿਚ ਛੱਡ ਕੇ ਨਹਾਉਣ ਲਈ ਤੋਲੀਆ ਦਿੱਤਾ। ਜਦ ਸ਼ਾਮ ਜਿਹੀ ਨੂੰ ਬਾਪੂ ਸੁੱਤਾ ਉਠਿਆ, ਉਦੋਂ ਤਕ ਪੈਮ ਤੇ ਰੌਬਿਨ ਦੋਨੋਂ ਘਰ ਆ ਗਏ ਸੀ। ਮੈਨੂੰ ਉਹ ਸ਼ਾਮ ਬੜੀ ਚੰਗੀ-ਚੰਗੀ ਲੱਗੀ ਸੀ। ਕਾਸ਼ ਬੇਬੇ ਵੀ ਨਾਲ ਹੁੰਦੀ। ਘਰ ਹੋਰ ਭਰਿਆ-ਭਰਿਆ ਲੱਗਣਾ ਸੀ। ਮੈਨੂੰ ਬੇਬੇ ਦੇ ਤੁਰ ਜਾਣ ਦਾ ਯਕੀਨ ਨਹੀਂ ਹੋ ਰਿਹਾ ਜਿੰਦਾਂ। ਅਜੇ ਚਾਰ ਦਿਨ ਪਹਿਲਾਂ ਹੀ ਤਾਂ...। ਹਲਕੀ-ਹਲਕੀ ਸਰਦੀ ਸੀ ਉਦੋਂ ਵੀ। ਬਾਹਰ ਇਸੇ ਤਰ੍ਹਾਂ ਮੀਂਹ ਪੈ ਰਿਹਾ ਸੀ। ਮੈਂ ਵਿਸਕੀ ਦੀ ਬੋਤਲ ਮੇਜ਼ ਉਪਰ ਧਰ ਦਿੱਤੀ। ਪੈਮ ਨੇ ਆਮਲੇਟ ਬਣਾ ਦਿੱਤਾ। ਦੋ ਕੁ ਪੈੱਗ ਲਗਾ ਕੇ ਬਾਪੂ ਬੇਬੇ ਦੀਆਂ ਗੱਲਾਂ ਕਰਨ ਲੱਗਾ। ਕਦੀ ਉਹ ਪਿੰਡ ਦੀਆਂ ਗੱਲਾਂ ਛੇੜ ਲੈਂਦਾ। ਕਦੀ ਆਪਣੀ ਮਾਸਟਰੀ ਦੀਆਂ। ਵਿਚ ਨੂੰ ਰੌਬਿਨ ਨੂੰ ਪਿਆਰ ਕਰਨ ਲੱਗਦਾ।

'ਬੱਲਿਆ ਤੂੰ ਹੀ ਆ ਜਾਂਦਾ ਆਪਣੀ ਦਾਦੀ ਦੀ ਮੌਤ 'ਤੇ। ਤੈਨੂੰ ਯਾਦ ਕਰਦੀ ਮਰਗੀ ਉਹ।' ਬਾਪੂ ਦੀ ਇਸ ਗੱਲ 'ਤੇ ਮੇਰੀਆਂ ਅੱਖਾਂ ਛਲਕ ਆਈਆਂ ਸਨ। ਉਸ ਵੇਲੇ ਤਾਂ ਮੈਂ ਵੀ ਕੋਲ ਨਹੀਂ ਸਾਂ ਬੇਬੇ ਦੇ। ਮੈਨੂੰ ਯਾਦ ਹੈ ਜਦੋਂ ਸਾਡੀ ਪੀ.ਆਰ. ਹੋਈ ਸੀ। ਬੇਬੇ ਪੂਰਾ ਖੁਸ਼ ਨਹੀਂ ਸੀ ਹੋਈ ਉਦੋਂ।

'ਕਰੀ ਤਾਂ ਜਾਂਦੈਂ ਪੁੱਤ ਨੌਕਰੀਆਂ। ਇੱਥੇ ਈ ਕਨੇਡਾ ਆਪਣਾ। ਇਕ ਟਿੰਗ ਏ। ਉਹ ਵੀ ਤੁਰ ਜੂ ਤਾਂ ਅਸੀਂ ਕਾਹਦੇ ਜੋਗੇ। ਮੰਜੇ 'ਤੇ ਪਿਆਂ ਨੂੰ ਕੋਈ ਪਾਣੀ ਦੀ ਘੁੱਟ ਵੀ ਪੁੱਛਣ ਵਾਲਾ ਨਹੀਂ ਹੋਣਾ।'

'ਆਹ ਖੜ੍ਹਾ ਕੈਨੇਡਾ, ਦੁੱਖ-ਸੁੱਖ ਨੂੰ ਤੂੰ ਹਾਕ ਤਾਂ ਮਾਰੀਂ ਅਸੀਂ ਭੱਜੇ ਆਵਾਂਗੇ। ਨਾਲੇ ਦੋ ਕੁ ਸਾਲਾਂ ਦੀ ਤਾਂ ਗੱਲ ਏ, ਤੈਨੂੰ ਤੇ ਬਾਪੂ ਨੂੰ ਵੀ ਨਾਲ ਲੈ ਜਾਣਾ ਮੈਂ।' ਪਰ ਨਾ ਤਾਂ ਦੋ ਸਾਲ ਬਾਅਦ ਬੇਬੇ ਇੰਡੀਆ ਤੋਂ ਕੈਨੇਡਾ ਆਈ ਸੀ ਤੇ ਨਾ ਹੀ ਦੁੱਖ-ਸੁੱਖ ਨੂੰ ਮੈਂ ਇੰਡੀਆ ਜਾ ਸਕਿਆ ਸੀ। ਮੈਂ ਤਾਂ ਉਦੋਂ ਪਹੁੰਚਿਆ ਸੀ ਜਦੋਂ...।

'ਬੌਬ! ਜਦੋਂ ਦਾ...। ਤੂੰ ਕਿਤੇ ਗੁਆਚਿਆ ਹੋਇਆਂ। ਕੱਲ੍ਹ ਤੋਂ ਕੰਮ 'ਤੇ ਜਾ।' ਕੌਫੀ ਦੀ ਘੁੱਟ ਭਰਦੀ ਹੋਈ ਪੈਮ ਆਖਦੀ ਹੈ। ਮੈਂ ਵਿੰਡੋ ਅੱਗੇ ਖੜ੍ਹਾ ਹੀ ਪਿੱਛੇ ਨੂੰ ਗਰਦਨ ਘੁਮਾ ਕੇ ਉਹਦੇ ਵੱਲ ਦੇਖਦਾਂ ਤੇ ਆਖਦਾਂ, ' ਯਾਅਅ! ਕੰਮ 'ਤੇ ਜਾਣਾ ਈ ਪੈਣਾ।'

ਉਸ ਸ਼ਾਮ ਵੀ ਮੈਂ ਬਾਪੂ ਨੂੰ ਸਾਰਾ ਕੁਝ ਸਮਝਾ ਦਿੱਤਾ ਸੀ। ਆਪਣੇ ਤੇ ਪੈਮ ਦੇ ਕੰਮ ਦਾ ਟਾਈਮ। ਕਿੰਨੇ ਵਜੇ ਪੈਮ ਦੀ ਫਰੈਂਡ ਸੂਫੀ ਰੌਬਿਨ ਨੂੰ ਸਕੂਲ ਤੋਂ ਲੈ ਕੇ ਘਰ ਛੱਡ ਕੇ ਜਾਊ। ਖਾਣਾ ਕਿਵੇਂ ਗਰਮ ਕਰਨਾ। ਗਰਮ ਠੰਢਾ ਪਾਣੀ ਕਿਵੇਂ ਛੱਡਣਾ। ... ਤੇ ਹੋਰ ਵੀ ਨਿੱਕੀਆਂ-ਵੱਡੀਆਂ ਗੱਲਾਂ। ਅਗਲੀ ਸਵੇਰ ਬਾਪੂ ਸਾਡੇ ਉਠਣ ਤੋਂ ਪਹਿਲਾਂ ਉਠਿਆ ਬੈਠਾ ਸੀ।

'ਮੈਂ ਤਾਂ ਪਾਠੀ ਬੋਲਣ ਸਾਰ ਉਠ ਖੜ੍ਹਦਾਂ। ਮੇਰੇ ਦਾਤਣ ਕੁਰਲਾ ਕਰਦਿਆਂ ਨੂੰ ਬੇਬੇ ਤੇਰੀ ਚਾਹ ਧਰ ਲੈਂਦੀ ਸੀ।' ਬਾਪੂ ਨੇ ਕਿਚਨ ਵੱਲ ਝਾਕਦਿਆਂ ਆਖਿਆ ਸੀ ਪਰ ਪੈਮ ਤਾਂ ਉਦੋਂ ਰੌਬਿਨ ਨੂੰ ਸਕੂਲ ਲਈ ਤਿਆਰ ਕਰ ਰਹੀ ਸੀ। ਮੈਂ ਚਾਹ ਬਣਾ ਕੇ ਬਾਪੂ ਮੂਹਰੇ ਜਾ ਧਰੀ।

'ਕੰਮ ਸਿੱਖ ਗਿਆ ਲੱਗਦਾਂ ਬੱਲਿਆ ਘਰਦਾ ਸਾਰਾ ਇੱਥੇ ਆ ਕੇ।' ਬਾਪੂ ਨੇ ਸੁਭਾਵਕ ਕਿਹਾ ਸੀ ਜਾਂ ਤਨਜ਼ ਨਾਲ, ਮੈਨੂੰ ਸਮਝ ਨਹੀਂ ਸੀ ਆਈ। ਮੈਂ ਦੋ ਦਿਨ ਬਾਅਦ ਮੁੜਨਾ ਸੀ ਘਰੇ। ਮੈਂ ਦੋ ਦਿਨ ਦਾ ਖਾਣਾ ਪੈਕ ਕਰ ਕੇ ਗੱਡੀ ਵਿਚ ਧਰ ਲਿਆ। ਬਾਪੂ ਲਈ ਬ੍ਰੇਕ ਫਾਸਟ ਤੇ ਲੰਚ ਬਣਾ ਕੇ ਪੈਮ ਨੇ ਰੱਖ ਦਿੱਤਾ। ਦੋ ਦਿਨ ਬਾਅਦ ਮੈਂ ਜਦ ਘਰ ਮੁੜਿਆ, ਆ ਕੇ ਬਾਪੂ ਦਾ ਹਾਲ-ਚਾਲ ਪੁੱਛਿਆ।

'ਹਾਲ ਤਾਂ ਬੱਲਿਆ ਠੀਕ ਆ ਪਰ ਸਾਲਾ ਊਂਅ ਹਾਲ ਕੋਈ ਨਹੀਂ। ਨਾ ਕੋਈ ਚਾਹ ਰੋਟੀ ਦਾ ਟੈਮ। ਨਾ ਲੈਣਾ ਨਾ ਦੇਣਾ। ਪੰਮੀ ਤੁਰ ਜਾਂਦੀ ਮੰਨੀਆਂ ਪਕਾ ਕੇ, ਮੈਥੋਂ ਠੰਢੀਆਂ ਤੱਤੀਆਂ ਖਾ ਨਹੀਂ ਹੁੰਦੀਆਂ। ਮਾਂ ਤੇਰੀ ਤਾਜ਼ਾ ਦਾਲ ਸਬਜ਼ੀ ਧਰਦੀ। ਤਵੇ ਤੋਂ ਲੱਥਦੀ ਰੋਟੀ ਧਰਦੀ ਮੇਰੀ ਪਲੇਟ 'ਚ। ਘਰੇ ਉਂਝ ਡਰ ਜਿਹਾ ਆਉਂਦਾ। ਸਾਰਾ ਦਿਨ ਮੈਂ ਤਾਕੀ ਅੱਗੇ ਬੈਠਾ ਰਹਿੰਦਾਂ। ਕੋਈ ਬੰਦਾ-ਜਨੌਰ ਨਹੀਂ ਦਿਸਦਾ। ਆਹ ਸਾਹਮਣੇ ਰਹਿੰਦਾ ਵੀ ਆ ਕੋਈ?' ਬਾਪੂ ਕੈਨੇਡਾ ਦੀ ਇਸ ਫਿਤਰਤ ਤੋਂ ਅਣਜਾਣ ਸੀ। ਮੈਂ ਸਮਝਾਇਆ ਕਿ ਬਾਪੂ ਕੰਮਾਂ ਦੀ ਮਜਬੂਰੀ ਆ, ਇੱਥੇ ਤਾਜ਼ੀਆਂ ਦਾਲਾਂ-ਰੋਟੀਆਂ ਨਹੀਂ ਲੱਭਦੀਆਂ ਹਰ ਵੇਲੇ। ਲੋਕੀਂ ਤਾਂ ਰਾਤ ਨੂੰ ਟਿਫਨ ਪੈਕ ਕਰਕੇ ਸੌਂਦੇ। ਦੁੱਧ ਅਸੀਂ ਇਕੱਠਾ ਲਿਆ ਕੇ ਧਰ ਲੈਂਦੇ ਆਂ ਫਰਿੱਜ 'ਚ। ... ਤੇ ਸਭ ਤੋਂ ਵੱਡੀ ਗੱਲ, ਇੱਥੇ ਇਕੱਲ ਕੱਟਣ ਦੀ ਜਾਚ ਸਿੱਖਣੀ ਪੈਂਦੀ। ਗੁਆਂਢ ਮੱਥੇ ਵਾਲੀ ਗੱਲ ਇੱਥੇ ਨਹੀਂ ਹੁੰਦੀ। ਵਿੰਡੋ ਮੂਹਰੇ ਖੜ੍ਹ ਕੇ ਨਾ ਬੰਦਾ ਨਾ ਜਨੌਰ, ਕੁਝ ਨਹੀਂ ਦਿਸਣਾ।

'ਬੌਬ ਵਿੰਡੋ ਮੂਹਰੇ ਕੀ ਕਰੀ ਜਾਂਦਾਂ ਖੜ੍ਹਾ। ਸਾਹ ਨਹੀਂ ਆਉਂਦਾ। ਤੂੰ ਪਿੱਛੇ ਖੁੱਲ੍ਹੀ ਥਾਂ 'ਚ ਡਾਹ ਦੇ ਮੇਰਾ ਮੰਜਾ। ਕੋਈ ਮੋਟੀ ਰਜਾਈ ਦੇ ਦਈਂ ਉੱਤੇ ਲੈਣ ਨੂੰ।' ਬਾਪੂ ਬੈਕ-ਯਾਰਡ ਵਿਚ ਮੰਜਾ ਡਾਹ ਕੇ ਸੌਣ ਦੀ ਜ਼ਿੱਦ ਕਰਦਾ। ਬਿਲਕੁਲ ਪਿੰਡ ਵਾਂਗੂੰ। ਮੈਂ ਬਹੁਤ ਸਮਝਾਉਂਦਾ ਪਰ ਬਾਪੂ ਨਾ ਮੰਨਦਾ। ਕਦੀ ਸ਼ਾਮ ਨੂੰ ਘਰ ਆਏ ਤੋਂ ਪੈਮ ਦੱਸਦੀ ਕਿ ਅੱਜ ਬਾਪੂ ਸਾਰਾ ਦਿਨ ਘਰ ਦੇ ਸਾਹਮਣੇ ਬੈਠਾ ਰਿਹਾ। ਬਾਹਰ ਰੋਡ 'ਤੇ।

'ਬੱਲਿਆ ਸਾਰਾ ਦਿਨ ਕੋਈ ਬੰਦਾ ਨਹੀਂ ਮੱਥੇ ਲੱਗਿਆ', ਬਾਪੂ ਦੱਸਣ ਲੱਗ ਜਾਂਦਾ, 'ਛੁੱਟੀ ਵਾਲੇ ਦਿਨ ਮੈਨੂੰ ਗੁਰੂ ਘਰ ਹੀ ਲੈ ਜਾ। ਕੋਈ ਜੀਅ ਤਾਂ ਟੱਕਰੂ। ਮੈਂ ਤਾਂ ਬੰਦੇ ਵੇਖਣ ਨੂੰ ਤਰਸ ਗਿਆ।' ਬਾਪੂ ਦੀਆਂ ਗੱਲਾਂ ਦਾ ਪੈਮ ਮਜ਼ਾਕ ਉਡਾਉਂਦੀ। ਉਹਨੂੰ ਲੱਗਦਾ, ਬਾਪੂ ਕੈਨੇਡਾ ਆ ਕੇ ਵੀ ਪਿੰਡ ਵਾਲਾ ਮਾਹੌਲ ਭਾਲਦਾ। ਬੂਹੇ ਅੱਗੇ ਥੜ੍ਹੇ 'ਤੇ ਬੈਠੇ ਪਿੰਡ ਦੇ ਵਿਹਲੜ ਬੁੜ੍ਹੇ ਕੁੱਲ ਜਹਾਨ ਦੀਆਂ ਲੂਣੀਆਂ-ਸਲੂਣੀਆਂ ਗੱਲਾਂ ਸੁਣਦੇ ਸੁਣਾਉਂਦੇ। ਵੀਕ ਐਂਡ 'ਤੇ ਜਦ ਮੈਂ ਘਰ ਹੁੰਦਾ, ਬਾਪੂ ਨੂੰ ਗੁਰਦੁਆਰੇ ਛੱਡ ਆਉਂਦਾ। ਜਦ ਸ਼ਾਮ ਨੂੰ ਵਾਪਸ ਲੈ ਕੇ ਆਉਂਦਾ, ਬਾਪੂ ਮੈਨੂੰ ਖੁਸ਼-ਖੁਸ਼ ਲੱਗਦਾ। ਗੁਰਦੁਆਰੇ ਉਹਨੂੰ ਬਥੇਰੇ ਬੁੜ੍ਹੇ ਟੱਕਰ ਜਾਂਦੇ। ਉੱਥੇ ਹੀ ਅਚਾਨਕ ਬਾਪੂ ਨੂੰ ਉਸ ਦਾ ਕੋਈ ਪੁਰਾਣਾ ਵਾਕਿਫ ਮਿਲਿਆ ਸੀ। ਗੱਡੀ ਵਿਚ ਆਉਂਦਿਆਂ ਬਾਪੂ ਨੇ ਮੇਰੇ ਨਾਲ ਗੱਲ ਛੇੜ ਲਈ।



ਘੰਟਾ ਹੋ ਗਿਆ।' ਪੈਮ ਦੀ ਗੱਲ ਨਾਲ ਮੇਰਾ ਧਿਆਨ ਉਖੜਿਆ। ਯਾਦ ਆਇਆ, ਹੱਥ ਵਿਚ ਫੜੀ ਕੌਫੀ ਪਾਣੀ ਬਣ ਗਈ ਸੀ। ਮੁੜ ਗਰਮ ਕਰਨ ਦਾ ਮਨ ਨਹੀਂ ਹੋਇਆ। ਮੈਂ ਕਿਚਨ ਵਿਚ ਜਾ ਕੇ ਸਿੰਕ ਵਿਚ ਕੱਪ ਮੂਧਾ ਕਰ ਕੇ ਉਪਰੋਂ ਟੂਟੀ ਚਲਾ ਦਿੱਤੀ ਤੇ ਆ ਕੇ ਪੈਮ ਕੋਲ ਬੈਠ ਗਿਆ।

'ਪੈਮ ਇਸ ਵਾਰ ਇੰਡੀਆ ਜਾ ਕੇ ਆਈਏ ਸਾਰੇ ਜਾਣੇ?' ਮੈਂ ਪੈਮ ਵੱਲ ਦੇਖ ਕੇ ਪੁੱਛਦਾਂ। ਉਹ ਆਪਣਾ ਲੈਪਟਾਪ ਪਾਸੇ ਰੱਖਦੀ ਹੈ।

'ਹੁਣ ਕੀ ਹੋਇਆ ਅਚਾਨਕ?' ਉਹ ਪੁੱਛਦੀ ਹੈ। ਸ਼ਾਇਦ ਇਸ ਲਈ ਵੀ ਕਿ ਹੁਣ ਇੰਡੀਆ ਕੌਣ ਏ? ਪੈਮ ਦੀ ਸਾਰੀ ਫੈਮਿਲੀ ਕੈਨੇਡਾ ਹੈ। ਮੇਰੀ ਇਕੋ-ਇਕ ਭੈਣ ਤੇ ਉਹਦਾ ਸਾਰਾ ਲਾਣਾ ਅਮਰੀਕਾ ਹੈ। ਪਿੰਡ ਵਾਲਾ ਘਰ ਅਸੀਂ ਸਾਲ ਕੁ ਪਹਿਲਾਂ ਵੇਚ ਦਿੱਤਾ ਸੀ। ਫੇਰ...।

'ਹੋਣਾ ਤਾਂ ਕੀ ਏ...। ਜੰਮਣ ਭੋਇੰ ਆ ਫਿਰ ਵੀ। ਤੂੰ ਤਾਂ ਗਈ ਕਦੀ ਨਹੀਂ ਮੁੜ ਕੇ।' ਮੈਂ ਆਖਦਾਂ। ਉਹ ਕੁਝ ਨਹੀਂ ਬੋਲਦੀ। ਮੈਨੂੰ ਉਸ ਦੀ ਇਸ ਚੁੱਪ ਦੇ ਅਰਥ ਨਹੀਂ ਸਮਝ ਆਉਂਦੇ। ਸ਼ਾਮ ਉਤਰ ਰਹੀ ਹੈ। ਵਿੰਡੋ ਵਿਚਦੀ ਹਲਕਾ ਜਿਹਾ ਹਨੇਰਾ ਨਜ਼ਰ ਆਉਣ ਲੱਗਿਆ।

'ਜਦੋਂ ਘੁਸਮੁਸਾ ਜਿਹਾ ਹੁੰਦਾ ਨਾ, ਜਾਣੀ ਦੀ ਉਦੋਂ ਬਾਹਲਾ ਜੀਅ ਨੂੰ ਕੁਝ ਹੁੰਦਾ ਮੇਰੇ।' ਮੈਨੂੰ ਬਾਪੂ ਦੀ ਗੱਲ ਯਾਦ ਆਈ। ਮੈਂ ਜਦੋਂ ਵੀ ਬਾਹਰੋਂ ਮੁੜਦਾ, ਬਾਪੂ ਕੋਈ ਨਾ ਕੋਈ ਐਸੀ ਗੱਲ ਲੈ ਕੇ ਬੈਠ ਜਾਂਦਾ।

'ਬੱਲਿਆ! ਆਥਣ ਨੂੰ ਰਹੁਰਾਸ ਸੁਣਦੀ ਸੀ ਘਰੇ ਬੈਠਿਆਂ ਨੂੰ। ਖੇਤੋਂ ਮੁੜਿਆ ਤੇਰਾ ਚਾਚਾ ਘੜੀ ਆ ਕੇ ਬਹਿ ਜਾਂਦਾ। ਕੋਈ ਗੱਲ-ਕੱਥ ਕਰ ਲਈਦੀ ਸੀ। ਇੱਥੇ ਤਾਂ ਮੈਨੂੰ ਅੰਦਰ ਸੰਵਾਰ ਕੇ

'ਮਿੰਦਰ ਮਾਸਟਰ ਹੁੰਦਾ ਸੀ ਵਰਨਾਲੇ ਵਾਲੇ ਸਕੂਲੇ। ਉਹ ਇੱਥੇ ਮੁੰਡੇ ਕੋਲ ਰਹਿੰਦਾ। ਕਹਿੰਦਾ ਸੱਤਰ ਐਵੇਨਿਊ 'ਤੇ ਘਰ ਸਾਡਾ। ਆਪਾਂ ਚੱਲਾਂਗੇ ਕਦੀ। ਠੀਕ ਆ?' ਮੈਂ ਬਸ ਹਾਂ ਵਿਚ ਸਿਰ ਹਿਲਾਇਆ।

'ਹਾਂ ਚੱਲ ਦੇਖਲਾਂਗੇ।' ਪੈਮ ਇੰਡੀਆ ਜਾਣ ਵਾਲੀ ਮੇਰੀ ਗੱਲ ਦਾ ਜਵਾਬ ਕਿੰਨੀ ਦੇਰ ਬਾਅਦ ਦਿੰਦੀ ਹੈ, 'ਆਪਣਾ ਚਾਟ 'ਤੇ ਕੁਝ ਆਰਡਰ ਕਰ ਦਿਆਂ, ਡਿਨਰ ਬਣਾਉਣ ਦਾ ਜੀਅ ਨਹੀਂ ਕਰਦਾ ਅੱਜ ਤਾਂ?' ਉਹ ਮੈਨੂੰ ਪੁੱਛਦੀ ਹੈ।

'ਨੋ ਪਰਾਬਲਮ।' ਮੈਂ ਆਖ ਕੇ ਆਪਣਾ ਫੋਨ ਫਰੋਲਣ ਲੱਗਦਾਂ। ਉਹ ਆਪਣਾ ਫੋਨ ਚੁੱਕ ਕੇ ਖਾਣਾ ਆਰਡਰ ਕਰ ਦਿੰਦੀ ਹੈ।

'ਬੌਬ! ਚੱਕ ਲਿਆਈਂ ਹੁਣ ਜਾ ਕੇ ਪਲੀਜ਼, ਪੈਕ ਪਿਆ ਹੋਣਾ! ਫਰਾਈਡ ਰਾਈਸ ਤੇ ਮਨਚੂਰੀਅਨ ਕਹਿ'ਤਾ।' ਮੈਂ ਬਸ ਸਿਰ ਹਿਲਾ ਦਿੰਦਾਂ। ਇਕ ਸ਼ਾਮ ਪੈਮ ਦੀ ਮੀਟਿੰਗ ਸੀ। ਉਹ ਘਰ ਮੁੜਦੀ ਕਾਫੀ ਲੇਟ ਹੋ ਗਈ। ਡਿਨਰ ਬਣਨ ਵਾਲਾ ਸੀ। ਉਹਨੇ ਰਸਤੇ ਵਿਚੋਂ ਪੀਜ਼ਾ ਚੁੱਕ ਲਿਆ ਪਰ ਪੀਜ਼ਾ ਬਾਪੂ ਨੂੰ ਪਸੰਦ ਨਹੀਂ ਸੀ ਆਇਆ। ਦਾਲ ਸਬਜ਼ੀ ਬਣਨ ਵਾਲੀ ਸੀ। ਬਾਪੂ ਨੇ ਲੂਣ ਵਾਲੀ ਰੋਟੀ ਬਣਵਾ ਕੇ ਖਾ ਲਈ। ਪੈਮ ਖਿਝ ਗਈ ਸੀ। ਮੈਂ ਅਗਲੇ ਦਿਨ ਘਰ ਮੁੜਿਆ ਤਾਂ ਉਹ ਬਾਪੂ ਦੀ ਰੋਟੀ ਵਾਲੀ ਗੱਲ ਲੈ ਕੇ ਬੈਠ ਗਈ।

'ਜੇ ਰੋਟੀਆਂ ਦਾ ਹੀ ਯੱਭ ਕਰਨਾ ਹੁੰਦਾ ਤਾਂ ਮੈਂ ਪੀਜ਼ਾ ਸਿਰ ਸਾੜਨ ਨੂੰ ਲਿਆਉਣਾ ਸੀ।' ਮੈਂ ਬਥੇਰਾ ਸਮਝਾਇਆ ਕਿ ਬਾਪੂ ਨੂੰ ਕੀ ਪਤਾ ਪੀਜ਼ਿਆਂ-ਬਰਗਰਾਂ ਦਾ, ਪਰ ਪੈਮ ਦੀ ਖਿਝ ਇਸ ਗੱਲ ਨਾਲ ਨਹੀਂ ਸੀ ਮੁੱਕਣ ਵਾਲੀ। ਮੈਨੂੰ ਲੱਗਦਾ ਜਿਵੇਂ ਬਾਪੂ ਨੂੰ ਇੰਡੀਆਂ ਤੋਂ ਇੱਥੇ ਲਿਆ ਕੇ ਮੈਂ ਸੰਕਟ ਵਿਚ ਫਸ ਗਿਆ ਸਾਂ ਪਰ ਦੂਜੇ ਹੀ ਪਲ ਮੈਨੂੰ ਪੈਮ 'ਤੇ ਵੀ ਗੁੱਸਾ ਆਉਂਦਾ। ਮੈਂ ਸੋਚਦਾ, 'ਇਹਦੇ ਆਪਣੇ ਪਿੰਡ ਕਿਹੜਾ ਇਹਦੇ ਬੁੜ੍ਹੇ ਨੇ ਪੀਜ਼ਾ ਸ਼ੌਪ ਖੋਲ੍ਹੀ ਸੀ ਇਹਦੇ ਲਈ। ਪੰਮੀ ਤੋਂ ਪੈਮ ਬਣ ਕੇ ਇਹਨੂੰ ਗੱਲਾਂ ਆਉਣ ਲੱਗ ਗਈਆਂ।'

'ਗੱਲਾਂ ਦੀਆਂ ਗੱਲਾਂ ਬੱਲਿਆ, ਸੁਰਿੰਦਰ ਸਿਹੁੰ ਨੂੰ ਇੱਥੇ ਕੀ ਕਹਿਣਗੇ ਫੇਰ ਲੋਕ?' ਬੀਰੇ ਦੇ ਬੌਬ ਬਣਨ ਵਾਂਗ ਹੀ ਬਾਪੂ ਨੇ ਆਪਣੇ ਨਾਮ ਦਾ ਨਿੱਕ ਨੇਮ ਪੁੱਛਿਆ। ਸ਼ਾਮ ਦਾ ਵੇਲਾ ਸੀ। ਅਸੀਂ ਘੁੱਟ-ਘੁੱਟ ਲਾਈ ਬੈਠੇ ਸਾਂ।

'ਸੁਰਿੰਦਰ ਦਾ ਇੱਥੇ ਸੁਸ ਬਣਾ ਦਿੰਦੇ ਨੇ ਗੋਰੇ ਬਾਪੂ।' ਮੈਂ ਹੱਸ ਕੇ ਆਖਿਆ।

'ਇਹ ਸਹੁਰਾ ਕੀ ਹੋਇਆ ਸੁਸ। ਜਿਵੇਂ ਸੂਸੂ ਹੁੰਦਾ।' ਬਾਪੂ ਨੇ ਘਰੋੜ ਕੇ ਆਖਿਆ। ਹੱਸ-ਹੱਸ ਸਾਡੀਆਂ ਵੱਖੀਆਂ ਦੁਖਣ ਲੱਗੀਆਂ। ਕਦੀ-ਕਦੀ ਦੋ ਕੁ ਪੈੱਗ ਲਗਾ ਕੇ ਬਾਪੂ ਪਿੰਡ ਵਾਲੇ ਰੰਗ ਵਿਚ ਆ ਜਾਂਦਾ। ਦਾਲ ਸਬਜ਼ੀ ਵਿਚ ਨੁਕਸ ਕੱਢ ਦਿੰਦਾ।

'ਲੂਣ ਹੈਨੀ ਦਾਲ 'ਚ।'

'ਮਸਾਲਾ ਤੂੰ ਕੱਚਾ ਹੀ ਰਹਿਣ ਤਾ ਪੰਮੀ ਪੁੱਤ।'

ਪੈਮ ਬਾਪੂ ਮੂਹਰੇ ਤਾਂ ਚੁੱਪ ਰਹਿੰਦੀ ਪਰ ਰੂਮ ਵਿਚ ਜਾ ਕੇ ਮੇਰੇ ਨਾਲ ਖਿਝਣ ਲੱਗਦੀ।

'ਬਾਪੂ ਦੀ ਨੁਕਸ ਕੱਢਣ ਵਾਲੀ ਆਦਤ ਗਈ ਨਹੀਂ ਬੌਬ। ਇੱਥੇ ਤਾਂ ਰੋਟੀ ਮਿਲ ਜੇ ਵਿਹਲੇ ਬੈਠੇ ਬੰਦੇ ਨੂੰ ਤਾਂ ਉਹਨੂੰ ਖੁਸ਼ ਹੋਣਾ ਚਾਹੀਦਾ। ਇੰਡੀਆ ਨਹੀਂ, ਇਹ ਕੈਨੇਡਾ ਆ।'

'ਕਨੇਡਾ ਮਰਾਵੇ ਥੋਡਾ ਜਣ੍ਹੀ ਤਣ੍ਹੀ। ਬਥੇਰੇ ਪੈਸੇ ਪੈਂਦੇ ਮੇਰੇ ਖਾਤੇ 'ਚ ਪੈਨਸ਼ਨ ਦੇ। ਵਾਪਸ ਤੋਰ ਦੇ ਮੈਨੂੰ ਬੀਰਿਆ। ਮੈਂ ਨਹੀਂ ਕਮਾਉਂਦਾ ਡਾਲੇ।' ਇਕ ਸ਼ਾਮ ਬਾਪੂ ਉਖੜ ਗਿਆ। ਅਸੀਂ ਖਾਣੇ ਦੇ ਟੇਬਲ 'ਤੇ ਬੈਠੇ ਸਾਂ। ਪੈਮ ਨੇ ਗੱਲ ਛੇੜ ਲਈ। ਕਹਿਣ ਲੱਗੀ, 'ਬਾਪੂ ਜੀ! ਸਾਰਾ ਦਿਨ ਬੋਰ ਹੁੰਦੇ। ਬੇਰੀਆਂ ਤੋੜਨ ਲਈ ਵਗ ਜਾਇਆ ਕਰੋ। ਚਾਰ ਪੈਸੇ ਵੀ ਮਿਲ ਜਾਂਦੇ ਨਾਲੇ।' ਬਾਪੂ ਕੀ ਜਾਣਦਾ ਸੀ ਕੈਨੇਡਾ ਨੂੰ ਉਦੋਂ। ਉਦੋਂ ਤਾਂ ਉਹਦੇ ਅੰਦਰ ਮਾਸਟਰ ਸੁਰਿੰਦਰ ਸਿੰਘ ਬੋਲਦਾ ਸੀ।... ਤੇ ਪਿਛਲੇ ਕੁਝ ਸਮੇਂ ਤੋਂ ਬਾਪੂ ਅੰਦਰ ਕੁਝ ਹੋਰ ਬੋਲਣ ਲੱਗਿਆ ਸੀ।

'ਬੌਬ ਬੋਲਦਾ ਨਹੀਂ ਅੱਜ? ਆਰ ਯੂ ਫਾਈਨ ਨਾ? ਡਾਕਟਰ ਨੂੰ ਦਿਖਾ ਲੈ ਨਹੀਂ ਤਾਂ।' ਪੈਮ ਮੈਨੂੰ ਮੁੜ ਪਾਸਟ 'ਚੋਂ ਬਾਹਰ ਕੱਢਦੀ ਹੈ।

'ਹਾਂ ਫਾਈਨ ਆਂ, ਪੰਦਰਾਂ ਮਿੰਟ ਤਕ ਖਾਣਾ ਚੱਕਣ ਜਾਂਦਾਂ ਮੈਂ। ਤੂੰ ਕੰਮ ਫਿਨਿਸ਼ ਕਰ ਲੈ ਆਪਣਾ।' ਉਹ ਮੁੜ ਲੈਪਟਾਪ 'ਤੇ ਉਂਗਲਾਂ ਚਲਾਉਣ ਲੱਗੀ।

ਮੈਂ ਅੰਦਰ ਜਾ ਕੇ ਕੱਪੜੇ ਬਦਲ ਲਏ। ਠੰਢ ਤੋਂ ਬਚਣ ਲਈ ਜੈਕਟ ਪਾ ਲਈ ਤੇ ਗੱਡੀ ਲੈ ਕੇ ਖਾਣਾ ਲੈਣ ਲਈ ਚੱਲ ਪਿਆ।

'ਹੈਲੋ! ਰੋਜ਼ੀ! ਕਿੱਦਾਂ?' 'ਆਪਣਾ ਚਾਟ' 'ਤੇ ਬੈਠੀ ਕੁੜੀ ਨੂੰ ਮੈਂ ਜਾ ਕੇ ਹੈਲੋ ਆਖਦਾਂ।

'ਉਹ! ਭਾਅ ਜੀ ਕਿੱਦਾਂ। ਬਹੁਤ ਦਿਨ ਬਾਅਦ ਦਿਸੇ?' ਸਾਡੇ ਪਿੰਡਾਂ ਵੱਲ ਦੀ ਹੋਣ ਕਰਕੇ ਉਹ ਮੈਨੂੰ ਭਾਅ ਜੀ ਆਖਦੀ। ਪਹਿਲਾਂ ਇਹ ਸਾਡੇ ਨੇੜੇ ਹੀ ਬੇਸਮੈਂਟ ਵਿਚ ਰਹਿੰਦੀ ਹੁੰਦੀ ਸੀ। ਅੱਜ ਕੱਲ੍ਹ ਕਿਤੇ ਹੋਰ ਮੂਵ ਕਰ ਗਈ ਹੈ। ਇਹ ਜਦ ਵੀ ਮਿਲਦੀ, ਲੰਮੀਆਂ ਲੜੀਆਂ ਛੋਹ ਲੈਂਦੀ। ਇਸੇ ਲਈ ਮੈਂ ਇਹਦੀਆਂ ਗੱਲਾਂ ਤੋਂ ਬਚਣਾ ਚਾਹੁੰਦਾ।

'ਮੈਂ ਇੰਡੀਆ ਗਿਆ ਸੀ ਰੋਜ਼ੀ। ਖਾਣਾ ਪੈਕ ਆ?' ਮੈਂ ਗੱਲਾਂ ਤੋਂ ਬਚਣ ਲਈ ਖਾਣੇ ਦੀ ਗੱਲ ਤੋਰ ਲੈਂਦਾਂ ਤਾਂ ਜੋ ਖਾਣਾ ਚੁੱਕ ਕੇ ਜਾਣ ਵਾਲਾ ਬਣਾਂ।

'ਵਾਹ! ਕਿੱਦਾਂ ਕੋਈ ਵਿਆਹ ਸੀ।' ਪਰ ਉਹ ਸਵਾਲ ਦਾਗਣੋਂ ਨਹੀਂ ਹਟਦੀ।

'ਨਹੀਂ ਬੱਸ ਉਈਂ...।' ਪਹਿਲਾਂ ਤਾਂ ਚਿੱਤ ਸੀ ਅਸਲੀ ਵਜ੍ਹਾ ਦੱਸ ਦਿਆਂ, ਫਿਰ ਕੁਝ ਸੋਚ ਕੇ ਚੁੱਪ ਰਿਹਾ।

'ਇੰਡੀਆ ਵਿਆਹਾਂ ਦਾ ਵੀ ਬਹੁਤ ਜ਼ੋਰ ਆ ਕਿੱਦਾਂ। ਅੱਜ ਈ ਸਾਡੇ ਕੋਈ ਰਿਸ਼ਤੇਦਾਰੀ 'ਚੋਂ ਆਇਆ ਵਿਆਹ ਦੇਖ ਕੇ। ਦੋ ਲਫਾਫੇ ਭਾਜੀ ਦੇ ਕੇ ਗਿਆ। ਰੁਕੋ ਇਕ ਥੋਨੂੰ ਦਿੰਦੀ ਆਂ। ਪੈਮ ਭਾਬੀ ਨੂੰ ਦੇ ਦਿਉ।' ਮੇਰੇ ਰੋਕਣ ਤੋਂ ਪਹਿਲਾਂ ਅਗਲੇ ਕਸਟਮਰ ਨੂੰ 'ਜਸਟ ਵੇਟ ਪਲੀਜ਼' ਕਹਿ ਕੇ ਉਹ ਪਿੱਛੇ ਲਫਾਫਾ ਚੁੱਕਣ ਲਈ ਤੁਰ ਗਈ।


*(ਬਾਕੀ ਸਫਾ 31 'ਤੇ)*

# ‘ਮਹਾਂ ਫਰਾਡ’ ਅਮਰੀਕ ਗਿੱਲ-3

*ਮੁੰਬਈ ਵਿਚ ਪੰਜਾਬ ਵਾਲਾ ਧੜਕਦਾ ਦਿਲ ਲੈ ਕੇ ਵੱਸਣ ਵਾਲੇ ਅਮਰੀਕ ਗਿੱਲ ਦਾ ਆਪਣਾ ਵੱਖਰਾ ਮੁਕਾਮ ਹੈ। ਉਹਨੇ ਫਿਲਮਾਂ ਲਈ ਕਹਾਣੀਆਂ, ਪਟਕਥਾ, ਡਾਇਲਾਗ ਲਿਖੇ, ਇਕ ਪੰਜਾਬੀ ਫਿਲਮ ‘ਕਿਰਪਾਨ’ ਨਿਰਦੇਸ਼ਤ ਕੀਤੀ ਅਤੇ ਕਈ ਲੜੀਵਾਰਾਂ ਤੇ ਫਿਲਮਾਂ ਵਿਚ ਅਦਾਕਾਰੀ ਵੀ ਕੀਤੀ। ਉਹ ਪੰਜਾਬ ਦੇ ਨਿੱਕੇ ਜਿਹੇ ਪਿੰਡ ਤੋਂ ਉਠ ਕੇ ਪੰਜਾਬ ਦੀ ਹਾਜ਼ਰੀ ਪਤਾ ਨਹੀਂ ਕਿੱਥੇ-ਕਿੱਥੇ ਲੁਆ ਚੁੱਕਿਆ ਹੈ। ਉਹਦੇ ਮਿੱਤਰ ਅਤੇ ਅਮਰੀਕਾ ਵੱਸਦੇ ਲਿਖਾਰੀ ਤੇ ਵਿਦਵਾਨ ਪ੍ਰੇਮ ਮਾਨ ਨੇ ਉਹਦੇ ਜੀਵਨ ਸਫਰ ਅਤੇ ਕੰਮ-ਕਾਰ ‘ਤੇ ਝਾਤ ਪੁਆਉਂਦਾ ਲੰਮਾ ਲੇਖ ‘ਪੰਜਾਬ ਟਾਈਮਜ਼’ ਲਈ ਭੇਜਿਆ ਹੈ। ਇਸ ਲੇਖ ਵਿਚ ਅਮਰੀਕ ਗਿੱਲ ਦੇ ਜੀਵਨ ਦੇ ਰੰਗ ਹੀ ਨਹੀਂ, ਪੰਜਾਬ ਨਾਲ ਜੁੜੇ ਸਰੋਕਾਰਾਂ ਦੇ ਰੰਗ ਵੀ ਬੜੇ ਉਘੜਵੇਂ ਰੂਪ ਵਿਚ ਪੇਸ਼ ਹੋਏ ਹਨ। ਇਸ ਲੰਮੇ ਲੇਖ ਦੀ ਤੀਜੀ ਅਤੇ ਆਖਰੀ ਕਿਸ਼ਤ ਪਾਠਕਾਂ ਲਈ ਪੇਸ਼ ਹੈ।*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਅਮਰੀਕ ਗਿੱਲ ਦੇ ਵਿਆਹ ਦੀ ਕਹਾਣੀ ਵੀ ਅਜੀਬ ਹੈ। ਜਦੋਂ ਅਮਰੀਕ ਦਿੱਲੀ ਦੇ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਡਿਗਰੀ ਕਰ ਰਿਹਾ ਸੀ ਤਾਂ ਉਸ ਸਕੂਲ ਦੇ ਨੇੜੇ ਹੀ ਬੈਂਕ ਵਿਚ ਰਸ਼ਪਿੰਦਰ ਰਸ਼ਿਮ ਕੰਮ ਕਰਦੀ ਸੀ। ਇਕ ਦਿਨ ਅਚਾਨਕ ਉੱਥੇ ਅਮਰੀਕ ਨੂੰ ਆਪਣੀ ਕਿਸੇ ਵਾਕਫ ਔਰਤ ਨਾਲ ਰਸ਼ਪਿੰਦਰ ਮਿਲ ਪਈ। ਉਹ ਔਰਤ ਅਮਰੀਕ ਅਤੇ ਰਸ਼ਪਿੰਦਰ, ਦੋਹਾਂ ਦੀ ਵਾਕਫ ਸੀ। ਉਸ ਨੇ ਇਨ੍ਹਾਂ ਦੋਹਾਂ ਦੀ ਜਾਣ-ਪਛਾਣ ਕਰਾਈ। ਉਸ ਤੋਂ ਬਾਅਦ ਇਹ ਦੋਵੇਂ ਮਿਲਣ ਲੱਗ ਪਏ। ਰਸ਼ਪਿੰਦਰ ਕਹਾਣੀਆਂ ਲਿਖਦੀ ਸੀ ਜੋ ‘ਨਾਗਮਣੀ’ ਵਿਚ ਛਪਦੀਆਂ ਸਨ। ਦੋਹਾਂ ਦੀਆਂ ਸਾਹਿਤਕ ਰੁਚੀਆਂ ਨੇ ਹੀ ਸ਼ਾਇਦ ਇਕ-ਦੂਜੇ ਨੂੰ ਆਪਣੇ ਵੱਲ ਖਿੱਚਿਆ। ਫਿਰ ਅਮਰੀਕ ਦੇ ਮੁੰਬਈ ਜਾਣ ਤੋਂ ਬਾਅਦ ਜਦੋਂ ਇਨ੍ਹਾਂ ਨੇ ਵਿਆਹ ਕਰਾਉਣ ਬਾਰੇ ਸੋਚਿਆ ਤਾਂ ਰਸ਼ਪਿੰਦਰ ਦੀ ਵੱਡੀ ਭੈਣ ਨੇ ਆਪਣੇ ਮਾਤਾ-ਪਿਤਾ ਨਾਲ ਅਮਰੀਕ ਅਤੇ ਰਸ਼ਪਿੰਦਰ ਦੇ ਵਿਆਹ ਬਾਰੇ ਗੱਲ ਕੀਤੀ। ਅਮਰੀਕ ਰਸ਼ਪਿੰਦਰ ਦੇ



**ਪ੍ਰੇਮ ਮਾਨ**
**ਫੋਨ: 860-983-5002**

ਮਾਤਾ-ਪਿਤਾ ਨੂੰ ਅੰਮ੍ਰਿਤਸਰ ਮਿਲਣ ਗਿਆ। ਅਮਰੀਕ ਹੱਸਦਾ ਕਹਿੰਦਾ ਹੈ, “ਰਸ਼ਪਿੰਦਰ ਦੇ ਪਿਤਾ ਨੇ ਮੈਨੂੰ ਇੰਟਰਵਿਊ ਲਈ ਸੱਦਿਆ ਸੀ।” ਜਦੋਂ ਅਮਰੀਕ ਰਸ਼ਪਿੰਦਰ ਦੇ ਮਾਤਾ-ਪਿਤਾ ਨੂੰ ਮਿਲਣ ਗਿਆ ਤਾਂ ਉਹ ਪਰਮਿੰਦਰਜੀਤ ਅਤੇ ਡਾ. ਕੁਲਵੰਤ ਸ਼ੇਰਗਿੱਲ (ਡਾ. ਕਰਨੈਲ ਸ਼ੇਰਗਿੱਲ ਦਾ ਭਰਾ) ਨੂੰ ਨਾਲ ਲੈ ਗਿਆ। ਅਮਰੀਕ ਦੱਸਦਾ ਹੈ, “ਮੈਂ ਪਰਮਿੰਦਰਜੀਤ ਅਤੇ ਕੁਲਵੰਤ ਨੂੰ ਮੌਰਲ ਸਪੋਰਟ ਲਈ ਨਾਲ ਲੈ ਕੇ ਗਿਆ ਸੀ।”

“ਬਾਕੀ ਗੱਲਾਂ ਤਾਂ ਸਭ ਠੀਕ ਹਨ ਪਰ ਆਪਾਂ ਦੋਵੇਂ ਪਰਿਵਾਰ ਗਿੱਲ ਹਾਂ। ਮੇਰੇ ਰਿਸ਼ਤੇਦਾਰਾਂ ਨੇ ਕਹਿਣਾ, ਤੁਹਾਨੂੰ ਹੋਰ ਗੋਤ ਦਾ ਮੁੰਡਾ ਲੱਭਾ ਹੀ ਨਹੀਂ।” ਕੁਝ ਗੱਲਾਂ ਕਰਨ ਤੋਂ ਬਾਅਦ ਰਸ਼ਪਿੰਦਰ ਦੇ ਪਿਤਾ ਜੀ ਨੇ ਕਿਹਾ।

“ਦੇਖੋ ਜੀ ਮੇਰੇ ਕੋਲ ਪੱਕੀ ਨੌਕਰੀ ਨਹੀਂ। ਮੈਂ ਗਰੀਬ ਪਰਿਵਾਰ ਦਾ ਮੁੰਡਾਂ। ਮੈਨੂੰ ਕਿਸੇ ਹੋਰ ਨੇ ਤਾਂ ਆਪਣੀ ਲੜਕੀ ਦੇਣੀ ਨਹੀਂ। ਜੇ ਗਿੱਲ ਮੇਰੀ ਮਦਦ ਨਾ ਕਰਨਗੇ ਤਾਂ ਹੋਰ ਕੌਣ ਕਰੇਗਾ?” ਅਮਰੀਕ ਦਾ ਜਵਾਬ ਸੀ। ਉਹ ਇਹ ਕਹਾਣੀ ਦੱਸਦਾ ਹੱਸਦਾ ਹੈ।

ਰਸ਼ਪਿੰਦਰ ਦੇ ਪਿਤਾ ਜੀ ਕੁਝ ਦੇਰ ਸੋਚਦੇ ਰਹੇ ਅਤੇ ਫਿਰ ਉਨ੍ਹਾਂ ਨੇ ਇਸ ਵਿਆਹ ਲਈ ਹਾਂ ਕਰ ਦਿੱਤੀ। ਉਸੇ ਦਿਨ ਉਨ੍ਹਾਂ ਅਮਰੀਕ ਨੂੰ ਸ਼ਗਨ ਦੇ 500 ਰੁਪਏ ਦਿੱਤੇ। ਉਸੇ ਸ਼ਾਮ ਉਥੋਂ ਆ ਕੇ ਅਮਰੀਕ, ਪਰਮਿੰਦਰਜੀਤ ਅਤੇ ਕੁਲਵੰਤ ਨੇ ਉਨ੍ਹਾਂ 500 ਰੁਪਇਆਂ ਦੀ ਸ਼ਰਾਬ ਪੀਤੀ ਤੇ ਪਾਰਟੀ ਕੀਤੀ।

ਜਦੋਂ ਅਮਰੀਕ ਦਾ ਵਿਆਹ ਹੋਇਆ ਤਾਂ ਉਸ ਨੇ ਆਪਣੇ ਪਿਤਾ ਨੂੰ ਇੰਗਲੈਂਡ ਤੋਂ ਨਹੀਂ ਸੀ ਸੱਦਿਆ। ਪਿੰਡ ਦੇ ਕੁਝ ਲੋਕ ਕਹਿਣ ਲੱਗੇ ਕਿ ਅਮਰੀਕ ਨੂੰ ਆਪਣੇ ਪਿਤਾ ਨੂੰ ਸੱਦ ਲੈਣਾ ਚਾਹੀਦਾ ਸੀ, ਵਿਆਹ ਵਿਚ ਪਿਤਾ ਦਾ ਹੋਣਾ ਜ਼ਰੂਰੀ ਹੈ। ਅਮਰੀਕ ਨੇ ਉਨ੍ਹਾਂ ਲੋਕਾਂ ਨੂੰ ਕਿਹਾ, “ਤੁਸੀਂ ਸ਼ੁਕਰ ਕਰੋ ਮੇਰਾ ਵਿਆਹ ਹੋਣ ਲੱਗਾ। ਪਿਤਾ ਦਾ ਕੀ ਹੈ? ਆਪਾਂ ਗੁਰਦੁਆਰੇ ਤੋਂ ਕੋਈ ਸੋਹਣਾ ਜਿਹਾ ਬਜ਼ੁਰਗ ਲੈ ਆਵਾਂਗੇ। ਉਸ ਨੂੰ ਵਧੀਆ ਜਿਹੇ ਕੱਪੜੇ ਪੁਆ ਲਵਾਂਗੇ ਤੇ ਉਸ ਨੂੰ ਪਿਉ ਬਣਾ ਲਵਾਂਗੇ। ਵਿਆਹ ਤੋਂ ਬਾਅਦ ਉਸ ਨੂੰ 5000 ਰੁਪਏ ਦੇ ਕੇ ਵਾਪਸ ਤੋਰ ਦਿਆਂਗੇ।”



*ਅਮਰੀਕ ਗਿੱਲ ਆਪਣੀ ਪਤਨੀ ਰਸ਼ਪਿੰਦਰ ਰਸ਼ਿਮ ਅਤੇ ਧੀ ਆਸਾਵਰੀ ਨਾਲ।*

ਅਮਰੀਕ ਦੀ ਪਤਨੀ ਰਸ਼ਪਿੰਦਰ ਰਸ਼ਿਮ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ‘ਸਿਰਜਣਾ’, ‘ਨਾਗਮਣੀ’ ਅਤੇ ‘ਪ੍ਰਵਚਨ’ ਵਰਗੇ ਮੈਗਜ਼ੀਨਾਂ ਵਿਚ ਛਪੀਆਂ ਹਨ। ਉਸ ਦਾ ਇਕ ਨਾਵਲ ਅਤੇ ਕਹਾਣੀਆਂ ਦੀਆਂ ਪੰਜ ਕਿਤਾਬਾਂ ਛਪ ਚੁੱਕੀਆਂ ਹਨ। ਉਸ ਨੇ ਭਗਵਤੀ ਚਰਨ ਵਰਮਾ ਦੇ ਹਿੰਦੀ ਨਾਵਲ ‘ਭੂਲੇ ਵਿਸਰੇ ਚਿਤਰ’ ਅਤੇ ਗੁਲਜ਼ਾਰ ਦੀ ਕਹਾਣੀਆਂ ਦੀ ਕਿਤਾਬ ‘ਰਾਵੀ ਪਾਰ’ ਦਾ ਪੰਜਾਬੀ ਅਨੁਵਾਦ ਕੀਤਾ ਹੈ। ਉਹਨੇ ਮਨੋਜ ਦਾਸ ਦੀਆਂ ਕਹਾਣੀਆਂ ਦਾ ਅਨੁਵਾਦ ‘ਮਨੋਜ ਦਾਸ ਦੀਆਂ ਕਹਾਣੀਆਂ’ ਸਿਰਲੇਖ ਤਹਿਤ ਕੀਤਾ ਹੈ। ਉਹਨੂੰ ਭਾਸ਼ਾ ਵਿਭਾਗ ਅਤੇ ‘ਨਵਾਂ ਜ਼ਮਾਨਾ’ ਦੇ ਇਨਾਮ ਮਿਲ ਚੁੱਕੇ ਹਨ। ਅਮਰੀਕ ਰਸ਼ਪਿੰਦਰ ਦੀ ਖ਼ੂਬ ਤਾਰੀਫ ਕਰਦਾ ਹੈ। ਉਨ੍ਹਾਂ ਦੀ ਧੀ ਆਸਾਵਰੀ ਉਨ੍ਹਾਂ ਨਾਲ ਹੀ ਮੁੰਬਈ ਰਹਿੰਦੀ ਹੈ ਤੇ ਇਕ ਅਮਰੀਕਨ ਕੰਪਨੀ ਲਈ ਕੰਮ ਕਰਦੀ ਹੈ।

ਬਲਵੰਤ ਗਾਰਗੀ ਦੀ ਮੌਤ ਤੋਂ ਬਾਅਦ ਅਮਰੀਕ ਗਿੱਲ ਨੇ ਉਸ ਬਾਰੇ ਲੇਖ ‘ਗਾਰਗੀ-ਦਿ ਗਰੇਟ’ ਲਿਖਿਆ ਜੋ ‘ਸਮਦਰਸ਼ੀ’ ਦੇ ਅਕਤੂਬਰ-ਨਵੰਬਰ 2003 ਅੰਕ ਵਿਚ ਛਪਿਆ। ਇਹ ਲੇਖ ਪਾਠਕਾਂ ਨੇ ਇੰਨਾ ਪਸੰਦ ਕੀਤਾ ਕਿ ਬਾਅਦ ਵਿਚ ਇਹ ਕਈ ਹੋਰ ਥਾਈਂ ਵੀ ਛਪਿਆ। ਕੁਝ ਸਾਲਾਂ ਬਾਅਦ ‘ਸਮਦਰਸ਼ੀ’ ਦੇ ਇਕ ਹੋਰ ਅੰਕ ਵਿਚ ਵੀ ਇਸ ਨੂੰ ਦੁਬਾਰਾ ਛਾਪਿਆ ਗਿਆ। ਕਿਸੇ ਪੰਜਾਬੀ ਲੇਖਕ ‘ਤੇ ਇੰਨਾ ਵਧੀਆ ਲੇਖ ਸ਼ਾਇਦ ਹੀ ਕਦੇ ਲਿਖਿਆ ਗਿਆ ਹੋਵੇ। ਅਮਰੀਕ ਗਿੱਲ ਇਸ ਲੇਖ ਨੂੰ ਆਪਣੇ ਨਾਟਕੀ ਅੰਦਾਜ਼ ਵਿਚ ਪੜ੍ਹਨ ਲਈ ਮਸ਼ਹੂਰ ਹੈ; ਕਹਿੰਦਾ ਹੈ, “ਮੈਂ ਆਪਣੇ ਬਾਪੂ ਬਾਰੇ ਲੇਖ ਨੂੰ ਵੱਖ-ਵੱਖ ਥਾਵਾਂ ‘ਤੇ ਪੜ੍ਹ ਕੇ ਬਹੁਤ ਸਾਰੇ ਪੈਸੇ ਕਮਾਏ ਹਨ।” ਉਹ ਗਾਰਗੀ ਨੂੰ ਬਾਪੂ ਕਹਿੰਦਾ ਹੈ। ਉਸ ਅਨੁਸਾਰ ਉਸ ਨੂੰ ਜਨਮ ਦੇਣ ਵਾਲਾ ਬਾਪੂ ਭਾਵੇਂ ਹੋਰ ਸੀ ਪਰ ਉਸ ਦਾ ਅਸਲੀ ਬਾਪੂ ਗਾਰਗੀ ਹੀ ਸੀ ਜਿਸ ਨੇ ਉਸ ਦੀ ਬਹੁਤ ਮਦਦ ਕੀਤੀ। ਅਮਰੀਕ ਕਹਿੰਦਾ ਹੈ ਕਿ ਗਾਰਗੀ ਨੇ ਉਸ ਨੂੰ ਜ਼ਿੰਦਗੀ ਜਿਊਣ ਦਾ ਸਲੀਕਾ ਸਿਖਾਇਆ, ਰੋਟੀ ਖਾਣੀ ਤੇ ਸ਼ਰਾਬ ਪੀਣੀ ਸਿਖਾਈ। ਗਾਰਗੀ ਸ਼ਰਾਬ ਦਾ ਇਕੋ ਗਲਾਸ ਲੈ ਕੇ ਬਹੁਤ ਦੇਰ ਬੈਠਾ ਰਹਿੰਦਾ ਸੀ।

ਅਮਰੀਕ ਨੇ ਗਾਰਗੀ ਵਾਲਾ ਲੇਖ ਲਿਖਿਆ ਤਾਂ ਉਸ ਨੇ ਅਗਾਂਹ ਡਾ. ਸੁਤਿੰਦਰ ਨੂਰ ਨੂੰ ਭੇਜ ਦਿੱਤਾ। ਲੇਖ ਪੜ੍ਹ ਕੇ ਡਾ. ਨੂਰ ਨੇ ਅਮਰੀਕ ਨੂੰ ਦਿੱਲੀ ਸਾਹਿਤ ਅਕੈਡਮੀ ਦੀ ਮੀਟਿੰਗ ਵਿਚ ਆ ਕੇ ਉਹ ਲੇਖ ਪੜ੍ਹਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਅਮਰੀਕ ਨੂੰ ਮੁੰਬਈ ਤੋਂ ਦਿੱਲੀ ਜਹਾਜ਼ ਦਾ ਟਿਕਟ ਦਿੱਤਾ ਅਤੇ ਕੁਝ ਹੋਰ ਸੇਵਾ ਵੀ ਕੀਤੀ। ਜਦੋਂ ਸੁਰਜੀਤ ਪਾਤਰ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਅਮਰੀਕ ਨੂੰ ਪੰਜਾਬੀ ਸਾਹਿਤ ਅਕੈਡਮੀ ਲੁਧਿਆਣੇ ਆ ਕੇ ਉਹ ਲੇਖ ਪੜ੍ਹਨ ਲਈ ਸੱਦਾ ਦਿੱਤਾ। ਅਕੈਡਮੀ ਨੇ ਦਿੱਲੀ ਤੋਂ ਲੁਧਿਆਣੇ ਆਉਣ ਦਾ ਕਿਰਾਇਆ ਅਤੇ ਹੋਟਲ ਵਿਚ ਠਹਿਰਨ ਦਾ ਪ੍ਰਬੰਧ ਕੀਤਾ। ਅਮਰੀਕ ਨੂੰ ਯਾਦ ਨਹੀਂ ਕਿ ਉਸ ਨੂੰ ਕੁਝ ਪੈਸੇ ਵੀ ਦਿੱਤੇ ਗਏ ਸਨ ਕਿ ਨਹੀਂ।

ਅਮਰੀਕ ਅਨੁਸਾਰ, ਪੰਜਾਬ ਸਰਕਾਰ ਨੇ ਕੁਝ ਸਾਲ ਪਹਿਲਾਂ ਗਾਰਗੀ ਬਾਰੇ ਉਸ ਦੀ 100 ਸਾਲਾ ਸ਼ਤਾਬਦੀ ‘ਤੇ ਬਹੁਤ ਵੱਡਾ ਸਮਾਗਮ ਕਰਨਾ ਸੀ। ਕਿਸੇ ਨੇ ਸਰਕਾਰ ਦੇ ਮੁੱਖ ਸਕੱਤਰ ਨੂੰ ਕਿਹਾ ਕਿ ਗਾਰਗੀ ਬਾਰੇ ਅਮਰੀਕ ਆਪਣਾ ਲਿਖਿਆ ਲੇਖ ਬਹੁਤ ਵਧੀਆ ਢੰਗ ਨਾਲ ਪੇਸ਼ ਕਰਦਾ ਹੈ, ਉਸ ਨੂੰ ਸਮਾਗਮ ‘ਤੇ ਬੁਲਾਓ। ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੇ ਅਮਰੀਕ ਨੂੰ ਫੋਨ ਕੀਤਾ ਅਤੇ ਆਉਣ ਲਈ ਸੱਦਾ ਦਿੱਤਾ।

“ਤੁਸੀਂ ਮੈਨੂੰ ਮੁਆਵਜ਼ਾ ਕੀ ਦੇਵੋਗੇ?” ਅਮਰੀਕ ਨੇ ਪੁੱਛਿਆ।

“ਅਸੀਂ ਤੈਨੂੰ ਆਉਣ ਜਾਣ ਦੀ ਹਵਾਈ ਜਹਾਜ਼ ਦੀ ਟਿਕਟ ਦੇਵਾਂਗੇ ਅਤੇ ਚੰਡੀਗੜ੍ਹ ਹੋਟਲ ਵਿਚ ਰਹਿਣ ਦਾ ਪ੍ਰਬੰਧ ਕਰਾਂਗੇ।” ਮੁੱਖ ਸਕੱਤਰ ਦਾ ਜਵਾਬ ਸੀ।

“ਪੈਸੇ ਕਿੰਨੇ ਦੇਵੋਗੇ?” ਅਮਰੀਕ ਨੇ ਪੁੱਛਿਆ।

“ਪੈਸੇ?” ਮੁੱਖ ਸਕੱਤਰ ਨੇ ਹੈਰਾਨ ਹੋ ਕੇ ਪੁੱਛਿਆ। ਉਹ ਸ਼ਾਇਦ ਸੋਚਦੇ ਸੀ ਕਿ ਅਮਰੀਕ ਮੁਫਤ ਵਿਚ ਹੀ ਆ ਜਾਵੇਗਾ।

“ਹਾਂ, ਪੈਸੇ ਕਿੰਨੇ ਦਿਓਗੇ?” ਅਮਰੀਕ ਨੇ ਫਿਰ ਕਿਹਾ।

“ਅਸੀਂ ਤੁਹਾਨੂੰ ਪੰਦਰਾਂ ਹਜ਼ਾਰ ਰੁਪਏ ਦੇ ਦਿਆਂਗੇ।” ਸਕੱਤਰ ਨੇ ਕੁਝ ਦੇਰ ਸੋਚਣ ਤੋਂ ਬਾਅਦ ਕਿਹਾ।

“ਪੰਦਰਾਂ ਹਜ਼ਾਰ ਨਾਲ ਮੈਂ ਨਹੀਂ ਆ ਸਕਦਾ।”

“ਤੁਸੀਂ ਕਿੰਨੇ ਪੈਸੇ ਚਾਹੁੰਦੇ ਹੋ?” ਹੈਰਾਨ ਹੋਏ ਸਕੱਤਰ ਨੇ ਪੁੱਛਿਆ।

“ਘੱਟੋ-ਘੱਟ ਇਕ ਲੱਖ ਰੁਪਏ।” ਅਮਰੀਕ ਦਾ ਜਵਾਬ ਸੀ।



*ਕੰਮ ਦੌਰਾਨ ਅਮਰੀਕ ਗਿੱਲ।*

ਅਖੀਰ 75,000 ਰੁਪਏ ਵਿਚ ਸੌਦਾ ਹੋਇਆ।

ਅਮਰੀਕ ਨੇ ਗਾਰਗੀ ਬਾਰੇ ਲਿਖਿਆ ਇਹ ਲੇਖ ਕੈਨੇਡਾ ਵਿਚ ਵੈਨਕੂਵਰ, ਕੈਲਗਰੀ, ਐਡਮਿੰਟਨ ਅਤੇ ਕਈ ਹੋਰ ਥਾਈਂ ਵੀ ਪੜ੍ਹਿਆ ਅਤੇ ਡਾਲਰ ਕਮਾਏ।

“ਅਸੀਂ ਤਾਂ ਕੰਜਰੀਆਂ ਹਾਂ। ਹਰ ਠੁਮਕੇ ਦੇ ਪੈਸੇ ਲੈਂਦੇ ਹਾਂ। ਅੱਖਾਂ ਵੀ ਝਮਕਾਉਂਦੇ ਹਾਂ। ਮੁਫਤ ਵਿਚ ਨਾਚ ਨਹੀਂ ਕਰਦੇ।” ਅਮਰੀਕ ਨੇ ਮੈਨੂੰ ਆਪਣਾ ਟਰੇਡ-ਮਾਰਕ ਹਾਸਾ ਹੱਸ ਕੇ ਇਕ ਵਾਰੀ ਦੱਸਿਆ ਸੀ।

ਅਮਰੀਕ ਨੇ ਭਾਰਤ ਸਰਕਾਰ ਦੇ ਕਹਿਣ ‘ਤੇ ਭਗਤ ਸਿੰਘ ‘ਤੇ ਲਾਈਟ ਐਂਡ ਸਾਊਂਡ ਸ਼ੋਅ ਲਿਖਿਆ ਅਤੇ ਡਾਇਰੈਕਟ ਕੀਤਾ ਸੀ ਜੋ ਦਿੱਲੀ ਦੀ ਫਿਰੋਜ਼ ਸ਼ਾਹ ਕੋਟਲਾ ਗਰਾਊਂਡ ਵਿਚ ਹੋਇਆ। ਇਸ ਸ਼ੋਅ ‘ਤੇ ਸਰਕਾਰ ਨੇ ਢਾਈ ਕਰੋੜ ਰੁਪਏ ਖਰਚੇ ਸਨ। ਇਸ ਸ਼ੋਅ ਨੂੰ ਦੇਖਣ ਲਈ ਉਸ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਸੋਨੀਆ ਗਾਂਧੀ ਵੀ ਆਏ। ਬਾਅਦ ਵਿਚ ਡਾ. ਮਨਮੋਹਨ ਸਿੰਘ ਨੇ ਅਮਰੀਕ ਨੂੰ ਸੁਨੇਹਾ ਭੇਜ ਕੇ ਇਕ ਦਿਨ ਆਪਣੇ ਦਫਤਰ ਸੱਦਿਆ ਜਿੱਥੇ ਉਹ ਅਮਰੀਕ ਨਾਲ ਲਗਭਗ ਇਕ ਘੰਟਾ ਗੱਲਾਂ ਕਰਦੇ ਰਹੇ।


ਅਮਰੀਕ ਨੇ 2011 ਵਿਚ ਕੂਕਾ ਲਹਿਰ ਬਾਰੇ ਵੀ ਦਿੱਲੀ ਦੀ ਫਿਰੋਜ਼ ਸ਼ਾਹ ਕੋਟਲਾ ਗਰਾਊਂਡ ਵਿਚ ਲਾਈਟ ਐਂਡ ਸਾਊਂਡ ਸ਼ੋਅ ਕੀਤਾ ਸੀ ਜੋ ਉਸ ਨੇ ਹੀ ਲਿਖਿਆ ਅਤੇ ਡਾਇਰੈਕਟ ਕੀਤਾ ਸੀ। ਇਸ ਸ਼ੋਅ ਦੀ ਤਿਆਰੀ ਲਈ ਅਮਰੀਕ ਨੇ ਭੈਣੀ ਸਾਹਿਬ ਇਕ ਮਹੀਨਾ ਰਹਿ ਕੇ ਤਿਆਰੀ ਕੀਤੀ ਸੀ। ਫਿਰ ਮੁੰਬਈ ਅਤੇ ਦਿੱਲੀ ਰਹਿ ਕੇ ਤਿਆਰੀ ਕੀਤੀ ਸੀ। ਇਸ ਸ਼ੋਅ ਲਈ ਵੀ ਭਾਰਤ ਸਰਕਾਰ ਨੇ ਹੀ ਸਾਰਾ ਖਰਚ ਕੀਤਾ ਸੀ।

---

ਅਮਰੀਕ ਪੰਜਾਬੀ ਦੇ ਅਨੇਕਾਂ ਲੇਖਕਾਂ ਦਾ ਜਾਣਕਾਰ ਹੈ। ਕੁਝ ਇਕ ਨਾਲ ਉਸ ਦੀ ਗੂੜ੍ਹੀ ਦੋਸਤੀ ਵੀ ਰਹੀ ਹੈ। ਡਾ. ਸੁਤਿੰਦਰ ਸਿੰਘ ਨੂਰ ਅਮਰੀਕ ਦਾ ਦੋਸਤ ਬਣ ਗਿਆ ਸੀ। ਜਦੋਂ ਡਾ. ਨੂਰ ਸਾਹਿਤ ਅਕੈਡਮੀ ਦਾ ਕਨਵੀਨਰ ਸੀ ਤਾਂ ਉਸ ਨੇ ਅਮਰੀਕ ਨੂੰ ਕਈ ਸਾਲ ਸਾਹਿਤ ਅਕੈਡਮੀ ਦੀ ਕਮੇਟੀ ਦਾ ਮੈਂਬਰ ਰੱਖਿਆ। ਅਮਰੀਕ ਕਹਿੰਦਾ ਹੈ ਕਿ ਉਹ ਡਾ. ਨੂਰ ਦਾ ਚੇਲਾ ਹੈ। ਉਹ ਡਾ. ਨੂਰ ਨੂੰ ਬਹੁਤ ਵੱਡਾ ਸਿਆਸਤਦਾਨ ਕਹਿੰਦਾ ਹੈ। ਅਮਰੀਕ ਇਕ ਵਾਰੀ ਦਿੱਲੀ ਕਿਸੇ ਫਿਲਮ ਦੀ ਸ਼ੂਟਿੰਗ ਲਈ ਆਇਆ ਹੋਇਆ ਸੀ। ਫਿਲਮ ਦੀ ਹੀਰੋਇਨ ਕਰੀਨਾ ਕਪੂਰ ਅਤੇ ਹੀਰੋ ਰਿਤਿਕ ਰੌਸ਼ਨ ਵੀ ਸਨ, ਸਾਰੇ ਹੋਟਲ ਵਿਚ ਠਹਿਰੇ ਹੋਏ ਸਨ। ਡਾ. ਨੂਰ ਅਮਰੀਕ ਨੂੰ ਹੋਟਲ ਵਿਚ ਮਿਲਣ ਆਇਆ ਤਾਂ ਉਸ ਦੇ ਨਾਲ ਪਾਕਿਸਤਾਨੀ ਲੇਖਕ ਫਖਰ ਜ਼ਮਾਨ ਵੀ ਸੀ। ਜਦ ਫਖਰ ਜ਼ਮਾਨ ਨੂੰ ਪਤਾ ਲੱਗਾ ਕਿ ਕਰੀਨਾ ਕਪੂਰ ਅਤੇ ਰਿਤਿਕ ਰੌਸ਼ਨ ਵੀ ਉਸੇ ਹੋਟਲ ਵਿਚ ਸਨ ਤਾਂ ਉਹ ਉਨ੍ਹਾਂ ਨਾਲ ਮਿਲਾਉਣ ਲਈ ਅਮਰੀਕ ਦੇ ਮਗਰ ਪੈ ਗਿਆ। ਅਮਰੀਕ ਫਖਰ ਜ਼ਮਾਨ ਨੂੰ ਨਾਲ ਲੈ ਕੇ ਕਰੀਨਾ ਕਪੂਰ ਅਤੇ ਰਿਤਿਕ ਰੌਸ਼ਨ ਦੇ ਕਮਰਿਆਂ ਵਿਚ ਗਿਆ ਜਿੱਥੇ ਫਖਰ ਜ਼ਮਾਨ ਨੇ ਉਨ੍ਹਾਂ ਨਾਲ ਫੋਟੋ ਖਿਚਾਈਆਂ। ਫੋਟੋ ਖਿਚਾ ਕੇ ਫਖਰ ਜ਼ਮਾਨ ਬੇਹੱਦ ਖੁਸ਼ ਸੀ।

ਕੁਝ ਸਾਲ ਪਹਿਲਾਂ ਅਮਰੀਕ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਸ ਵੇਲੇ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਫੋਨ ਕੀਤਾ ਅਤੇ ਇਕ ਸਾਲ ਲਈ ਵਿਜ਼ਟਿੰਗ ਪ੍ਰੋਫੈਸਰ ਦੀ ਨੌਕਰੀ ਦੀ ਪੇਸ਼ਕਸ਼ ਕੀਤੀ। ਅਮਰੀਕ ਨੂੰ ਯਕੀਨ ਨਾ ਆਇਆ। ਉਸ ਨੇ ਸੋਚਿਆ ਕਿ ਸ਼ਾਇਦ ਕੋਈ ਉਸ ਨਾਲ ਮਜ਼ਾਕ ਕਰ ਰਿਹਾ ਹੈ। ਅਮਰੀਕ ਨੇ ਡਾ. ਨੂਰ ਨੂੰ ਇਸ ਬਾਰੇ ਫੋਨ ਕੀਤਾ। ਡਾ. ਨੂਰ ਨੇ ਕਿਹਾ ਕਿ ਇਹ ਸੱਚ ਹੈ ਕਿਉਂਕਿ ਜਦੋਂ ਡਾ. ਜਸਪਾਲ ਸਿੰਘ ਨੇ ਅਮਰੀਕ ਨੂੰ ਫੋਨ ਕੀਤਾ ਸੀ ਤਾਂ ਡਾ. ਨੂਰ ਉਸ ਦੇ ਕੋਲ ਹੀ ਬੈਠਾ ਸੀ। ਅਮਰੀਕ ਦੱਸਦਾ ਹੈ ਕਿ ਜਦੋਂ ਉਹ ਪਹਿਲੇ ਦਿਨ ਕਲਾਸ ਵਿਚ ਪੜ੍ਹਾਉਣ ਗਿਆ ਤਾਂ ਉਸ ਦੀਆਂ ਲੱਤਾਂ ਕੰਬ ਰਹੀਆਂ ਸਨ ਕਿਉਂਕਿ ਉਸ ਨੇ ਤਾਂ ਕਦੇ ਪੜ੍ਹਾਇਆ ਨਹੀਂ ਸੀ। ਜਦੋਂ ਉਸ ਨੇ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਉਹ ਫਿਲਮ ਇੰਡਸਟਰੀ

*(ਬਾਕੀ ਅਗਲੇ ਸਫੇ ’ਤੇ)*




*2011 ਵਿਚ ਦਿੱਲੀ ਵਿਚ ਕੂਕਾ ਲਹਿਰ ਬਾਰੇ ਕੀਤੇ ਲਾਈਟ ਐਂਡ ਸਾਊਂਡ ਸ਼ੋਅ ‘ਗਾਥਾ ਕੂਕਾ ਲੋਹਰ’ ਦਾ ਸੱਦਾ ਪੱਤਰ।*



*ਫਿਲਮ ‘ਮਾਚਿਸ’ ਦੇ ਗੀਤ ‘ਚੱਪਾ ਚੱਪਾ ਚਰਖਾ ਚਲੇ’ ਵਿਚ ਅਮਰੀਕ ਗਿੱਲ ਅਤੇ ਹੋਰ ਅਦਾਕਾਰ।*

# ‘ਮਹਾਂ ਫਰਾਡ’ ਅਮਰੀਕ ਗਿੱਲ-3

(ਪਿਛਲੇ ਸਫੇ ਦੀ ਬਾਕੀ)

ਬਾਰੇ ਗੱਲਾਂ ਕਰਨ ਵਿਚ ਇੰਨਾ ਮਗਨ ਹੋ ਗਿਆ ਕਿ ਉਸ ਨੂੰ ਸਮੇਂ ਦਾ ਪਤਾ ਹੀ ਨਾ ਲੱਗਾ। ਕਾਫੀ ਦੇਰ ਬਾਅਦ ਉਸ ਨੇ ਵਿਦਿਆਰਥੀਆਂ ਤੋਂ ਪੁੱਛਿਆ ਕਿ ਪੀਰੀਅਡ ਕਦੋਂ ਖਤਮ ਹੋਣਾ ਹੈ ਤਾਂ ਉਨ੍ਹਾਂ ਨੇ ਦੱਸਿਆ ਕਿ ਪੀਰੀਅਡ ਤਾਂ ਕਦੋਂ ਦਾ ਖਤਮ ਹੋ ਗਿਆ ਹੈ। ਮੈਨੂੰ ਉਮੀਦ ਹੈ ਕਿ ਉਨ੍ਹਾਂ ਵਿਦਿਆਰਥੀਆਂ ਲਈ ਉਹਦੇ ਨਾਲ ਬਿਤਾਇਆ ਉਹ ਸਾਲ ਹਮੇਸ਼ਾ ਯਾਦ ਰਹੇਗਾ।

ਇਕ ਦਿਨ ਗੱਲਾਂ ਗੱਲਾਂ ਵਿਚ ਦਿੱਲੀ ਵਸਦੀ ਪੰਜਾਬੀ ਦੀ ਇਕ ਵੱਡੀ ਕਹਾਣੀਕਾਰ ਲੇਖਕਾ ਦੀ ਗੱਲ ਚੱਲ ਪਈ। ਅਮਰੀਕ ਕਹਿੰਦਾ, “ਜਦੋਂ ਫਿਲਮ ‘ਹਮ ਦਿਲ ਦੇ ਚੁਕੇ ਸਨਮ’ (ਜਿਸ ਦੇ ਡਾਇਲਾਗ ਅਮਰੀਕ ਨੇ ਲਿਖੇ ਸੀ) ਬਹੁਤ ਸਫਲ ਹੋਈ ਤਾਂ ਉਸ ਤੋਂ ਕੁਝ ਚਿਰ ਬਾਅਦ ਉਹ ਮੈਨੂੰ ਕਿਸੇ ਪਾਰਟੀ ਵਿਚ ਮਿਲੀ। ਉਸ ਨੇ ਫਿਲਮ ਦੀ ਤਾਰੀਫ ਕੀਤੀ। ਫਿਰ ਕਹਿੰਦੀ, ਆਪਣਾ ਹੱਥ ਅੱਗੇ ਕਰ। ਮੈਂ ਆਪਣਾ ਹੱਥ ਅੱਗੇ ਕਰ ਦਿੱਤਾ। ਉਸ ਨੇ ਮੇਰਾ ਹੱਥ ਫੜ ਕੇ ਚੁੰਮ ਲਿਆ ਅਤੇ ਮੇਰੇ ਹੱਥ ‘ਤੇ ਉਸ ਦੇ ਬੁੱਲ੍ਹਾਂ ਦੀ ਸੁਰਖੀ ਲੱਗ ਗਈ। ਉਹ ਕਹਿੰਦੀ, ‘ਮੈਂ ਤੇਰੇ ਹੱਥ ‘ਤੇ ਆਪਣਾ ਨਾਂ ਲਿਖ ਦਿੱਤਾ, ਇਸ ਨੂੰ ਮਟੇਵੀਂ ਨਾ। ਸਾਂਭ ਕੇ ਰੱਖੀਂ’। ਫਿਰ ਕਹਿੰਦੀ, ‘ਤੂੰ ਮੇਰੀ ਕਿਸੇ ਕਹਾਣੀ ‘ਤੇ ਫਿਲਮ ਨਹੀਂ ਬਣਾਈ। ਹੁਣ ਤੂੰ ਵੱਡਾ ਬੰਦਾ ਬਣ ਗਿਆਂ। ਮੈਂ ਤਾਂ ਤੈਨੂੰ ਉਦੋਂ ਤੋਂ ਜਾਣਦੀ ਹਾਂ ਜਦੋਂ ਤੂੰ ਗਾਰਗੀ ਦੇ ਭਾਂਡੇ ਮਾਂਜਦਾ ਹੁੰਦਾ ਸੀ’ ...।” ਇਹ ਕਹਾਣੀ ਅਮਰੀਕ ਉਸ ਲੇਖਕਾ ਦੀ ਸਾਂਗ ਲਾ ਕੇ ਦੱਸਦਾ ਹੈ। ਫਿਰ ਉਹ ਦੱਸਣ ਲੱਗਾ ਕਿ ਇਕ ਵਾਰੀ ਇਹ ਲੇਖਕਾ ਗਾਰਗੀ ਨੂੰ ਮਿਲਣ ਆਈ ਸੀ। ਇਹ ਗਾਰਗੀ ਦੀ ਵਧੀਆ ਦੋਸਤ ਸੀ। ਅਮਰੀਕ ਨੇ ਚਾਹ ਬਣਾ ਕੇ ਲਿਆਂਦੀ। ਇਸ ਲੇਖਕਾ ਨੇ ਗਾਰਗੀ ਨੂੰ ਕੁਝ ਇੰਜ ਕਿਹਾ ਜਿਵੇਂ ਮੈਂ ਗਾਰਗੀ ਦਾ ਨੌਕਰ ਹੋਵਾਂ। ਗਾਰਗੀ ਕਹਿੰਦਾ, “ਇਹ ਮੇਰਾ ਸਕੱਤਰ ਹੈ, ਨੌਕਰ ਨਹੀਂ। ਇਹ ਮੇਰੀਆਂ ਲਿਖਤਾਂ ਪੰਜਾਬੀ ਵਿਚ ਲਿਖਦਾ।” ਇਸ ਲੇਖਕਾ ਬਾਰੇ ਅਮਰੀਕ ਕਹਿੰਦਾ ਹੈ, “ਇਹ ਔਰਤ ਬਹੁਤ ਜ਼ਬਰਦਸਤ ਹੈ। ਇਹ ਤਾਂ ਅਸਮਾਨ ਤੋਂ ਤਾਰੇ ਤੋੜ ਲਿਆਵੇ। ਜੇ ਤੁਹਾਨੂੰ ਮਿਲੇਗੀ ਤਾਂ ਇਹ ਦੇਖੇਗੀ ਕਿ ਤੁਸੀਂ ਕਿਹੜੇ ਕਿਹੜੇ ਅਮੀਰ ਲੋਕਾਂ ਅਤੇ ਅਫਸਰਾਂ ਨੂੰ ਮਿਲਦੇ ਹੋ। ਇਕ ਵਾਰੀ ਇਸ ਲੇਖਕਾ ਨੇ ਗਾਰਗੀ ਨੂੰ ਆਪਣੇ ਦੋਸਤ ਮੰਤਰੀ ਤੋਂ ਇਸ ਦਾ ਕੋਈ ਕੰਮ ਕਰਾਉਣ ਲਈ ਕਿਹਾ। ਗਾਰਗੀ ਕਹਿੰਦਾ, ਮੈਂ ਦੋਸਤੀਆਂ ਖਰਚਦਾ ਨਹੀਂ। ਮੈਂ ਦੋਸਤੀ ਨੂੰ ਖਰਚ ਕੇ ਖਤਮ ਨਹੀਂ ਕਰਨਾ ਚਾਹੁੰਦਾ।”

ਪੰਜਾਬੀ ਗਾਇਕਾਂ ਵਿਚੋਂ ਅਮਰੀਕ ਬੱਬੂ ਮਾਨ ਦੀ ਬਹੁਤ ਤਾਰੀਫ ਕਰਦਾ ਹੈ। ਇਕ ਦਿਨ ਕਹਿਣ ਲੱਗਾ, “ਬੱਬੂ ਮਾਨ ਨੂੰ ਮਿਊਜ਼ਿਕ ਦੀ ਬਹੁਤ ਜਾਣਕਾਰੀ ਹੈ। ਉਹ ਹਿਸਟਰੀ ਦੀ ਐਮ.ਏ. ਹੈ। ਮਿਊਜ਼ਿਕ ਦੀ ਵੀ ਐਮ.ਏ. ਹੈ। ਸਾਲਾ ਉਰਦੂ ਦੀ ਐਮ.ਏ. ਵੀ ਕਰ ਗਿਆ। ... ਉਸ ਨਾਲ ਮੈਂ ਪੰਜਾਹ ਵਾਰੀ ਲੜਿਆਂ। ਉਹ ਮੇਰੇ ਕੋਲ ਰੋਂਦਾ ਵੀ ਹੈ। ਮੈਂ ਉਸ ਨੂੰ ਕਿਹਾ ਸੀ ਕਿ ਕਿਤਾਬਾਂ ਪੜ੍ਹਿਆ ਕਰ। ਮੈਂ ਉਸ ਨੂੰ ਕਿਹਾ, ਮੰਟੋ ਨੂੰ ਪੜ੍ਹਿਆ ਕਰ। ਮੈਂ ਮੰਟੋ ਨੂੰ ਪੜ੍ਹ ਕੇ ਫਿਲਮੀ ਲੇਖਕ ਬਣਿਆਂ। ਉਹ ਗਾਣੇ ਸੋਹਣੇ ਲਿਖਦਾ। ਸਾਹਿਤ ਬਹੁਤ ਪੜ੍ਹਦਾ। ਉਸ ਵਿਚ ਆਕੜ ਬਹੁਤ ਹੈ। ਵੈਸੇ ਬਹੁਤ ਪਿਆਰਾ ਦੋਸਤ ਹੈ।”

ਜਦੋਂ ਅਮਰੀਕ ਨੂੰ ਮਈ-ਦਸੰਬਰ 2020 ਦਾ ‘ਰਾਗ’ ਮੈਗਜ਼ੀਨ ਦਾ ਅੰਕ ਮਿਲਿਆ ਤਾਂ ਦੂਜੇ ਦਿਨ ਉਸ ਦਾ ਫੋਨ ਆਇਆ। ਉਸ ਨੇ ਮੇਰੀ ਕਹਾਣੀ ‘ਤੁਰ੍ਹਲੇ ਵਾਲੀ ਪੱਗ’ ਪੜ੍ਹੀ ਸੀ ਜੋ ਪਹਿਲਾਂ ‘ਵਾਹਗਾ’ ਮੈਗਜ਼ੀਨ ਵਿਚ ਵੀ ਛਪ ਚੁੱਕੀ ਸੀ। ਉਹ ਇਸ ਕਹਾਣੀ ਦੀਆਂ ਤਾਰੀਫ ਕਰਨੋਂ ਨਾ ਹਟੇ। ਡਾ. ਹਰਚੰਦ ਸਿੰਘ ਬੇਦੀ ਦੀ ਲਿਖੀ ਸਮੀਖਿਆ ਦੀ ਵੀ ਕਾਫੀ ਤਾਰੀਫ ਕੀਤੀ। ਕਾਫੀ ਦੇਰ ਕਹਾਣੀ ਦੀਆਂ ਤਾਰੀਫਾਂ ਕਰਨ ਤੋਂ ਬਾਅਦ ਕਹਿੰਦਾ, “ਇਸ ਕਹਾਣੀ ‘ਤੇ ਬਹੁਤ ਵਧੀਆ ਫਿਲਮ ਬਣ ਸਕਦੀ ਐ। ਮੈਂ ਦੇਖਦਾਂ ਜੇ ਕੋਈ ਪ੍ਰੋਡਿਊਸਰ ਮਿਲ ਗਿਆ ਤਾਂ। ਇਸ ‘ਤੇ 10 ਕਰੋੜ ਦਾ ਖਰਚ ਆਉਣਾ ਪਰ ਇਹ ਫਿਲਮ 100 ਕਰੋੜ ਦੀ ਆਮਦਨ ਦੇ ਸਕਦੀ ਐ।” ਅਮਰੀਕ ਨੇ ਕੁਝ ਦੇਰ ਆਪਣੇ ਵਿਚਾਰ ਵੀ ਪਰਗਟ ਕੀਤੇ ਕਿ ਕਿਵੇਂ ਇਸ ਕਹਾਣੀ ‘ਤੇ ਖੂਬਸੂਰਤ ਫਿਲਮ ਬਣ ਸਕਦੀ ਹੈ। “ਰੇਸ਼ਮਾ ਦੇ ਪਿਆਰ ਨੂੰ ਬਹੁਤ ਹੀ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਜਾ ਸਕਦਾ। ਅਖੀਰ ‘ਤੇ ਬਾਪੂ ਦੇ ਸਿਰ ‘ਤੇ ਪੱਗ ਰੱਖਣ ਦੇ ਸੀਨ ਨੂੰ ਬਹੁਤ ਹੀ ਭਾਵੁਕ ਬਣਾਇਆ ਜਾ ਸਕਦਾ।” ਉਸ ਨੇ ਪੂਰੇ ਵਿਸਥਾਰ ਨਾਲ ਦੱਸਿਆ ਕਿ ਇਹ ਸੀਨ ਕਿਵੇਂ ਪੇਸ਼ ਕੀਤੇ ਜਾ ਸਕਦੇ ਹਨ। ਕਹਾਣੀ ਦੀਆਂ ਗੱਲਾਂ ਕਰਦਿਆਂ ਗੱਲ ਮਸ਼ਹੂਰ ਫਿਲਮੀ ਫੋਟੋਗਰਾਫਰ ਅਤੇ ਡਾਇਰੈਕਟਰ ਮਨਮੋਹਨ ਸਿੰਘ ‘ਤੇ ਆ ਗਈ। ਅਮਰੀਕ ਨੇ ਉਸ ਦੀ ਬਹੁਤ ਤਾਰੀਫ ਕੀਤੀ। “ਮਨਮੋਹਨ ਸਿੰਘ ਵਰਗਾ ਫਿਲਮ ਇੰਡਸਟਰੀ ਵਿਚ ਕੋਈ ਵੀ ਫੋਟੋਗਰਾਫਰ ਨਹੀਂ। ਅਸਲ ਵਿਚ ਉਹ ਸਿਨਮੈਟੋਗਰਾਫਰ ਹੈ। ਬਹੁਤ ਹੀ ਵਧੀਆ ਫੋਟੋਗਰਾਫਰ ਅਤੇ ਡਾਇਰੈਕਟਰ ਹੈ। ਮੈਂ ਜਦੋਂ ਬੰਬਈ ਗਿਆ ਤਾਂ ਉਹ ਹੀ ਮੈਨੂੰ ਰੇਲਵੇ ਸਟੇਸ਼ਨ ਤੋਂ ਲੈਣ ਆਇਆ ਸੀ। ਉਸ ਨੇ ਮੈਨੂੰ ਆਪਣੇ ਵੱਡੇ ਸਾਰੇ ਘਰ ਵਿਚ ਕਈ ਮਹੀਨੇ ਰੱਖਿਆ ਸੀ। ਉਦੋਂ ਉਹ ‘ਕੱਲਾ ਹੀ ਸੀ। ... ਮੈਂ ਉਸ ਦਾ ਨਮਕ ਖਾਧਾ। ਮੈਂ ਉਸ ਦੇ ਖਿਲਾਫ ਕਦੇ ਕੋਈ ਗੱਲ ਨਹੀਂ ਕਰਦਾ। ... ਅਸੀਂ ਉਸ ਨੂੰ ਮਨ ਜੀ ਕਹਿੰਦੇ ਆਂ। ਮਨ ਜੀ ਬਹੁਤ ਸ਼ਰੀਫ ਆਦਮੀ ਐ। ਉਸ ਦਾ ਸਰਸੇ ਬਹੁਤ ਵੱਡਾ ਫਾਰਮ ਹੈ। ਅੱਜ ਕੱਲ੍ਹ ਉਹ ਬਹੁਤਾ ਉੱਥੇ ਹੀ ਰਹਿੰਦਾ।”

ਗੱਲਾਂ ਕਰਦਿਆਂ ਕਰਦਿਆਂ ਉਸ ਨੇ ਪੰਜਾਬੀ ਦੇ ਮਰਹੂਮ ਲਿਖਾਰੀ ਸੁਖਬੀਰ ਦੀ ਗੱਲ ਛੇੜ ਲਈ ਅਤੇ ਕਹਿਣ ਲੱਗਾ, “ਸੁਖਬੀਰ ਨੂੰ ਪੜ੍ਹਨਾ ਬਹੁਤ ਔਖਾ ਹੈ। ਉਸ ਦਾ ਨਾਵਲ ਪੜ੍ਹਨ ਤੋਂ ਪਹਿਲਾਂ ਸਿਰ ਦਰਦ ਦੀ ਗੋਲੀ ਖਾਣੀ ਪੈਂਦੀ ਹੈ।” ਅਸੀਂ ਦੋਵੇਂ ਹੱਸ ਪਏ।

ਗੱਲਾਂ ਕਰਦਿਆਂ ਕਰਦਿਆਂ ਉਹ ਕਹਿਣ ਲੱਗਾ, “ਮੈਂ ਬਹੁਤ ਸਾਧਾਰਨ ਆਦਮੀ ਆਂ। ਅੰਦਰੋਂ ਬਾਹਰੋਂ ਇੱਕੋ। ਕੋਈ ਚਲਾਕੀ ਨਹੀਂ ਕਰਦਾ। ਕੋਈ ਹੇਰਾ-ਫੇਰੀ ਨਹੀਂ ਕਰਦਾ ਪਰ ਜੇ ਕੋਈ ਮੇਰੇ ਨਾਲ ਚਲਾਕੀ ਕਰੇ ਤਾਂ ਮੈਂ ਉਸ ਨਾਲ ਭੈੜਾ ਵੀ ਬਣ ਜਾਂਦਾਂ। ... ਕਈ ਵਾਰੀ ਵੱਡੀਆਂ ਵੱਡੀਆਂ ਮੀਟਿੰਗਾਂ ਜਿੱਥੇ ਅਮਿਤਾਭ ਬਚਨ ਵਰਗੇ ਲੋਕ ਹੁੰਦੇ ਹਨ, ਵਿਚ ਮੈਂ ਬੇਧਿਆਨਾ ਚਪਲਾਂ ਪਾ ਕੇ ਹੀ ਚਲੇ ਜਾਂਦਾਂ। ਕਈ ਵਾਰੀ ਮੇਰੀ ਇਕ ਜੁਰਾਬ ਪੈਂਟ ਦੇ ਅੰਦਰ ਹੁੰਦੀ ਹੈ ਅਤੇ ਇਕ ਬਾਹਰ। ਮੈਨੂੰ ਪਤਾ ਹੀ ਨਹੀਂ ਲਗਦਾ। ਕਈ ਵਾਰੀ ਮੇਰੀ ਧੀ ਮੇਰੀਆਂ ਜੁਰਾਬਾਂ ਠੀਕ ਕਰਦੀ ਹੈ ...।”

ਪੰਜਾਬੀ ਦੇ ਇਕ ਐਕਟਰ ਬਾਰੇ ਗੱਲ ਕਰਦਿਆਂ ਅਮਰੀਕ ਕਹਿਣ ਲੱਗਾ, “ਉਹ ਹਰਾਮੀ ਬਹੁਤ ਚਲਾਕ ਹੈ। ਮਿਲਦਾ ਬਹੁਤ ਪਿਆਰ ਨਾਲ ਐ ਪਰ ਹੈ ਬਹੁਤ ਚੁਸਤ। ਹਰਾਮੀ ਐ ਪੂਰਾ। ਗੱਲਾਂ ਬਹੁਤ ਕਰਦਾ ...।”

ਅਮਰੀਕ ਜਦੋਂ ਵੀ ਕਿਸੇ ਨੂੰ ਫੋਨ ਕਰਦਾ ਹੈ ਤਾਂ ਬਹੁਤਾ ਸਮਾਂ ਉਹ ਆਪ ਹੀ ਬੋਲਦਾ ਹੈ ਅਤੇ ਦੂਜੇ ਪਾਸੇ ਵਾਲੇ ਨੂੰ ਬਹੁਤ ਘੱਟ ਬੋਲਣ ਦਿੰਦਾ। ਗੱਲਾਂ ਵਿਚੋਂ ਗੱਲਾਂ ਕੱਢਣ ਦੀ ਕਲਾ ਵਿਚ ਉਹ ਮਾਹਿਰ ਹੈ। ਉਸ ਕੋਲ ਜ਼ਿੰਦਗੀ ਦੀਆਂ ਬੇਸ਼ੁਮਾਰ ਕਹਾਣੀਆਂ ਹਨ। ਉਹ ਫਿਲਮਾਂ ਅਤੇ ਫਿਲਮੀ ਹਸਤੀਆਂ ਬਾਰੇ ਘੰਟਿਆਂ ਬੱਧੀ ਗੱਲਾਂ ਕਰਦਾ ਰਹੇਗਾ। ਉਸ ਦੀ ਯਾਦਦਾਸ਼ਤ ਕਮਾਲ ਦੀ ਹੈ। ਇਕ ਵਾਰੀ ਅਮਰੀਕ ਦਾ ਫੋਨ ਆਇਆ ਤਾਂ ਅਸੀਂ ਕੋਈ ਡੇਢ ਘੰਟਾ ਗੱਲਾਂ ਕੀਤੀਆਂ ਪਰ ਉਸ ਨੇ ਮੈਨੂੰ ਮਸਾਂ 10 ਕੁ ਮਿੰਟ ਹੀ ਬੋਲਣ ਦਿੱਤਾ। ਅਖੀਰ ‘ਤੇ ਉਹ ਕਹਿੰਦਾ, “ਅੱਜ ਮੈਂ ਆਪਣੀਆਂ ਪਰਸਨਲ ਗੱਲਾਂ ਕਰ ਕੇ ਜ਼ਿਆਦਾ ਹੀ ਖਲਾਰਾ ਪਾ ਲਿਆ। ਸਾਨੂੰ ਫਿਲਮ ਲੇਖਕਾਂ ਨੂੰ ਬੋਲਣ ਦੀ ਬਹੁਤ ਆਦਤ ਹੈ।” ਫਿਰ ਉਹ ਉੱਚੀ ਉੱਚੀ ਹੱਸ ਪਿਆ ਜਿਵੇਂ ਉਹ ਆਮ ਹੱਸਦਾ ਹੀ ਹੈ। ਹਰ ਵਾਰੀ ਜਦੋਂ ਉਹ ਫੋਨ ਕਰਦਾ ਹੈ ਤਾਂ ਇਕ ਘੰਟੇ ਤੋਂ ਲੈ ਕੇ ਤਿੰਨ ਘੰਟੇ ਤੱਕ ਗੱਲ ਹੁੰਦੀ ਹੈ। ਅਮਰੀਕ ਕੋਲ ਕਹਾਣੀਆਂ ਸੁਣਾਉਣ ਅਤੇ ਗੱਲਾਂ ਕਰਨ ਦੀ ਕੋਈ ਘਾਟ ਨਹੀਂ ਹੁੰਦੀ। ਉਹ ਆਪਣੀ ਜ਼ਿੰਦਗੀ ਅਤੇ ਫਿਲਮ ਜਗਤ ਦੀਆਂ ਕਹਾਣੀਆਂ ਘੰਟਿਆਂ ਬੱਧੀ ਸੁਣਾਈ ਜਾਵੇਗਾ ਜਿਹੜੀਆਂ ਬਹੁਤ ਦਿਲਚਸਪ ਹੁੰਦੀਆਂ ਹਨ। ਅਮਰੀਕ ਦੀਆਂ ਗੱਲਾਂ ਸੁਣਨ ਵਿਚ ਮਜ਼ਾ ਵੀ ਹੈ ਅਤੇ ਉਨ੍ਹਾਂ ਤੋਂ ਮੈਂ ਸਿੱਖਦਾ ਵੀ ਬਹੁਤ ਹਾਂ।

---

ਜਿਵੇਂ ਮੈਂ ਪਹਿਲਾਂ ਦੱਸਿਆ, ਅਮਰੀਕ ਨੇ ਪੰਜਾਬ ਯੂਨੀਵਰਸਿਟੀ ਤੋਂ ਪੰਜਾਬੀ ਦੀ ਐਮ.ਏ. ਕੀਤੀ ਸੀ। ਇਕ ਵਾਰੀ ਮੈਂ ਉਸ ਨੂੰ ਪੁੱਛਿਆ, “ਪੰਜਾਬੀ ਦੇ ਉਸ ਵੇਲੇ ਕਿਹੜੇ ਪ੍ਰੋਫੈਸਰ ਤੈਨੂੰ ਵਧੀਆ ਲੱਗੇ।” ਉਸ ਦਾ ਜਵਾਬ ਸੀ, “ਡਾ. ਕੇਸਰ ਬਹੁਤ ਹੀ ਵਧੀਆ ਟੀਚਰ ਸੀ। ਬਹੁਤ ਵਧੀਆ ਪੜ੍ਹਾਉਂਦਾ ਸੀ। ... ਡਾ. ਦੀਪਕ ਮਨਮੋਹਨ ਸਿੰਘ ...“, ਉਹ ਕੁਝ ਕਹਿੰਦਾ ਕਹਿੰਦਾ ਰੁਕ ਗਿਆ। ਕੁਝ ਸਕਿੰਟਾਂ ਬਾਅਦ ਬੋਲਿਆ, “ਡਾ. ਦੀਪਕ ਮਨਮੋਹਨ ਸਿੰਘ ਵੀ ਬਹੁਤ ਵਧੀਆ ਅਧਿਆਪਕ ਸੀ। ਉਹ ਕਵਿਤਾ ਦਾ ਮਜ਼ਮੂਨ ਪੜ੍ਹਾਉਂਦਾ ਸੀ। ਵਿਦਿਆਰਥੀ ਉਸ ਨੂੰ ਬਹੁਤ ਪਸੰਦ ਕਰਦੇ ਸੀ। ਉਹ ਵਿਦਿਆਰਥੀਆਂ ਦਾ ਦੋਸਤ ਸੀ। ਵਿਦਿਆਰਥੀਆਂ ਦੀ ਬਹੁਤ ਮਦਦ ਕਰਦਾ ਸੀ। ਉਸ ਦੇ ਘਰ ਕੁੜੀਆਂ ਮੁੰਡਿਆਂ ਦੀ ਰੌਣਕ ਲੱਗੀ ਰਹਿੰਦੀ ਸੀ। ਕੋਈ ਕੁੜੀ ਚਾਹ ਬਣਾ ਰਹੀ ਹੁੰਦੀ। ਕੋਈ ਦਾਲ ਬਣਾ ਰਹੀ ਹੁੰਦੀ। ਕੋਈ ਸਬਜ਼ੀ ਬਣਾ ਰਹੀ ਹੁੰਦੀ। ਕੋਈ ਮੁਰਗੇ ਨੂੰ ਤੁੜਕਾ ਲਾ ਰਹੀ ਹੁੰਦੀ। ... ਮੈਂ ਉਦੋਂ ਬਹੁਤ ਗਰੀਬ ਸੀ। ਡਾ. ਦੀਪਕ ਮਨਮੋਹਨ ਸਿੰਘ ਨੇ ਮੈਨੂੰ ਕਈ ਵਾਰੀ ਕੱਪੜੇ ਵੀ ਮੁੱਲ ਲੈ ਕੇ ਦਿੱਤੇ ਸੀ। ਇਕ ਵਾਰੀ ਮੈਂ ਉਸ ਤੋਂ ਪਿੰਡ ਮਾਂ ਨੂੰ ਮਿਲਣ ਜਾਣ ਲਈ ਕਿਰਾਏ ਦੇ ਪੈਸੇ ਵੀ ਲੈ ਕੇ ਗਿਆ ਸੀ। ਦੋਹਾਂ ਪਾਸਿਆਂ ਦੇ ਕਿਰਾਏ ਦੇ ...।” ਅਮਰੀਕ ਦੇ ਦਿਲ ਵਿਚ ਡਾ. ਦੀਪਕ ਮਨਮੋਹਨ ਸਿੰਘ ਲਈ ਬੇਹੱਦ ਸਤਿਕਾਰ ਹੈ।

ਕੁਝ ਸਾਲ ਪਹਿਲਾਂ ਪੰਜਾਬ ਯੂਨੀਵਰਸਿਟੀ ਨੇ 100 ਸਾਲਾ ਉਤਸਵ ਮਨਾਇਆ ਤਾਂ ਉਨ੍ਹਾਂ ਨੇ ਉਸ ਸਮੇਂ ਯੂਨੀਵਰਸਿਟੀ ਦੇ ਪੁਰਾਣੇ 100 ਵਿਦਿਆਰਥੀਆਂ ਦਾ ਸਨਮਾਨ ਕੀਤਾ। ਅਮਰੀਕ ਹੱਸ ਕੇ ਕਹਿੰਦਾ, “ਉਸ ਮੌਕੇ ਸਨਮਾਨ ਲੈਣ ਲਈ ਮੇਰਾ ਵੀ ਦਾਅ ਲੱਗ ਗਿਆ ਸੀ।”

ਇਕ ਦਿਨ ਅਮਰੀਕ ਮੈਨੂੰ ਕਹਿਣ ਲੱਗਾ, “ਜੋ ਮੈਂ ਕਹਿੰਦਾਂ, ਉਹ ਸਾਰਾ ਕੁਝ ਨਾ ਲਿਖੀਂ। ਮੈਂ ਤੇਰੇ ਨਾਲ ਗੱਲਾਂ ਕਰਦਾ ਕਈਆਂ ਨੂੰ ਗਾਲਾਂ ਵੀ ਕੱਢਦਾਂ। ਤੂੰ ਇਹ ਸਾਰੀਆਂ ਗੱਲਾਂ ਲਿਖ ਕੇ ਭਸੂੜੀ ਨਾ ਪਾ ਦੇਵੀਂ। ਮੈਨੂੰ ਮਰਵਾ ਨਾ ਦੇਵੀਂ।” ਤੇ ਅਸੀਂ ਦੋਵੇਂ ਹੱਸ ਪਏ।

ਮੈਨੂੰ ਅਮਰੀਕ ਦੀ ਦੋਸਤੀ ‘ਤੇ ਮਾਣ ਹੈ। ਮੈਂ ਆਪਣੇ ਇਸ ਦੋਸਤ ਲਈ ਇਹੋ ਅਰਦਾਸ ਕਰਦਾ ਹਾਂ ਕਿ ਇਸ ਨੂੰ ਹੋਰ ਵੀ ਸਫਲਤਾ ਮਿਲੇ।

**(ਸਮਾਪਤ)**




ਬਾਬੂ ਰਾਮ ਨਾਥ ਸਰਕਾਰੀ ਨੌਕਰੀ ਅਤੇ ਮਕਾਨ ਵਰਗੀ ਸਹੂਲਤ ਹਾਸਲ ਕਰ ਮਹਾਨਗਰ ਵਿਚ ਵਧੀਆ ਜੀਵਨ ਜੀ ਰਹੇ ਸਨ, ਜਦ ਅਚਾਨਕ ਅਧੇੜ ਉਮਰ ਵਿਚ ਉਨ੍ਹਾਂ ਦੀ ਜੀਵਨ ਸਾਥਣ ਉਨ੍ਹਾਂ ਨੂੰ ਵਿਛੋੜਾ ਦੇ ਕੇ ਹਾਲੋਂ ਬੇਹਾਲ ਕਰ ਗਈ। ਕੁਝ ਸਮੇਂ ਉਪਰੰਤ ਰਿਸ਼ਤੇਦਾਰਾਂ ਨੇ ਉਨ੍ਹਾਂ ਦੀ ਇਕੱਲਤਾ ਦਾ ਸੰਤਾਪ ਸਮਾਪਤ ਕਰਨ ਲਈ ਉਨ੍ਹਾਂ ਨੂੰ ਦੂਜੀ ਸ਼ਾਦੀ ਲਈ ਮਨਾ ਲਿਆ। ਉਨ੍ਹਾਂ ਦੀ ਵਧੀਆ ਪੈਨਸ਼ਨੇਬਲ ਨੌਕਰੀ ਅਤੇ ਮਕਾਨ ਦੇਖ ਇੱਕ ਜਾਣਕਾਰ ਨੇ ਆਪਣੀ ਰਿਸ਼ਤੇਦਾਰ ਲੜਕੀ ਨਾਲ ਉਨ੍ਹਾਂ ਦਾ ਰਿਸ਼ਤਾ ਤਾਂ ਜੋੜ ਦਿੱਤਾ, ਪਰ ਬਾਬੂ ਰਾਮ ਨਾਥ ਜਿੱਥੇ ਅਧੇੜ ਉਮਰ ਦੀਆਂ ਬਰੂਹਾਂ ‘ਤੇ ਆਣ ਖੜ੍ਹੇ ਸਨ, ਲੜਕੀ ਨੌਜਵਾਨੀ ਦੀ ਸਿਖਰ ਹੰਢਾ ਰਹੀ ਸੀ। ਬਾਬੂ ਰਾਮ ਨਾਥ ਬਹੁਤ ਸਾਵਧਾਨੀ ਵਰਤਦੇ ਅਤੇ ਆਪਣੀ ਪਤਨੀ ਨੂੰ ਕੋਈ ਸ਼ਿਕਾਇਤ ਦਾ ਮੌਕਾ ਨਾ ਦਿੰਦੇ। ਸ਼ਾਮ 5 ਵਜੇ ਦਫਤਰ ਬੰਦ ਹੁੰਦਿਆਂ ਸਾਢੇ ਪੰਜ ਤੱਕ ਘਰ ਅੱਪੜ ਜਾਂਦੇ, ਇੱਥੋਂ ਤੱਕ ਕਿ ਆਪਣੇ ਯਾਰ ਦੋਸਤਾਂ ਨੂੰ ਵਿਆਹ ਦੀ ਪਾਰਟੀ ਦੇਣ ਲਈ ਟਾਲ-ਮਟੋਲ ਕਰਦੇ ਰਹੇ।

ਬੱਕਰੇ ਦੀ ਮਾਂ ਕਦੋਂ ਤੱਕ ਖੈਰ ਮਨਾਉਂਦੀ, ਸੋ ਇੱਕ ਦਿਨ ਦੋਸਤਾਂ ਨੇ ਉਨ੍ਹਾਂ ਨੂੰ ਘੇਰ ਹੀ ਲਿਆ ਅਤੇ ਮਹਿਫਲ ਐਸੀ ਜੰਮੀ ਕਿ ਘਰ ਅੱਪੜਦੇ ਸਾਢੇ ਦਸ ਵੱਜ ਗਏ। ਦੇਰ ਕਰਨ ਲਈ ਆਪਣੇ ਆਪ ਨੂੰ ਕਸੂਰਵਾਰ ਸਮਝ ਉਨ੍ਹਾਂ ਧੜਕਦੇ ਦਿਲ ਨਾਲ ਦਰਵਾਜੇ ਦਾ ਕੁੰਡਾ ਖੜਕਾਇਆ (ਹਾਲੇ ਡੋਰ ਬੈਲ ਦਾ ਫੈਸ਼ਨ ਨਹੀਂ ਸੀ)। ਕੁਝ ਦੇਰ ਉਡੀਕਣ ਉਪਰੰਤ ਉਨ੍ਹਾਂ ਫਿਰ ਕੁੰਡਾ ਖੜਕਾਇਆ, ਪਰ ਅੰਦਰੋਂ ਕੋਈ ਹਰਕਤ ਨਾ ਹੋਈ। ਫਿਕਰਮੰਦ ਹੋਏ ਬਾਬੂ ਰਾਮ ਨਾਥ ਨੇ ਇਸ ਵਾਰ ਰਤਾ ਜੋਰ ਨਾਲ ਕੁੰਡਾ ਖੜਕਾਇਆ, ਪਰ ਦਰਵਾਜਾ ਨਾ ਖੁੱਲ੍ਹਿਆ। ਚੌਥੀ ਬਾਰ ਜੋਰ ਨਾਲ ਕੁੰਡਾ ਖੜਕਾਉਣ ਨਾਲ ਤਾਂ ਨਾਲ ਦੇ ਗੁਆਂਢੀ ਵੀ ਬਾਹਰ ਆ ਗਏ। ਸਾਰੇ ਘਬਰਾਏ ਸਨ ਕਿ ਸੁੱਖ ਹੋਵੇ। ਇੱਕ ਵਾਰ ਗੁਆਂਢੀ ਨੇ ਵੀ ਜੋਰ ਨਾਲ ਦਰਵਾਜਾ ਭੰਨ ਦੇਖ ਲਿਆ, ਪਰ ਅੰਦਰੋਂ ਕੋਈ ਹਰਕਤ ਨਾ ਹੋਈ। ਇੱਕ ਖਿੜਕੀ ਦੀਆਂ ਵਿਰਲਾਂ ਵਿਚੋਂ ਰਤਾ ਕੁ ਧੂੰਆਂ ਨਿਕਲਦਾ ਵੀ ਦੇਖਿਆ ਗਿਆ। ਹੁਣ ਤਾਂ ਬਾਬੂ ਰਾਮ ਨਾਥ ਦਾ ਦਿਲ ਬੈਠਣ ਲੱਗਾ। ਹੋਰ ਗੁਆਂਢੀ ਵੀ ਇਕੱਠੇ ਹੋ ਗਏ ਤੇ ਦਰਵਾਜਾ ਤੋੜਨ ਬਾਰੇ ਸੋਚਿਆ ਜਾਣ ਲੱਗਾ।

ਇਸੇ ਰਾਮ-ਰੌਲੇ ਵਿਚ ਸਾਰੇ ਹੱਕੇ ਬੱਕੇ ਰਹਿ ਗਏ ਜਦ ਅਚਾਨਕ ਦਰਵਾਜਾ ਖੁੱਲਿਆ ਅਤੇ ਬਾਬੂ ਰਾਮ ਨਾਥ ਦੀ ਪਤਨੀ ਪ੍ਰਗਟ ਹੋ ਬੜੇ ਕਹਿਰ ਨਾਲ ਸਾਰੀ ਭੀੜ ਨੂੰ ਦੇਖ ਗੁੱਸੇ ਵਿਚ ਬੋਲੀ, “ਕੀ ਤਮਾਸ਼ਾ ਲਾਇਆ ਹੈ? ਮੈਨੂੰ ਕੱਚੀ ਨੀਂਦ ਵਿਚੋਂ ਉਠਾ ਦਿੱਤਾ।” ਇਹ ਕਹਿ ਉਹ ਵਾਪਸ ਅੰਦਰ ਚਲੀ ਗਈ, ਪਿੱਛੇ ਹੀ ਬਾਬੂ ਜੀ ਵੀ ਅੰਦਰ ਵੜ ਗਏ। ਦਰਅਸਲ ਧੂੰਆਂ ਅੰਦਰ ਲਾਈ ਗਈ ਕਛੂਆ ਛਾਪ ਅਗਰਬੱਤੀ ਦਾ ਸੀ। ਇਹ ਤਾਂ ਪਤਾ ਨਹੀਂ ਰਾਮ ਨਾਥ ਹੁਰੀਂ ਨੌਜਵਾਨ ਪਤਨੀ ਦਾ ਗੁੱਸਾ ਕਿਵੇਂ ਠੰਡਾ ਕੀਤਾ, ਪਰ ਬਾਹਰ ਖੜ੍ਹੇ ਲੋਕੀਂ ਮੱਥੇ ‘ਤੇ ਹੱਥ ਮਾਰ ‘ਉਫ ਕੱਚੀ ਨੀਂਦ!’ ਕਹਿੰਦੇ ਘਰਾਂ ਨੂੰ ਜਾ ਰਹੇ ਸਨ।

**-ਹਰਜੀਤ ਦਿਉਲ**
**ਬਰੈਂਪਟਨ, ਕੈਨੇਡਾ।**

# ਸੰਦੂਖ

(ਸਫਾ 29 ਦੀ ਬਾਕੀ)

‘ਆਹ ਲਉ! ਜਵਾਕ ਊਈਂ ਨਹੀਂ ਖਾਂਦੇ, ਮੈਂ ਦੋ ਲਫਾਫੇ ਕੀ ਕਰਨੇ। ਬਿਮਾਰ ਹੋਣਾ ਕਿਤੇ।’ ਮੈਂ ਬਿਨ ਬੋਲੇ ਲਫਾਫਾ ਫੜ ਲੈਂਦਾਂ। ਮਿੰਟ ਕੁ ਮਗਰੋਂ ਮੁੰਡਾ ਖਾਣੇ ਵਾਲਾ ਲਫਾਫਾ ਲਿਆ ਕੇ ਕਾਊਂਟਰ ’ਤੇ ਧਰ ਦਿੰਦਾ। ਮੈਂ ਬਿੱਲ ਪੇਅ ਕਰਨ ਲਈ ਆਪਣਾ ਕਾਰਡ ਦਿੰਦਾਂ ਤੇ ਥੈਂਕਸ ਭਰੀ ਸਮਾਈਲ ਰੋਜ਼ੀ ਨੂੰ ਦੇ ਕੇ ਵਾਪਸ ਆ ਜਾਂਦਾਂ। ਦੋ ਕੁ ਵਾਰ ਬਾਪੂ ਵੀ ਆਇਆ ਸੀ ਮੇਰੇ ਨਾਲ। ਬਾਪੂ ਤੇ ਰੋਜ਼ੀ ਦੋਵੇਂ ਗੱਲਾਂ ਦਾ ਖੱਟਿਆ ਖਾਣ ਵਾਲੇ। ਪਿੰਡਾਂ ਦੀਆਂ ਗੱਲਾਂ ਛੇੜ ਕੇ ਬੈਠ ਗਏ।

‘ਨਵੇਂ ਆਏ ਸਾਰੇ ਈ ਇਉਂ ਕਰਦੇ ਹੁੰਦੇ। ਉਦਰੇਵਾਂ ਹੁੰਦਾ ਨਾ। ਐਵੇਂ ਲੋਕਾਂ ਨੂੰ ਪਿੰਡ ਪੁੱਛੀ ਜਾਣਗੇ। ਕੋਈ ਆਪਣੇ ਪਿੰਡਾਂ ਦਾ ਮਿਲ ਜਾਏ ਤਾਂ ਹੋਰ ਸਾਂਝਾਂ ਕੱਢਣਗੇ।’ ਮੈਂ ਗੱਡੀ ਵਿਚ ਬੈਠਿਆਂ ਬਾਪੂ ਨੂੰ ਆਖਿਆ ਸੀ ਪਰ ਉਦੋਂ ਤਕ ਬਾਪੂ ਬਹੁਤਾ ਨਵਾਂ ਨਹੀਂ ਸੀ। ਉਹਦਾ ਚਿੱਤ ਕੁਝ ਕੁਝ ਲੱਗ ਗਿਆ ਸੀ ਇੱਥੇ। ਵੀਕਐਂਡ ’ਤੇ ਗੁਰੂ ਘਰ ਜਾਂਦਾ ਸਵੇਰੇ-ਸਵੇਰੇ। ਫਿਰ ਮਿੱਤਰਾਂ ਬੇਲੀਆਂ ਨਾਲ ਕਿਧਰੇ ਬੈਠ ਜਾਂਦਾ। ਦੋ ਕੁ ਵਾਰ ਆਪਣੇ ਦੋਸਤਾਂ ਨਾਲ ਵਿਕਟੋਰੀਆ ਵੀ ਜਾ ਆਇਆ ਸੀ। ਫੈਰੀ ਤਕ ਮੈਂ ਛੱਡ ਤੇ ਲੈ ਆਉਂਦਾ ਰਿਹਾ। ਬੱਸਾਂ ਦਾ ਹਿਸਾਬ ਉਹਨੂੰ ਲੱਗਣ ਲੱਗ ਗਿਆ ਸੀ। ਕੰਪਾਸ ਕਾਰਡ ਮੈਂ ਬਣਾ ਦਿੱਤਾ ਸੀ।

‘ਨਾ ਓਦਰਿਆ ਕਾਹਨੂੰ, ਮੈਂ ਤਾਂ ਊਈਂ ਪੁੱਛ ਲਿਆ। ਪਿੰਡਾਂ ਵੱਲ ਦੀ ਆ। ਧੀ ਭੈਣ ਲੱਗਦੀ ਆਖਿਰ।’ ਬਾਪੂ ਸਾਂਝਾਂ ਦੇ ਆਧਾਰ ਬਣਾਉਂਦਾ। ਉਹੀ ਸਾਂਝ ਜੋ ਮੈਨੂੰ ਪਿਛਲੇ ਕਈ ਦਿਨਾਂ ਤੋਂ ਮਹਿਸੂਸ ਹੁੰਦੀ ਪਈ ਸੀ। ਆਪਣੇ ਤਾਇਆਂ-ਚਾਚਿਆਂ ਨਾਲ। ਪਿੰਡ ਨਾਲ। ਭਾਈਚਾਰੇ ਨਾਲ। ਬਾਪੂ ਦੇ ਉਸ ਪੁਰਾਣੇ ਘਰ ਨਾਲ।

‘ਬੱਲਿਆ! ਕਦੇ ਮਾਰ ਕੇ ਆ ਗੇੜਾ। ਚਾਚੇ ਤੇਰੇ ਨੂੰ ਕਿਹਾ ਹੋਇਆ ਮੈਂ। ਥਾਂ ਦਾ ਕਰਿਆ ਨਿਬੇੜਾ। ਆਪਾਂ ਹੁਣ ਕਿਹੜਾ ਰਹਿਣਾ ਉੱਥੇ ਜਾ ਕੇ।’ ਬਾਪੂ ਪੁਰਾਣਾ ਘਰ ਵੇਚਣ ਦੀ ਗੱਲ ਕਰਦਾ ਹੁੰਦਾ ਸੀ।

ਮੈਂ ਟਾਈਮ ਕੱਢਣ ਦਾ ਲਾਰਾ ਲਾਉਂਦਾ ਰਿਹਾ। ਇਕੱਲੇ ਬਾਪੂ ਨੂੰ ਮੈਂ ਜਾਣ ਨਾ ਦਿੱਤਾ ਪਰ ਜਦ ਬਾਪੂ ਬਹੁਤਾ ਖਹਿੜੇ ਪੈ ਗਿਆ, ਮੈਂ ਚਾਚੇ ਨਾਲ ਗੱਲ ਕਰ ਕੇ ਇੰਡੀਆ ਜਾ ਕੇ ਘਰ ਵੇਚ ਦਿੱਤਾ। ਪੈਸੇ ਲੈ ਕੇ ਹਫਤੇ ਕੁ ਵਿਚ ਹੀ ਮੈਂ ਵਾਪਸ ਆ ਗਿਆ। ਜਹਾਜ਼ ਵਿਚ ਬੈਠਾ ਮੈਂ ਸਾਰੇ ਰਸਤੇ ਸੋਚਦਾ ਰਿਹਾ ਸਾਂ, ਅੱਜ ਜਦ ਮੈਂ ਘਰ ਜਾਣਾ, ਵਿਕੇ ਹੋਏ ਘਰ ਨੂੰ ਯਾਦ ਕਰ ਕੇ ਬਾਪੂ ਜ਼ਰੂਰ ਉਦਾਸ ਹੋਏਗਾ।

‘ਲੈ ਬਈ ਦੇਖ ਲਾ ਹੁਣ ਇਹਨੂੰ।’ ਘਰ ਪਹੁੰਚ ਕੇ ਖਾਣਾ ਟੇਬਲ ’ਤੇ ਧਰ ਕੇ ਮੈਂ ਪੈਮ ਨੂੰ ਆਖਦਾਂ।

‘ਕਰਦੀ ਆਂ ਮੈਂ ਗਰਮ। ਆ ਜਾ ਤੂੰ ਮੇਜ਼ ’ਤੇ।’ ਪੈਮ ਖਾਣਾ ਗਰਮ ਕਰ ਕੇ ਡਾਇਨਿੰਗ ਟੇਬਲ ’ਤੇ ਲਿਆ ਧਰਦੀ ਹੈ। ਖਾਣਾ ਖਾਂਦਿਆਂ ਅਸੀਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹਿੰਦੇ ਹਾਂ। ਪੈਮ ਕੁਝ ਪੁਛਦੀ, ਮੈਂ ਹੂੰਅ-ਹਾਂ ਆਖ ਦਿੰਦਾਂ।

‘ਬੌਬ ਤੂੰ ਕੁਝ ਦੱਸਦਾ ਵੀ ਨਹੀਂ ਪਰ ਹੈਗਾ ਤੂੰ ਜਿੱਦਾਂ ਉਦਾਸ ਆਂ।’ ਪੈਮ ਮੇਰਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕਰਦੀ ਹੈ।

‘ਨੋ-ਨੋ। ਕੋਈ ਐਸੀ ਗੱਲ ਨਹੀਂ। ਤੈਨੂੰ ਐਵੇਂ ਵਹਿਮ ਹੋ ਗਿਆ।’

ਜਿਵੇਂ ਉਦੋਂ ਮੈਨੂੰ ਵਹਿਮ ਸੀ। ਬਾਪੂ ਦੇ ਉਦਾਸ ਹੋਣ ਦਾ ਪਰ ਬਾਪੂ ਤਾਂ ਜ਼ਰਾ ਵੀ ਉਦਾਸ ਨਹੀਂ ਸੀ। ਉਹਨੇ ਘਰ ਬਾਰੇ ਕੋਈ ਬਹੁਤੀ ਗੱਲ ਨਹੀਂ ਸੀ ਕੀਤੀ ਮੇਰੇ ਨਾਲ। ਅਚਾਨਕ ਘਰ ਤੇ ਉਸ ਤੋਂ ਬਾਅਦ ਪਿੰਡ ਉਹਦੇ ਮਨ ਵਿਚੋਂ ਜਿੱਦਾਂ ਮਨਫੀ ਹੀ ਹੋ ਗਿਆ ਸੀ। ਮੈਨੂੰ ਜ਼ਰਾ ਸਮਝ ਨਾ ਆਉਂਦੀ ਬਾਪੂ ਦੇ ਸੁਭਾਅ ਦੀ। ਉਹਨੇ ਮੁੜ ਕਦੀ ਬੇਬੇ ਦੇ ਸੰਦੂਖ ਬਾਰੇ ਵੀ ਨਹੀਂ ਸੀ ਪੁੱਛਿਆ ਜੋ ਮੈਂ ਘਰ ਵੇਚਣ ਮੌਕੇ ਚਾਚੇ ਵੱਲ ਧਰ ਆਇਆ ਸੀ। ਨਾ ਹੀ ਉਹਨੇ ਕਦੀ ਖਾਲੀ ਘਰਾਂ, ਸੁੰਨੀਆਂ ਸੜਕਾਂ ਦੀ ਗੱਲ ਕੀਤੀ ਸੀ।...ਤੇ ਫਿਰ ਜਦੋਂ ਬਾਪੂ ਬਿਮਾਰ ਹੋਇਆ, ਉਹ ਹੋਰ ਵੀ ਅਜੀਬ ਗੱਲਾਂ ਕਰਨ ਲੱਗਿਆ।

‘ਬੀਰਿਆ! ਊਂਅ ਕਨੇਡਾ ’ਚ ਮਰਨ ਵਾਲੇ ਦੀਆਂ ਵੀ ਮੌਜਾਂ ਕਿ ਨਹੀਂ।’ ਉਹ ਦੋ ਕੁ ਵਾਰ ਮੇਰੇ ਨਾਲ ਕਿਸੇ ਦੇ ਫਿਊਨਰਲ ’ਤੇ ਗਿਆ ਸੀ। ਕੁਰਸੀਆਂ ‘ਤੇ ਬੈਠੇ ਬੰਦੇ ਬੁੜ੍ਹੀਆਂ, ਮੁਰਦੇ ਨੂੰ ਦਾਗਣ ਦਾ ਢੰਗ ਸਾਰਾ ਕੁਝ ਬਾਪੂ ਲਈ ਨਵਾਂ ਸੀ। ਸ਼ਾਇਦ ਉਹਨੇ ਇਸੇ ਲਈ ਕਿਹਾ ਸੀ ਕਿ ਇੱਥੇ ਮਰਨ ਵਾਲਾ ਵੀ...। ਮੈਂ ਸੋਚਦਾ ਸੀ ਸ਼ਾਇਦ ਬਾਪੂ ਕਹੇਗਾ ਕਿ ਬੀਰਿਆ ਮੈਨੂੰ ਪਿੰਡ ਲੈ ਚੱਲ ਪਰ ਉਹ ਤਾਂ...।

ਉਹਦੀ ਕੋਈ ਇੱਛਾ ਨਹੀਂ ਸੀ ਆਪਣੇ ਪਿੰਡ ਦੀ ਮਿੱਟੀ ਵਿਚ ਜਾ ਕੇ ਰਲਣ ਦੀ। ਉਹ ਪਿੰਡ ਦੀ ਕੋਈ ਗੱਲ ਹੀ ਨਹੀਂ ਸੀ ਕਰਦਾ। ਨਾ ਹੀ ਅੰਤਲੇ ਵੇਲੇ ਉਹਨੇ ਐਸਾ ਕੁਝ ਯਾਦ ਕੀਤਾ ਪਰ ਇੱਥੇ ਭੋਗ ਪਵਾਉਣ ਮਗਰੋਂ ਮੈਂ ਇੰਡੀਆ ਚਲਾ ਗਿਆ। ਗੁਰਦੁਆਰੇ ਭੋਗ ਪਵਾਇਆ ਬਾਪੂ ਦੇ ਨਾਮ ਦਾ। ਲੰਗਰ ਲਗਾਇਆ। ਠੰਢ ਦਾ ਮੌਸਮ ਸੀ। ਬਾਪੂ ਦੇ ਨਾਮ ਤੋਂ ਗਰੀਬ ਗੁਰਬਿਆਂ ਨੂੰ ਬੂਟ-ਜੁਰਾਬਾਂ ਵੰਡੀਆਂ। ਚਾਚੇ ਵੱਲ ਪਿਆ ਬੇਬੇ ਦਾ ਸੰਦੂਖ ਤੇ ਪਿੰਡ ਵਾਲਾ ਘਰ, ਦੋਨਾਂ ਨੂੰ ਹੀ ਦੇਖ-ਦੇਖ ਮੈਂ ਉਦਾਸ ਹੁੰਦਾ ਰਿਹਾ।

‘ਵਹਿਮ ਨਹੀਂ ਬੌਬ! ਪਿੰਡੋਂ ਆ ਕੇ ਤੂੰ ਮੈਨੂੰ ਲੋਟ ਨਹੀਂ ਲੱਗਦਾ? ਸ਼ੇਅਰ ਤਾਂ ਕਰ ਆਖਿਰ ਮਸਲਾ ਕੀ ਆ?’ ਪੈਮ ਥੋੜ੍ਹੇ ਫਿਕਰ, ਥੋੜ੍ਹੀ ਖਿਝ ਨਾਲ ਪੁੱਛਦੀ ਹੈ।

‘ਪੈਮ ਹੁਣ ਆਪਾਂ ਜਦ ਪਿੰਡ ਜਾਣਾ ਨਾ...ਪਿੰਡ ਥਾਂ ਲੈ ਕੇ ਨਵਾਂ ਘਰ ਪਾ ਕੇ ਆਉਣਾ। ਬੇਬੇ ਵਾਲਾ ਸੰਦੂਖ ਆਪਣੇ ਘਰੇ ਧਰ ਕੇ ਆਵਾਂਗੇ। ਮੈਂ ਪਿੰਡ ਜਾ ਕੇ ਮਰਨਾ ਚਾਹੁੰਦਾਂ ਪੈਮ। ਮੇਰਾ ਭੋਗ ਵੀ ਆਪਣੇ ਘਰ ਵਿਚ ਪਾਇਓ।’ ਚਾਰ ਦਿਨ ਦੇ ਰੋਕੇ ਹੰਝੂ ਮੇਰੀਆਂ ਅੱਖਾਂ ਵਿਚੋਂ ਵਹਿ ਤੁਰੇ। ਪੈਮ ਹੈਰਾਨ ਹੋਈ ਮੇਰੇ ਵੱਲ ਦੇਖ ਰਹੀ ਸੀ। ਬਾਹਰ ਬਾਰਿਸ਼ ਹੋਰ ਤੇਜ਼ ਹੋ ਗਈ। ਡਿੱਗਦੀਆਂ ਕਣੀਆਂ ਦੀ ਆਵਾਜ਼ ਸਾਡੇ ਵਿਚਾਲੇ ਦੀ ਚੁੱਪ ਨੂੰ ਤੋੜਨ ਲੱਗੀ। ਇਹ ਕੈਸੀ ਇੱਛਾ ਸੀ ਮੈਨੂੰ ਖੁਦ ਨੂੰ ਸਮਝ ਨਹੀਂ ਆ ਰਿਹਾ।

# ਬੈਚ ਫੁੱਲ ਸਵੀਟ ਚੈਸਟਨਟ: ਅਸਹਿ ਕਸ਼ਟ

ਬੈਚ ਫੁੱਲ ਦਵਾਈ ਪ੍ਰਣਾਲੀ ਵਿਚ ਚੈਸਟਨਟ ਦੇ ਨਾਂ ਵਾਲੀਆਂ ਚਾਰ ਦਵਾਈਆਂ ਹਨ। ਦੇਖਣ ਨੂੰ ਇਹ ਸਾਰੀਆਂ ਹੀ ਐਸਕੁਲਸ ਹਿਪੋਕਾਸਟਾਨਮ (Aesculus Hippocastanum) ਨਾਮਕ ਪੌਦੇ ਦੀਆਂ ਉਪ-ਕਿਸਮਾਂ ਲਗਦੀਆਂ ਹਨ, ਜਿਸ ਨੂੰ ਦੇਸੀ ਭਾਸ਼ਾ ਵਿਚ ਸੁਪਾਰੀ ਕਿਹਾ ਜਾਂਦਾ ਹੈ; ਪਰ ਇਸ ਤਰ੍ਹਾਂ ਨਹੀਂ ਹੈ। ਇਕੋ ਜਿਹੇ ਨਾਂ ਦੇ ਭੁਲੇਖੇ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਇਨ੍ਹਾਂ ਦਾ ਕੰਮ ਵੀ ਇਕੋ ਜਿਹਾ ਹੋਵੇਗਾ, ਭਾਵ ਇਹ ਇਕੋ ਤਰ੍ਹਾਂ ਦੀਆਂ ਤਕਲੀਫਾਂ ਵਿਚ ਕੰਮ ਆਉਂਦੀਆਂ ਹੋਣਗੀਆਂ। ਇਕੋ ਜਿਹਾ ਤਾਂ ਕੀ ਇਨ੍ਹਾਂ ਦਾ ਅਸਰ ਇਕੋ ਜਿਹਾ ਹੋਣ ਦੇ ਨੇੜੇ-ਤੇੜੇ ਵੀ ਨਹੀਂ ਹੈ। ਐਸਕੁਲਸ ਹਿਪੋਕਾਸਟਾਨਮ ਨਾਂ ਦੀ ਦਵਾਈ ਹੋਮਿਓਪੈਥੀ ਵਿਚ ਵੀ ਹੈ, ਪਰ ਪੋਟੈਂਸੀ ਰੂਪ ਵਿਚ ਹੋਣ ਕਰਕੇ ਉਸ ਦਾ ਦਵਾਈ ਪ੍ਰਭਾਵ ਬਿਲਕੁਲ ਹੀ ਵੱਖਰੀ ਕਿਸਮ ਦਾ ਹੈ। ਇਸ ਲਈ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਇਨ੍ਹਾਂ ਦੇ ਅਸਰ ਦਾ ਸਿੱਟਾ ਇਨ੍ਹਾਂ ਦੇ ਬੁਟੈਨੀਕਲ ਨਾਂਵਾਂ ਜਾਂ ਬਨਸਪਤੀ ਮੂਲ ਤੋਂ ਕੱਢਣਾ ਫਜ਼ੂਲ ਹੈ। ਇਨ੍ਹਾਂ ਦੇ ਨਾਂਵਾਂ ਨੂੰ ਸਿਰਫ ਉਪਚਾਰਕ ਟੈਗ (Tag) ਮੰਨ ਕੇ ਇਨ੍ਹਾਂ ਦੇ ਕਾਰਜ ਖੇਤਰ ਨਾਲ ਜੋੜਨਾ ਚਾਹੀਦਾ ਹੈ। ਘੱਟੋ ਘੱਟ ਮੈਂ ਤਾਂ ਇਵੇਂ ਹੀ ਕਰਦਾ ਹਾਂ।

ਫੁੱਲ ਦਵਾਈ ਸਵੀਟ ਚੈਸਟਨਟ (Sweet Chestnut) ਕੈਸਟੇਨੀਆ ਸਟੀਵਾ (Castanea Sativa) ਨਾਮਕ ਪੌਦੇ ਦੇ ਫੁੱਲਾਂ ਤੋਂ ਬਣੀ ਹੋਈ ਹੈ। ਇਹ ਬੜੀ ਹੀ ਮਹੱਤਵਪੂਰਨ ਔਸ਼ਧੀ ਹੈ, ਜੋ ਅਕਸਮਾਤੀ ਤੇ ਸਾਧਾਰਣ-ਦੋਹਾਂ ਪੱਧਰਾਂ 'ਤੇ ਵਰਤੀ ਜਾਂਦੀ ਹੈ। ਭਾਵੇਂ ਮਹੱਤਵਪੂਰਨ ਦਾ ਇਹ ਵਿਸ਼ੇਸ਼ਣ ਕਈ ਦੂਜੀਆਂ ਦਵਾਈਆਂ ਨਾਲ ਵੀ ਵਰਤਿਆ ਗਿਆ ਹੈ ਤੇ ਦਿਲ ਕਰਦਾ ਹੈ ਕਿ ਹਰ ਬੈਚ ਫੁੱਲ ਦਵਾਈ ਲਈ ਵਰਤਿਆ ਜਾਵੇ, ਪਰ ਇਹ ਦਵਾਈ ਕਈਆਂ ਦੇ ਜੀਵਨ ਵਿਚ ਰੰਗ ਭਰ ਸਕਦੀ ਹੈ। ਮੈਂ ਇਸ ਦਵਾਈ ਦੇ ਕਮਾਲ ਨੂੰ ਕਾਫੀ ਦੇਰ ਗੌਲ ਨਾ ਸਕਿਆ, ਕਿਉਂਕਿ ਪ੍ਰਚਲਿਤ ਮੈਡੀਕਲ ਸਾਹਿਤ ਵਿਚ ਇਸ ਦੇ ਸੰਕੇਤਕ ਸ਼ਬਦ (Keywords) ਦਿਮਾਗ ਵਿਚ ਠਣਕਣ ਵਾਲੇ ਨਹੀਂ ਹਨ, ਭਾਵ ਆਸਾਨੀ ਨਾਲ ਧਿਆਨ ਨਹੀਂ ਖਿੱਚਦੇ। ਇਸ ਦੀਆਂ ਕਰਾਮਾਤੀ ਸ਼ਕਤੀਆਂ ਬਾਰੇ ਮੈਂ ਉਦੋਂ ਸੁਚੇਤ ਹੋਇਆ, ਜਦੋਂ ਇਸ ਬਾਰੇ ਡਾ. ਕ੍ਰਿਸ਼ਨਾਮੂਰਤੀ ਦੀਆਂ ਟਿੱਪਣੀਆਂ ਪੜ੍ਹੀਆਂ। ਉਸ ਤੋਂ ਬਾਅਦ ਮੇਰਾ ਹੱਥ ਨਾ ਚਾਹੁੰਦਿਆਂ ਵੀ ਇਸ ਦੀ ਸ਼ੀਸ਼ੀ 'ਤੇ ਜਾ ਵੱਜਦਾ ਹੈ। ਇਸ ਦਾ ਜ਼ਿਕਰ ਮੈਂ ਜਰਾ ਠਹਿਰ ਕੇ ਕਰਾਂਗਾ।

ਸਵੀਟ ਚੈਸਟਨਟ ਗੰਭੀਰ ਸੰਕਟ ਦੀ ਦਵਾਈ ਹੈ। ਭਾਵੇਂ ਇਹ ਰੈਸਕਿਊ ਰੈਮਿਡੀ ਦਾ ਅੰਸ਼ ਨਹੀਂ ਹੈ, ਪਰ ਡਾ. ਬੈਚ ਨੂੰ ਇਸ ਨੂੰ ਰੈਸਕਿਊ ਰੈਮਿਡੀ ਵਿਚੋਂ ਬਾਹਰ ਰੱਖਣ ਲਈ ਸੀਨੇ 'ਤੇ ਪੱਥਰ ਜਰੂਰ ਰੱਖਣਾ ਪਿਆ ਹੋਵੇਗਾ। ਜੇ ਗੰਭੀਰ ਸੰਕਟ ਆ ਹੀ ਜਾਵੇ, ਜੇ ਪਾਣੀ ਨੱਕ ਤੀਕਰ ਚੜ੍ਹ ਹੀ ਆਵੇ, ਜੇ ਪਰਲੋ ਦੇ ਸਾਖਸ਼ਾਤ ਦਰਸ਼ਨ ਹੋ ਹੀ ਜਾਣ ਅਤੇ ਜੇ ਮਨੁੱਖ ਦਾ ਧੀਰਜ ਸਿਰੇ ਲੱਗ ਹੀ ਗਿਆ ਹੋਵੇ, ਤਾਂ ਉਸ ਲਈ ਇਸ ਤੋਂ ਵੱਡਾ ਸਾਕਾ ਹੋਰ ਕੀ ਹੋ ਸਕਦਾ ਹੈ? ਅਜਿਹੀ ਔਖੀ ਘੜੀ ਵਿਚ ਜੇ ਕੋਈ ਦਵਾਈ ਉਸ ਦਾ ਲੜ ਫੜਦੀ ਹੈ ਤਾਂ ਉਹ ਰੈਸਕਿਊ ਰੈਮਿਡੀ ਤੋਂ ਘੱਟ ਕਿਵੇਂ ਹੋਈ? ਇਸ ਲਈ ਕੋਈ ਮੰਨੇ ਜਾਂ ਨਾ ਮੰਨੇ, ਮੈਂ ਤਾਂ ਇਸ ਨੂੰ ਦੂਜੀ ਰੈਸਕਿਊ ਰੈਮਿਡੀ ਹੀ ਮੰਨਦਾ ਹਾਂ।

ਸਵੀਟ ਚੈਸਟਨਟ ਦੇ ਸੰਕੇਤਕ ਸ਼ਬਦ ਹਨ-ਸਬਰ ਦੀ ਸੀਮਾ ਆ ਜਾਣਾ, ਅਤਿਅੰਤ ਪ੍ਰੇਸ਼ਾਨੀ ਦਾ ਹੋਣਾ, ਉਮੀਦ ਦੀ ਇੰਤਹਾ ਹੋ ਜਾਣਾ, ਸਭ ਕੁਝ ਬੁਰਾ ਹੀ ਬੁਰਾ ਦਿਖਾਈ ਦੇਣਾ, ਮਰਨ ਜਾਂ ਡੁੱਬਣ ਘੜੀ ਦਾ ਆ ਜਾਣਾ ਅਤੇ ਚੁਫੇਰੇ ਤਬਾਹੀ ਤੇ ਉਜਾੜਾ ਨਜ਼ਰ ਆਉਣਾ। ਇਹ ਸਾਰੇ ਸੂਚਕ ਕਿਸੇ ਅਤਿ ਦੀ ਦੁਖੀ ਅਵਸਥਾ ਵਲ ਇਸ਼ਾਰਾ ਕਰਦੇ ਦਿਖਾਈ ਦਿੰਦੇ ਹਨ, ਪਰ ਇਨ੍ਹਾਂ ਵਿਚੋਂ ਕੋਈ ਸ਼ਬਦ ਵੀ ਦਵਾਈ ਦੀ ਤਾਸੀਰ ਦਾ ਮਨੁੱਖ ਦੀ ਮਾਨਸਿਕ ਹਾਲਤ ਨਾਲ ਖੁਲ੍ਹ ਕੇ ਰਿਸ਼ਤਾ ਵਰਨਣ ਕਰਦਾ ਪ੍ਰਤੀਤ ਨਹੀਂ ਹੁੰਦਾ। ਇਸ ਕਾਰਨ ਇਹ ਦਵਾਈ ਰਾਕ ਰੋਜ਼, ਸਟਾਰ ਆਫ ਸੈਕਲੇਰੈਂਥਸ, ਚੈਰੀ ਪਲੱਮ ਆਦਿ ਦਵਾਈਆਂ ਦੇ ਜਮਘਟੇ ਵਿਚ ਖੋ ਕੇ ਰਹਿ ਜਾਂਦੀ ਹੈ। ਇਸ ਨੂੰ ਇਸ ਵਿਚੋਂ ਉਭਾਰਨ ਲਈ ਸਭ ਤੋਂ ਪਹਿਲਾਂ ਇਸ ਬਾਰੇ ਡਾ. ਬੈਚ ਤੇ ਹੋਰ ਵਿਦਵਾਨ ਡਾਕਟਰਾਂ ਦੇ ਅਨੁਭਵਾਂ ਨੂੰ ਬਾਰੀਕੀ ਨਾਲ ਜਾਣਨ ਦੀ ਲੋੜ ਹੈ।

ਡਾ. ਬੈਚ ਸਵੀਟ ਚੈਸਟਨਟ ਬਾਰੇ ਲਿਖਦੇ ਹਨ, "ਇਹ ਫੁੱਲ ਦਵਾਈ ਉਨ੍ਹਾਂ ਪਲਾਂ ਲਈ ਹੈ, ਜਿਹੜੇ ਕੁਝ ਲੋਕਾਂ ਦੀ ਜ਼ਿੰਦਗੀ ਵਿਚ ਉਦੋਂ ਆਉਂਦੇ ਹਨ, ਜਦੋਂ ਉਨ੍ਹਾਂ ਦੀ ਮਾਨਸਿਕ ਪੀੜਾ ਸਿਖਰ 'ਤੇ ਹੋਵੇ, ਜਦੋਂ ਉਨ੍ਹਾਂ ਦਾ ਮਨ ਜਾਂ ਸਰੀਰ ਮਹਿਸੂਸ ਕਰੇ ਕਿ ਉਨ੍ਹਾਂ ਦੇ ਦੁਖ-ਦਰਦ ਦਾ ਹੜ੍ਹ ਬਰਦਾਸ਼ਤ ਦੀ ਅਖੀਰਲੀ ਹੱਦ 'ਤੇ ਪਹੁੰਚ ਗਿਆ ਹੈ ਤੇ ਇਸ ਤੋਂ ਅੱਗੇ ਉਨ੍ਹਾਂ ਦੇ ਸਬਰੋ-ਕਰਾਰ ਦਾ ਬੰਨ੍ਹ ਟੁੱਟ ਜਾਵੇਗਾ ਅਤੇ ਜਦੋਂ ਉਨ੍ਹਾਂ ਨੂੰ ਲੱਗੇ ਕਿ ਉਨ੍ਹਾਂ ਦੀ ਸਹਿਨਸ਼ਕਤੀ ਖਤਮ ਹੋਣ ਤੋਂ ਬਾਅਦ ਕੁਝ ਵੀ ਨਹੀਂ ਬਚੇਗਾ, ਸਭ ਤਬਾਹ ਹੋ ਜਾਵੇਗਾ ਤੇ ਪਰਲੋ ਆ ਜਾਵੇਗੀ।"

ਡਾ. ਬੈਚ ਦੇ ਕਥਨ ਤੋਂ ਪਹਿਲੀ ਗੱਲ ਇਹ ਪ੍ਰਤੀਤ ਹੁੰਦੀ ਹੈ ਕਿ ਸਵੀਟ ਚੈਸਟਨਟ ਕਿਸੇ ਮਰਜ਼ ਦੀ ਦਵਾਈ ਨਹੀਂ ਅਤੇ ਨਾ ਹੀ ਕਿਸੇ ਮਰੀਜ਼ ਦੀ ਦਵਾਈ ਹੈ। ਇਹ ਤਾਂ ਕੁਝ ਪ੍ਰਸਥਿਤੀਆਂ ਦੀ ਦਵਾਈ ਹੈ, ਜੋ ਕੁਝ ਪਲਾਂ, ਘੜੀਆਂ ਜਾਂ ਮਹੀਨਿਆਂ ਲਈ ਵਿਅਕਤੀ ਦੇ ਜੀਵਨ ਵਿਚ ਤੁਫਾਨ ਵਾਂਗ ਆਉਂਦੀਆਂ ਹਨ ਜਾਂ ਆ ਸਕਦੀਆਂ ਹਨ ਤੇ ਉਸ ਦੀ ਰੂਹ ਨੂੰ ਕੰਬਾ ਕੇ ਰੱਖ ਦਿੰਦੀਆਂ ਹਨ। ਉਂਜ ਦੁੱਖ-ਦਰਦ ਹਰ ਇਕ ਦੇ ਜੀਵਨ ਵਿਚ ਆਉਂਦੇ ਹਨ ਤੇ ਹਰੇਕ ਵਿਅਕਤੀ ਜੇਰਾ ਕਰਕੇ ਇਨ੍ਹਾਂ ਨੂੰ ਸਹਾਰ ਲੈਂਦਾ ਹੈ। ਸਮਾਂ ਬੀਤ ਜਾਣ ਤੋਂ ਬਾਅਦ ਉਹ ਖਤਮ ਵੀ ਹੋ ਜਾਂਦੇ ਹਨ ਜਾਂ ਹੋ ਸਕਦੇ ਹਨ ਤੇ ਵਿਅਕਤੀ ਉਨ੍ਹਾਂ ਨੂੰ ਭੁੱਲ ਵੀ ਜਾਂਦਾ ਹੈ, ਪਰ ਕੁਝ ਲੋਕਾਂ ਦੀ ਸਹਿਨ-ਸ਼ਕਤੀ ਇੰਨੀ ਨਹੀਂ ਹੁੰਦੀ ਕਿ ਉਹ ਭਾਰੀ ਦੁਖ ਨੂੰ ਸਹਾਰ ਸਕਣ ਜਾਂ ਭੁਲਾ ਦੇਣ। ਨਾਲ ਇਹ ਵੀ ਹੈ ਕਿ ਜੇ ਦੁੱਖ ਲਗਾਤਾਰ




ਆਉਂਦਾ ਹੀ ਰਹੇ ਤੇ ਵਧਦਾ ਵੀ ਜਾਵੇ ਅਤੇ ਵਿਅਕਤੀ ਦੀ ਬਰਦਾਸ਼ਤ ਸ਼ਕਤੀ ਨੂੰ ਵੰਗਾਰਨ ਲੱਗ ਜਾਵੇ ਤਾਂ ਇਹ ਅਸਹਿ ਮਾਨਸਿਕ ਪੀੜਾ ਦੀ ਸਥਿਤੀ ਪੈਦਾ ਕਰ ਦਿੰਦਾ ਹੈ। ਇਸ ਤੋਂ ਘਬਰਾ ਕੇ ਮਨੁੱਖ ਧੀਰਜ ਖੋ ਬੈਠਦਾ ਹੈ। ਇਸ ਲਈ ਸਵੀਟ ਚੈਸਟਨਟ ਉਸ ਵੇਲੇ ਦੀ ਦਵਾਈ ਹੈ, ਜਦੋਂ ਵਿਅਕਤੀ ਦਾ ਦੁੱਖ, ਖਿਝ, ਚਿੜਚਿੜਾਪਣ, ਹਰਖ ਜਾਂ ਮਾਨਸਿਕ ਪੀੜਾ ਇੰਨੀ ਵਧ ਜਾਵੇ ਕਿ ਉਸ ਦਾ ਸਬਰ ਟੁੱਟਣ ਕਿਨਾਰੇ ਆ ਜਾਵੇ।

ਦੂਜੇ, ਇਨ੍ਹਾਂ ਸਥਿਤੀਆਂ ਵਿਚ ਮਨੁੱਖ ਨੂੰ ਲਗਦਾ ਹੈ ਕਿ ਹੁਣ ਉਹ ਖੁਰ ਜਾਵੇਗਾ ਭਾਵ ਉਸ ਦੀ ਹਿੰਡ ਤੇ ਉਸ ਦਾ ਵਜੂਦ ਖਤਮ ਹੋ ਜਾਣਗੇ। ਉਸ ਕੋਲ ਅਜਿਹਾ ਕੋਈ ਸਾਧਨ ਨਹੀਂ ਬਚਦਾ ਭਾਵ ਉਹ ਅਜਿਹਾ ਕੋਈ ਰਸਤਾ ਨਹੀਂ ਸੋਚ ਸਕਦਾ, ਜਿਸ ਨਾਲ ਉਸ ਦੇ ਸਬਰ ਦਾ ਬੰਨ੍ਹ ਮਜ਼ਬੂਤ ਹੋ ਸਕੇ। ਘੜੀ ਦੀ ਘੜੀ ਉਸ ਦੀ ਮੱਤ 'ਤੇ ਪਰਦਾ ਜਿਹਾ ਪੈ ਜਾਂਦਾ ਹੈ, ਸੋਚ ਦੇ ਘੋੜੇ ਖੜ੍ਹ ਜਾਂਦੇ ਹਨ ਤੇ ਉਹ ਸੋਚਣ 'ਤੇ ਮਜਬੂਰ ਹੋ ਜਾਂਦਾ ਹੈ ਕਿ ਹੁਣ ਉਸ ਦੀ ਮੁਕਾਬਲਾ-ਸ਼ਕਤੀ ਹਾਰਨ ਦੇ ਮਕਾਮ 'ਤੇ ਆ ਗਈ ਹੈ। ਤੀਜੇ, ਉਹ ਇਹ ਵੀ ਸਮਝਦਾ ਹੈ ਕਿ ਇਸ ਹਾਰ ਤੋਂ ਬਾਅਦ ਹਾਲਾਤ ਬੇਕਾਬੂ ਹੋ ਜਾਣਗੇ ਤੇ ਉਸ ਦਾ ਕੁਝ ਵੀ ਨਹੀਂ ਬਚੇਗਾ। ਇਸ ਨਾਲ ਉਸ ਦੇ ਜੀਵਨ ਵਿਚ ਚਾਰੇ ਪਾਸੇ ਤਬਾਹੀ ਤੇ ਬਰਬਾਦੀ ਆ ਜਾਵੇਗੀ। ਇਹ ਸਥਿਤੀ ਇਕ ਸਦਮੇ ਦੀ ਤਰ੍ਹਾਂ ਹੁੰਦੀ ਹੈ, ਜਿਸ ਵਿਚ ਮਨੁੱਖ ਮਾਨਸਿਕ ਤੌਰ 'ਤੇ ਡਾਵਾਂਡੋਲ ਹੋ ਜਾਂਦਾ ਹੈ। ਇਸ ਤਰ੍ਹਾਂ ਦਾ ਡਰ ਜਾਂ ਸਦਮਾ ਰਾਕ ਰੋਜ਼ ਤੇ ਸਟਾਰ ਆਫ ਸਕਲੇਰੈਂਥਸ ਫੁੱਲ ਦਵਾਈਆਂ ਵਿਚ ਵੀ ਹੈ, ਪਰ ਇਨ੍ਹਾਂ ਦਾ ਸਦਮਾ ਘਟਨਾ ਦੇ ਘਟਨ ਤੋਂ ਬਾਅਦ ਵਿਚ ਲਗਦਾ ਹੈ। ਸਵੀਟ ਚੈਸਟਨਟ ਦਾ ਤੌਖਲਾ ਤਬਾਹੀ ਤੋਂ ਪਹਿਲਾਂ ਦਾ ਹੈ। ਚੌਥੇ, ਮਰੀਜ਼ ਦਾ ਇਹ ਡਰ ਕਿ ਉਸ ਦਾ ਸਬਰ ਟੁੱਟਣ ਤੋਂ ਬਾਅਦ ਤਬਾਹੀ ਤੇ ਪਰਲੋ ਨਿਸ਼ਚਿਤ ਹਨ-ਯਥਾਰਥਿਕ ਵੀ ਹੋ ਸਕਦਾ ਹੈ, ਕਲਪਿਤ ਵੀ। ਯਥਾਰਥਿਕ ਇਸ ਲਈ ਕਿ ਉਹ ਸੱਚ-ਮੁੱਚ ਹੀ ਬਰਬਾਦੀ ਦੀ ਹੱਦ ਦੇ ਕੋਲ ਵੀ ਪਹੁੰਚ ਚੁਕਾ ਹੋ ਸਕਦਾ ਹੈ। ਕਲਪਿਤ ਇਸ ਲਈ ਕਿ ਇਹ ਉਸ ਦਾ ਆਪਣਾ ਅਨੁਭਵ ਵੀ ਹੋ ਸਕਦਾ ਹੈ, ਭਾਵ ਉਹ ਡਰ ਕੇ ਵੀ ਇੱਦਾਂ ਸੋਚ ਸਕਦਾ ਹੈ। ਸਵੀਟ ਚੈਸਟਨਟ ਦੀਆਂ ਕੁਝ ਹੀ ਖੁਰਾਕਾਂ ਉਸ ਨੂੰ ਦੋਹਾਂ ਤਰ੍ਹਾਂ ਦੀਆਂ ਮੁਸੀਬਤਾਂ ਦਾ ਟਾਕਰਾ ਕਰਨ ਦੀ ਸ਼ਕਤੀ ਦੇ ਦੇਣਗੀਆਂ।

ਡਾ. ਸੋਹਨ ਰਾਜ ਟੇਟਰ ਤੇ ਮੋਹਨ ਲਾਲ ਜੈਨ ਅਨੁਸਾਰ ਜਦੋਂ ਕਿਸੇ ਵਿਅਕਤੀ ਦੀ ਮਾਨਸਿਕ ਜਾਂ ਸਰੀਰਕ ਪੀੜਾ ਇਸ ਸੀਮਾ ਤੀਕ ਪਹੁੰਚ ਜਾਵੇ ਕਿ ਉਸ ਨੂੰ ਅੱਗੇ ਰੋਸ਼ਨੀ ਦੀ ਕੋਈ ਕਿਰਨ ਦਿਖਾਈ ਨਾ ਦੇਵੇ ਤਾਂ ਉਸ ਦਾ ਮਨ ਬੁਝ ਜਾਂਦਾ ਹੈ। ਉਸ ਨੂੰ ਲਗਦਾ ਹੈ ਕਿ ਉਸ ਦੀ ਜ਼ਿੰਦਗੀ ਵਿਚ ਹਨੇਰੇ ਤੋਂ ਬਿਨਾ ਕੁਝ ਨਹੀਂ ਹੈ। ਉਸ ਨੂੰ ਆਪਣਾ ਭਵਿੱਖ ਖਿਲਵਾੜ ਹੋਇਆ ਲਗਦਾ ਹੈ ਤੇ ਚਾਰੇ ਪਾਸੇ ਮੌਤ ਦਿਖਾਈ ਦਿੰਦੀ ਹੈ। ਓਹ ਜੀਵਨ ਵਿਚ ਮੁੜ ਖੜ੍ਹਾ ਹੋਣ ਦੀ ਆਸ ਛੱਡ ਦਿੰਦਾ ਹੈ। ਉਸ 'ਤੇ ਮੌਤ ਜਿਹਾ ਮਾਤਮ ਛਾਇਆ ਹੁੰਦਾ ਹੈ ਤੇ ਉਹ ਆਪਣਾ ਮਰਿਆਂ ਜਿਹਾ ਜੀਵਨ ਚੁਪ-ਚਾਪ ਇਕਾਂਤ ਵਿਚ ਗੁਜ਼ਾਰੀ ਜਾਂਦਾ ਹੈ। ਉਹ ਸਮਝਦਾ ਹੈ ਕਿ ਕੁਦਰਤ ਦੀ ਕਰੋਪੀ ਸੰਸਾਰ ਵਿਚ ਸਿਰਫ ਉਸੇ 'ਤੇ ਹੋਈ ਹੈ, ਬਾਕੀ ਸਭ ਠੀਕ ਰਹਿ ਰਹੇ ਹਨ। ਉਸ ਵਿਚ ਆਪਣੇ ਨਾਲ ਹੋਈ ਇਸ ਬੇਇਨਸਾਫੀ ਦਾ ਹਰਖ ਭਰਿਆ ਹੁੰਦਾ ਹੈ ਤੇ ਉਹ ਸੋਚਦਾ ਹੈ ਕਿ ਇਸ ਤਰ੍ਹਾਂ ਦੇ ਜੀਵਨ ਨਾਲੋਂ ਤਾਂ ਮੌਤ ਭਲੀ ਹੈ, ਪਰ ਮੌਤ ਨੂੰ ਚੰਗਾ ਸਮਝਦਿਆਂ ਵੀ ਉਹ ਆਤਮ ਹੱਤਿਆ ਦੀ ਕੋਸ਼ਿਸ਼ ਨਹੀਂ ਕਰਦਾ। ਉਹ ਸਮਝਦਾ ਹੈ ਕਿ ਉਸ ਦੇ ਦੁਖ ਇੰਨੇ ਭਾਰੀ ਹਨ ਕਿ ਮਰ ਕੇ ਵੀ ਇਨ੍ਹਾਂ ਦਾ ਅੰਤ ਨਹੀਂ ਹੋਵੇਗਾ। ਉਸ ਦਾ ਕਿਸੇ ਇਲਾਜ਼ ਵਿਚ ਕੋਈ ਵਿਸਵਾਸ਼ ਨਹੀਂ ਰਹਿੰਦਾ ਤੇ ਉਹ ਹਰਖ ਤੇ ਪੀੜਾ ਹੰਢਾਉਣ ਨੂੰ ਹੀ ਜੀਵਨ ਮੰਨ ਲੈਂਦਾ ਹੈ। ਅਜਿਹੀ ਹਾਲਤ ਵਿਚ ਸਵੀਟ ਚੈਸਟਨਟ ਉਸ ਦੇ ਜੀਵਨ ਵਿਚ ਇਕ ਨਵੀਂ ਆਸ ਪੈਦਾ ਕਰੇਗੀ ਤੇ ਉਹ ਖੁਲ੍ਹ ਕੇ ਜਿਊਣ ਲੱਗੇਗਾ।

ਸਵੀਟ ਚੈਸਟਨਟ ਦੀ ਅਵਸਥਾ ਕਿਵੇਂ ਦੀ ਹੁੰਦੀ ਹੈ ਤੇ ਕਿਵੇਂ ਆਉਂਦੀ ਹੈ ਇਹ ਹੇਠਲੇ ਦੋ ਕੇਸਾਂ ਤੋਂ ਭਲੀ ਪਰਕਾਰ ਸਪਸ਼ਟ ਹੋ ਜਾਦੀ ਹੈ। ਇਕ ਨੌਜਵਾਨ ਨੇ ਭਾਰਤਵਰਸ ਵਿਚੋਂ ਆਪਣੀ ਪੜ੍ਹਾਈ ਮੁਕੰਮਲ ਕਰਕੇ ਚੀਨ ਵਿਚੋਂ ਮੈਡੀਕਲ ਦੀ ਗ੍ਰੈਜੂਏਸ਼ਨ ਕੀਤੀ। ਭਾਰਤ ਵਿਚ ਪ੍ਰੈਕਟਿਸ ਕਰਨ ਲਈ ਉਸ ਨੂੰ ਭਾਰਤ ਸਰਕਾਰ ਦਾ ਯੋਗਤਾ ਟੈਸਟ ਪਾਸ ਕਰਨਾ ਪੈਣਾ ਸੀ ਇਸ ਲਈ ਉਸ ਨੇ ਅਮਰੀਕਾ ਦਾ ਡਾਕਟਰੀ ਟੈਸਟ ਦੇਣਾ ਬਿਹਤਰ ਸਮਝਿਆ। ਡਾਕਟਰੀ ਦੀ ਪੜ੍ਹਾਈ ਵਿਚ ਲੱਗਿਆ ਸਮਝ ਕੇ ਅਮਰੀਕਾ ਦੀ ਇਕ ਨਰਸ ਨੇ ਉਸ ਨਾਲ ਵਿਆਹ ਕਰ ਲਿਆ ਤੇ ਉਹ ਉਸ ਨੂੰ ਇੱਥੇ ਲੈ ਆਈ। ਇੱਥੇ ਆ ਕੇ ਉਸ ਨੇ ਉਸੇ ਟੈਸਟ ਦੀ ਤਿਆਰੀ ਜਾਰੀ ਰੱਖੀ ਪਰ ਕਾਫੀ ਦੇਰ ਟੈਸਟ ਦੇਣ ਦਾ ਹੌਸਲਾ ਨਾ ਪਿਆ। ਤ੍ਰੀਮਤ ਦੀ ਕਮਾਈ 'ਤੇ ਪਲਣਾ ਵੀ ਉਸ ਨੂੰ ਕੰਡਿਆਂ ਦੀ ਸੇਜ਼ ਵਾਂਗ ਚੁਭਣ ਲੱਗਿਆ। ਬਹੁਤ ਔਖਿਆਂ ਹੋ ਕੇ ਉਸ ਨੇ ਮੈਡੀਕਲ ਦੇ ਚਾਰ ਟੈਸਟ ਪਾਸ ਕੀਤੇ, ਪਰ ਇੰਨੇ ਘੱਟ ਅੰਕਾਂ ਨਾਲ ਕਿ ਉਸ ਨੂੰ ਕਿਸੇ ਨੇ ਇੰਟਰਵੀਊ ਲਈ ਵੀ ਨਾ ਬੁਲਾਇਆ। ਉਸ ਨੂੰ ਆਪਣੇ ਜੀਵਨ ਦੇ ਮਨਸੂਬੇ ਤਬਾਹ ਹੁੰਦੇ ਨਜ਼ਰ ਆਏ। ਉਸ ਦੀ ਮਾਯੂਸੀ ਇੰਨੀ ਵਧ ਗਈ ਕਿ ਇਕ ਦਿਨ ਉਹ ਸਮਾਜ ਵਿਚੋਂ ਰਾਤੋ ਰਾਤ ਰੂਹਪੋਸ਼ ਹੋ ਗਿਆ। ਅਲੋਪ ਹੋਣ ਲੱਗਿਆਂ ਉਸ ਨੇ ਸਭ ਜਾਣਨ ਵਾਲਿਆਂ ਨੂੰ ਇਕ ਟੈਕਸਟ ਮੈਸੇਜ ਲਿਖਿਆ, "ਮੈਨੂੰ ਮੁਆਫ ਕਰਿਓ ਤੇ ਭੁੱਲ ਜਾਇਓ। ਮੈਂ ਮਰਿਆ ਤਾਂ ਨਹੀਂ, ਪਰ ਮਰਿਆ ਹੀ ਸਮਝਣਾ ਤੇ ਮੇਰਾ ਪਤਾ ਲਾਉਣ ਦੀ ਕੋਸਿਸ਼ ਨਾ ਕਰਨਾ।" ਇਹ ਟੈਕਸਟ ਕਰ ਕੇ ਉਸ ਨੇ ਸਭ ਲਈ ਆਪਣਾ ਫੋਨ ਬੰਦ ਕਰ ਦਿੱਤਾ।

ਉਸ ਦਾ ਇਹ ਸੰਦੇਸ਼ ਮੇਰੇ ਕੋਲ ਵੀ ਆਇਆ। ਮੈਂ ਉਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਫਲ ਨਾ ਹੋਇਆ। ਦੋਵੇਂ ਪਤੀ-ਪਤਨੀ ਪਹਿਲਾਂ ਮੇਰੇ ਮਰੀਜ਼ ਸਨ, ਇਸ ਕਰਕੇ ਉਨ੍ਹਾਂ ਦਾ ਪਤਾ ਮੇਰੇ ਰਿਕਾਰਡ ਵਿਚ ਦਰਜ ਸੀ। ਮੈਂ ਉਸ ਪਤੇ 'ਤੇ ਉਸ ਦੀ ਪਤਨੀ ਨੂੰ ਇਕ ਚਿੱਠੀ ਲਿਖੀ, "ਤੁਹਾਡੇ ਪਤੀ ਦਾ ਸੰਦੇਸ਼ ਬੜਾ ਦੁਖਦਾਇਕ ਹੈ। ਜੇ ਉਹ ਤੁਹਾਡੇ ਸੰਪਰਕ ਵਿਚ ਹੋਵੇ ਤਾਂ ਉਸ ਨੂੰ ਬੈਚ ਫੁੱਲ ਦਵਾਈ ਸਾਵੀਟ ਚੈਸਟਨਟ ਦੇਣਾ।" ਇਸ ਤੋਂ ਬਾਅਦ ਮੈਂ ਉਸ ਬਾਰੇ ਭੁੱਲ ਗਿਆ। ਕੋਈ ਪੰਜ ਕੁ ਸਾਲਾਂ ਬਾਅਦ ਇਕ ਦਿਨ ਮੇਰੇ ਕੋਲ ਉਸ ਦੀ ਪਤਨੀ ਦਾ ਫੋਨ ਆਇਆ, ਕਹਿਣ ਲੱਗੀ, ਬੱਚੇ ਦੀ ਦਵਾਈ ਲੈਣ ਆਉਣਾ ਹੈ। ਮੈਂ ਉਸ ਨੂੰ ਸਮਾਂ ਦੇ ਕੇ ਉਸ ਦੇ ਪਤੀ ਬਾਰੇ ਪੁੱਛਿਆ। ਉਸ ਨੇ ਕਿਹਾ ਕਿ ਉਹ ਆ ਕੇ ਦੱਸੇਗੀ। ਉਸ ਦੇ ਆਉਣ ਤੀਕ ਮੇਰੀ ਉਤਸੁਕਤਾ ਵਧੀ ਰਹੀ। ਦੁਪਹਿਰ ਬਾਅਦ ਉਹ ਆਈ ਤਾਂ ਉਸ ਦਾ ਪਤੀ ਉਸ ਦੇ ਨਾਲ ਸੀ। ਪੁੱਛਣ 'ਤੇ ਉਸ ਨੇ ਦੱਸਿਆ, "ਅੰਕਲ ਜੀ, ਉਸ ਵੇਲੇ ਮੈਂ ਬਹੁਤ ਪ੍ਰੇਸ਼ਾਨ ਸਾਂ। ਮੈਂ ਸਭ ਪਾਸਿਓਂ ਉਜੜਿਆ ਮਹਿਸੂਸ ਕਰਨ ਲੱਗਿਆ ਸਾਂ। ਆਪਣੀਆਂ ਉਪਰੋਥਲੀ ਨਾਕਾਮਯਾਬੀਆਂ ਕਾਰਨ ਮੈਨੂੰ ਬਾਹਰ ਮੂੰਹ ਦਿਖਾਉਣਾ ਔਖਾ ਹੋ ਗਿਆ ਸੀ। ਸਭ ਨਾਲ ਰਿਸ਼ਤਾ ਤੋੜ ਕੇ ਕਈ ਦਿਨ ਮੈਂ ਘਰੋਂ ਬਾਹਰ ਨਾ ਨਿਕਲਿਆ। ਉਨ੍ਹਾਂ ਦਿਨਾਂ ਵਿਚ ਮੇਰੀ ਪਤਨੀ ਨੇ ਮੇਰਾ ਬੜਾ ਸਾਥ ਦਿੱਤਾ। ਇਸ ਨੇ ਸਮਝਾਇਆ ਕਿ ਜਿਹਾ ਕਿਹਾ ਡਾਕਟਰ ਤਾਂ ਮੈਂ ਹਾਂ ਹੀ, ਬਸ ਪੈਸੇ ਹੀ ਕਮਾਉਣੇ ਬਾਕੀ ਹਨ। ਸੋ ਪੈਸੇ ਕਮਾਉਣ ਦੇ ਹੋਰ ਬੜੇ ਰਾਹ ਹਨ। ਇਹ ਗੱਲ ਦਿਮਾਗ ਵਿਚ ਪੈਣ ਨਾਲ ਮੈਂ ਟਰੱਕ ਡਰਾਈਵਰ ਬਣਨ ਦੀ ਠਾਣ ਲਈ। ਦਬਾ ਕੇ ਮਿਹਨਤ ਕੀਤੀ, ਫਿਰ ਆਪਣਾ ਟਰੱਕ ਲੈ ਲਿਆ ਤੇ ਹੁਣ ਡਾਕਟਰ ਜਿੰਨੀ ਹੀ ਕਮਾਈ ਕਰਦਾ ਹਾਂ। ਮੈਂ ਉਦੋਂ ਤੀਕ ਪੁਰਾਣੇ ਵਾਕਫਾਂ ਦੇ ਮੱਥੇ ਨਾ ਲੱਗਿਆ, ਜਦੋਂ ਤੀਕ ਕੁਝ ਬਣ ਨਾ ਗਿਆ।"

ਉਸ ਦੀ ਰਾਮ ਕਹਾਣੀ ਸੁਣਨ ਤੋਂ ਬਾਅਦ ਮੈਂ ਉਸ ਦੀ ਪਤਨੀ ਤੋਂ ਪੁੱਛਿਆ ਕਿ ਜੋ ਦਵਾਈ ਮੈਂ ਲਿਖ ਕੇ ਭੇਜੀ ਸੀ, ਉਸ ਦਾ ਕੀ ਬਣਿਆ। ਉਹ ਬੋਲੀ, "ਖਵਾਈ ਜੀ, ਉਸੇ ਵੇਲੇ ਮੰਗਵਾ ਕੇ ਖਵਾਈ। ਇਨ੍ਹਾਂ ਦੇ ਅਚਨਚੇਤ ਕਦਮ ਤੋਂ ਮੈਂ ਵੀ ਹਿੱਲ ਗਈ ਸਾਂ। ਮੇਰੇ ਕੋਲ ਉਸ ਵੇਲੇ ਉਸ ਦਵਾਈ ਤੋਂ ਬਿਨਾ ਕੋਈ ਹੋਰ ਹੀਲਾ ਹੀ ਨਹੀਂ ਸੀ। ਸ਼ਾਇਦ ਉਸੇ ਕਰਕੇ ਇਹ ਜਲਦੀ ਸੰਭਲ ਗਏ।" ਮੈਂ ਉਸ ਨੂੰ ਬੈਚ ਬੁੱਕ 'ਚੋਂ ਸਵੀਟ ਚੈਸਟਨਟ ਬਾਰੇ ਪੜ੍ਹ ਕੇ ਸੁਣਾਇਆ ਤਾਂ ਉਸ ਨੂੰ ਸੱਚੀਂ ਮੁੱਚੀਂ ਯਕੀਨ ਆਇਆ ਕਿ ਉਸ ਦੇ ਪਤੀ ਦੀ ਹਨੇਰੀ ਜ਼ਿੰਦਗੀ ਵਿਚ ਰੋਸ਼ਨੀ ਦੀ ਕਿਰਨ ਦਿਖਾਉਣ ਵਾਲੀ ਇਹੀ ਦਵਾਈ ਸੀ।

ਇਸ ਦਵਾਈ ਸਬੰਧੀ ਦੂਜਾ ਕੇਸ ਵੀ ਇਕ ਮੈਡੀਕਲ ਗ੍ਰੈਜੂਏਟ ਦਾ ਹੀ ਹੈ। ਪਟਿਆਲੇ ਰਹਿੰਦੇ ਮੇਰੇ ਦੋਸਤ ਸ਼ਰਮਾ ਸਾਹਿਬ ਦਾ ਲੜਕਾ ਭਾਰਤ ਵਿਚੋਂ ਐਮ. ਬੀ. ਬੀ. ਐਸ. ਕਰ ਕੇ ਉੱਥੇ ਹੀ ਅਮਰੀਕੀ ਮੈਡੀਕਲ ਰੈਜ਼ੀਡੈਂਸੀ ਦੇ ਟੈਸਟ ਦੀ ਤਿਆਰੀ ਕਰ ਰਿਹਾ ਸੀ। ਸਾਲ ਡੇਢ ਸਾਲ ਦੀ ਘੋਰ ਤਿਆਰੀ ਤੋਂ ਬਾਅਦ ਉਸ ਨੇ ਵਾਹਵਾ ਵੱਡੀ ਫੀਸ ਭਰ ਕੇ ਟੈਸਟ ਦੀ ਤਾਰੀਖ ਬੁਕ ਕਰਵਾ ਲਈ। ਇੱਧਰ ਉਸ ਦੇ ਟੈਸਟ ਦੀ ਮਿਤੀ ਨੇੜੇ ਆਈ, ਉੱਧਰ ਸ਼ਰਮਾ ਸਾਹਿਬ ਨੂੰ ਪਤਾ ਲੱਗਿਆ ਕਿ ਉਸ ਦੇ ਕਿਸੇ ਵਾਕਫ ਦੇ ਘਰ ਅਮਰੀਕਾ ਤੋਂ ਇਕ ਪਰਿਵਾਰ ਆਇਆ ਹੋਇਆ ਹੈ, ਜੋ ਆਪਣੀ ਲੜਕੀ ਲਈ ਰਿਸ਼ਤਾ ਭਾਲ ਰਿਹਾ ਸੀ। ਲੜਕੀ ਵੀ ਨਾਲ ਆਈ ਹੋਈ ਸੀ ਤੇ ਉਸ ਨੇ ਵੀ ਮੈਡੀਕਲ ਰੈਜ਼ੀਡੈਂਸੀ ਦੇ ਉਹੀ ਟੈਸਟ ਪਾਸ ਕੀਤੇ ਹੋਏ ਸਨ, ਜਿਨ੍ਹਾਂ ਦੀ ਲੜਕਾ ਤਿਆਰੀ ਕਰ ਰਿਹਾ ਸੀ। ਉਸ ਦਾ ਮਨ ਕੀਤਾ ਕਿ ਉਹ ਆਪਣੇ ਲੜਕੇ ਨੂੰ ਉਸ ਲੜਕੀ ਦੇ ਲੜ੍ਹ ਲਾਵੇ। ਲੜਕੇ ਦੇ ਨਾਂਹ-ਨਾਂਹ ਕਰਦਿਆਂ ਉਹ ਆਪਣੇ ਵਾਕਫ ਦੀ ਮਦਦ ਨਾਲ ਆਪਣੇ ਪੁੱਤਰ ਤੇ ਪਤਨੀ ਨੂੰ ਨਾਲ ਲੈ ਕੇ ਲੜਕੀ ਨੂੰ ਮਿਲਣ ਚਲਾ ਗਿਆ। ਗੱਲਬਾਤ ਦੌਰਾਨ ਲੜਕੇ ਨੇ ਲੜਕੀ ਨੂੰ ਦੱਸਿਆ ਕਿ ਉਸ ਨੇ ਵੀ ਟੈਸਟ ਦੀ ਡੇਟ ਲੈ ਲਈ ਹੈ ਤੇ ਕੁਝ ਦਿਨਾਂ ਬਾਅਦ ਉਹ ਟੈਸਟ ਦੇਵੇਗਾ। ਲੜਕੀ ਨੇ ਉਸ ਨੂੰ ਸਰਸਰੀ ਤੌਰ 'ਤੇ ਪੁੱਛਿਆ ਕਿ ਉਸ ਨੇ ਇੰਟਰਨੈਟ ਤੋਂ ਪ੍ਰਾਪਤ ਤਿਆਰੀ ਟੈਸਟ (Preparation tests) ਕਿੰਨੀ ਕੁ ਵਾਰੀ ਕੀਤੇ ਹਨ। ਲੜਕੇ ਨੇ ਦੱਸਿਆ ਕਿ ਇਕ ਵਾਰੀ ਵੀ ਨਹੀਂ। ਉਸ ਨੇ ਕਿਹਾ ਕਿ ਉਸ ਨੂੰ ਤਾਂ ਉਨ੍ਹਾਂ ਟੈਸਟਾਂ ਦਾ ਇਲਮ ਹੀ ਨਹੀਂ ਸੀ। ਲੜਕੀ ਨੇ ਉਸ ਨੂੰ ਸਮਝਾਇਆ ਕਿ ਘੱਟੋ ਘੱਟ ਤਿੰਨ ਵਾਰ ਇਹ ਟੈਸਟ ਕਰਨ ਤੋਂ ਬਿਨਾਂ ਆਪਣਾ ਟੈਸਟ ਨਾ ਦੇਵੇ, ਨਹੀਂ ਤਾਂ ਪਛਤਾਵੇਗਾ। ਉਸ ਨੇ ਕਿਹਾ ਕਿ ਉਹ ਅੱਜ ਹੀ ਬਰਾਡਬੈਂਡ ਇੰਟਰਨੈਟ ਲਵਾਵੇ, ਨੈੱਟ ਤੋਂ ਟੈਸਟ ਖਰੀਦੇ, ਤੇ ਉਨ੍ਹਾਂ ਦੀ ਮਦਦ ਨਾਲ ਘੱਟੋ ਘੱਟ ਛੇ ਮਹੀਨੇ ਤਿਆਰੀ ਕਰਨ ਤੋਂ ਬਾਅਦ ਟੈਸਟ ਦੀ ਨਵੀਂ ਤਾਰੀਖ ਲਵੇ। ਲੜਕੇ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮਾਂ ਪਿਓ ਨਾਲ ਗੱਲ ਕੀਤੀ ਤਾਂ ਮਾਤਮ ਛਾ ਗਿਆ।

ਘਰ ਆ ਕੇ ਉਸ ਨੇ ਪਹਿਲਾਂ ਆਪਣਾ ਪ੍ਰੋਗਰਾਮ ਭੰਗ ਕਰਨ ਲਈ ਉਸ ਲੜਕੀ ਨੂੰ ਕੋਸਿਆ ਤੇ ਫਿਰ ਮੇਜ਼ ਤੋਂ ਸਾਰੀਆਂ ਪੁਸਤਕਾਂ ਖਿਲਾਰ ਕੇ ਕਮਰੇ ਵਿਚ ਸੁਟ ਦਿੱਤੀਆਂ। ਫਿਰ ਜਾਰੋ ਜਾਰ ਰੋ ਕੇ ਕਹਿਣ ਲੱਗਿਆ ਕਿ ਉਸ ਨੇ ਨਹੀਂ ਪੜ੍ਹਨਾ ਹੈ ਤੇ ਕੋਈ ਉਸ ਕੋਲ ਨਾ ਆਵੇ। ਬੂਹਾ ਬੰਦ ਕਰ ਕੇ ਉਹ ਲੜਕੀ ਦੇ ਨਾਲ ਨਾਲ ਆਪਣੇ ਮਾਪਿਆਂ ਨੂੰ ਵੀ ਬੁਰਾ ਭਲਾ ਬੋਲਣ ਲਗਿਆ। ਘਰ ਵਿਚ ਪਰਲੋ ਆਈ ਦੇਖ ਸ਼ਰਮਾ ਸਾਹਿਬ ਨੇ ਮੈਨੂੰ ਸੱਦਿਆ। ਮੈਂ ਜਾ ਕੇ ਲੜਕੇ ਨੂੰ ਬੂਹਾ ਖੋਲ੍ਹਣ ਲਈ ਕਿਹਾ। ਬੜੇ ਯਤਨਾਂ ਨਾਲ ਉਹ ਸਿਰਫ ਮੇਰੇ ਨਾਲ ਮਿਲਣ ਲਈ ਰਾਜੀ ਹੋਇਆ। ਉਸ ਨੇ ਰੋ ਕੇ ਦੱਸਿਆ ਕਿ ਉਸ ਦਾ ਸਭ ਕੁਝ ਢਹਿ ਢੇਰੀ ਹੋ ਗਿਆ ਹੈ ਤੇ ਇਸ ਬਰਬਾਦੀ ਤੋਂ ਬਾਅਦ ਹੁਣ ਉਸ ਵਿਚ ਪੜ੍ਹਨ ਦੀ ਕੋਈ ਹਿੰਮਤ ਨਹੀਂ ਬਚੀ ਹੈ। ਉਸ ਨੇ ਕਿਹਾ ਕਿ ਉਹ ਪਾਗਲ ਹੋ ਜਾਵੇਗਾ।

ਮੈਂ ਸ਼ਰਮਾ ਸਾਹਿਬ ਨੂੰ ਸੰਤ ਤੋਂ ਸਵੀਟ ਚੈਸਟਨਟ ਲਿਆਉਣ ਲਈ ਕਿਹਾ। ਉਸ ਦੇ ਆਉਂਦਿਆਂ ਹੀ ਮੈਂ ਇਸ ਦੇ ਕੁਝ ਤੁਪਕੇ ਪਾਣੀ ਵਿਚ ਪਾ ਕੇ ਲੜਕੇ ਨੂੰ ਪਿਲਾਏ। ਦੇਖਦਿਆਂ ਦੇਖਦਿਆਂ ਲੜਕਾ ਕੁਝ ਸ਼ਰਤਾਂ ਨਾਲ ਮੁੜ ਪੜ੍ਹਨ ਲਈ ਮੰਨ ਗਿਆ। ਉਸ ਨੇ ਕਿਤਾਬਾਂ ਚੁੱਕ ਕੇ ਮੇਜ਼ 'ਤੇ ਰੱਖੀਆਂ। ਪੰਦਰਾਂ ਵੀਹ ਮਿੰਟਾਂ ਬਾਅਦ ਉਸ ਨੂੰ ਦੂਜੀ ਖੁਰਾਕ ਦਿੱਤੀ ਗਈ। ਇਸ ਉਪਰੰਤ ਉਸ ਨੇ ਆਪਣੀਆਂ ਸ਼ਰਤਾਂ ਵੀ ਵਾਪਸ ਲੈ ਲਈਆਂ, ਪਰ ਟੈਸਟ ਦੀ ਤਿਆਰੀ ਲਈ ਸਭ ਸੁਵਿਧਾਵਾਂ ਮੁਹੱਈਆ ਕਰਾਉਣ 'ਤੇ ਜੋਰ ਦਿੱਤਾ। ਫਿਰ ਉਸ ਨੂੰ ਅਹਿਸਾਸ ਹੋਇਆ ਕਿ ਲੜਕੀ ਨੇ ਉਸ ਨੂੰ ਸੁਚੇਤ ਕਰ ਕੇ ਚੰਗਾ ਹੀ ਕੀਤਾ। ਮੈਂ ਉਸ ਨੂੰ ਕਿਹਾ ਕਿ ਉਹ ਆਪਣੇ ਮਾਤਾ-ਪਿਤਾ ਦਾ ਵੀ ਧੰਨਵਾਦ ਕਰੇ, ਜੋ ਉਸ ਨੂੰ ਉਸ ਲੜਕੀ ਕੋਲ ਲੈ ਕੇ ਗਏ ਤੇ ਉਸ ਦੇ ਕਲਿਆਣ ਦਾ ਬਹਾਨਾ ਬਣੇ। ਉਸ ਨੇ ਉਹ ਵੀ ਕੀਤਾ। ਫਿਰ ਉਸ ਦੇ ਮਾਤਾ-ਪਿਤਾ ਨੂੰ ਅੰਦਰ ਬੁਲਾਇਆ ਗਿਆ ਤੇ ਉਨ੍ਹਾਂ ਨੇ ਉਸ ਦੀ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿਵਾਇਆ। ਲੜਕਾ ਸੱਤ ਮਹੀਨੇ ਹੋਰ ਪੜ੍ਹਿਆ, ਚਾਰ ਵਾਰ ਸਭ ਟੈਸਟ ਦੁਹਰਾਏ ਤੇ 99 ਪ੍ਰਤੀਸ਼ਤ ਅੰਕ ਲੈ ਕੇ ਪਾਸ ਹੋਇਆ। ਸਾਰੀ ਪੜ੍ਹਾਈ ਖਤਮ ਕਰਨ ਉਪਰੰਤ ਅੱਜ ਕਲ੍ਹ ਉਹ ਇੱਥੇ ਡਾਕਟਰ ਹੈ।

ਸਵੀਟ ਚੈਸਟਨਟ ਕਈ ਸਰੀਰਕ ਬਿਮਾਰੀਆਂ ਠੀਕ ਕਰਨ ਲਈ ਵਰਤੀ ਜਾਂਦੀ ਹੈ। ਇਕ ਤਰ੍ਹਾਂ ਨਾਲ ਜੋ ਚੀਜ਼ ਮਨੁੱਖ ਦੇ ਮਨੋਵਿਗਿਆਨਕ ਪੱਖ ਵਿਚ ਵਾਪਰਦੀ ਹੈ, ਉਹੀ ਉਸ ਦੇ ਸਰੀਰ ਦੇ ਅੰਦਰੂਨੀ ਪ੍ਰਬੰਧ ਵਿਚ ਵੀ ਘਟਦੀ ਹੈ। ਜਿਵੇਂ ਜੀਵਨ ਵਿਚ ਮਾਨਸਿਕ ਦੁੱਖ ਤਕਲੀਫਾਂ ਆਉਂਦੀਆਂ ਹਨ, ਉਸੇ ਤਰ੍ਹਾਂ ਸਰੀਰ ਵਿਚ ਬਿਮਾਰੀਆਂ ਆਉਂਦੀਆਂ ਹਨ। ਵਾਯੂ ਮੰਡਲ ਤੇ ਆਲੇ-ਦੁਆਲੇ 'ਚੋਂ ਬਿਮਾਰੀਆਂ ਦੇ ਜਰਮ ਮਨੁੱਖ ਦੇ ਜਿਸਮ ਵਿਚ ਦਾਖਲ ਹੁੰਦੇ ਹਨ। ਅਰੋਗ ਸਰੀਰ ਆਪਣੀ ਕੁਦਰਤੀ ਅਰੋਗਤਾ-ਸ਼ਕਤੀ (Immunity) ਨਾਲ ਇਨ੍ਹਾਂ ਦਾ ਟਾਕਰਾ ਕਰ ਕੇ ਇਨ੍ਹਾਂ ਨੂੰ ਉੱਥੇ ਹੀ ਭਸਮ ਕਰ ਦਿੰਦਾ ਹੈ; ਪਰ ਕਈ ਵਿਅਕਤੀਆਂ ਦੇ ਸਰੀਰਾਂ ਵਿਚ ਇੰਨੀ ਤਾਕਤ ਨਹੀਂ ਹੁੰਦੀ ਕਿ ਉਹ ਆਪਣੇ ਆਪ ਨੂੰ ਇਨ੍ਹਾਂ ਤੋਂ ਸੁਰੱਖਿਅਤ ਰੱਖ ਸਕਣ। ਉਨ੍ਹਾਂ ਅੰਦਰ ਬਿਮਾਰੀ ਦੇ ਇਹ ਕਣ ਵਧਦੇ ਰਹਿੰਦੇ ਹਨ। ਕੁਝ ਸਮਾਂ, ਜਿਸ ਨੂੰ ਇਨਕੂਬੇਸ਼ਨ ਪੀਰੀਅਡ (Incubation Period) ਕਹਿੰਦੇ ਹਨ, ਤਾਂ ਉਨ੍ਹਾਂ ਦੇ ਸਰੀਰ ਦੀ ਅਰੋਗਤਾ ਸ਼ਕਤੀ ਬਿਮਾਰੀ ਨੂੰ ਪ੍ਰਗਟ ਨਹੀਂ ਹੋਣ ਦਿੰਦੀ, ਪਰ ਫਿਰ ਇਕ ਅਜਿਹੀ ਸਥਿਤੀ ਆਉਂਦੀ ਹੈ, ਜਦੋਂ ਇਹ ਬੇਬਸ ਹੋ ਜਾਂਦੀ ਹੈ ਤੇ ਬਿਮਾਰੀ ਢਾਅ ਲੈਂਦੀ ਹੈ। ਇਸ ਤੋਂ ਅੱਗੇ ਸਰੀਰ ਵਿਚ ਤਬਾਹੀ ਦੀ ਹਾਲਤ ਪੈਦਾ ਹੋਣ ਲਗਦੀ ਹੈ। ਨਜ਼ਲਾ ਜ਼ੁਕਾਮ, ਚੇਚਕ, ਤਪਦਿਕ, ਪਲੇਗ, ਕਰੋਨਾ ਆਦਿ

*(ਬਾਕੀ ਅਗਲੇ ਸਫੇ 'ਤੇ)*

# ਮਨੁੱਖੀ ਬਰਾਬਰੀ ਦਾ ਚਿੰਤਾਜਨਕ ਭਵਿੱਖ



ਇੰਜੀਨੀਅਰ ਈਸ਼ਰ ਸਿੰਘ
ਫੋਨ: 647-640-2014

ਸੰਸਾਰ ਭਰ ਦੇ ਮਨੁੱਖੀ ਬਰਾਬਰੀ ਦੇ ਹਾਮੀ, ਹਰ ਵਰਗ ਦੇ ਬੁੱਧੀਜੀਵੀ ਇਸ ਗੱਲ ਤੋਂ ਚਿੰਤਤ ਹਨ ਕਿ ਆਉਣ ਵਾਲੇ ਸਮੇਂ ਵਿਚ ਨਾ-ਬਰਾਬਰੀ ਦੇ ਵਧਣ ਅਤੇ ਹੋਰ ਤੀਬਰ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ। ਯੂ. ਐਨ. ਓ. ਦੀ 2020 ਦੀ 'ਵਰਡ ਸੋਸ਼ਲ ਰਿਪੋਰਟ', ਜਿਸ ਦਾ ਥੀਮ ਨਾ-ਬਰਾਬਰੀ ਸੀ, ਅਨੁਸਾਰ ਪਿਛਲੇ ਕਈ ਦਹਾਕਿਆਂ ਦੀ ਬੇਅੰਤ ਆਰਥਿਕ ਉਪਜ, ਸੰਸਾਰ ਦੇ ਦੇਸ਼ਾਂ ਦੀ ਆਪਸੀ ਅਤੇ ਅੰਦਰੂਨੀ ਨਾ-ਬਰਾਬਰੀ ਨੂੰ ਘਟਾਉਣ ਵਿਚ ਅਸਫਲ ਰਹੀ ਹੈ। ਅੱਜ ਵੀ ਨਸਲ, ਵਰਗ, ਲਿੰਗ, ਦੇਸ਼ ਅਤੇ ਸਮਾਜਿਕ ਤੇ ਮਾਲੀ ਹਾਲਾਤ ਲੋਕਾਂ ਦੇ ਤਰੱਕੀ ਦੇ ਮੌਕਿਆਂ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ ਅਤੇ ਨਾ-ਬਰਾਬਰੀ ਦਾ ਮੁੱਖ ਕਾਰਨ ਬਣੇ ਹੋਏ ਹਨ। ਇਨ੍ਹਾਂ ਸਭ ਕਾਰਨਾਂ ਦਾ ਸਬੰਧ ਇਤਿਹਾਸ ਨਾਲ ਜੁੜਿਆ ਹੋਣ ਕਰ ਕੇ ਆਪਾਂ ਸਾਰੇ ਇਨ੍ਹਾਂ ਬਾਰੇ ਜਾਣਦੇ ਹਾਂ, ਪਰ ਜਿਸ ਗੱਲ ਬਾਰੇ ਘੱਟ ਗੌਰ ਕਰਦੇ ਹਾਂ, ਉਹ ਇਹ ਹੈ ਕਿ ਇਨ੍ਹਾਂ ਜਾਣੇ-ਪਛਾਣੇ ਕਾਰਨਾਂ ਵਿਚ ਹੋਰ ਨਵੇਂ ਕਾਰਨ ਜੁੜ ਰਹੇ ਹਨ, ਜਿਹੜੇ ਉਪਰੋਕਤ ਸੰਭਾਵਨਾਵਾਂ ਦਾ ਆਧਾਰ ਬਣ ਰਹੇ ਹਨ। ਇਨ੍ਹਾਂ ਦਾ ਜ਼ਿਕਰ ਯੂ. ਐੱਨ. ਓ. ਦੇ ਸਕੱਤਰ-ਜਨਰਲ ਐਨਟੋਨੀਓ ਗੁਟੇਰੈਸ ਨੇ ਰਿਪੋਰਟ ਦੇ ਮੁੱਖ-ਬੰਧ ਵਿਚ ਇਸ ਤਰ੍ਹਾਂ ਕੀਤਾ ਹੈ:

"ਨਾ-ਬਰਾਬਰੀ ਦਾ ਵਰਤਾਰਾ ਵਿਸ਼ਵ-ਵਿਆਪੀ ਹੈ ਅਤੇ ਸਾਡੇ ਅਜੋਕੇ ਸਮੇਂ ਦੇ ਹੋਰ ਜ਼ਰੂਰੀ ਮਸਲਿਆਂ ਨਾਲ ਅਟੁੱਟ ਸਬੰਧਾਂ ਰਾਹੀਂ ਜੁੜਿਆ ਹੋਇਆ ਹੈ ਅਰਥਾਤ ਤੇਜੀ ਨਾਲ ਹੋ ਰਹੇ ਤਕਨੀਕੀ ਪਰਿਵਰਤਨ, ਵਾਤਾਵਰਨ ਸੰਕਟ, ਸ਼ਹਿਰੀਕਰਨ ਅਤੇ ਪਰਵਾਸ ਨਾਲ।"

ਨਾ-ਬਰਾਬਰੀ ਦਾ ਇਤਿਹਾਸ ਮਨੁੱਖਤਾ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਸੰਸਾਰ ਦਾ ਕੋਈ ਵੀ ਖਿੱਤਾ, ਕਿਸੇ ਸਮੇਂ ਵੀ ਇਸ ਦੀ ਕਰੂਰਤਾ ਤੋਂ ਬਚ ਨਹੀਂ ਸਕਿਆ। ਅੱਜ ਦੇ ਪ੍ਰਸਿੱਧ ਫਿਲਾਸਫਰ-ਇਤਿਹਾਸਕਾਰ ਡਾ. ਯੂਵਲ ਹਰਾਰੀ ਦੀ 'ਬੈਸਟ-ਸੈਲਰ' ਰਹੀ ਕਿਤਾਬ 'ਇੱਕੀਵੀਂ ਸਦੀ ਵਾਸਤੇ ਇੱਕੀ ਸਬਕ' ਅਨੁਸਾਰ ਨਾ-ਬਰਾਬਰੀ ਮਨੁੱਖੀ ਸੁਭਾਅ ਦਾ ਕੁਦਰਤੀ ਅੰਗ ਹੈ। ਅੱਜ ਤੋਂ ਤੀਹ ਹਜ਼ਾਰ ਸਾਲ ਪਹਿਲਾਂ ਦੀਆਂ ਕੁਝ ਕਬਰਾਂ ਵਿਚੋਂ ਪਿੰਜਰਾਂ ਦੇ ਨਾਲ ਹਾਥੀ ਦੰਦ ਦਾ ਸਮਾਨ, ਮਣਕੇ, ਕੀਮਤੀ ਪੱਥਰ ਅਤੇ ਹੀਰੇ ਆਦਿ ਤੱਕ ਮਿਲੇ ਹਨ, ਜਿਨ੍ਹਾਂ ਤੋਂ ਮਰੇ ਹੋਏ ਬੰਦੇ ਦੇ ਸਮਾਜਿਕ ਰੁਤਬੇ ਦਾ ਪਤਾ ਲਗਦਾ ਹੈ। ਭਾਵ ਉਨ੍ਹਾਂ ਸਮਿਆਂ ਵਿਚ ਵੀ ਨਾ-ਬਰਾਬਰੀ ਸੀ, ਹਾਲਾਂਕਿ ਉਦੋਂ ਨਿਜੀ ਸੰਪਤੀ ਜਾਂ ਧਨ-ਦੌਲਤ ਵਰਗੀ ਕੋਈ ਚੀਜ਼ ਨਹੀਂ ਸੀ। ਇਹ ਸਭ ਚੀਜ਼ਾਂ ਖੇਤੀਬਾੜੀ ਦੇ ਯੁਗ, ਜੋ ਕੋਈ ਬਾਰਾਂ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ, ਨਾਲ ਹੋਂਦ ਵਿਚ ਆਈਆਂ। ਇਸ ਤੋਂ ਬਾਅਦ ਹੀ ਜ਼ਮੀਨਾਂ-ਜਾਇਦਾਦਾਂ, ਪਸ਼ੂ-ਧਨ, ਕਾਮਿਆਂ, ਘਰਾਂ, ਸ਼ਹਿਰਾਂ, ਰਾਜਾਂ, ਹਾਕਮ-ਸ਼੍ਰੇਣੀਆਂ, ਫੌਜਾਂ ਅਤੇ ਰਾਜਿਆਂ ਦਾ ਕਾਲ ਅਰੰਭ ਹੋਇਆ ਤੇ ਨਾ-ਬਰਾਬਰੀ ਪੱਕੀ ਹੋਣੀ ਸ਼ੁਰੂ ਹੋਈ। ਇਸ ਕੰਮ ਵਿਚ ਪੁਜਾਰੀ ਸ਼੍ਰੇਣੀ ਨੇ ਬਹੁਤ ਗਲਤ ਭੂਮਿਕਾ ਨਿਭਾਈ, ਜਿਨ੍ਹਾਂ ਵਲੋਂ ਰਾਜਿਆਂ ਨੂੰ ਪਰਮਾਤਮਾ ਵਲੋਂ ਰਾਜ ਕਰਨ ਦਾ ਰੱਬੀ ਹੱਕ ਮਿਲੇ ਹੋਣ ਦਾ ਪ੍ਰਚਾਰ ਕੀਤਾ ਜਾਂਦਾ ਰਿਹਾ।

ਰੋਮਨ ਸਾਮਰਾਜ ਅਤੇ ਸੁਲਤਾਨਾਂ ਦੇ ਸਮਿਆਂ ਦੀ ਦਾਸ-ਪ੍ਰਥਾ, ਯੂਰਪੀ ਦੇਸ਼ਾਂ ਦੇ ਸਾਮੰਤਵਾਦੀ ਸਮਿਆਂ ਦੀ 'ਸਰਫ' ਪ੍ਰਣਾਲੀ, ਮਾਡਰਨ ਸਮਿਆਂ ਦਾ 'ਦਾਸ-ਵਪਾਰ' ਅਤੇ ਭਾਰਤੀ ਉਪ-ਮਹਾਂਦੀਪ ਦੀ ਜਾਤ-ਪਾਤ ਪ੍ਰਥਾ, ਵਿਸ਼ਵ ਇਤਿਹਾਸ ਦੇ ਨਾ-ਬਰਾਬਰੀ ਦੇ ਦਰਦਨਾਕ 'ਚੈਪਟਰ' ਹਨ। ਇਹ ਸਿਲਸਿਲਾ ਅਠਾਰਵੀਂ ਸਦੀ ਦੇ ਅੱਧ ਅਰਥਾਤ ਯੂਰਪ ਦੀ ਇੰਡਸਟ੍ਰੀਅਲ ਕ੍ਰਾਂਤੀ ਤੱਕ ਚਲਦਾ ਰਿਹਾ, ਜਿਸ ਵਿਚੋਂ ਅੱਗੇ ਫਰਾਂਸੀਸੀ ਕ੍ਰਾਂਤੀ ਨੇ ਜਨਮ ਲਿਆ। ਇਸ ਨਾਲ ਰਾਜਿਆਂ ਦੇ ਰੱਬੀ ਹੱਕ ਦੇ ਸੰਕਲਪ ਦਾ ਖਾਤਮਾ ਹੋਇਆ ਅਤੇ ਮਨੁੱਖੀ ਬਰਾਬਰੀ ਦੀ ਲਹਿਰ ਸ਼ੁਰੂ ਹੋਈ, ਜਿਹੜੀ ਹੌਲੀ-ਹੌਲੀ ਬਾਕੀ ਸੰਸਾਰ ਵਿਚ ਫੈਲਣ ਲੱਗੀ। ਇਸ ਤੋਂ ਬਾਅਦ ਯੂਰਪ ਅਤੇ ਹੋਰ ਵਿਕਸਿਤ ਦੇਸ਼ਾਂ ਨੇ ਆਪੋ-ਆਪਣੇ ਸੰਵਿਧਾਨਾਂ ਵਿਚ ਇਸ ਸਬੰਧ ਵਿਚ ਲੋੜੀਂਦੀਆਂ ਵਿਵਸਥਾਵਾਂ ਕੀਤੀਆਂ।

ਨਿਰਸੰਦੇਹ, ਇਸ ਤੋਂ ਪਹਿਲਾਂ ਵੀ ਮਨੁੱਖੀ ਹੱਕਾਂ ਨੂੰ ਬਹਾਲ ਕਰਨ ਦੀਆਂ ਟਾਂਵੀਆਂ-ਟਾਂਵੀਆਂ ਅਤੇ ਸਥਾਨਕ ਮਿਸਾਲਾਂ ਮਿਲਦੀਆਂ ਹਨ, ਪਰ ਇਹ ਸਮਾਜ ਦੇ ਉੱਚ ਵਰਗਾਂ ਤੱਕ ਹੀ ਸੀਮਤ ਰਹੀਆਂ ਅਤੇ ਇਨ੍ਹਾਂ ਦਾ ਜਨ-ਸਧਾਰਨ ਨੂੰ ਕੋਈ ਫਾਇਦਾ ਨਹੀਂ ਹੋਇਆ। ਇਸ ਦੀ ਮੁੱਖ ਮਿਸਾਲ ਸੰਨ 1215 ਦਾ ਇੰਗਲੈਂਡ ਦਾ ਮੈਗਨਾ-ਕਾਰਟਾ ਹੈ। ਮਾਡਰਨ ਸਮੇਂ ਵਿਚ ਮਨੁੱਖੀ ਬਰਾਬਰੀ ਦੀ ਲਹਿਰ ਦਾ ਮੁੱਢ ਯੂ. ਐੱਨ. ਓ. ਦੇ 1948 ਦੇ 'ਮਨੁੱਖੀ ਅਧਿਕਾਰਾਂ ਦੇ ਵਿਸ਼ਵ-ਵਿਆਪੀ ਐਲਾਨਨਾਮੇ' ਨਾਲ ਬੱਝਿਆ, ਜੋ ਇਸ ਵਿਸ਼ੇ ਉੱਪਰ ਵਿਸ਼ਵ ਇਤਿਹਾਸ ਦਾ ਸਭ ਤੋਂ ਵੱਡਾ ਐਲਾਨਨਾਮਾ ਹੈ। ਇਸ ਕਰ ਕੇ ਹੀ ਅੱਜ ਖੁਦ ਯੂ. ਐੱਨ. ਓ., ਸਾਰੇ ਦੇਸ਼ਾਂ ਦੀਆਂ ਸਰਕਾਰਾਂ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ, ਸਭ ਦਾ ਇੱਕ ਸਾਂਝਾ ਮੰਤਵ (ਭਾਵੇਂ ਰਸਮੀ ਹੀ ਸਹੀ) ਮਨੁੱਖੀ ਨਾ-ਬਰਾਬਰੀ ਨੂੰ ਦੂਰ ਕਰਨਾ ਹੈ। ਇਸ ਦੇ ਪਿਛੋਕੜ, ਕਾਰਨਾਂ ਅਤੇ ਹੱਲ ਬਾਰੇ ਖੋਜਾਂ, ਕਿਤਾਬਾਂ, ਲੇਖਾਂ ਤੇ ਪ੍ਰਚਾਰ ਦਾ ਕੋਈ ਸ਼ੁਮਾਰ ਨਹੀਂ। ਇਨ੍ਹਾਂ ਤੋਂ ਇਲਾਵਾ ਯੂ. ਐੱਨ. ਓ. ਆਪਣੀਆਂ ਰਿਪੋਰਟਾਂ ਅਤੇ ਹੋਰ ਪ੍ਰੋਗਰਾਮਾਂ ਰਾਹੀਂ ਸਾਰੇ ਦੇਸ਼ਾਂ ਨੂੰ ਨਾ-ਬਰਾਬਰੀ ਘੱਟ ਕਰਨ ਦੀ ਵਿਸ਼ੇਸ਼ਗ ਸਲਾਹਕਾਰੀ ਪ੍ਰਦਾਨ ਕਰਦਾ ਰਹਿੰਦਾ ਹੈ। ਇਨ੍ਹਾਂ ਵਿਚ 17-ਨੁਕਾਤੀ 'ਸਵੈ-ਨਿਰਭਰ ਵਿਕਾਸ ਟੀਚਿਆਂ' (Sustainable Development Goals) ਦੇ ਪ੍ਰੋਗਰਾਮ ਦੀ ਬਹੁਤ ਮਹੱਤਤਾ ਹੈ। ਇਸ ਸਭ ਦੇ ਬਾਵਜੂਦ ਸਾਰੇ ਸੰਸਾਰ ਵਿਚ ਮਾਤਰਾ ਤੇ ਕਿਸਮਾਂ ਦੇ ਫਰਕ ਨਾਲ ਨਾ-ਬਰਾਬਰੀ ਦਾ ਪਸਾਰਾ ਵਧ ਰਿਹਾ ਹੈ ਅਤੇ ਸਾਰੇ ਇਸ ਨੂੰ ਪ੍ਰਤੱਖ ਰੂਪ ਵਿਚ ਦੇਖ ਵੀ ਰਹੇ ਹਨ ਤੇ ਵੱਧ-ਘੱਟ ਦੇ ਫਰਕ ਨਾਲ ਹੰਢਾ ਵੀ ਰਹੇ ਹਨ। ਨਾ-ਬਰਾਬਰੀ ਦੀ ਨਿਰੰਤਰਤਾ ਅਤੇ ਵਧਣ ਦੇ ਚਾਰ ਮੁੱਖ ਇਤਿਹਾਸਕ ਕਾਰਨ ਹਨ: ਰਾਜਨੀਤਕ, ਆਰਥਿਕ, ਸਮਾਜਿਕ ਅਤੇ ਲਿੰਗ ਭੇਦ-ਭਾਵ।

**ਰਾਜਨੀਤਕ:** ਸੰਸਾਰ ਦੇ ਸਾਰੇ ਦੇਸ਼ਾਂ ਅਤੇ ਅੱਗੇ ਉਨ੍ਹਾਂ ਦੇ ਰਾਜਾਂ ਜਾਂ ਸੂਬਿਆਂ ਦੀਆਂ ਸਰਕਾਰਾਂ ਉੱਪਰ ਗਿਣੇ-ਚੁਣੇ ਪਰਿਵਾਰਾਂ ਦਾ ਕਬਜ਼ਾ ਚਲਿਆ ਆ ਰਿਹਾ ਹੈ, ਜਿਹੜਾ ਕਿ ਪਾੜੇ ਨੂੰ ਵਧਾ ਅਤੇ ਪੱਕਾ ਕਰ ਰਿਹਾ ਹੈ। ਹੇਠਲੇ ਵਰਗਾਂ ਨੂੰ ਦਬਾ ਕੇ ਰੱਖਣ ਦੇ ਜ਼ਿੰਮੇਵਾਰ ਖੁਦ ਹੀ ਇਸ ਨਾ-ਬਰਾਬਰੀ ਨੂੰ ਖਤਮ ਕਰਨ ਦੇ ਪਖੰਡ ਕਰ ਰਹੇ ਹਨ। ਪੰਜਾਬੀ ਪਿਛੋਕੜ ਨਾਲ ਸਬੰਧਿਤ ਹਰ ਸੱਜਣ ਇਹ ਵਰਤਾਰੇ ਹੁੰਦੇ ਹਰ ਰੋਜ ਦੇਖਦਾ ਵੀ ਹੈ ਅਤੇ ਹੰਢਾ ਵੀ ਰਿਹਾ ਹੈ। ਸਾਡਾ ਪੰਜਾਬ ਸਾਰੇ ਸੰਸਾਰ ਵਿਚ ਹੋ ਰਹੇ ਵਰਤਾਰਿਆਂ ਦੀ ਛੋਟੀ ਤਸਵੀਰ ਹੈ।



**ਆਰਥਿਕ:** 'ਸਟੈਟਿਸਟਾ' ਨਾਉਂ ਦੀ ਪ੍ਰਸਿੱਧ ਏਜੰਸੀ ਦੀ ਜੂਨ 2021 ਦੀ ਤਾਜ਼ਾ ਰਿਪੋਰਟ ਅਨੁਸਾਰ ਸੰਸਾਰ ਦੇ ਉਪਰਲੇ 1.1 ਪ੍ਰਤੀਸ਼ਤ ਅਮੀਰ ਬੰਦਿਆਂ ਕੋਲ਼ 45.8 ਪ੍ਰਤੀਸ਼ਤ ਧਨ-ਦੌਲਤ ਹੈ, ਹੇਠਲੇ 55 ਪ੍ਰਤੀਸ਼ਤ ਕੋਲ ਸਿਰਫ 1.3 ਪ੍ਰਤੀਸ਼ਤ ਹੈ ਅਤੇ ਬਾਕੀ ਬਾਕੀਆਂ ਕੋਲ ਹੈ। ਕੋਵਿਡ ਮਹਾਂਮਾਰੀ ਦੇ ਇੱਕ ਸਾਲ ਦੇ ਥੋੜ੍ਹੇ ਸਮੇਂ ਦੌਰਾਨ ਹੀ ਚੋਟੀ ਦੇ ਅਮੀਰਾਂ ਦੀ ਧਨ-ਦੌਲਤ ਵਿਚ ਬੇ-ਥਾਹ ਵਾਧਾ ਹੋਇਆ ਹੈ। ਇਸ ਦਾ ਵੱਡਾ ਕਾਰਨ ਸਾਡੇ ਗਲਤ ਆਰਥਿਕ ਫਲਸਫੇ ਹਨ। ਪ੍ਰਚਲਿਤ ਕੈਪੀਟਲਿਜ਼ਮ ਦੇ ਸਿਧਾਂਤ, ਜਿਹੜਾ ਕਿ ਸਿਰਫ ਸ਼ੇਅਰ-ਧਾਰਕਾਂ ਦੇ ਹਿੱਤਾਂ ਨੂੰ ਹੀ ਮੁੱਖ ਰਖਦਾ ਹੈ, ਨੂੰ ਰੱਦ ਕਰਨਾ ਬਣਦਾ ਹੈ। ਇਸ ਦੀ ਜਗ੍ਹਾ ਸਾਰੀਆਂ ਧਿਰਾਂ ਅਰਥਾਤ ਸ਼ੇਅਰ-ਧਾਰਕਾਂ ਦੇ ਨਾਲ-ਨਾਲ ਕਰਮਚਾਰੀਆਂ, ਸਮਾਜ, ਵਾਤਾਵਰਨ, ਦੇਸ਼ ਅਤੇ ਮਨੁੱਖਤਾ ਦੇ ਹਿੱਤਾਂ ਨੂੰ ਮੁੱਖ ਰੱਖਣ ਵਾਲਾ 'ਸਟੇਕ-ਹੋਲਡਰ ਕੈਪੀਟਲਿਜ਼ਮ' ਦਾ ਸਿਧਾਂਤ ਅਪਨਾਉਣ ਦੀ ਤੁਰਤ ਜ਼ਰੂਰਤ ਹੈ।

**ਸਮਾਜਿਕ:** ਲਗਭਗ ਸਭ ਦੇਸ਼ ਸਮਾਜਿਕ ਪੱਖੋਂ ਸ਼੍ਰੇਣੀਆਂ ਅਤੇ ਵਰਗਾਂ ਵਿਚ ਵੰਡੇ ਹੋਏ ਸਨ ਤੇ ਹਨ, ਜਿਸ ਦੀ ਸਭ ਤੋਂ ਕਰੂਰ ਮਿਸਾਲ ਭਾਰਤੀ ਉਪ-ਮਹਾਂਦੀਪ ਦੇ ਦੇਸ਼ਾਂ ਦੀ ਜਾਤ-ਪਾਤ ਪ੍ਰਥਾ ਹੈ। ਯੂਰਪੀ ਦੇਸ਼ ਅਤੇ ਅਮਰੀਕਾ ਵਰਗੇ ਵਿਕਸਿਤ ਖਿੱਤੇ ਵੀ ਇਸ ਤਰ੍ਹਾਂ ਦੀ ਵੰਡ ਤੋਂ ਬਚੇ ਹੋਏ ਨਹੀਂ, ਜਿਸ ਦਾ ਤਾਜ਼ਾ ਸਬੂਤ ਪਿਛਲੇ ਸਾਲ ਜਾਰਜ ਫਰਾਇਡ ਦੀ ਦੁਰਘਟਨਾ ਹੈ। ਭਾਰਤ ਵਿਚ ਤਾਂ ਇਸ ਤਰ੍ਹਾਂ ਦੀਆਂ ਘਟਨਾਵਾਂ ਆਮ ਗੱਲ ਹੈ। ਪੂਰੇ ਦੇਸ਼ ਦਾ ਮਾਣ ਸਾਡੀ ਹਾਕੀ ਟੀਮ ਦੀ ਮੈਂਬਰ ਵੰਦਨਾ ਕਟਾਰੀਆ ਨਾਲ ਕੁਝ ਦਿਨ ਪਹਿਲਾਂ ਹੀ ਹੋਇਆ ਦੁਰਵਿਹਾਰ ਇਸ ਦੀ ਤਾਜ਼ਾ ਮਿਸਾਲ ਹੈ। ਭਾਰਤ ਵਿਚ ਇਸ ਪ੍ਰਥਾ ਨੂੰ ਖਤਮ ਕਰਨ ਦੇ ਉਪਰਾਲੇ ਬਹੁਤ ਘੱਟ ਹੋਏ ਹਨ ਅਤੇ ਜੋ ਹੋਏ ਹਨ, ਉਨ੍ਹਾਂ ਵਿਚ ਭਗਤੀ ਲਹਿਰ ਦੇ ਮੋਢੀ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਦਾ ਬਹੁਤ ਯੋਗਦਾਨ ਹੈ। ਇਸ ਵਿਚ ਸਿੱਖ ਗੁਰੂ ਸਾਹਿਬਾਨਾਂ ਦੀ ਭੂਮਿਕਾ ਸਭ ਤੋਂ ਵੱਧ ਅਤੇ ਕ੍ਰਾਂਤੀਕਾਰੀ ਰਹੀ ਹੈ, ਹਾਲਾਂਕਿ ਉਹ ਆਪ ਸਮਾਜ ਦੇ ਉੱਚ ਵਰਗ ਨਾਲ ਸਬੰਧਿਤ ਸਨ, ਜਦੋਂ ਕਿ ਹੋਰ ਸੁਧਾਰਕ ਖੁਦ ਨਾ-ਬਰਾਬਰੀ ਤੋਂ ਪੀੜਿਤ ਸਨ। ਅਮਰੀਕਾ ਵਿਚ ਡਾ. ਮਾਰਟਿਨ ਲੂਥਰ ਕਿੰਗ ਅਤੇ ਭਾਰਤ ਵਿਚ ਡਾ. ਭੀਮ ਰਾਓ ਅੰਬੇਦਕਰ ਵਰਗੀਆਂ ਸਤਿਕਾਰਯੋਗ ਹਸਤੀਆਂ ਨੇ ਮਾਡਰਨ ਸਮੇਂ ਵਿਚ ਇਹ ਕੰਮ ਕੀਤੇ। ਇੰਨੇ-ਇੰਨੇ ਵੱਡੇ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਅਤੇ ਵੱਡੇ-ਵੱਡੇ ਦਾਨੇ ਸਮਾਜ-ਸੁਧਾਰਕਾਂ ਦੀਆਂ ਮਿਹਨਤਾਂ ਦੇ ਬਾਵਜੂਦ ਸੰਸਾਰ ਦੀ ਦਸ਼ਾ ਵਿਚ ਕੋਈ ਬਹੁਤਾ ਫਰਕ ਨਹੀਂ ਪਿਆ, ਜੋ ਨਿਰਾਸ਼ਾਜਨਕ ਹੈ।

**ਲਿੰਗ ਭੇਦ-ਭਾਵ:** ਇਹ ਨਾ-ਬਰਾਬਰੀ ਤਾਂ ਸਭ ਤੋਂ ਵੱਧ ਦਰਦਨਾਕ, ਤਰਕ-ਹੀਣ ਅਤੇ ਬਦ-ਕਿਸਮਤੀ ਵਾਲੀ ਤੇ ਵਿਸ਼ਵ-ਵਿਆਪੀ ਹੈ।

ਸਾਰੇ ਦੇਸ਼ਾਂ ਅਤੇ ਸਮਾਜਾਂ ਦੀ ਜਨਤਾ ਇਨ੍ਹਾਂ ਚਾਰ ਕਾਰਨਾਂ ਕਰ ਕੇ ਹੇਠ ਤੋਂ ਉੱਪਰ ਤੱਕ ਤਹਿਆਂ ਜਾਂ ਵਰਗਾਂ ਵਿਚ ਵੰਡੀ ਹੋਈ ਹੈ। ਦੁਖਦਾਈ ਅਤੇ ਗੁੰਝਲਦਾਰ ਗੱਲ ਇਹ ਹੈ ਕਿ ਤਹਿਆਂ ਦੇ ਅੰਦਰ ਹੋਰ ਤਹਿਆਂ ਹਨ। ਸਮਾਜਿਕ ਨਾ-ਬਰਾਬਰੀ ਦੀਆਂ ਤਹਿਆਂ ਇਸ ਕਦਰ ਪੱਕੀਆਂ ਹੋ ਚੁਕੀਆਂ ਹਨ ਕਿ ਹੇਠਲੀ ਵਿਚੋਂ ਉੱਪਰ ਜਾਣਾ ਲਗਭਗ ਅਸੰਭਵ ਹੈ। ਹੇਠਲੀਆਂ ਤਹਿਆਂ ਆਪਣਾ ਜੀਵਨ ਬਹੁਤ ਤਰਸਯੋਗ ਹਾਲਤਾਂ ਵਿਚ ਜਿਉਂ ਰਹੀਆਂ ਹਨ ਅਤੇ ਉਪਰਲੀਆਂ ਅਥਾਹ ਐਸ਼-ਪ੍ਰਸਤੀ ਵਿਚ ਵੀ ਰਹਿ ਰਹੀਆਂ ਹਨ ਤੇ ਹੇਠਲੇ ਵਰਗਾਂ ਨੂੰ ਕੰਟਰੋਲ ਵੀ ਕਰ ਰਹੀਆਂ ਹਨ। ਇਸ ਵਾਸਤੇ ਇਹ ਚਾਣਕਿਆ ਦੇ ਸਾਮ, ਦਾਮ, ਦੰਡ ਅਤੇ ਭੇਦ ਦੇ ਚਾਰੇ ਹਥ-ਕੰਡੇ ਵਰਤਦੀਆਂ ਹਨ।

ਇਟਲੀ ਦੇ ਕੁਖਿਆਤ ਲੇਖਕ ਮੈਕਾਵਲੀ ਨੇ ਵੀ ਜਨਤਾ ਨੂੰ ਦਬਾ ਕੇ ਰੱਖਣ ਵਾਸਤੇ ਰਾਜਿਆਂ ਅਤੇ ਹਾਕਮ-ਸ਼੍ਰੇਣੀ ਨੂੰ ਇਸ ਤਰ੍ਹਾਂ ਦੀ ਹੀ ਸਲਾਹ ਦਿੱਤੀ ਸੀ: "ਅਸਲ ਵਿਚ ਤਾਂ ਜਨਤਾ ਦੇ ਮਨਾਂ ਅੰਦਰ ਡਰ ਅਤੇ ਸਤਿਕਾਰ ਦੋਵੇਂ ਪੈਦਾ ਕਰ ਕੇ ਰੱਖੋ, ਪਰ ਜੇ ਦੋਵੇਂ ਢੰਗ ਇੱਕਠੇ ਨਹੀਂ ਵਰਤ ਸਕਦੇ ਤਾਂ ਸਤਿਕਾਰ ਦੀ ਥਾਂ ਡਰ ਪੈਦਾ ਕਰ ਕੇ ਰੱਖਣਾ ਜ਼ਿਆਦਾ ਅਸਰਦਾਰ ਹੁੰਦਾ ਹੈ।"

ਇਹ ਨੀਤੀਆਂ ਵਰਤ ਕੇ ਉਪਰਲੇ ਵਰਗ ਹੇਠਲਿਆਂ ਨੂੰ ਅਧੀਨਗੀ ਵਿਚ ਰੱਖ ਕੇ, ਨਾ-ਬਰਾਬਰੀ ਨੂੰ ਬਰਕਰਾਰ ਰੱਖਦੇ ਹਨ। ਇਹ ਸਭ ਕਰਨਾ ਉਹ ਆਪਣੀ ਸਿਆਣਪ ਅਤੇ ਆਪਣਾ ਹੱਕ ਸਮਝਦੇ ਹਨ ਤੇ ਇਸ ਨੂੰ ਜਨਤਕ ਤੌਰ 'ਤੇ ਮੰਨਣ ਤੋਂ ਝਿਜਕ ਨਹੀਂ ਕਰਦੇ। ਇਹ ਤਾਕਤਾਂ ਕਿਸੇ ਵੀ ਕਿਸਮ ਦੇ ਸਾਰਥਿਕ ਪਰਿਵਰਤਨ ਨੂੰ ਰੋਕਣ ਵਾਸਤੇ ਉੱਪਰ ਬਿਆਨਿਆ ਹਰ ਢੰਗ ਵਰਤਦੀਆਂ ਰਹਿੰਦੀਆਂ ਹਨ। ਇਸੇ ਕਰ ਕੇ ਨਾ-ਬਰਾਬਰੀ ਦੇ ਕਾਰਨ ਘਟਣ ਦੀ ਥਾਂ ਯੂ. ਐੱਨ. ਓ. ਦੀ ਰਿਪੋਰਟ ਅਨੁਸਾਰ ਵਧ ਰਹੇ ਹਨ। ਵਧੇ ਹੋਏ ਇਨ੍ਹਾਂ ਕਾਰਨਾਂ ਵਿਚੋਂ ਰਿਪੋਰਟ ਵਿਚ ਹੇਠਲੇ ਚਾਰਾਂ ਦੇ ਪ੍ਰਭਾਵਾਂ ਨੂੰ ਇਸ ਦਾ ਥੀਮ ਬਣਾਇਆ ਗਿਆ ਹੈ।

**ਬੇ-ਲੋੜੀਆਂ ਅਤੇ ਬੇ-ਲਗਾਮ ਤਕਨੀਕੀ, ਖਾਸ ਕਰ ਕੇ ਕੰਪਿਊਟਰ-ਸਬੰਧਿਤ, ਖੋਜਾਂ:** ਡਾ. ਯੂਵਲ ਹਰਾਰੀ ਅਨੁਸਾਰ ਮਨੁੱਖਤਾ ਵਾਸਤੇ ਪ੍ਰਮਾਣੂ ਹਥਿਆਰਾਂ ਦੀ ਦੌੜ ਅਤੇ ਵਾਤਾਵਰਨ ਪਰਿਵਰਤਨ ਤੋਂ ਤੀਜੇ ਨੰਬਰ 'ਤੇ ਸਭ ਤੋਂ ਖਤਰਨਾਕ ਗੱਲਾਂ ਕੰਪਿਊਟਰ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ, ਇਨਫੋਟੈੱਕ, ਬਾਇਓਟੈੱਕ ਅਤੇ ਬਿੱਗ ਡੈਟਾ ਦੇ ਖੇਤਰਾਂ ਵਿਚ ਹੋ ਰਹੀਆਂ ਬੇ-ਲੋੜੀਆਂ ਅਤੇ ਬੇ-ਲਗਾਮ ਖੋਜਾਂ ਹਨ। ਬੇ-ਲਗਾਮ ਇਸ ਕਰ ਕੇ ਕਿ ਇਨ੍ਹਾਂ ਖੇਤਰਾਂ ਵਿਚ ਹੋ ਰਹੀਆਂ ਖੋਜਾਂ, ਵਰਤੋਂ ਅਤੇ ਵਪਾਰ ਤੇ ਸਰਕਾਰਾਂ ਵਲੋਂ ਕੋਈ ਨਿਗਰਾਨੀ ਸੰਭਵ ਹੀ ਨਹੀਂ। ਪੈਗਾਸਸ ਵਰਗਾ ਵਰਤਾਰਾ ਤਾਂ ਇਨ੍ਹਾਂ ਖੋਜਾਂ ਦੀ ਦੁਰਵਰਤੋਂ ਦਾ ਇੱਕ ਨਮੂਨਾ ਹੈ। ਮਿਸਟਰ ਹਰਾਰੀ ਨੂੰ ਖਦਸ਼ਾ ਹੈ ਕਿ ਭਵਿੱਖ ਵਿਚ ਸਮਾਜ ਦੀਆਂ ਸਿਰਫ ਦੋ ਤਹਿਆਂ ਰਹਿ ਜਾਣਗੀਆਂ: ਕੰਪਿਊਟਰਾਂ, ਡਰੋਨਾਂ ਅਤੇ ਰੋਬੋਟਾਂ ਰਾਹੀਂ ਸੰਸਾਰ ਦੀ ਹਰ ਗਤੀ-ਵਿਧੀ ਨੂੰ ਚਲਾਉਣ ਤੇ ਕੰਟਰੋਲ ਕਰਨ ਵਾਲਾ ਵਰਗ ਅਤੇ ਮਸ਼ੀਨਾਂ ਦੀ ਤਰ੍ਹਾਂ ਕੰਮ ਕਰਨ ਵਾਲੇ ਜੰਤਰ-ਨੁਮਾ ਇਨਸਾਨਾਂ ਦਾ ਵਰਗ।

**ਵਾਤਾਵਰਨ ਪਰਿਵਰਤਨ:** ਇਸ ਦਾ ਬੁਰਾ ਅਸਰ ਸਮਾਜ ਦੀਆਂ ਹੇਠਲੀਆਂ ਤਹਿਆਂ ਦੇ ਇਨਸਾਨਾਂ 'ਤੇ ਪੈਣਾ ਸ਼ੁਰੂ ਵੀ ਹੋ ਚੁਕਾ ਹੈ। ਸਾਰੇ ਸੰਸਾਰ ਨੂੰ ਝੰਜੋੜ ਦੇਣ ਵਾਲੀ ਅੰਤਰ-ਸਰਕਾਰੀ ਪੈਨਲ ਦੀ ਵਾਤਾਵਰਨ ਪਰਿਵਰਤਨ ਦੀ 9 ਅਗਸਤ 2021 ਦੀ ਰਿਪੋਰਟ ਨੂੰ 'ਰੈੱਡ ਅਲਰਟ ਨੋਟਿਸ' ਗਰਦਾਨਿਆ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਪਰਿਵਰਤਨ ਨਾਲ ਹੋ ਰਹੇ ਨੁਕਸਾਨ ਦੀ ਕਦੇ ਵੀ ਭਰਪਾਈ ਨਹੀਂ ਹੋ ਸਕੇਗੀ। ਇਹ ਪਰਿਵਰਤਨ ਨਾ-ਬਰਾਬਰੀ ਨੂੰ ਹੋਰ ਵਧਾਏਗਾ। ਅੱਜ ਸਾਡੀ ਮਾਡਰਨ ਜੀਵਨ-ਸ਼ੈਲੀ ਦੀ ਛੋਟੀ ਤੋਂ ਛੋਟੀ ਕਾਰਵਾਈ ਵੀ ਗਰੀਨ-ਹਾਊਸ ਗੈਸਾਂ ਰਾਹੀਂ ਵਾਤਾਵਰਨ ਦੇ ਪ੍ਰਦੂਸ਼ਨ ਵਿਚ ਵਾਧਾ ਕਰ ਰਹੀ ਹੈ; ਇਹ ਭਾਵੇਂ ਸੁਬ੍ਹਾ ਦੀਆਂ ਵਾਸ਼ਰੂਮ ਦੀਆਂ ਕਾਰਵਾਈਆਂ ਹੋਣ, ਨਾਸ਼ਤਾ ਬਣਾਉਣ-ਖਾਣ ਦੀਆਂ ਹੋਣ ਜਾਂ ਦਫਤਰ ਜਾਣ-ਆਉਣ ਦੀਆਂ ਹੀ ਕਿਉਂ ਨਾ ਹੋਣ। ਸਿਆਣੇ ਤਾਂ ਇੱਥੋਂ ਤੱਕ ਕਹਿਣ ਲੱਗ ਗਏ ਹਨ ਕਿ ਅੱਜ ਦੇ ਇਨਸਾਨ ਵਲੋਂ ਪੀਤੀ ਪਾਣੀ ਦੀ ਹਰ ਵਾਧੂ ਘੁੱਟ, ਖਾਧੀ ਹਰ ਵਾਧੂ ਬੁਰਕੀ ਅਤੇ ਤਨ 'ਤੇ ਪਾਇਆ ਹਰ ਵਾਧੂ ਕੱਪੜਾ, ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਤੋਂ ਖੋਹ ਰਿਹਾ ਹੈ।

**ਸ਼ਹਿਰੀਕਰਨ ਅਤੇ ਪਰਵਾਸ:** ਇਹ ਦੋਨੇ ਵਰਤਾਰਿਆਂ ਦੀ ਮਾਰ ਹੇਠ ਵੀ ਹੇਠਲੀਆਂ ਤਹਿਆਂ ਦੇ ਵਰਗ ਆਉਣਗੇ।

ਨਾ-ਬਰਾਬਰੀ ਨੂੰ ਮਨੁੱਖੀ ਸੁਭਾਅ, ਇਤਿਹਾਸ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਰੱਖਿਅਤ ਜੀਵਨ ਦੇ ਪਰਿਪੇਖ ਤੋਂ ਸੋਚ-ਵਿਚਾਰ ਕੇ ਹੀ ਅਸੀਂ ਇਸ ਦੀ ਪਕੜ ਨੂੰ ਘਟਾਉਣ ਵਾਸਤੇ ਕੁੜੱਤਣ-ਰਹਿਤ, ਨਫਰਤ-ਰਹਿਤ ਅਤੇ ਸਾਂਝੇ ਉਪਰਾਲੇ ਕਰ ਸਕਦੇ ਹਾਂ। ਸੰਸਾਰ ਵਿਚ ਅਨੇਕਾਂ ਇਨਸਾਨ ਹਨ, ਜੋ ਸਾਰਥਿਕ ਬੁੱਧ-ਵਿਵੇਕ ਦੇ ਮਾਲਿਕ ਹਨ, ਹਰ ਕਿਸਮ ਦੀਆਂ ਨੈਤਿਕ ਕਦਰਾਂ-ਕੀਮਤਾਂ ਦੇ ਅਨੁਸਾਰੀ ਹਨ ਅਤੇ ਨਾ-ਬਰਾਬਰੀ ਨੂੰ ਖਤਮ ਜਾਂ ਘੱਟੋ-ਘੱਟ ਇਸ ਦੀ ਚਾਲ ਨੂੰ ਮੱਠੀ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਦੇ ਬਣਨ ਵਾਸਤੇ ਕਿਸੇ ਦੇਸ਼, ਵਰਗ, ਧਰਮ ਦਾ ਹੋਣਾ ਜਾਂ ਰਸਮੀ ਤਰੀਕੇ ਨਾਲ ਕਿਸੇ ਅਲੌਕਿਕ ਸ਼ਕਤੀ ਵਿਚ ਵਿਸ਼ਵਾਸ ਕਰਨਾ ਜ਼ਰੂਰੀ ਨਹੀਂ। ਇਸ ਨਿਸ਼ਾਨੇ ਦੀ ਪ੍ਰਾਪਤੀ ਵਾਸਤੇ ਸੰਸਾਰ ਦੇ ਸਾਰੇ ਨਾਗਰਿਕਾਂ ਨੂੰ ਜੋ ਕਰਨਾ ਚਾਹੀਦਾ ਹੈ, ਉਹ ਚਿੱਟੇ ਦਿਨ ਵਾਗ ਸਪਸ਼ਟ ਹੈ; ਹਰ ਇੱਕ ਨੂੰ ਆਪਣੇ ਜੀਵਨ ਦਾ ਕਾਇਆ-ਕਲਪ ਕਰਨਾ ਪਵੇਗਾ ਅਤੇ ਇਸ ਵਾਸਤੇ ਸਭ ਨੂੰ ਅਨੇਕਾਂ ਵੱਡੀਆਂ-ਛੋਟੀਆਂ ਕੁਰਬਾਨੀਆਂ ਦੀ ਲੋੜ ਹੈ।

ਯੂ. ਐਨ. ਓ. ਦੇ ਸਕੱਤਰ-ਜਨਰਲ ਦੇ ਸਬਦਾਂ ਵਿਚ: "ਜੇ ਆਪਾਂ ਸਾਰੇ ਇਕੱਠੇ ਹੋ ਕੇ ਹੰਭਲਾ ਮਾਰੀਏ ਤਾਂ ਹੀ ਇਸ ਭਿਆਨਕ ਤਬਾਹੀ ਤੋਂ ਬਚ ਸਕਦੇ ਹਾਂ; ਪਰ ਜਿਵੇਂ ਕਿ ਪੈਨਲ ਦੀ ਰਿਪੋਰਟ ਤੋਂ ਸਪਸ਼ਟ ਹੈ ਕਿ ਸਾਡੇ ਕੋਲ ਕਿਸੇ ਕਿਸਮ ਦੀ ਦੇਰੀ, ਕੁਤਾਹੀ ਜਾਂ ਬਹਾਨੇ ਦੀ ਕੋਈ ਗੁੰਜਾਇਸ਼ ਨਹੀਂ।"

---

# ਬੈਚ ਫੁੱਲ ਸਵੀਟ ਚੈਸਟਨਟ: ਅਸਹਿ ਕਸ਼ਟ

*(ਪਿਛਲੇ ਸਫੇ ਦੀ ਬਾਕੀ)*

ਸਭ ਬਿਮਾਰੀਆਂ ਤੇ ਮਹਾਂਮਾਰੀਆਂ ਇਸੇ ਤਰ੍ਹਾਂ ਫੈਲਦੀਆਂ ਹਨ ਤੇ ਨੁਕਸਾਨ ਪਹੁੰਚਾਉਂਦੀਆਂ ਹਨ। ਸਭ ਅਲਰਜ਼ੀਆਂ ਤੇ ਮੌਸਮੀ ਬਿਮਾਰੀਆਂ ਦੇ ਫੈਲਣ ਦੀ ਵੀ ਇਹੀ ਪ੍ਰਕ੍ਰਿਆ ਹੈ। ਜੇ ਕਿਸੇ ਬਿਮਾਰੀ ਜਾਂ ਮਹਾਂਮਾਰੀ ਦੇ ਪ੍ਰਕੋਪ ਵੇਲੇ ਵਿਅਕਤੀ ਸਵੀਟ ਚੈਸਟਨਟ ਦਾ ਸੇਵਨ ਕਰ ਲਵੇ ਤਾਂ ਇਨ੍ਹਾਂ ਵਬਾਵਾਂ ਤੋਂ ਬਚ ਸਕਦਾ ਹੈ। ਜਿਹੜੇ ਲੋਕ ਅਲਰਜ਼ੀਆਂ ਕਾਰਨ ਆਪਣੀ ਇਮਿਊਨਿਟੀ ਪ੍ਰਤੀ ਫਿਕਰਮੰਦ ਰਹਿੰਦੇ ਹਨ, ਇਹ ਉਨ੍ਹਾਂ ਦੀ ਪੱਕੀ ਮਿੱਤਰ ਹੈ। ਬੈਚ ਫੁੱਲ ਪ੍ਰਣਾਲੀ ਵਿਚ ਇਸ ਪ੍ਰਕਾਰ ਦੀਆਂ ਹੋਰ ਦਵਾਈਆਂ ਵੀ ਹਨ, ਪਰ ਸਵੀਟ ਚੈਸਟਨਟ ਅੱਖੋਂ ਪਰੋਖੇ ਨਹੀਂ ਕੀਤੀ ਜਾ ਸਕਦੀ। ਜਿਸ ਸਥਿਤੀ ਵਿਚ ਇਹ ਕੰਮ ਕਰਦੀ ਹੈ, ਉਸ ਵਿਚ ਕੋਈ ਹੋਰ ਨਹੀਂ ਕਰੇਗੀ।

ਬਹੁਤ ਸਾਰੇ ਲੇਖਕਾਂ ਨੇ ਸਵੀਟ ਚੈਸਟਨਟ ਦਾ ਪ੍ਰਭਾਵ ਸਪਸ਼ਟ ਕਰਨ ਲਈ ਇਸ ਦਾ ਦੂਜੀਆਂ ਹੋਰ ਦਵਾਈਆਂ, ਜਿਵੇਂ ਚੈਰੀ ਪਲੰਮ, ਗੋਰਸ, ਰੌਕ ਰੋਜ਼, ਸਟਾਰ ਆਫ ਸਕਲੇਰੈਂਥਸ ਆਦਿ ਨਾਲ ਟਾਕਰਾ ਕਰ ਕੇ ਦਿਖਾਇਆ ਹੈ; ਪਰ ਡਾ. ਕ੍ਰਿਸ਼ਨਾਮੂਰਤੀ ਦਾ ਇਸ ਦਿਸ਼ਾ ਵਿਚ ਕੀਤਾ ਕੰਮ ਸਭ ਤੋਂ ਨਿਰਾਲਾ ਹੈ। ਉਸ ਅਨੁਸਾਰ ਬੈਚ ਫੁੱਲ ਦਵਾਈਆਂ ਵੀ ਹੋਮਿਓਪੈਥਿਕ ਦਵਾਈਆਂ ਵਾਂਗ ਵਿਅਕਤੀ ਦੀ ਸਰੀਰਕ ਜ਼ੁਬਾਨ (Body language) ਅਨੁਸਾਰ ਦੇਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਸਵੀਟ ਚੈਸਟਨਟ ਨੂੰ ਉਦੋਂ ਦਿਓ:

ਜਦੋਂ ਮਰੀਜ਼ ਕਹੇ ਕਿ ਉਸ ਜਿਹੀ ਤਕਲੀਫ ਉਸ ਦੇ ਦੁਸ਼ਮਣ ਨੂੰ ਵੀ ਨਾ ਆਵੇ, ਪਰ ਜੇ ਉਹ ਕਹੇ ਕਿ ਉਸ ਜਿਹਾ ਰੋਗ ਦੁਨੀਆਂ ਵਿਚ ਕਿਸੇ ਨੂੰ ਨਾ ਲੱਗੇ ਤਾਂ ਉਸ ਦੀ ਦਵਾਈ ਰੌਕ ਰੋਜ਼ ਹੈ। ਕਾਰਨ- ਸਵੀਟ ਚੈਸਟਨਟ ਦੀ ਪੀੜਾ ਰੌਕ ਰੋਜ਼ ਤੋਂ ਵਧੇਰੇ ਭਿਆਨਕ ਹੈ, ਜਿਸ ਤੋਂ ਉਹ ਆਪਣੇ ਦੁਸ਼ਮਣਾਂ ਨੂੰ ਵੀ ਬਚਾਉਂਦਾ ਹੈ।

ਜਦੋਂ ਕੋਈ ਪੀੜਾ ਜਿਵੇਂ ਸਿਰ ਦਰਦ, ਪੇਟ ਦਰਦ, ਕੰਨ ਦਰਦ ਤੇ ਖੰਘ ਆਦਿ ਮਰੀਜ਼ ਨੂੰ ਸੌਣ ਨਾ ਦੇਵੇ ਜਾਂ ਸੁੱਤੇ ਹੋਏ ਨੂੰ ਜਗਾਵੇ, ਪਰ ਉਸ ਨੂੰ ਰੋਣ ਨਾ ਲਾਵੇ। ਜੇ ਮਰੀਜ਼ ਦੀ ਪੀੜਾ ਉਸ ਨੂੰ ਰੋਣ ਲਈ ਮਜਬੂਰ ਕਰ ਦੇਵੇ ਤਾਂ ਦਵਾਈ ਚੈਰੀ ਪਲੰਮ ਹੈ।

ਜਦੋਂ ਸਰੀਰ ਦੇ ਚਲਦੇ ਨਿੱਤਕ੍ਰਮ ਵਿਚ ਅਚਨਚੇਤ ਵਿਘਨ ਪਵੇ ਜਿਵੇਂ ਕੰਮ ਵਿਚ ਅਚਾਨਕ ਮਨ ਨਾ ਲੱਗੇ, ਕਈ ਦਿਨ ਪਖਾਨਾ ਨਾ ਆਵੇ ਜਾਂ ਭੁੱਖ ਲਗਣੀ ਬੰਦ ਹੋ ਜਾਵੇ। ਪਰ ਜੇ ਕੋਈ ਜਾਣ ਕੇ ਕੰਮ ਤੋਂ ਭੱਜੇ ਜਾਂ ਕੰਨੀ ਕਤਰਾਵੇ ਤਾਂ ਉਸ ਦੀ ਦਵਾਈ ਚੈਸਟਨਟ ਬੱਡ ਹੈ।

ਜਦੋਂ ਵਿਅਕਤੀ ਕਿਸੇ ਪੁਰਾਣੀ ਬਿਮਾਰੀ ਜਾਂ ਚੋਟ ਤੋਂ ਪੂਰੀ ਤਰ੍ਹਾਂ ਠੀਕ ਨਾ ਹੋਵੇ, ਪਰ ਟੈਸਟਾਂ ਅਨੁਸਾਰ ਡਾਕਟਰ ਉਸ ਨੂੰ ਠੀਕ ਠਾਕ ਦੱਸੇ। ਪਰ ਜੇ ਉਹ ਬੀਮਾਰੀ ਨਾਲ ਕਮਜ਼ੋਰ ਹੋਣ ਕਰਕੇ ਖੜ੍ਹਾ ਨਹੀਂ ਹੋ ਰਿਹਾ ਤਾਂ ਦਵਾਈਆਂ ਹਾਰਨਬੀਮ ਤੇ ਆਲਿੱਵ ਹਨ।

ਜਦੋਂ ਮਨੁੱਖ ਮਾਯੂਸ ਹੋ ਕੇ ਇਲਾਜ ਤੋਂ ਇਨਕਾਰ ਕਰ ਦੇਵੇ ਤੇ ਹਸਪਤਾਲੋਂ ਘਰ ਜਾਣ ਨੂੰ ਕਹੇ; ਪਰ ਜੇ ਉਹ ਨੀਮ ਬੇਹੋਸ਼ੀ ਵਿਚ ਘਰ ਜਾਣ ਨੂੰ ਕਹੇ ਤਾਂ ਦਵਾਈ ਚਿਕੋਰੀ ਜਾਂ ਹਨੀ-ਸੱਕਲ ਹੈ।

ਜਦੋਂ ਮਨੁੱਖ ਨੂੰ ਡਰ ਜਾਂ ਵਹਿਮ ਦੇ ਦੌਰੇ ਪੈਂਦੇ ਹੋਣ ਤੇ ਉਹ ਭੈਅ ਭੀਤ ਹੋ ਕੇ ਬਾਹਰ ਨਾ ਨਿਕਲੇ; ਪਰ ਜੇ ਡੂੰਘੇ ਸਦਮੇ ਕਾਰਨ ਡਿਪਰੈਸ਼ਨ ਵਿਚ ਚਲਾ ਜਾਵੇ ਤਾਂ ਦਵਾਈ ਸਟਾਰ ਆਫ ਬੈਥਲੇਹੈਮ ਹੈ।

ਜਦੋਂ ਵਿਦਿਆਰਥੀਆਂ ਨੂੰ ਇਮਤਿਹਾਨ ਤੋਂ ਪਹਿਲਾਂ ਤੌਖਲਾ ਤੇ ਮਾਨਸਿਕ ਉਤੇਜਨਾ ਹੋ ਜਾਵੇ, ਪਰ ਜੇ ਉਹ ਇਮਤਿਹਾਨ ਵਿਚ ਪ੍ਰਸ਼ਨ ਦੇਖ ਕੇ ਘਬਰਾ ਜਾਣ ਤਾਂ ਦਵਾਈ ਜੈਨਸ਼ੀਅਨ ਹੈ।

ਡਾ. ਕ੍ਰਿਸ਼ਨਾਮੂਰਤੀ ਦੇ ਇਹ ਨਤੀਜੇ ਬਿਲਕੁਲ ਸਹੀ ਹਨ। ਮੈਂ ਇਨ੍ਹਾਂ ਨੂੰ ਅਣਗਿਣਤ ਵਾਰ ਅਜਮਾਇਆ ਹੈ ਤੇ ਇਨ੍ਹਾਂ ਨੇ ਮੈਨੂੰ ਕਦੇ ਨਿਰਾਸ਼ ਨਹੀਂ ਕੀਤਾ। ਮਸਲਨ, ਅੱਗੇ ਇੰਡੀਅਨ ਰੈਸਟੋਰੈਂਟਾਂ ਦਾ ਮਿਰਚ-ਮਸਾਲਿਆਂ ਵਾਲਾ ਭੋਜਨ ਰਾਤ ਨੂੰ ਕਈ ਵਾਰ ਜਗਾਉਂਦਾ ਸੀ, ਹੁਣ ਸਵੀਟ ਚੈਸਟਨਟ ਦੀ ਇਕ ਗੋਲੀ ਖਾ ਕੇ ਸਾਰੀ ਰਾਤ ਮਿੱਠੀ ਨੀਂਦ ਦਾ ਅਨੰਦ ਮਾਣਦਾ ਹਾਂ।

###

# ਜਸਬੀਰ ਭੁੱਲਰ ਦੇ ਨਾਵਲ 'ਖਿੱਦੋ' ਦੀਆਂ ਲੀਰਾਂ

## ਚਰਚਾ

ਮੈਂ ਜਸਬੀਰ ਭੁੱਲਰ ਦਾ ਪੁਰਾਣਾ ਪਾਠਕ ਹਾਂ। ਇਹ ਤਾਂ ਝੂਠ ਨਹੀਂ ਬੋਲਾਂਗਾ ਕਿ ਉਨ੍ਹਾਂ ਦੀਆਂ ਸਾਰੀਆਂ ਪੁਸਤਕਾਂ ਜਾਂ ਅਖਬਾਰਾਂ ਵਿਚ ਪ੍ਰਕਾਸ਼ਿਤ ਸਾਰੇ ਆਰਟੀਕਲ ਪੜ੍ਹੇ ਹੋਏ ਹਨ, ਪਰ ਜਿੰਨੇ ਵੀ ਪੜ੍ਹੇ ਹਨ, ਉਹ ਵਧੀਆ ਸਾਹਿਤ ਦੀ ਵੰਨਗੀ ਵਿਚ ਸ਼ੁਮਾਰ ਹੁੰਦੇ ਹਨ। ਨਾਵਲ 'ਪਤਾਲ ਦੇ ਗਿੱਠਮੁਠੀਏ' ਸੋਹਜਮਈ ਕਲਪਨਾ ਸ਼ਕਤੀ ਦੀ ਉੱਤਮ ਮਿਸਾਲ ਹੈ। ਉਸ ਵਿਚ ਵੀ ਇਕ 'ਰਾਜਕੁਮਾਰੀ' ਦੇ ਕਿਸੇ ਡੂੰਘੀ ਖਾਈ ਵਿਚ ਡਿੱਗ ਕੇ ਮਰ ਜਾਣ ਦੀ ਘਟਨਾ ਤੋਂ ਬਾਅਦ ਲੱਖਾਂ ਨੂੰ ਉਸੇ ਖਾਈ ਵਿਚ ਜ਼ਬਰਦਸਤੀ ਸੁੱਟ ਦੇਣ ਦੀ ਘਟਨਾ ਅਤੇ 'ਰਾਜਕੁਮਾਰੀ' ਦੇ ਪਿਉ ਵੱਲੋਂ ਆਪਣੇ ਅਹਿਲਕਾਰਾਂ ਤੋਂ ਇਹ ਪੁੱਛਣਾ ਕਿ 'ਰਾਜਕੁਮਾਰੀ' ਦੇ ਨਾਲ ਹੋਰ ਕਿੰਨੇ ਉਸ ਦੇ ਨਾਲ ਖਾਈ ਵਿਚ ਡਿੱਗੇ ਜਾਂ ਸੁੱਟੇ ਗਏ, ਤੋਂ ਸਾਡੇ ਸਮੇਂ ਦੇ ਇਤਿਹਾਸ ਦੇ ਇਕ ਪੰਨੇ ਨੂੰ ਕਲਾਮਈ ਢੰਗ ਨਾਲ



**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਪੇਸ਼ ਕੀਤਾ। ਅਜਿਹੇ ਨਾਵਲ ਪੰਜਾਬੀ ਸਾਹਿਤ ਵਿਚ ਘੱਟ ਹੀ ਮਿਲਦੇ ਹਨ। ਆਪਣੇ ਇਕ ਆਰਟੀਕਲ ਵਿਚ ਭੁੱਲਰ ਸਾਹਿਬ ਨੇ ਗਾਂਧੀ ਆਸ਼ਰਮ ਦੇ ਕਰਤਾ-ਧਰਤਾ ਵੱਲੋਂ ਪਹੁੰਚੀਆਂ ਹੋਈਆਂ ਹਸਤੀਆਂ ਤੋਂ ਆਸ਼ਰਮ ਲਈ ਮਾਇਆ ਇਕੱਠੀ ਕਰਨ ਲਈ ਇਕ ਹੀ ਕਮਰੇ ਦਾ ਵਾਰ-ਵਾਰ ਉਦਘਾਟਨ ਕਰਵਾਉਣ ਅਤੇ ਇਕ ਵਾਰ ਆਸ਼ਰਮ ਵਿਚ ਰਹਿਣ ਵਾਲਿਆਂ ਵੱਲੋਂ ਬਣਾਏ ਕੰਬਲਾਂ ਤੋਂ ਘੱਟ ਕੀਮਤ ਵਾਲੀਆਂ ਪਰਚੀਆਂ ਇਹ ਕਹਿ ਕੇ ਉਤਰਵਾਈਆਂ ਕਿ ਫੌਜ ਨੂੰ ਇਹ ਮੁਫਤ ਦੇਣੇ ਹਨ, ਪਰ ਬਾਅਦ ਵਿਚ ਉਨ੍ਹਾਂ 'ਤੇ ਵੱਧ ਕੀਮਤ ਦੀਆਂ ਪਰਚੀਆਂ ਲਾ ਕੇ ਫੌਜ ਨੂੰ ਵੇਚਣ 'ਤੇ ਤਕੜਾ ਵਿਅੰਗ ਕੀਤਾ ਸੀ। ਇਕ ਲੇਖ ਵਿਚ ਫੌਜ ਦੇ ਉੱਚ ਅਫਸਰ ਵੱਲੋਂ ਕਿਸੇ ਖਤਰਨਾਕ ਇਲਾਕੇ ਵਿਚ ਝੀਲ ਦੇ ਪੰਛੀਆਂ ਦੇ ਸ਼ਿਕਾਰ ਦਾ ਪ੍ਰੋਗਰਾਮ ਬਣਾਉਣ ਲਈ ਕਿਵੇਂ ਪਹਿਲਾਂ ਹੀ ਪਾਣੀ ਵਾਲੇ ਪੰਛੀਆਂ ਦਾ ਇੰਤਜ਼ਾਮ ਕੀਤਾ ਅਤੇ ਉਨ੍ਹਾਂ ਨੂੰ ਪਾਣੀ ਦੇ ਵੱਡੇ ਢੋਲਾਂ ਵਿਚ ਪਾ ਕੇ ਰੱਖਿਆ ਤਾਂ ਜੋ ਅਫਸਰ ਦੇ ਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਝੀਲ ਵਿਚ ਛੱਡਿਆ ਜਾਵੇ ਅਤੇ ਅਫਸਰ ਆਪਣੇ ਸ਼ਿਕਾਰ ਦਾ ਸ਼ੌਕ ਪੂਰਾ ਕਰ ਲਵੇ; ਪਰ ਮੌਸਮ ਦੀ ਖਰਾਬੀ ਕਰ ਕੇ ਵੱਡੇ ਫੌਜੀ ਅਫਸਰ ਦਾ ਪ੍ਰੋਗਰਾਮ ਰੱਦ ਹੋਣ 'ਤੇ ਸਾਰਿਆਂ ਨੂੰ ਸੁੱਖ ਦਾ ਸਾਹ ਆਇਆ ਸੀ। ਇਕ ਆਰਟੀਕਲ ਵਿਚ ਫੌਜੀ ਯੂਨਿਟ ਦੇ ਕਮਰੇ ਵਿਚ ਆ ਗਏ ਖਤਰਨਾਕ ਜੰਗਲੀ ਜਾਨਵਰ ਨੂੰ ਛੱਤ ਦੇ ਮਘੋਰੇ ਵਿਚੋਂ ਗੋਲੀ ਚਲਾ ਕੇ ਮਾਰਨ ਦੀ ਘਟਨਾ ਬਿਆਨ ਕੀਤੀ ਸੀ। ਇਹ ਲਿਖਤਾਂ ਕਾਫੀ ਪੁਰਾਣੀਆਂ ਹਨ, ਹੋ ਸਕਦਾ ਹੈ ਮੇਰੇ ਕੋਲੋਂ ਇਨ੍ਹਾਂ ਸਬੰਧੀ ਲਿਖਣ ਵਿਚ ਕੋਈ ਗਲਤੀ ਹੋ ਗਈ ਹੋਵੇ, ਪਰ ਇਹ ਸਭ ਕੁਝ ਲਿਖਣ ਦਾ ਭਾਵ ਹੈ ਕਿ ਮੈਨੂੰ ਉਨ੍ਹਾਂ ਦੀਆਂ ਲਿਖਤਾਂ ਦੇ ਵਿਸ਼ੇ, ਲਿਖਣ ਦਾ ਵਿਲੱਖਣ ਢੰਗ ਵਧੀਆ ਲੱਗਦਾ ਹੈ ਅਤੇ ਮੇਰੇ ਲਈ ਉਹ ਪੰਜਾਬੀ ਦੇ ਸੁਚੱਜੇ ਲੇਖਕ ਹਨ।

ਹੁਣ ਰਹੀ ਗੱਲ 'ਖਿੱਦੋ' ਦੀ। ਇਸ ਰਚਨਾ, ਜਿਸ ਨੂੰ ਨਾਵਲ ਦਾ ਨਾਂ ਦਿੱਤਾ ਗਿਆ ਹੈ, ਨਾਵਲ ਦੀ ਸ਼੍ਰੇਣੀ ਵਿਚ ਸ਼ੁਮਾਰ ਨਹੀਂ ਕੀਤੀ ਜਾ ਸਕਦੀ। ਸਭ ਤੋਂ ਪਹਿਲਾਂ ਇਸ ਦੇ ਸਿਰਲੇਖ ਸਬੰਧੀ ਗੱਲ ਕਰਨੀ ਚਾਹਾਂਗਾ।

'ਖਿੱਦੋ' ਪੰਜਾਬ ਦੇ ਪੁਰਾਣੇ ਪਿੰਡਾਂ ਦੇ ਚੋਬਰਾਂ ਅਤੇ ਬੱਚਿਆਂ ਦੀਆਂ ਖੇਡਾਂ ਵਿਚੋਂ ਇਕ ਸੀ। ਅੱਜ ਦੀ ਹਾਕੀ, ਪੁਰਾਣੇ ਸਮੇਂ ਦੀ ਖਿੱਦੋ-ਖੂੰਡੀ ਸੀ। ਉਦੋਂ ਨਾ ਤਾਂ ਬੱਚਿਆਂ ਕੋਲ ਹਾਕੀਆਂ ਹੁੰਦੀਆਂ ਸਨ ਅਤੇ ਨਾ ਹੀ ਵਧੀਆ ਬਾਲਾਂ। ਸੁਚੱਜੀਆਂ ਪੇਂਡੂ ਸਵਾਣੀਆਂ ਕੱਪੜਿਆਂ ਦੀ ਕੱਟ-ਵੱਢ ਸਮੇਂ ਬਚੀਆਂ ਛੋਟੀਆਂ-ਛੋਟੀਆਂ ਲੀਰਾਂ ਨਾਲ ਬੱਚਿਆਂ ਨੂੰ ਖਿੱਦੋ ਬਣਾ ਦਿੰਦੀਆਂ। ਇਸ ਨਾਲ ਲੀਰਾਂ ਵੀ ਸਿਮਟ ਜਾਂਦੀਆਂ ਅਤੇ ਬੱਚੇ ਵੀ ਪਰਚ ਜਾਂਦੇ, ਪਰ ਇਨ੍ਹਾਂ ਖਿੱਦੋਆਂ ਨੂੰ ਬਣਾਉਣ ਲਈ ਕਦੇ ਵੀ ਗੰਦੀਆਂ ਲੀਰਾਂ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ। ਆਖਰ ਖੇਡਣ ਤੋਂ ਬਾਅਦ ਖਿੱਦੋ, ਘਰ ਵਿਚ ਹੀ ਰੱਖਣੀ ਹੁੰਦੀ ਸੀ। ਗੰਦੀਆਂ ਲੀਰਾਂ ਦੀ ਖਿੱਦੋ ਨਾਲ ਬੱਚਿਆਂ ਦੇ ਬਿਮਾਰ ਹੋਣ ਦਾ ਵੀ ਖਤਰਾ ਅਤੇ ਘਰ ਵਿਚ ਬਦਬੂ ਫੈਲਣ ਦਾ ਵੀ। ਜੇ ਲੇਖਕ ਨੇ ਖਿੱਦੋ ਦੀ ਇਸ ਭਾਵਨਾ ਦਾ ਧਿਆਨ ਰੱਖਿਆ ਹੁੰਦਾ ਤਾਂ ਸ਼ਾਇਦ ਉਹ ਆਪਣੀ ਲਿਖਣ ਕਲਾ ਨਾਲ (ਜੋ ਉਨ੍ਹਾਂ ਵਿਚ ਹੈ) ਆਪਣੀ 'ਖਿੱਦੋ' ਵੀ ਸਾਫ ਲੀਰਾਂ ਦੀ ਬਣਾ ਸਕਦੇ ਸਨ। ਹਾਂ, ਇਹ ਹੋ ਸਕਦਾ ਹੈ ਕਿ ਉਸ ਨਾਲ ਸਾਹਿਤਕ ਕਿੜਾਂ ਨਹੀਂ ਸੀ ਕੱਢੀਆਂ ਦਾ ਸਕਦੀਆਂ। ਖਿੱਦੋਂ ਵਿਚ ਸਾਰੀਆਂ ਲੀਰਾਂ ਨੂੰ ਵਧੀਆ ਢੰਗ ਨਾਲ ਸਮੇਟਿਆ ਹੁੰਦਾ ਸੀ, ਨਾ ਕਿ ਲੀਰਾਂ ਲਮਕਦੀਆਂ ਨਜ਼ਰ ਆਉਂਦੀਆਂ ਸਨ, ਜਿਵੇਂ ਇਸ ਨਾਵਲ ਵਿਚ ਹੈ।

ਇਹ ਆਮ ਹੀ ਕਿਹਾ ਜਾਂਦਾ ਹੈ ਕਿ ਜਿਹੜਾ ਇਸ ਸੰਸਾਰ ਤੋਂ ਚਲਾ ਹੀ ਗਿਆ, ਉਸ ਸਬੰਧੀ ਕੁਝ ਗਲਤ ਬੋਲ ਜਾਂ ਲਿਖ ਕੇ ਅਸੀਂ ਕੁਝ ਹਾਸਲ ਨਹੀਂ ਕਰ ਸਕਦੇ ਅਤੇ ਨਾ ਹੀ ਉਸ ਦਾ ਕੁਝ ਵਿਗਾੜ ਸਕਦੇ ਹਾਂ। ਬੱਸ, ਆਪਣੇ ਮਨ ਦਾ ਭਾਰ ਹੀ ਹੌਲਾ ਕਰ ਸਕਦੇ ਹਾਂ, ਪਰ ਇਹ ਭਾਰ ਹੌਲਾ ਕਰਦੇ-ਕਰਦੇ ਅਸੀਂ ਦੂਜਿਆਂ ਦੀਆਂ ਨਜ਼ਰਾਂ ਵਿਚ ਆਪ ਵੀ ਹੌਲੇ ਹੋ ਜਾਂਦੇ ਹਾਂ। ਜੇ ਇਹੋ 'ਖਿੱਦੋ' ਲੇਖਕ ਨੇ ਕੁਝ ਸਾਲ ਪਹਿਲਾਂ ਮੈਦਾਨ ਵਿਚ ਸੁੱਟੀ ਹੁੰਦੀ, ਫੇਰ ਨਜ਼ਾਰਾ ਆਉਣਾ ਸੀ। ਇਹ ਦੇਖਦੇ ਕਿ ਇਸ 'ਖਿੱਦੋ' ਨੂੰ ਦੂਜੇ ਆਪਣੀ ਖੂੰਡੀ ਨਾਲ ਕਿਵੇਂ ਉਛਾਲਦੇ?

ਇਸ ਨਾਵਲ ਦਾ ਕੇਂਦਰੀ ਧੁਰਾ ਇੱਕੋ ਵਿਅਕਤੀ ਵਿਸ਼ੇਸ਼ ਅਤੇ ਉਸ ਦੀ ਜੁੰਡਲੀ ਹੈ, ਜਿਨ੍ਹਾਂ ਦਾ ਸਾਰਾ ਜ਼ੋਰ ਪੰਜਾਬੀ ਸਾਹਿਤ ਨਾਲ ਸਬੰਧਿਤ ਕੇਂਦਰੀ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਂਦੇ ਸਨਮਾਨਾਂ ਦੇ ਇਰਦ-ਗਿਰਦ ਹੀ ਘੁੰਮਦਾ ਹੈ। ਇਸ ਲਈ ਲੜਾਈਆਂ ਜਾਂਦੀਆਂ ਤਿਕੜਮਾਂ, ਪੈਸੇ ਦੀ ਤਾਕਤ, 'ਗੋਸ਼ਤ' ਦੀ ਲਾਲਸਾ ਪੂਰੀ ਕਰਨ ਦੀ ਹੋੜ, ਆਪਣੀ ਚੌਧਰ ਦਿਖਾਉਣ ਦੀ ਲਾਲਸਾ ਨੂੰ ਨੰਗਾ ਕੀਤਾ ਹੈ। ਇਹ ਗਲਤ ਬਿਆਨੀ ਨਹੀਂ। ਪਰਦੇ ਪਿੱਛੇ ਪਤਾ ਨਹੀਂ ਕਈ ਕੁਝ ਵਾਪਰਦਾ ਹੈ? ਪਰ ਮੁਆਫ ਕਰਨਾ, ਜਿਵੇਂ ਉਨ੍ਹਾਂ ਨੇ ਨੀਵੇਂ ਦਰਜੇ ਦੀ ਚੌਧਰ ਦਿਖਾਈ, ਉਸੇ ਢੰਗ ਦੀ ਵਰਤੋਂ ਭੁੱਲਰ ਸਾਹਿਬ ਨੇ ਕਰਕੇ ਉਸ ਨੂੰ ਬਿਆਨ ਕਰ ਦਿੱਤਾ। ਘੱਟ ਕਿਸੇ ਨੇ ਨਹੀਂ ਕੀਤੀ। ਚਿੱਕੜ ਵਿਚ ਇੱਟਾਂ-ਰੋੜੇ ਮਾਰ ਕੇ ਆਪਣੇ 'ਤੇ ਵੀ ਚਿੱਕੜ ਦੇ ਕੁਝ ਛਿੱਟੇ ਪੈਂਦੇ ਹੀ ਹਨ।

ਇਨਾਮਾਂ/ਸਨਮਾਨਾਂ ਦੀ ਖਰੀਦੋ-ਫਰੋਖਤ ਨਾ ਤਾਂ ਪ੍ਰਸਤੁਤ ਰਚਨਾ ਦੇ ਨਾਇਕ ਨਾਲ ਸ਼ੁਰੂ ਹੋਈ ਸੀ, ਨਾ ਹੀ ਉਨ੍ਹਾਂ ਨਾਲ ਖਤਮ ਹੋ ਗਈ ਹੈ। ਸ਼ਿਵ ਬਟਾਲਵੀ ਦੀ 'ਲੂਣਾ' ਨੂੰ ਪੁਰਸਕਾਰ ਦੇਣਾ ਗਲਤ ਨਹੀਂ ਸੀ, ਪਰ ਉਸ ਸਮੇਂ ਕੁਝ ਬਹੁਤ ਹੀ ਪੁਰਾਣੇ ਸਾਹਿਤਕਾਰਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਸੀ। 'ਲੂਣਾ' ਦੇ ਸਾਹਿਤਕ ਕੱਦ ਕਰਕੇ ਅਜਿਹੀ ਅਣ-ਦੇਖੀ ਨੂੰ ਸਵੀਕਾਰ ਕੀਤਾ ਦਾ ਸਕਦਾ ਹੈ, ਪਰ ਯਾਦ ਹੈ, ਸ਼ਿਵ ਨੇ ਬੜੇ ਸੰਖੇਪ ਵਿਚ ਹੀ ਇਹ ਕਹਿ ਕੇ ਕਿ 'ਪੰਜ ਹਜ਼ਾਰ ਦੇ ਇਨਾਮ ਲਈ ਤਿੰਨ ਹਜ਼ਾਰ ਦੀ ਦਾਰੂ ਪਿਆ ਦਿਓ, ਇਨਾਮ ਮਿਲ ਜਾਵੇਗਾ' ਸਾਰੀ ਗੱਲ ਸਿਰੇ ਲਾ ਦਿੱਤੀ ਸੀ। ਕਿਸੇ ਦਾ ਨਾਂ ਨਹੀਂ ਸੀ ਲਿਆ, ਪਰ ਇਨਾਮਾਂ ਪਿੱਛੇ ਹੁੰਦੀ ਧਾਂਦਲੀ ਜੱਗ ਜ਼ਾਹਰ ਕਰ ਦਿੱਤੀ ਸੀ, ਜਿਸ ਲਈ 'ਖਿੱਦੋ' ਦੇ ਲੇਖਕ ਨੇ ਕਰੀਬ ਡੇਢ ਸੌ ਪੰਨੇ ਕਾਲੇ ਕਰ ਦਿੱਤੇ। ਸਿਸਟਮ ਦੇ ਨਾਲ-ਨਾਲ ਵਿਅਕਤੀ ਵਿਸ਼ੇਸ਼ਾਂ ਨੂੰ ਵੀ ਭੰਡ ਦਿੱਤਾ। ਭਾਵੇਂ ਗਲਤ ਨਹੀਂ ਭੰਡਿਆ, ਪਰ ਭੰਡਿਆ ਗਲਤ ਢੰਗ ਨਾਲ।

ਇਸ ਤੋਂ ਵੀ ਪਹਿਲਾਂ ਕੇਂਦਰੀ ਇਨਾਮ ਸਬੰਧੀ ਚਰਚਾ ਛਿੜੀ ਹੀ ਰਹਿੰਦੀ ਸੀ-ਕਿਸੇ ਮੋਹਤਬਰ ਨੇ ਆਪਣੀ ਵੋਟ ਆਪ ਨੂੰ ਹੀ ਪਾਈ ਸੀ। ਮੈਨੂੰ ਯਾਦ ਹੈ, ਇਕ ਸਾਲ ਇਸ ਇਨਾਮ ਤੋਂ ਬਾਅਦ ਇਕ ਪੰਜਾਬੀ ਅਖਬਾਰ ਵਿਚ ਸੰਪਾਦਕੀ ਛਪਿਆ ਸੀ ਕਿ ਇਸ ਸਾਲ ਇਨਾਮ ਕਿਸੇ ਪ੍ਰਸਿੱਧ ਨਾਵਲਕਾਰ ਨੂੰ ਦੇਣਾ ਸੀ, ਪਰ ਤਕਨੀਕੀ ਕਾਰਨਾਂ ਕਰਕੇ ਉਸ ਦੀ ਚੋਣ ਨਹੀਂ ਹੋ ਸਕੀ। ਇਹ ਫੈਸਲਾ ਜ਼ਰੂਰ ਹੋ ਗਿਆ ਕਿ ਅਗਲੇ ਸਾਲ ਇਹ ਇਨਾਮ ਉਸੇ ਨਾਵਲਕਾਰ ਨੂੰ ਦਿੱਤਾ ਜਾਵੇਗਾ ਅਤੇ ਹੋਇਆ ਵੀ ਇਸੇ ਤਰ੍ਹਾਂ। ਇਕ ਵਾਰ ਪੰਜਾਬੀ ਸਾਹਿਤ ਦੀ ਬਹੁਤ ਵੱਡੀ ਸ਼ਖਸੀਅਤ ਨੂੰ ਸਾਹਿਤ ਅਕੈਡਮੀ ਦੀ ਕਨਵੀਨਰਸ਼ਿਪ ਇਸ ਲਈ ਛੱਡਣੀ ਪਈ ਸੀ ਕਿ ਜਿਸ ਕਿਤਾਬ ਨੂੰ ਪੜ੍ਹੇ ਬਿਨਾ ਹੀ ਇਨਾਮ ਲਈ ਚੁਣਿਆ ਗਿਆ ਸੀ, ਉਸ ਵਿਚ ਸਮੇਂ ਦੀ ਹਕੂਮਤ ਦੇ ਕਿਸੇ ਪੁਰਾਣੇ ਨੇਤਾ ਸਬੰਧੀ ਨਕਾਰਾਤਮਕ ਸ਼ਬਦ ਵਰਤੇ ਗਏ ਸਨ। ਇਹ ਵਰਤਾਰਾ ਤਾਂ ਸ਼ੁਰੂ ਤੋਂ ਹੀ ਚੱਲ ਰਿਹਾ ਹੈ ਅਤੇ ਜਿਹੜੇ ਇਨਸਾਨ ਨੂੰ ਇਸ ਰਚਨਾ ਵਿਚ ਭੰਡਿਆ ਹੈ, ਉਸ ਤੋਂ ਬਾਅਦ ਵੀ ਇਹ ਵਰਤਾਰਾ ਜਾਰੀ ਹੈ। ਕਈਆਂ ਨੇ ਇਨਾਮ ਲੈਣ ਉਪਰੰਤ ਲਿਖਣਾ ਹੀ ਛੱਡ ਦਿੱਤਾ। ਪੰਜਾਬ ਸਰਕਾਰ ਵੱਲੋਂ ਮਿਲਦੇ ਸ਼੍ਰੋਮਣੀ ਇਨਾਮ ਜੇ ਦੋ-ਚਾਰ ਕਿਤਾਬਾਂ ਦੇ ਲੇਖਕ ਨੂੰ ਮਿਲ ਸਕਦੇ ਹਨ ਤਾਂ ਰੱਬ ਹੀ ਰਾਖਾ ਹੈ। ਇਨ੍ਹਾਂ ਸਨਮਾਨਾਂ ਦੀ ਕਦਰ ਉਦੋਂ ਹੁੰਦੀ ਸੀ, ਜਦੋਂ ਅਕਾਦਮੀ ਵੱਲੋਂ ਇਨਾਮਾਂ ਦਾ ਫੈਸਲਾ ਕਰ ਲਿਆ ਜਾਂਦਾ ਸੀ, ਪਰ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਦੀ ਸਹਿਮਤੀ ਤੋਂ ਬਾਅਦ ਐਲਾਨ ਹੁੰਦਾ ਸੀ।




*ਜਿਹੜੀਆਂ ਸੇਵਾਵਾਂ ਲਈ ਮਦਰ ਟੈਰੇਸਾ ਨੂੰ ਪੁਰਸਕਾਰ ਪ੍ਰਦਾਨ ਕੀਤਾ ਗਿਆ, ਉਸੇ ਖੇਤਰ ਵਿਚ ਭਗਤ ਪੂਰਨ ਸਿੰਘ ਜੀ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਭਗਤ ਜੀ ਨੂੰ ਕੋਈ ਫਰਕ ਨਹੀਂ ਪਿਆ, ਕਿਉਂਕਿ ਉਨ੍ਹਾਂ ਦਾ ਮਕਸਦ ਨੋਬਲ ਪੁਰਸਕਾਰ ਪ੍ਰਾਪਤ ਕਰਨਾ ਨਹੀਂ ਸੀ। ਪੰਜਾਬੀ ਲੇਖਕਾਂ ਨੂੰ ਫਰਕ ਪੈਂਦਾ ਹੈ, ਕਿਉਂਕਿ ਉਨ੍ਹਾਂ ਲਈ ਸਾਹਿਤ ਅਕਾਡਮੀ ਜਾਂ ਭਾਸ਼ਾ ਵਿਭਾਗ ਦਾ ਇਨਾਮ, ਜੀਵਨ-ਮਰਨ ਦਾ ਸਵਾਲ ਹੁੰਦਾ ਹੈ। ਸੁਆਲ ਹੈ ਕਿ ਅਜਿਹੇ ਇਨਾਮਾਂ ਨਾਲ ਦੋ-ਚਾਰ ਦਿਨ ਅਖਬਾਰਾਂ ਵਿਚ ਚਰਚਾ ਹੋ ਜਾਂਦੀ ਹੈ, ਲੇਖਕ ਦੀ ਹਉਮੈ ਨੂੰ ਪੱਠੇ ਪੈ ਜਾਂਦੇ ਹਨ, ਪਰ ਸਾਹਿਤ ਤਾਂ ਗਰੀਬ ਦਾ ਗਰੀਬ ਹੀ ਰਹਿੰਦਾ ਹੈ।*

ਸੁਣਿਆ ਹੈ ਕਿ ਇਕ ਵਾਰ ਪੰਜਾਬੀ ਦੇ ਬਹੁਤ ਹੀ ਪ੍ਰਸਿੱਧ ਵਾਰਤਕਕਾਰ ਦੀ ਪੁਸਤਕ ਦੀ ਚੋਣ ਕੀਤੀ ਗਈ। ਪੰਡਿਤ ਨਹਿਰੂ ਦੇ ਪੁੱਛਣ 'ਤੇ ਦੱਸਿਆ ਗਿਆ ਕਿ ਇਸ ਪੁਸਤਕ ਵਿਚ ਕੁਝ ਪੁਰਾਣੀਆਂ ਪਿਆਰ ਕਹਾਣੀਆਂ ਨੂੰ ਪੇਸ਼ ਕੀਤਾ ਗਿਆ ਹੈ। ਜਦੋਂ ਉਨ੍ਹਾਂ ਪੁੱਛਿਆ ਕਿ ਇਸ ਵਿਚ ਉੱਤਮ ਸਾਹਿਤ ਵਾਲੀ ਕਿਹੜੀ ਗੱਲ ਹੋਈ ਤਾਂ ਸਬੰਧਿਤ ਅਫਸਰ ਕੋਈ ਜੁਆਬ ਨਾ ਦੇ ਸਕੇ। ਇਸ ਲਈ ਉਸ ਪੁਸਤਕ ਨੂੰ ਇਨਾਮ ਨਹੀਂ ਦਿੱਤਾ ਗਿਆ। ਜੇ ਸਾਰੀ ਉਮਰ ਦਵਿੰਦਰ ਸਤਿਆਰਥੀ ਜਾਂ ਕੁਝ ਹੋਰ ਵਧੀਆ ਸਾਹਿਤਕਾਰਾਂ ਨੂੰ ਇਹ ਇਨਾਮ ਨਹੀਂ ਮਿਲਿਆ ਤਾਂ ਇਸ ਨਾਲ ਉਨ੍ਹਾਂ ਦਾ ਸਾਹਿਤਕ ਕੱਦ ਘਟਿਆ ਨਹੀਂ ਅਤੇ ਇਸ ਦੇ ਉਲਟ ਕਈ ਇਨਾਮ ਪ੍ਰਾਪਤੀ ਤੋਂ ਬਾਅਦ ਵੀ ਬੌਣੇ ਦੇ ਬੌਣੇ ਹੀ ਰਹੇ। ਜਦੋਂ ਤੱਕ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਨੂੰ ਸਾਹਿਤ ਅਕੈਡਮੀ ਦਾ ਪੁਰਸਕਾਰ ਨਹੀਂ ਸੀ ਮਿਲਿਆ, ਉਹ ਧੌਣ ਉੱਚੀ ਕਰਕੇ ਰਹਿੰਦਾ ਸੀ, ਪਰ ਜਦੋਂ ਆਮ ਜਿਹੇ ਨਾਟਕ 'ਤੇ ਮਿਲਿਆ ਪੁਰਸਕਾਰ ਸਵਿਕਾਰ ਕਰ ਲਿਆ ਤਾਂ ਕਿਸੇ ਮਾਮੂਲੀ ਜਿਹੇ ਸੰਪਾਦਕ ਨੇ ਤਾਅਨਾ ਮਾਰ ਦਿੱਤਾ ਸੀ, "ਵੇ ਚੰਦਰਿਆ ਇਹ ਤੂੰ ਕੀ ਕੀਤਾ, ਬੁੱਢੇਵਾਰੇ ਖੇਹ ਖਾ ਲਈ।"

ਗਾਂਧੀ ਨੂੰ ਸ਼ਾਂਤੀ ਨੋਬਲ ਇਨਾਮ ਨਹੀਂ ਮਿਲਿਆ, ਪਰ ਬਾਅਦ ਵਿਚ ਨੋਬਲ ਪੁਰਸਕਾਰ ਕਮੇਟੀ ਵਾਲਿਆਂ ਨੇ ਇਸ ਦੀ ਮੁਆਫੀ ਮੰਗੀ। ਗਾਂਧੀ ਦਾ ਕੱਦ ਨੋਬਲ ਪੁਰਸਕਾਰ ਤੋਂ ਬਿਨਾ ਹੀ ਹੋਰ ਉੱਚਾ ਹੋ ਗਿਆ। ਜਿਹੜੀਆਂ ਸੇਵਾਵਾਂ ਲਈ ਮਦਰ ਟੈਰੇਸਾ ਨੂੰ ਪੁਰਸਕਾਰ ਪ੍ਰਦਾਨ ਕੀਤਾ ਗਿਆ, ਉਸੇ ਖੇਤਰ ਵਿਚ ਭਗਤ ਪੂਰਨ ਸਿੰਘ ਜੀ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਭਗਤ ਜੀ ਨੂੰ ਕੋਈ ਫਰਕ ਨਹੀਂ ਪਿਆ, ਕਿਉਂਕਿ ਉਨ੍ਹਾਂ ਦਾ ਮਕਸਦ ਨੋਬਲ ਪੁਰਸਕਾਰ ਪ੍ਰਾਪਤ ਕਰਨਾ ਨਹੀਂ ਸੀ। ਪੰਜਾਬੀ ਲੇਖਕਾਂ ਨੂੰ ਫਰਕ ਪੈਂਦਾ ਹੈ, ਕਿਉਂਕਿ ਉਨ੍ਹਾਂ ਲਈ ਸਾਹਿਤ ਅਕਾਡਮੀ ਜਾਂ ਭਾਸ਼ਾ ਵਿਭਾਗ ਦਾ ਇਨਾਮ, ਜੀਵਨ-ਮਰਨ ਦਾ ਸਵਾਲ ਹੁੰਦਾ ਹੈ। ਸੁਆਲ ਹੈ ਕਿ ਅਜਿਹੇ ਇਨਾਮਾਂ ਨਾਲ ਦੋ-ਚਾਰ ਦਿਨ ਅਖਬਾਰਾਂ ਵਿਚ ਚਰਚਾ ਹੋ ਜਾਂਦੀ ਹੈ, ਲੇਖਕ ਦੀ ਹਉਮੈ ਨੂੰ ਪੱਠੇ ਪੈ ਜਾਂਦੇ ਹਨ, ਪਰ ਸਾਹਿਤ ਤਾਂ ਗਰੀਬ ਦਾ ਗਰੀਬ ਹੀ ਰਹਿੰਦਾ ਹੈ। ਪੰਜਾਬੀ ਦਾ ਕੋਈ ਲੇਖਕ ਅਜੇ ਤੱਕ ਨੋਬਲ ਪੁਰਸਕਾਰ ਲਈ ਕਿਉਂ ਨਹੀਂ ਵਿਚਾਰਿਆ ਗਿਆ? ਕਿਉਂਕਿ ਉਨ੍ਹਾਂ ਦੀ ਸੋਚ ਅਜੇ ਤੱਕ ਸਾਹਿਤ ਅਕੈਡਮੀ ਦੇ ਇਨਾਮ ਤੋਂ ਉੱਚੀ ਨਹੀਂ ਉੱਠੀ। ਬਾਕੀ ਪੁਰਸਕਾਰ ਬਦਲੇ ਸਰੀਰਕ ਸਬੰਧਾਂ ਦੀ ਗੱਲ ਤੋਂ ਤਾਂ ਨੋਬਲ ਪੁਰਸਕਾਰ ਵੀ ਨਿਰਲੇਪ ਨਹੀਂ। ਸੋ, ਜਸਬੀਰ ਭੁੱਲਰ ਨੂੰ ਅਸਲੀਅਤ ਨੂੰ ਪਛਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਨ੍ਹਾਂ ਸਬੰਧੀ ਆਵਾਜ਼ ਉਠਾਈ ਜਾਣੀ ਚਾਹੀਦੀ ਹੈ, ਪਰ ਇਕੱਠੇ ਹੋ ਕੇ।

ਜਸਬੀਰ ਭੁੱਲਰ ਦੀਆਂ ਰਚਨਾਵਾਂ ਵਿਚੋਂ ਇਕ ਨਹੀਂ, ਕਈਆਂ ਨੂੰ ਸਾਹਿਤ ਅਕੈਡਮੀ ਦੇ ਇਨਾਮ ਲਈ ਚੁਣਿਆ ਜਾ ਸਕਦਾ ਸੀ ਜਾਂ ਹੈ? ਪਰ ਸੱਚਾਈ ਹੈ ਕਿ ਇਹ ਇਨਾਮਾਂ ਦੀ ਵਾਗਡੋਰ ਬਹੁਤਾ ਸਮਾਂ ਜੋੜ-ਤੋੜ ਕਰਨ ਦੇ ਮਾਹਿਰਾਂ ਦੇ ਹੱਥ ਰਹੀ ਅਤੇ ਹੁਣ ਵੀ ਹੈ। ਸੱਪ ਲੰਘ ਚੁਕਾ ਹੈ ਅਤੇ ਹੁਣ ਵੀ ਲੰਘੀ ਜਾ ਰਿਹਾ ਹੈ, ਪਰ ਅਜੇ ਤੱਕ ਸੱਪ ਨੂੰ ਮਾਰਨ ਦੀ ਥਾਂ ਵਿਦਵਾਨ ਲਕੀਰ ਨੂੰ ਕੁੱਟੀ ਜਾ ਰਹੇ ਹਨ। ਗੱਲ ਹੋਣੀ ਚਾਹੀਦੀ ਹੈ ਸੱਪ ਮਾਰਨ ਦੀ, ਭਾਵ ਅਜਿਹਾ ਕੁਝ ਕਰਨ ਦੀ ਕਿ ਭਵਿੱਖ ਵਿਚ ਹੋਣ ਵਾਲੇ ਘਾਲੇ-ਮਾਲਿਆਂ 'ਤੇ ਰੋਕ ਲੱਗ ਸਕੇ। ਜਸਬੀਰ ਭੁੱਲਰ ਅਤੇ ਉਨ੍ਹਾਂ ਵਰਗੇ ਸੁਹਿਰਦ ਸਾਹਿਤਕਾਰਾਂ ਨੂੰ ਆਪਣੀਆਂ-ਆਪਣੀਆਂ ਖਿੱਦੋਆਂ ਉਛਾਲਣ ਦੀ ਥਾਂ ਸਿਰ ਜੋੜ ਕੇ ਬੈਠਣਾ ਚਾਹੀਦਾ ਹੈ ਕਿ ਨਾਵਲ 'ਖਿੱਦੋ' ਦੇ ਹੀਰੋ, 'ਹੀਰੇ' ਵਰਗਿਆਂ ਦੇ ਆਪ-ਹੁਦਰੇ ਵਰਤਾਰਿਆਂ ਨੂੰ ਠੱਲ੍ਹ ਕਿਵੇਂ ਪਵੇ? ਪਰ ਇਕ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਦੁਨੀਆਂ ਦਾ ਕੋਈ ਵੀ ਕੰਮ ਪੂਰੀ ਮੁਸ਼ਤੈਦੀ ਨਾਲ ਨਹੀਂ ਹੋ ਸਕਦਾ। ਚੋਰ-ਮੋਰੀਆਂ ਲੱਭਣ ਵਾਲੇ ਲੱਭ ਹੀ ਲੈਂਦੇ ਹਨ।

ਜਸਬੀਰ ਭੁੱਲਰ ਨੇ ਅਕਾਦਮਿਕ ਖੇਤਰ ਦੇ ਇਕ ਹੋਰ ਗਲਤ ਵਰਤਾਰੇ ਸਬੰਧੀ ਵੀ ਇਸ਼ਾਰਾ ਕੀਤਾ ਹੈ-ਪੀਐਚ. ਡੀ. ਕਰ ਰਹੀਆਂ ਲੜਕੀਆਂ ਦੇ ਸ਼ੋਸ਼ਣ ਬਾਰੇ ਅਤੇ ਨਕਲਾਂ ਮਾਰ ਕੇ ਡਿਗਰੀਆਂ ਲੈਣ ਦੀ ਕੋਝੀ ਰੀਤ ਬਾਰੇ। ਇਹ ਭੈੜੀਆਂ ਰੀਤਾਂ ਵੀ ਅੱਜ ਦੀਆਂ ਨਹੀਂ, ਪੁਰਾਣੀਆਂ ਹਨ। ਇਹ ਕਿਤੇ ਪੜ੍ਹਿਆ ਸੀ ਕਿ ਭਾਰਤ ਦੇ ਇਕ ਕਹਿੰਦੇ-ਕੁਹਾਉਂਦੇ ਵਿਦਿਆ ਸ਼ਾਸ਼ਤਰੀ (ਜਿਸ ਨੇ ਬਾਅਦ ਵਿਚ ਟੀਸੀ ਦੇ ਬੇਰ ਦਾ ਸਵਾਦ ਵੀ ਚੱਖਿਆ ਸੀ), ਨੇ ਉਸ ਕੋਲ ਮੁਲੰਕਣ ਲਈ ਆਏ ਪੀਐਚ. ਡੀ. ਦੇ ਖੋਜ-ਪ੍ਰਬੰਧ ਦੀ ਦੋ ਸਾਲ ਤੱਕ ਯੂਨੀਵਰਸਿਟੀ ਨੂੰ ਰਿਪੋਰਟ ਨਹੀਂ ਸੀ ਭੇਜੀ ਅਤੇ ਇਸ ਸਮੇਂ ਦੌਰਾਨ ਆਪਣੇ ਨਾਂ ਹੇਠ ਕਿਤਾਬ ਛਪਵਾ ਲਈ। ਬਾਅਦ ਵਿਚ ਕੁਝ ਲੈ-ਦੇ ਕੇ ਮਾਮਲਾ ਰਫਾ-ਦਫਾ ਕਰ ਦਿੱਤਾ। ਇਥੇ ਤੰਦ ਨਹੀਂ, ਤਾਣੀ ਹੀ ਉਲਝੀ ਹੋਈ ਹੈ।

ਗੱਲ ਫੇਰ 'ਖਿੱਦੋ' ਦੀ ਕਰੀਏ। ਜਸਬੀਰ ਭੁੱਲਰ ਨੂੰ ਬਾਲ ਸਾਹਿਤ ਲਈ ਸਾਹਿਤ ਅਕੈਡਮੀ ਦਾ ਇਨਾਮ ਮਿਲ ਚੁਕਾ ਹੈ, ਭਾਵੇਂ ਉਹ ਨਿਰੋਲ ਸਾਹਿਤ ਦੇ ਇਨਾਮ ਦੇ ਯੋਗ ਹੋ, ਪਰ ਸਵਾਲ ਹੈ ਕਿ ਉਨ੍ਹਾਂ ਦੀ ਇਹ ਚੋਣ ਵੀ ਤਾਂ 'ਹੀਰਾ' ਮਾਅਰਕਾ ਸਿਸਟਮ ਅਧੀਨ ਹੋਈ, ਜਿਹੜੇ ਸਿਸਟਮ ਦੀਆਂ ਇਸ ਰਚਨਾ ਵਿਚ ਧੱਜੀਆਂ ਉਡਾਈਆਂ ਹਨ। ਇਥੇ ਦੋ ਸਵਾਲ ਪੈਦਾ ਹੁੰਦੇ ਹਨ-ਜੇ ਉਹ ਸਮਝਦੇ ਕਿ ਉਹ ਵੱਡੇ ਇਨਾਮ ਦੇ ਹੱਕਦਾਰ ਸੀ, ਪਰ ਉਨ੍ਹਾਂ ਦੇ ਸਾਹਿਤਕ ਕੱਦ ਤੋਂ ਹੇਠਲੇ ਪੱਧਰ ਦਾ ਇਨਾਮ ਦੇ ਕੇ ਵਰਚਾਇਆ ਗਿਆ ਹੈ ਤਾਂ ਉਨ੍ਹਾਂ ਇਹ ਛੋਟਾ ਇਨਾਮ ਸਵਿਕਾਰ ਕਿਉਂ ਕੀਤਾ? ਦੂਜੀ ਗੱਲ, ਜੇ ਉਸ ਸਮੇਂ ਦੇ ਚੱਲਣ ਮੁਤਾਬਕ ਕੋਈ ਵੀ ਇਨਾਮ ਜੋੜ-ਤੋੜ ਤੋਂ ਬਿਨਾ ਨਹੀਂ ਸੀ ਮਿਲਦਾ, ਤਾਂ ਉਨ੍ਹਾਂ ਨੂੰ ਕਿਵੇਂ ਮਿਲਿਆ?

ਗੱਲ ਹੋਰ ਨਹੀਂ ਵਧਾਉਂਦਾ। ਇਹ ਸਪਸ਼ਟ ਹੈ ਕਿ ਉਨ੍ਹਾਂ ਦਾ ਹੱਕ ਮਾਰਿਆ ਗਿਆ, ਉਹ ਸਾਹਿਤ ਅਕੈਡਮੀ ਦੇ ਨਾਲ-ਨਾਲ ਭਾਸ਼ਾ ਵਿਭਾਗ ਦੇ ਸ਼੍ਰੋਮਣੀ ਪੁਰਸਕਾਰ ਦੇ ਹੱਕਦਾਰ ਵੀ ਹਨ, ਪਰ ਇਸ ਦਾ ਬਦਲਾ ਲੈਣ ਲਈ ਜਾਂ ਕਿੜ ਕੱਢਣ ਲਈ 'ਖਿੱਦੋ' ਜਿਸ ਢੰਗ ਨਾਲ ਬੜ੍ਹਕਾ ਕੇ ਮਾਰੀ ਹੈ, ਉਹ ਵੀ ਯੋਗ ਨਹੀਂ। ਜਿਵੇਂ ਪੁਸਤਕ ਦੇ ਅੰਤ ਵਿਚ 'ਹੀਰੇ' ਰਾਹੀਂ ਕਾਮ ਉਤੇਜਕ ਗੋਲੀ ਖਾ ਕੇ ਆਪਣੀ 'ਚਹੇਤੀ' ਕੋਲ ਜਾਣਾ ਅਤੇ ਇਸ ਦਵਾਈ ਕਰਕੇ ਉਸ ਨੂੰ ਰਿਐਕਸ਼ਨ ਹੋ ਜਾਣਾ ਅਤੇ ਮੌਤ ਦੇ ਮੂੰਹ ਵਿਚ ਜਾ ਪੈਣਾ ਅਤਿ ਦਰਜੇ ਦਾ ਭੈੜਾ ਚਿਤਰਣ ਹੈ। ਜਦੋਂ ਲੇਖਕ ਨੂੰ ਇਹ ਪਤਾ ਨਾ ਲੱਗਿਆ ਕਿ ਕਹਾਣੀ ਦਾ ਅੰਤ ਕਿਵੇਂ ਕੀਤਾ ਜਾਵੇ ਤਾਂ ਇਕ ਫਿਲਮੀ ਜਿਹੀ ਕਹਾਣੀ ਜੋੜ, 'ਚਹੇਤੀ' ਦੀ ਖੁਦਕੁਸ਼ੀ ਦਿਖਾ ਦਿੱਤੀ। ਇਹ ਕਿਰਦਾਰ-ਕੁਸ਼ੀ ਤੋਂ ਵੱਧ ਕੁਝ ਨਹੀਂ। 'ਖਿੱਦੋ' ਨਾਲ ਇਕ ਚੰਗੇ ਲੇਖਕ ਦੇ ਅਕਸ ਨੂੰ ਢਾਹ ਲੱਗੀ ਹੈ। 'ਹੀਰਾ' ਪਾਰਟੀ ਦਾ ਦਾਬਾ ਜਰੂਰ ਸੀ, ਪਰ ਇਹ ਵੀ ਦੂਜੇ ਸੁਹਿਰਦ ਲੇਖਕਾਂ ਦੀ ਕਮਜ਼ੋਰੀ ਕਰਕੇ ਹੀ ਪਿਆ। ਇਕੱਲੇ ਉਹ ਹੀ ਨਹੀਂ, ਪੰਜਾਬ ਸਰਕਾਰ ਦੇ ਪੁਰਸਕਾਰਾਂ ਲਈ ਅਸੂਲਾਂ ਦੇ ਪੱਕਿਆਂ ਨੇ ਅਸੂਲਾਂ ਨੂੰ ਤਿਲਾਂਜਲੀ ਦਿੱਤੀ। ਐਨ ਮੌਕੇ 'ਤੇ ਸਲਾਹਕਾਰ ਕਮੇਟੀ ਦੀ ਮੈਂਬਰੀ ਛੱਡ ਦਿੱਤੀ, ਜਦੋਂ ਪਤਾ ਲੱਗਿਆ ਕਿ ਉਨ੍ਹਾਂ ਦਾ ਨਾਂ ਵੀ ਸ਼੍ਰੋਮਣੀ ਪੁਰਸਕਾਰ ਵਾਲਿਆਂ ਦੀ ਫਹਿਰਿਸ਼ਤ ਵਿਚ ਸ਼ਾਮਲ ਹੈ। ਕਿਸੇ ਨੇ ਨਾ ਕਿਹਾ ਕਿ ਉਸ ਦਾ ਨਾਂ ਨਾ ਵਿਚਾਰਿਆ ਜਾਵੇ। ਉਸ ਮੰਡਲੀ ਦਾ ਕੁਝ ਨਹੀਂ ਵਿਗੜਿਆ, ਸਿਸਟਮ ਵੀ ਉਸੇ ਤਰ੍ਹਾਂ ਜਾਰੀ ਹੈ, ਬਦਲਾਵ ਦੀ ਕੋਈ ਆਸ ਨਹੀਂ, ਇਨਾਮ ਹੁਣ ਵੀ "ਮੂੰਹ ਦੇਖ ਕੇ ਚਪੇੜ ਮਾਰਨ" ਵਾਂਗ ਵੰਡੇ ਜਾਣਗੇ, ਖਰੀਦੇ ਜਾਣਗੇ, ਵੇਚੇ ਜਾਣਗੇ; ਪਰ 'ਖਿੱਦੋ' ਦਾ ਲੇਖਕ ਉਪਰਲੇ ਇਨਾਮ ਲਈ ਉਦੋਂ ਵੀ ਮਾਰ ਖਾ ਗਿਆ ਅਤੇ ਹੁਣ ਨਕਾਰਾਤਮਕ ਢੰਗ ਦਾ ਲੰਬਾ ਲੇਖ ਲਿਖ ਕੇ ਉਹ ਲੇਖਕ ਹੋਣ ਪੱਖੋਂ ਵੀ ਮਾਰ ਖਾ ਗਿਆ। ਕਦੇ ਸਮਾਂ ਮਿਲੇ ਤਾਂ ਉਹ ਇਹ ਆਤਮ ਚਿੰਤਨ ਜਰੂਰ ਕਰਨ ਕਿ 'ਖਿੱਦੋ' ਨਾਲ ਉਨ੍ਹਾਂ ਨੇ ਕੀ ਖੱਟਿਆ ਅਤੇ ਕੀ ਗੁਆਇਆ?

ਇਕ ਗੱਲ ਹੋਰ, ਪੰਜਾਬੀ ਸਾਹਿਤ ਦੀ ਇਕ ਹੋਰ ਨਾਮਵਰ ਸ਼ਖਸੀਅਤ ਨੇ ਪ੍ਰਸਤੁਤ ਨਾਵਲ ਦੇ ਮੁੱਢ ਵਿਚ ਨਾਵਲ ਦੇ ਨਾਇਕ ਨੂੰ ਉਸ ਦੇ ਅਸਲੀ ਨਾਂ ਨਾਲ ਹੀ ਨਸ਼ਰ ਨਹੀਂ ਕੀਤਾ, ਉਸ ਦੇ ਕੰਮਾਂ ਦਾ ਪਾਜ ਵੀ ਉਧੇੜ ਦਿਤਾ, ਪਰ ਲੇਖਕ ਨੇ ਫਰਜੀ ਨਾਂਵਾਂ ਦਾ ਸਹਾਰਾ ਕਿਉਂ ਲਿਆ?



ਜਸਬੀਰ ਭੁੱਲਰ

# 'ਅਸਾਂ ਮਾਹੀ ਨੂੰ ਮਨਾਇਆ' ਵਾਲੀ ਜਗਜੀਤ ਕੌਰ





*ਜਗਜੀਤ ਕੌਰ ਦੀਆਂ ਦੋ ਤਸਵੀਰਾਂ।*

ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕੰਗ ਮਈ ਵਿਚ ਪੈਦਾ ਹੋਈ ਜਗਜੀਤ ਕੌਰ ਨੇ ਆਪਣੀ ਬੁਲੰਦ ਆਵਾਜ਼ ਦੇ ਦਮ 'ਤੇ ਹਿੰਦੀ ਸਿਨੇਮਾ ਵਿਚ ਪੰਜਾਬ ਦਾ ਨਾਂ ਰੌਸ਼ਨ ਕੀਤਾ। 1950 ਤੇ 60ਵਿਆਂ ਵਿਚ ਜਿੱਥੇ ਉਸ ਦੇ ਗਾਏ ਲੋਕ ਗੀਤ ਪੰਜਾਬ ਦੇ ਘਰ-ਘਰ ਵਿਚ ਗੂੰਜਦੇ ਸਨ, ਉਥੇ ਉਸ ਨੇ 1960ਵਿਆਂ ਤੋਂ 80ਵਿਆਂ ਤਕ ਹਿੰਦੀ ਸਿਨਮਾ ਵਿਚ ਪਿੱਠਵਰਤੀ ਗੁਲੂਕਾਰਾ ਵਜੋਂ ਪ੍ਰਸਿੱਧੀ ਹਾਸਲ ਕੀਤੀ। ਉਸ ਦਾ ਵਿਆਹ ਮਸ਼ਹੂਰ ਸੰਗੀਤਕਾਰ ਖਯਾਮ ਨਾਲ ਹੋਇਆ।

ਜਗਜੀਤ ਕੌਰ ਦੀ ਪੈਦਾਇਸ਼ ਪਹਿਲੀ ਨਵੰਬਰ 1931 ਨੂੰ ਹੁਸ਼ਿਆਰਪੁਰ ਦੇ ਪਿੰਡ ਕੰਗ ਮਈ ਦੇ ਜੱਟ ਸਿੱਖ ਪਰਿਵਾਰ ਵਿਚ ਹੋਈ। ਪਿਤਾ ਸ਼ਿਵਚਰਨ ਸਿੰਘ ਸਿੱਧੂ ਅਤੇ ਮਾਤਾ ਭਾਨ ਕੌਰ ਦੀ ਇਸ ਲਾਡਲੀ ਧੀ ਨੂੰ ਬਾਲ ਵਰੇਸੇ ਹੀ ਸੰਗੀਤ ਨਾਲ ਬੇਹੱਦ ਉਲਫਤ ਸੀ। ਪਿਤਾ ਦੀ ਹੌਸਲਾ-ਅਫਜ਼ਾਈ ਦੌਰਾਨ ਜਗਜੀਤ ਨੇ ਸੰਗੀਤ ਦੀ ਬਕਾਇਦਾ ਤਾਲੀਮ ਮਾਸਟਰ ਨੱਥੂ ਰਾਮ ਕੋਲੋਂ ਹਾਸਲ ਕੀਤੀ। ਦਸਵੀਂ ਤਕ ਪੜ੍ਹਾਈ ਕਰਨ ਤੋਂ ਬਾਅਦ ਉਹ ਪੱਕੇ ਤੌਰ 'ਤੇ ਸੰਗੀਤ ਨੂੰ ਸਮਰਪਿਤ ਹੋ ਗਈ। ਉਸ ਨੇ ਕੁਝ ਸਮਾਂ ਆਲ ਇੰਡੀਆ ਰੇਡੀਓ, ਜਲੰਧਰ ਤੇ ਦਿੱਲੀ ਤੋਂ ਲੋਕ ਗੀਤਾਂ ਦੀ ਪੇਸ਼ਕਾਰੀ ਵੀ ਕੀਤੀ। 1951 ਵਿਚ ਇਕ ਪੰਜਾਬੀ ਫਿਲਮ 'ਚ ਗੀਤ ਗਾਉਣ ਤੋਂ ਬਾਅਦ ਉਹ ਪੱਕੇ ਤੌਰ 'ਤੇ ਬੰਬਈ ਆ ਗਈ।

ਜਦੋਂ ਐਨ.ਐਸ. ਕਵਾਤੜਾ ਨੇ ਕੇ.ਡੀ. ਮਹਿਰਾ (ਕ੍ਰਿਸ਼ਨ ਦੇਵ ਮਹਿਰਾ) ਦੀ ਹਿਦਾਇਤਕਾਰੀ ਵਿਚ ਮਜ਼ਾਹੀਆ ਪੰਜਾਬੀ ਫਿਲਮ 'ਪੋਸਤੀ' (1951) ਬਣਾਈ ਤਾਂ ਇਨ੍ਹਾਂ ਦੇ ਛੋਟੇ ਭਰਾ ਸਰਦੂਲ ਕਵਾਤੜਾ (ਸਹਾਇਕ ਭਗਵੰਤ ਸਿੰਘ ਕਵਾਤੜਾ) ਨੇ ਆਪਣੀ ਸੰਗੀਤ ਨਿਰਦੇਸ਼ਨਾ ਵਿਚ ਜਗਜੀਤ ਕੌਰ ਨੂੰ ਨਵੀਂ ਗੁਲੂਕਾਰਾ ਵਜੋਂ ਪੇਸ਼ ਕੀਤਾ। ਜਗਜੀਤ ਕੌਰ ਨੇ ਇਸ ਫਿਲਮ ਦੇ ਦੋ ਗੀਤ ਗਾਏ। ਪਹਿਲਾ ਅਦਾਕਾਰਾ ਸ਼ਿਆਮਾ ਤੇ ਮਨੋਰਮਾ 'ਤੇ ਫਿਲਮਾਇਆ ਤੇ ਮਨੋਹਰ ਸਿੰਘ ਸਹਿਰਾਈ ਦਾ ਲਿਖਿਆ 'ਸੁਣ ਵੇ ਦੁਪੱਟਿਆ ਸੱਤ ਰੰਗਿਆ ਹਾਏ ਵੇ ਦੁਪੱਟਿਆ' (ਆਸ਼ਾ ਭੌਸਲੇ, ਜਗਜੀਤ ਕੌਰ) ਅਤੇ ਦੂਜਾ ਅਦਾਕਾਰਾ ਰਜਨੀ, ਮੋਤੀ ਸੂਦ (ਮਜਨੂੰ) ਤੇ ਸਾਥੀਆਂ 'ਤੇ ਫਿਲਮਾਇਆ ਅਤੇ ਵਰਮਾ ਮਲਿਕ ਦਾ ਲਿਖਿਆ ਕੱਵਾਲੀ ਗੀਤ 'ਅੱਖ ਨਾਲ ਦਿਲ ਨੂੰ... ਦਿਲ ਲੈਣ ਵਾਲਿਆ ਤੇਰਾ ਕੱਖ ਨਾ ਰਹੇ' (ਆਸ਼ਾ ਭੌਸਲੇ, ਜਗਜੀਤ ਕੌਰ, ਮੁਹੰਮਦ ਰਫੀ) ਬਹੁਤ ਪਸੰਦ ਕੀਤੇ ਗਏ। ਇਹ ਕਾਮਯਾਬ ਫਿਲਮ 8 ਜੂਨ 1951 ਨੂੰ ਅੰਮ੍ਰਿਤਸਰ ਵਿਚ ਲੱਗੀ। ਬਲਦੇਵ ਆਰ. ਝੀਂਗਣ ਨਿਰਦੇਸ਼ਿਤ ਪੰਜਾਬੀ ਫਿਲਮ 'ਬੰਤੋ' (1962) ਵਿਚ ਸੰਗੀਤਕਾਰ ਬਾਬੁਲ ਨੇ ਨਗਮਾਨਿਗਾਰ ਮਨੋਹਰ ਸਿੰਘ ਸਹਿਰਾਈ ਦੇ ਲਿਖੇ 3 ਗੀਤ ਜਗਜੀਤ ਕੌਰ ਕੋਲੋਂ ਗਵਾਏ। ਨਿਸ਼ੀ, ਦਲਜੀਤ ਤੇ ਸਾਥੀਆਂ 'ਤੇ ਫਿਲਮਾਏ ਇਨ੍ਹਾਂ ਗੀਤਾਂ ਦੇ ਬੋਲ ਹਨ- 'ਓ ਮੇਰੀ ਚੁੰਨੀ ਡਿੱਗ-ਡਿੱਗ ਪੈਂਦੀ ਨੀਂ, ਨੀਂ ਮੈਂ ਕੁਝ ਵੀ ਮੂੰਹੋਂ ਕਹਿੰਦੀ ਨੀਂ' (ਜਗਜੀਤ ਕੌਰ), ਉਦਾਸ ਗੀਤ 'ਨੀਂ ਅੱਜ ਛਣਕੇ ਨਾ ਝਾਂਜਰ ਮੇਰੀ' (ਜਗਜੀਤ ਕੌਰ) ਅਤੇ ਭੰਗੜਾ ਗੀਤ 'ਨੰਗਾ ਰੱਖ ਕੇ... ਬੰਤੋ ਦੀ ਟੌਰ੍ਹ ਵੱਖਰੀ' (ਮੀਨੂੰ ਪ੍ਰਸ਼ੋਤਮ, ਜਗਜੀਤ ਕੌਰ, ਮਹਿੰਦਰ ਕਪੂਰ, ਐਸ.ਡੀ. ਬਾਤਿਸ਼)। ਇਹ ਫਿਲਮ 20 ਜੁਲਾਈ 1962 ਨੂੰ ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ।

ਬੂਟਾ ਸਿੰਘ ਸ਼ਾਦ ਦੇ ਫਿਲਮਸਾਜ਼ ਅਦਾਰੇ ਦੀ ਵੇਦ ਮਹਿਰਾ ਨਿਰਦੇਸ਼ਿਤ ਪਹਿਲੀ ਪੰਜਾਬੀ ਫਿਲਮ 'ਕੁੱਲੀ ਯਾਰ ਦੀ' (1970) ਵਿਚ ਸੰਗੀਤਕਾਰ ਮਨੋਹਰ ਨੇ ਜਗਜੀਤ ਕੌਰ ਕੋਲੋਂ ਗੀਤ ਗਵਾਇਆ 'ਬੀਨ ਵਜਾ ਕੇ ਨੈਣ ਮਿਲਾ ਕੇ ਜੋਗੀ ਮੰਤਰ ਪੜ੍ਹ ਗਿਆ ਵੇ' (ਨਾਲ ਸ਼ਮਸ਼ਾਦ ਬੇਗਮ)। ਕਾਮੇਡੀ ਕਿੰਗ ਮਿਹਰ ਮਿੱਤਲ ਦੇ ਫਿਲਮਸਾਜ਼ ਅਦਾਰੇ ਦੀ ਸੁਭਾਸ਼ ਭਾਖੜੀ ਨਿਰਦੇਸ਼ਿਤ ਮਜ਼ਾਹੀਆ ਫਿਲਮ 'ਮਾਂ ਦਾ ਲਾਡਲਾ' (1973) ਵਿਚ ਸੰਗੀਤਕਾਰ ਮਨੋਹਰ ਨੇ ਜਗਜੀਤ ਕੌਰ ਕੋਲੋਂ ਇੰਦਰਜੀਤ ਹਸਨਪੁਰੀ ਦਾ ਲਿਖਿਆ ਗੀਤ ਗਵਾਇਆ 'ਲੁਧਿਆਣੇ ਮੇਰੀ ਝਾਂਜਰ ਛਣਕੇ' (ਜਗਜੀਤ ਕੌਰ, ਨੂਰਜਹਾਂ) ਜੋ ਨ੍ਰਿਤ ਅਦਾਕਾਰਾਵਾਂ ਸ਼ੈਫਾਲੀ ਤੇ ਰਤਨਾ 'ਤੇ ਫਿਲਮਾਇਆ ਗਿਆ ਸੀ। ਇਹ ਫਿਲਮ 6 ਅਪਰੈਲ 1973 ਨੂੰ ਰਿਲੀਜ਼ ਹੋਈ।

ਬੀ.ਆਰ. ਸਾਹਨੀ ਦੇ ਫਿਲਮਸਾਜ਼ ਅਦਾਰੇ ਦੀ ਕਾਕਾ ਸ਼ਰਮਾ ਨਿਰਦੇਸ਼ਿਤ ਪੰਜਾਬੀ ਫਿਲਮ 'ਸਤਿਗੁਰੂ ਤੇਰੀ ਓਟ' (1974) 'ਚ ਪਹਿਲੀ ਵਾਰ ਜਗਜੀਤ ਕੌਰ ਨੇ ਗੀਤ ਗਾਉਣ ਦੇ ਨਾਲ-ਨਾਲ ਫਿਲਮ ਦਾ ਸੋਹਣਾ ਸੰਗੀਤ ਵੀ ਤਾਮੀਰ ਕੀਤਾ। ਫਿਲਮ 'ਚ ਪੰਜਾਬੀ ਨਗਮਾਨਿਗਾਰ ਨਕਸ਼ ਲਾਇਲਪੁਰੀ ਦੇ ਲਿਖੇ 7 ਗੀਤਾਂ 'ਚੋਂ 6 ਗੀਤ ਜਗਜੀਤ ਕੌਰ ਨੇ ਗਾਏ। ਮੀਨਾ ਰਾਏ, ਮਧੂਮਤੀ, ਵੀਨਾ ਤੇ ਸੋਮ ਦੱਤ 'ਤੇ ਫਿਲਮਾਏ ਇਨ੍ਹਾਂ ਗੀਤਾਂ ਦੇ ਖੂਬਸੂਰਤ ਬੋਲ ਹਨ 'ਭੁੱਲ ਜਾਏਂਗੀ ਤੂੰ ਸਾਨੂੰ ਭੁੱਲ ਜਾਏਂਗੀ', 'ਤੇਰਾ ਨਾਮ ਸਦਾ ਸੁਖਦਾਈ, ਸਤਿਗੁਰੂ ਤੇਰੀ ਓਟ' (ਜਗਜੀਤ ਕੌਰ), 'ਰਾਂਝਣਾ ਓ ਮੇਰਾ ਨਾਜ਼ੁਕ ਦਿਲ ਨਾ ਤੋੜੀਂ ਵੇ' (ਜਗਜੀਤ ਕੌਰ) ਅਤੇ 3 ਦੋਗਾਣਾ ਮਹਿੰਦਰ ਕਪੂਰ ਨਾਲ 'ਸਾਡੀ ਹਿੱਕ 'ਤੇ ਨਿਸ਼ਾਨਾ ਲਾਇਆ', 'ਮੈਂ ਚਿੱਠੀਆਂ ਨਿੱਤ ਪਾਵਾਂ' ਤੇ ਤੀਜਾ ਦੇਸ਼ ਭਗਤੀ ਗੀਤ 'ਸੌ ਬਹਾਰਾਂ...ਕੌਮ ਦੇ ਪਿਆਰੇ ਸ਼ਹੀਦੋ'। ਇਹ ਫਿਲਮ 14 ਮਾਰਚ 1975 ਨੂੰ ਅੰਮ੍ਰਿਤਸਰ ਵਿਖੇ ਪਰਦਾਪੇਸ਼ ਹੋਈ।

ਜਦੋਂ ਫਿਲਮਸਾਜ਼ ਹਰੀ ਦੱਤ ਨੇ ਪੰਜਾਬੀ ਫਿਲਮ 'ਉਡੀਕਾਂ' (1978) ਬਣਾਈ ਤਾਂ ਫਿਲਮ ਵਿਚ ਸੰਗੀਤਕਾਰ ਸਪਨ-ਜਗਮੋਹਨ ਦੀ ਜੋੜੀ ਨੇ ਨਕਸ਼ ਲਾਇਲਪੁਰੀ ਦਾ ਲਿਖਿਆ ਮੁਜਰਾ ਗੀਤ 'ਹੱਥ ਜੋੜ-ਜੋੜ ਕੇ ਹਉਕੇ ਭਰ-ਭਰ ਕੇ, ਅਸਾਂ ਮਾਹੀ ਨੂੰ ਮਨਾਇਆ ਮਸਾਂ ਮਰ-ਮਰ ਕੇ' ਜਗਜੀਤ ਕੌਰ ਕੋਲੋਂ ਗਵਾਇਆ ਜੋ ਬੜਾ ਹਿੱਟ ਹੋਇਆ। ਇਹ ਫਿਲਮ 6 ਜੁਲਾਈ 1979 ਨੂੰ ਅੰਮ੍ਰਿਤਸਰ ਵਿਚ ਨੁਮਾਇਸ਼ ਹੋਈ ਤੇ ਸੁਪਰਹਿੱਟ ਰਹੀ।

ਐਸ.ਐਮ. ਯੂਸਫ ਨਿਰਦੇਸ਼ਿਤ ਹਿੰਦੀ ਫਿਲਮ 'ਗੁਮਾਸ਼ਤਾ' (1951) ਵਿਚ ਸੰਗੀਤਕਾਰ ਕੇ. ਦੱਤਾ (ਸਹਾਇਕ ਐਮ.ਏ. ਤਾਜ਼ੀ, ਢੋਲੇ ਬੂਆ) ਨੇ ਪਹਿਲੀ ਵਾਰ ਪੰਜਾਬਣ ਗੁਲੂਕਾਰਾ ਜਗਜੀਤ ਕੌਰ ਕੋਲੋਂ ਰਾਜਾ ਮਹਿੰਦੀ ਅਲੀ ਖਾਨ ਦਾ ਲਿਖਿਆ ਗੀਤ 'ਦਿਲ ਨਾਚੇ ਔਰ ਗਾਏ ਜਵਾਨੀ' (ਨਾਲ ਜੀ.ਐਮ. ਦੁੱਰਾਨੀ) ਗਵਾਇਆ ਜੋ ਅਦਾਕਾਰਾ ਨਿਗਾਰ ਸੁਲਤਾਨਾ ਤੇ ਵਾਸਤੀ 'ਤੇ ਫਿਲਮਾਇਆ ਬੜਾ ਮਕਬੂਲ ਰੁਮਾਨੀ ਗੀਤ ਸੀ। ਏ.ਆਰ. ਕਾਰਦਾਰ ਦੇ ਫਿਲਮਸਾਜ਼ ਅਦਾਰੇ ਦੀ ਨਿਰਦੇਸ਼ਿਤ ਫਿਲਮ 'ਦਿਲ-ਏ-ਨਾਦਾਨ' (1953) 'ਚ ਗੁਲਾਮ ਮੁਹੰਮਦ ਦੇ ਦਿਲਕਸ਼ ਸੰਗੀਤ 'ਚ ਸ਼ਕੀਲ ਬਦਾਯੂੰਨੀ ਦੇ ਲਿਖੇ ਫਿਲਮ ਦੇ 9 ਗੀਤਾਂ 'ਚੋਂ 3 ਗੀਤ ਜਗਜੀਤ ਕੌਰ ਨੇ ਗਾਏ- 'ਖਾਮੋਸ਼ ਜ਼ਿੰਦਗੀ ਕੋ ਏਕ ਅਫਸਾਨਾ ਮਿਲ ਗਯਾ', 'ਚੰਦਾ ਗਾਏ ਰਾਗਨੀ ਛਮ-ਛਮ ਬਰਸੇ ਚਾਂਦਨੀ' (ਜਗਜੀਤ ਕੌਰ) ਨਵੀਂ ਅਦਾਕਾਰਾ ਪੀਸ ਕੰਵਲ 'ਤੇ ਫਿਲਮਾਏ ਗਏ ਅਤੇ ਤੀਜਾ ਗੀਤ 'ਮੁਹੱਬਤ ਕੀ ਧੁਨ ਬੇਕਰਾਰੋਂ ਸੇ ਪੂਛੋ' (ਤਲਤ ਮਹਿਮੂਦ, ਜਗਜੀਤ ਕੌਰ, ਸੁਧਾ ਮਲਹੋਤਰਾ) ਤਲਤ ਮਹਿਮੂਦ, ਪੀਸ ਕੰਵਲ ਤੇ ਸ਼ਿਆਮਾ 'ਤੇ ਫਿਲਮਾਇਆ ਬਿਹਤਰੀਨ ਗੀਤ ਸੀ। ਬਲਵੰਤ ਭੱਟ ਨਿਰਦੇਸ਼ਿਤ ਫਿਲਮ 'ਖੋਜ' (1953) ਵਿਚ ਸੰਗੀਤਕਾਰ ਨਿਸਾਰ ਬਜ਼ਮੀ ਨੇ ਫਿਲਮ ਦੇ 9 ਗੀਤਾਂ 'ਚੋਂ ਹਸਰਤ ਜੈਪੁਰੀ ਦਾ ਲਿਖਿਆ ਗੀਤ 'ਮੇਰੇ ਚੰਦਾ ਮੈਂ ਤੇਰੀ ਚਾਂਦਨੀ ਮੇਰਾ ਦਿਲ ਭੀ ਤੂ' ਜਗਜੀਤ ਕੌਰ ਤੋਂ ਗਵਾਇਆ ਜੋ ਅਦਾਕਾਰਾ ਲਲਿਤਾ ਕੁਮਾਰੀ 'ਤੇ ਫਿਲਮਾਇਆ ਗਿਆ ਸੀ।

1960ਵਿਆਂ ਦੇ ਦਹਾਕੇ ਤਕ ਆਉਂਦਿਆਂ ਜਗਜੀਤ ਕੌਰ ਫਿਲਮ ਸੰਗੀਤਕਾਰੀ ਦੇ ਖੇਤਰ ਵਿਚ ਆਪਣੀ ਸ਼ਨਾਖਤ ਕਾਇਮ ਕਰ ਚੁੱਕੀ ਸੀ। ਜਦੋਂ ਫਿਲਮਸਾਜ਼ ਤੇ ਹਿਦਾਇਤਕਾਰ ਰਾਮੇਸ਼ ਸਹਿਗਲ ਨੇ ਫਿਲਮ 'ਸ਼ੋਲਾ ਔਰ ਸ਼ਬਨਮ' (1961) ਸ਼ੁਰੂ ਕੀਤੀ ਤਾਂ ਸੰਗੀਤਕਾਰ ਸ਼ਿਆਮ ਨੇ ਜਗਜੀਤ ਕੌਰ ਕੋਲੋਂ ਫਿਲਮ ਦੇ 10 ਗੀਤਾਂ 'ਚੋਂ 3 ਗੀਤ ਗਵਾਏ 'ਫਿਰ ਵਹੀ ਸਾਵਨ ਆਇਆ ਸਾਜਨ ਆਏ ਨਾ', 'ਲੜੀ ਰੇ ਲੜੀ ਤੁਝਸੇ ਆਂਖ ਜੋ ਲੜੀ' ਜੋ ਨਵੀਂ ਅਦਾਕਾਰਾ ਤਰਲਾ ਉਤੇ ਫਿਲਮਾਏ ਗਏ ਤੇ ਤੀਜਾ ਗੀਤ 'ਪਹਿਲੇ ਤੋ ਆਂਖ ਮਿਲਾਨਾ ਫਿਰ ਥੋੜ੍ਹਾ ਸਾ ਸ਼ਰਮਾਨਾ' (ਮੁਹੰਮਦ ਰਫੀ, ਜਗਜੀਤ ਕੌਰ) ਧਰਮਿੰਦਰ ਤੇ ਤਰਲਾ 'ਤੇ ਫਿਲਮਾਇਆ ਗਿਆ ਚੁਲਬੁਲਾ ਗੀਤ ਸੀ। ਫਿਲਮ 'ਸ਼ਗੁਨ' (1964) ਵਿਚ ਜਗਜੀਤ ਕੌਰ ਨੇ ਆਪਣੇ ਪਤੀ ਖਯਾਮ ਦੀ ਸੰਗੀਤ-ਨਿਰਦੇਸ਼ਨਾ 'ਚ ਸਾਹਿਰ ਲੁਧਿਆਣਵੀ ਦੇ ਲਿਖੇ 2 ਗੀਤਾਂ ਨੂੰ ਆਪਣੇ ਸੁਰੀਲੇ ਸੁਰ ਦਿੱਤੇ। ਪਹਿਲਾ 'ਗੋਰੀ ਸਸੁਰਾਲ ਚਲੀ ਡੋਲੀ ਸਜ ਗਈ ਸ਼ਗੁਨੋਂ ਵਾਲੀ' ਅਤੇ ਦੂਜੀ ਅਦਾਕਾਰਾ ਲਿਬੀ ਰਾਣਾ (ਨਾਲ ਕਮਲਜੀਤ) 'ਤੇ ਫਿਲਮਾਈ ਉਮਦਾ ਗਜ਼ਲ 'ਤੁਮ ਅਪਨਾ ਰੰਜ-ਓ-ਗ਼ਮ ਅਪਨੀ ਪਰੇਸ਼ਾਨੀ ਮੁਝੇ ਦੇ ਦੋ' ਨੇ ਬੇਪਨਾਹ ਮਕਬੂਲੀਅਤ ਹਾਸਲ ਕੀਤੀ।



*ਜਗਜੀਤ ਕੌਰ ਆਪਣੇ ਪਤੀ, ਉਘੇ ਸੰਗੀਤਕਾਰ ਖਯਾਮ ਨਾਲ।*

1970ਵਿਆਂ ਦੇ ਦਹਾਕੇ ਵਿਚ ਆਈ ਫਿਲਮ 'ਹੀਰ ਰਾਂਝਾ' (1970) 'ਚ ਜਗਜੀਤ ਕੌਰ ਨੇ ਮਦਨ ਮੋਹਨ ਦੇ ਸੰਗੀਤ ਵਿਚ ਕੈਫੀ ਆਜ਼ਮੀ ਦਾ ਲਿਖਿਆ ਗੀਤ 'ਨਾਚੇ ਅੰਗ ਵੇ ਛਲਕੇ ਰੰਗ ਵੇ' (ਜਗਜੀਤ ਕੌਰ, ਨੂਰਜਹਾਂ, ਸ਼ਮਸ਼ਾਦ ਬੇਗਮ) ਕਾਮਿਨੀ ਕੌਸ਼ਲ, ਅਚਲਾ ਸਚਦੇਵ, ਦੁਲਾਰੀ ਤੇ ਸਹੇਲੀਆਂ 'ਤੇ ਫਿਲਮਾਇਆ ਲਾਜਵਾਬ ਗੀਤ ਸੀ। ਚਰਨਦਾਸ ਸ਼ੋਖ ਨਿਰਦੇਸ਼ਿਤ ਫਿਲਮ 'ਪਯਾਸੇ ਦਿਲ' (1974) 'ਚ ਖਯਾਮ ਦੇ ਸੰਗੀਤ ਵਿਚ ਨਗਮਾਨਿਗਾਰ ਜਾਂ ਨਿਸਾਰ ਅਖਤਰ ਦੇ ਲਿਖੇ 2 ਗੀਤ ਜਗਜੀਤ ਕੌਰ ਨੇ ਗਾਏ। ਪਹਿਲਾ ਅਦਾਕਾਰ ਯਸ਼ ਟੰਡਨ ਤੇ ਅਲਕਾ 'ਤੇ ਫਿਲਮਾਇਆ ਰੁਮਾਨੀ ਗੀਤ 'ਝੁਕਤੀ ਘਟਾ ਹਮਸੇ ਕਹੇ' (ਨਾਲ ਮਹਿੰਦਰ ਕਪੂਰ) ਤੇ ਦੂਜਾ ਵਿਆਹ ਗੀਤ 'ਸਖੀ ਰੀ ਸ਼ਰਮਾਏ ਦੁਲਹਨ ਸਜ ਬਨ ਕੇ' ਵੀ ਖੂਬ ਹਿੱਟ ਹੋਏ। ਸੁਰਿੰਦਰ ਸ਼ੈਲਜ਼ ਨਿਰਦੇਸ਼ਿਤ ਫਿਲਮ 'ਮੁੱਠੀ ਭਰ ਚਾਵਲ' (1975) 'ਚ ਸੰਗੀਤਕਾਰ ਖਯਾਮ (ਸਹਾਇਕ ਜਗਜੀਤ ਕੌਰ) ਦੇ ਸੰਗੀਤ ਵਿਚ ਜਗਜੀਤ ਕੌਰ ਨੇ 4 ਗੀਤਾਂ ਵਿਚੋਂ ਜਾਂ ਨਿਸਾਰ ਅਖਤਰ ਦਾ ਲਿਖਿਆ ਗੀਤ 'ਅੱਛਾ ਕਯਾ ਹੈ ਬੁਰਾ ਕਯਾ ਹੈ ਕੋਈ ਨਾ ਜਾਨੇ ਕੋਈ ਨਾ ਸਮਝੇ' (ਨਾਲ ਮਹਿੰਦਰ ਕਪੂਰ) ਜੋ ਰਾਕੇਸ਼ ਪਾਂਡੇ ਤੇ ਮੱਲਿਕਾ ਸਾਰਾਭਾਈ 'ਤੇ ਫਿਲਮਾਇਆ ਗਿਆ ਸੀ। ਯਸ਼ ਚੋਪੜਾ ਨਿਰਦੇਸ਼ਿਤ ਫਿਲਮ 'ਕਭੀ ਕਭੀ' (1976) 'ਚ ਸਾਹਿਰ ਲੁਧਿਆਣਵੀ ਦੇ ਲਿਖੇ 10 ਗੀਤਾਂ ਦਾ ਸੰਗੀਤ ਖਯਾਮ ਨੇ ਦਿੱਤਾ ਜਿਸ ਨਾਲ ਸਹਾਇਕ ਸੰਗੀਤਕਾਰਾ ਵਜੋਂ ਜਗਜੀਤ ਕੌਰ ਤੇ ਐਨਾਕ ਡੈਨੀਅਲਸ ਮੌਜੂਦ ਸਨ। ਫਿਲਮ ਦੀ ਕਾਸਟਿੰਗ 'ਤੇ ਚੱਲਦਾ ਵਿਆਹ ਗੀਤ 'ਸੁਰਖ ਜੋੜੇ ਦੀ ਜਗਮਗਾਹਟ' (ਭਾਗ ਪਹਿਲਾ/ਲਤਾ ਮੰਗੇਸ਼ਕਰ) ਤੇ ਇਸ ਗੀਤ ਦੇ ਦੂਜੇ ਪੰਜਾਬੀ ਭਾਗ ਵਾਲੇ ਗੀਤ 'ਸਾਡਾ ਚਿੜੀਆਂ ਦਾ ਚੰਬਾ ਵੇ ਬਾਬੁਲ ਅਸਾਂ ਉਡ ਜਾਣਾ' ਨੂੰ ਜਗਜੀਤ ਕੌਰ ਤੇ ਪਾਮੇਲਾ ਚੋਪੜਾ (ਪਤਨੀ ਯਸ਼ ਚੋਪੜਾ) ਨੇ ਆਪਣੀ ਆਵਾਜ਼ ਦਿੱਤੀ ਸੀ।



*ਜਗਜੀਤ ਕੌਰ, ਖਯਾਮ ਅਤੇ ਉਨ੍ਹਾਂ ਦਾ ਪੁੱਤਰ ਪ੍ਰਦੀਪ ਖਯਾਮ।*

ਯਸ਼ ਚੋਪੜਾ ਨਿਰਦੇਸ਼ਿਤ ਫਿਲਮ 'ਤ੍ਰਿਸ਼ੂਲ' (1978) 'ਚ ਇਕ ਵਾਰ ਫਿਰ ਸੰਗੀਤਕਾਰ ਖਯਾਮ ਨਾਲ ਸਹਾਇਕ ਸੰਗੀਤਕਾਰਾ ਵਜੋਂ ਜਗਜੀਤ ਕੌਰ (ਨਾਲ ਡੈਨੀਅਲ, ਕ੍ਰਿਸ ਪੈਰੀ) ਮੌਜੂਦ ਸੀ। ਫਿਲਮ 'ਚ ਸਾਹਿਰ ਲੁਧਿਆਣਵੀ ਦੇ ਲਿਖੇ 7 ਗੀਤ ਬੜੇ ਪਸੰਦ ਕੀਤੇ ਗਏ। ਮਨਮੋਹਨ ਕ੍ਰਿਸ਼ਨ ਨਿਰਦੇਸ਼ਿਤ ਫਿਲਮ 'ਨੂਰੀ' (1979) 'ਚ ਖਯਾਮ ਦੀ ਸੰਗੀਤ ਨਿਰਦੇਸ਼ਨਾ (ਸਹਾਇਕ ਜਗਜੀਤ ਕੌਰ ਤੇ ਅਨਿਲ ਮੋਹਿਲੇ) 'ਚ ਜਗਜੀਤ ਕੌਰ ਨੇ ਫਿਲਮ ਦੇ 5 ਗੀਤਾਂ 'ਚੋਂ 2 ਗੀਤ 'ਕਸਮ ਹੈ ਯਾਰ ਤੇਰੀ' (ਨਾਲ ਮਹਿੰਦਰ ਕਪੂਰ, ਪਾਮੇਲਾ ਚੋਪੜਾ, ਐਸ. ਕੇ. ਮਹਾਨ) ਤੇ ਦੂਜਾ 'ਉਸਕੇ ਖੇਲ ਨਿਰਾਲੇਂ ਹੈਂ' (ਨਾਲ ਅਨਵਰ, ਪਾਮੇਲਾ ਚੋਪੜਾ) ਗਾਏ। ਰਾਮ ਮਾਹੇਸ਼ਵਰੀ ਨਿਰਦੇਸ਼ਿਤ ਫਿਲਮ 'ਚੰਬਲ ਕੀ ਕਸਮ' (1979) 'ਚ ਖਯਾਮ ਦੇ ਸੰਗੀਤ 'ਚ (ਸਹਾਇਕ ਅਨਿਲ ਦੀਪਕ) ਸਾਹਿਰ ਲੁਧਿਆਣਵੀ ਦੇ ਲਿਖੇ 8 ਗੀਤਾਂ 'ਚੋਂ ਇਕ ਗੀਤ ਜਗਜੀਤ ਕੌਰ ਤੇ ਸਾਥੀਆਂ ਨੇ ਗਾਇਆ 'ਬਾਜੇ ਸ਼ਹਿਨਾਈ ਰੀ ਬੰਨੋ ਤੋਰੇ ਅੰਗਨਾ' ਵੀ ਪਸੰਦ ਕੀਤਾ ਗਿਆ।

1980ਵਿਆਂ ਦੇ ਦਹਾਕੇ 'ਚ ਆਈਆਂ ਫਿਲਮਾਂ 'ਚ ਇਸਮਾਇਲ ਸ਼ਰਾਫ ਨਿਰਦੇਸ਼ਿਤ ਫਿਲਮ 'ਥੋੜ੍ਹੀ ਸੀ ਬੇਵਫਾਈ' (1980) 'ਚ ਖਯਾਮ ਦੇ ਸੰਗੀਤ ਵਿਚ (ਸਹਾਇਕ ਜਗਜੀਤ ਕੌਰ, ਅਨਿਲ ਮੋਹਿਲੇ) 'ਚ ਗੀਤਕਾਰ ਗੁਲਜ਼ਾਰ ਦੇ ਲਿਖੇ 6 ਗੀਤਾਂ 'ਚੋਂ ਇਕ ਗੀਤ 'ਸੁਨੋ ਨਾ ਭਾਬੀ ਸੋਹਨੀ ਭਾਬੀ ਸੋਨਾ ਦੂੰਗੀ' ਜਗਜੀਤ ਕੌਰ ਤੇ ਸੁਲੱਕਸ਼ਣਾ ਪੰਡਤ ਨੇ ਗਾਇਆ। ਮੁਜ਼ੱਫਰ ਅਲੀ ਨਿਰਦੇਸ਼ਿਤ ਫਿਲਮ 'ਉਮਰਾਓ ਜਾਨ' (1981) 'ਚ ਖਯਾਮ ਦੇ ਸੰਗੀਤ 'ਚ ਫਿਲਮ ਦੇ 10 ਗੀਤਾਂ 'ਚੋਂ ਇਕ ਗੀਤ 'ਕਾਹੇ ਕੋ ਬਿਆਹੀ ਬਿਦੇਸ਼ ਬਾਬੁਲ' ਜਗਜੀਤ ਕੌਰ ਨੇ ਗਾਇਆ। ਰਾਮੇਸ਼ ਤਲਵਾ ਨਿਰਦੇਸ਼ਿਤ ਫਿਲਮ 'ਸਵਾਲ' (1982) 'ਚ ਖਯਾਮ ਦੇ ਸੰਗੀਤ 'ਚ ਜਗਜੀਤ ਕੌਰ ਨੇ ਇਕੋ ਮੁਜਰਾ ਗੀਤ 'ਇਧਰ ਆ ਸਿਤਮਗਰ ਨਜ਼ਰ ਆਜ਼ਮਾਏਂ' ਗਾਇਆ। ਸਾਗਰ ਸਰਹੱਦੀ ਨਿਰਦੇਸ਼ਿਤ ਫਿਲਮ 'ਬਾਜ਼ਾਰ' (1982) 'ਚ ਖਯਾਮ ਦੇ ਸੰਗੀਤ 'ਚ ਜਗਜੀਤ ਕੌਰ ਨੇ 2 ਗੀਤ ਗਾਏ- 'ਚਲੇ ਆਓ ਸਈਆਂ ਰੰਗੀਲੇ ਮੈਂ ਵਾਰੀ ਰੇ' (ਨਾਲ ਪਾਮੇਲਾ ਚੋਪੜਾ) ਤੇ 'ਦੇਖ ਲੋ ਆਜ ਹਮਕੋ ਜੀ ਭਰ ਕੇ' ਗੀਤ ਵੀ ਖੂਬ ਚੱਲੇ।

ਕਮਾਲ ਅਮਰੋਹੀ ਨਿਰਦੇਸ਼ਿਤ ਤਾਰੀਖੀ ਫਿਲਮ 'ਰਜ਼ੀਆ ਸੁਲਤਾਨ' (1983) 'ਚ ਖਯਾਮ ਦੀਆਂ ਦਿਲਕਸ਼ ਤਰਜ਼ਾਂ 'ਚ ਜਗਜੀਤ ਕੌਰ ਦਾ ਗਾਇਆ 'ਹਰਿਆਲਾ ਬੰਨਾ ਆਇਆ ਰੇ' (ਨਾਲ ਆਸ਼ਾ ਭੌਸਲੇ, ਮਹਿੰਦਰ ਕਪੂਰ) ਗੀਤ ਵੀ ਖੂਬ ਚੱਲਿਆ। ਵਿਜੈ ਤਲਵਾਰ ਨਿਰਦੇਸ਼ਿਤ ਫਿਲਮ 'ਲੋਰੀ' (1984) 'ਚ ਖਯਾਮ ਦੀਆਂ ਧੁਨਾਂ ਵਿਚ ਜਗਜੀਤ ਕੌਰ ਨੇ ਬਾਲ ਗੀਤ 'ਗੁੜੀਆ, ਚਿੜੀਆ, ਚਾਂਦ-ਚਕੋਰੀ' (ਨਾਲ ਆਸ਼ਾ ਭੌਸਲੇ, ਪਾਮੇਲਾ ਚੋਪੜਾ) ਗਾਇਆ। ਹਿਦਾਇਤਕਾਰ ਮੁਜ਼ੱਫਰ ਅਲੀ ਦੀ ਫਿਲਮ 'ਅੰਜੁਮਨ' (1986) ਵਿਚ ਖਯਾਮ ਦੇ ਸੰਗੀਤ ਵਿਚ ਪਹਿਲੀ ਵਾਰ ਜਗਜੀਤ ਕੌਰ ਤੇ ਖਯਾਮ ਨੇ ਦੋਗਾਣਾ ਗੀਤ ਗਾਇਆ 'ਕਬ ਯਾਦ ਮੇਂ ਤੇਰਾ ਸਾਥ ਨਹੀਂ-ਕਬ ਹਾਥ ਮੇਂ ਤੇਰਾ ਹਾਥ ਨਹੀਂ' ਬੜਾ ਪਸੰਦ ਕੀਤਾ ਗਿਆ। ਵਿਨੋਦ ਪਾਂਡੇ ਨਿਰਦੇਸ਼ਿਤ ਫਿਲਮ 'ਏਕ ਨਯਾ ਰਿਸ਼ਤਾ' (1988) ਖਯਾਮ ਸਾਹਬ ਨਾਲ ਸਹਾਇਕ ਸੰਗੀਤਕਾਰਾ ਵਜੋਂ ਜਗਜੀਤ ਕੌਰ ਦੀ ਆਖਰੀ ਹਿੰਦੀ ਫਿਲਮ ਕਰਾਰ ਪਾਈ। ਜਗਜੀਤ ਕੌਰ ਨੇ ਹਿੰਦੀ ਫਿਲਮਾਂ ਵਿਚ ਬਹੁਤੇ ਗੀਤ ਆਪਣੇ ਪਤੀ ਖਯਾਮ ਦੀ ਸੰਗੀਤ-ਨਿਰਦੇਸ਼ਨਾ ਵਿਚ ਹੀ ਗਾਏ ਹਨ।

ਜਗਜੀਤ ਕੌਰ ਦੀ ਆਵਾਜ਼ ਵਿਚ ਪੰਜਾਬ ਦੀ ਜ਼ਰਖੇਜ਼ ਮਿੱਟੀ ਦੀ ਝਲਕ ਸੀ। ਉਸ ਦੇ ਗਾਏ ਪੰਜਾਬੀ ਲੋਕ ਗੀਤਾਂ ਦੇ ਕਈ ਪੱਥਰ ਦੇ ਰਿਕਾਰਡ (78 ਆਰ.ਪੀ.ਐਮ.) ਜਾਰੀ ਹੋਏ। ਇਨ੍ਹਾਂ ਗ੍ਰਾਮੋਫੋਨ ਰਿਕਾਰਡਾਂ ਦੇ ਮਸ਼ਹੂਰ ਜ਼ਮਾਨਾ ਗੀਤ ਜੋ 50 ਤੇ 60 ਦੇ ਦਹਾਕੇ ਵਿਚ ਸੋਹਣੇ ਪੰਜਾਬ ਦੇ ਪਿੰਡਾਂ ਦੇ ਘਰ-ਘਰ ਸੁਣੇ ਤੇ ਪਸੰਦ ਕੀਤੇ ਜਾਂਦੇ ਸਨ- 'ਵੇ ਪਿੰਡ ਦਿਆ ਨੰਬਰਦਾਰਾ ਹੋ ਹੋ ਹੋ ਪਾਣਾ ਈ ਮੈਂ ਲਾਲ ਘੱਗਰਾ', 'ਪਪੀਹਾ ਨੀ ਬੋਲੇ ਜੰਗਲ ਦਾ ਲੰਘ ਗਿਆ ਐਤਵਾਰ', 'ਬੱਲੇ-ਬੱਲੇ ਬਈ ਨਵੀਂ ਵਹੁਟੀ ਦੁੱਧ ਰਿੜਕੇ', 'ਹੋ ਹੋ ਮਾਹੀਆ ਘੜਾ ਚੁਕਾ' ਤੇ 'ਸ਼ਾਵਾ ਜੀ ਸ਼ਾਵਾ ਕੇ ਅੱਜ ਸਾਡੇ ਮਾਹੀਏ, 'ਸ਼ਾਵਾ ਜੀ ਚਿੱਠੀ ਆਈ ਢੋਲ ਚੰਨ ਦੀ' ਤੇ 'ਤੇਰੀ ਮੇਰੀ ਨਹੀਂ ਨਿਭਣੀ', 'ਹਾਏ ਵਿਛੋੜੇ ਪੈ ਗਏ', 'ਕਦੋਂ ਤਾਈਂ ਸੋਹਣੇ ਨਖਰੇ ਵਿਖਾਉਣਗੇ' ਆਦਿ ਗੀਤ ਅੱਜ ਵੀ ਤਰੋਤਾਜ਼ਾ ਲੱਗਦੇ ਹਨ।

ਜਗਜੀਤ ਕੌਰ ਦਾ ਵਿਆਹ ਨਵਾਂ ਸ਼ਹਿਰ ਦੇ ਕਸਬੇ ਰਾਹੋਂ ਦੇ ਮੁਸਲਿਮ ਪੰਜਾਬੀ ਗੱਭਰੂ ਤੇ ਭਾਰਤੀ ਫਿਲਮਾਂ ਦੇ ਸੰਗੀਤਕਾਰ ਮੁਹੰਮਦ ਜ਼ਹੂਰ ਖਯਾਮ ਹਾਸ਼ਮੀ ਨਾਲ ਹੋਇਆ ਜੋ ਹਿੰਦੀ ਫਿਲਮਾਂ ਵਿਚ ਖਯਾਮ ਦੇ ਨਾਮ ਨਾਲ ਸੰਗੀਤ ਦਿੰਦੇ ਸਨ। ਇਹ ਫਿਲਮ ਸਨਅਤ ਦੇ ਅੰਤਰ-ਜਾਤੀ ਵਿਆਹਾਂ ਵਿਚੋਂ ਇਕ ਸੀ। ਇਨ੍ਹਾਂ ਦਾ ਇਕ ਪੁੱਤਰ ਪ੍ਰਦੀਪ ਸੀ ਜੋ 2012 ਵਿਚ ਹਾਰਟ ਅਟੈਕ ਨਾਲ ਫੌਤ ਹੋ ਗਿਆ। ਇਸ ਜੋੜੀ ਨੇ ਆਪਣੇ ਪੁੱਤਰ ਦੀ ਆਸਥਾ ਨੂੰ ਮੁੱਖ ਰੱਖਦਿਆਂ ਕੇ.ਪੀ.ਜੀ. ਚੈਰੀਟੇਬਲ ਟਰੱਸਟ ਬਣਾਇਆ ਤਾਂ ਕਿ ਜ਼ਰੂਰਤਮੰਦ ਤਕਨੀਸ਼ੀਅਨਾਂ ਤੇ ਫਿਲਮਾਂ ਦੇ ਕਲਾਕਾਰਾਂ ਦੀ ਮਦਦ ਕੀਤੀ ਜਾ ਸਕੇ। ਖਯਾਮ ਨੇ ਮਰਨ ਤੋਂ ਪਹਿਲਾਂ ਆਪਣੀ ਸਾਰੀ ਜਾਇਦਾਦ ਇਸ ਟਰੱਸਟ ਨੂੰ ਦਾਨ ਕਰ ਦਿੱਤੀ ਸੀ।

ਜਗਜੀਤ ਕੌਰ ਦਾ ਐਤਵਾਰ 15 ਅਗਸਤ 2021 ਨੂੰ 90 ਸਾਲ ਦੀ ਉਮਰ ਵਿਚ ਮੁੰਬਈ ਵਿਖੇ ਇੰਤਕਾਲ ਹੋ ਗਿਆ।

*-ਮਨਦੀਪ ਸਿੰਘ ਸਿੱਧੂ*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner 2013, 2018, 2019 & 2020

**Active listings:**
2944 Sierra Rd., San Jose, CA 95132 (5 Bed, 4 Bath; $1,599,000)
2492 Golzio Ct., APT 4, San Jose, CA 95133 (2 Bed, 1 Bath; $2,200/mo)

*Call for Listing Special 2021*

## Ph: 510-304-9292 or 408-666-8279



**Anmol Singh Gill**
REALTOR
Bre. # 02062952



**Jaswinder (Jassi) Gill**
M.Sc (PAU)
CA BRE# 00966763
Broker/Owner/Notary



**Harjot Singh Gill**
REALTOR
Bre. # 02036421
Ph: 408.413.8350



**Rakesh Pabla**
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2340 Pacheco Dr San Jose, CA, 95133
2. 569 Emerald St Livermore, CA, 94550
3. 31183 Faircliff St, Hayward, CA, 94544
4. 569 Emerald St, Livermore, CA, 94550
5. 1964 Swift Ct., Hayward, CA, 94545
6. 3989 Gardie Place Way San Jose, CA, 95121
7. 2403 Gilberte St, Tracy, CA, 95304
8. 4324 Lennox Ln, Tracy, CA, 95377
9. 3880 Wiven Place Way, San Jose, CA, 95121
10. 4982 Seneca Park Loop, Fremont, CA, 94538
11. 46925 Chemult Cmn #50 Fremont, CA, 94539
12. 426 King Ave, Fremont, CA, 94536

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Purchase Loan and Refinance

15 & 30 Yr Fixed Rates Are Still Better!!! Refinance Now At Zero Cost

**Call Sukhveer (Sukhi) Gill** **Ph: 510-207-9067**
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੁੜ ਰਹੇ ਕਿਰਤੀਆਂ-
ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ
ਦੀ ਹਮਾਇਤ ’ਚ ਆਪਣਾ ਬਣਦਾ ਯੋਗਦਾਨ ਪਾਈਏ

